ਐਤਵਾਰ, 7 ਦਸੰਬਰ, 2025
22 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 187

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SUNDAY, 7 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 8+6=14

## ਨਹਿਰੂ ਵਿਰਾਸਤ ਨੂੰ ਬਦਨਾਮ ਕਰਨ ਦੀ ਯੋਜਨਾਬੱਧ ਕੋਸ਼ਿਸ਼ : ਸੋਨੀਆ



**ਨਵੀਂ ਦਿੱਲੀ** : ਕਾਂਗਰਸ ਸੰਸਦੀ ਪਾਰਟੀ (ਸੀ ਪੀ ਪੀ) ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਵਿਰਾਸਤ ਨੂੰ ਤੋੜਨ ਅਤੇ ਘਟਾਉਣ ਦੀਆਂ ਕੋਸ਼ਿਸ਼ਾਂ 'ਤੇ ਤਿੱਖਾ ਹਮਲਾ ਕਰਦਿਆਂ ਇਸ ਨੂੰ ਇਤਿਹਾਸ ਨੂੰ ਮੁੜ ਲਿਖਣ ਅਤੇ ਰਾਸ਼ਟਰ ਦੀਆਂ ਨੀਹਾਂ ਨੂੰ ਤਬਾਹ ਕਰਨ ਦੀ ਯੋਜਨਾਬੱਧ ਕੋਸ਼ਿਸ਼ ਕਰਾਰ ਦਿੱਤਾ ਹੈ। ਸੋਨੀਆ ਗਾਂਧੀ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ 'ਤੇ ਜਵਾਹਰ ਲਾਲ ਨਹਿਰੂ ਦੀ ਵਿਰਾਸਤ ਨੂੰ ਬਦਨਾਮ ਕਰਨ ਦਾ ਦੋਸ਼ ਲਾਉਂਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਦਾ ਟੀਚਾ ਦੇਸ਼ ਦੀਆਂ 'ਸਮਾਜਿਕ, ਰਾਜਨੀਤਕ ਅਤੇ ਆਰਥਕ ਨੀਹਾਂ' ਨੂੰ ਤਬਾਹ ਕਰਨਾ ਹੈ।

ਬੀਤੇ ਸ਼ੁੱਕਰਵਾਰ ਕੌਮੀ ਰਾਜਧਾਨੀ ਵਿੱਚ ਜਵਾਹਰ ਭਵਨ ਵਿਖੇ ਨਹਿਰੂ ਸੈਂਟਰ ਇੰਡੀਆ ਦੀ ਸ਼ੁਰੂਆਤ ਮੌਕੇ ਬੋਲਦਿਆਂ ਉਨ੍ਹਾ ਕਿਹਾ—ਇਸ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਅੱਜ ਸੱਤਾਧਾਰੀ ਅਦਾਰੇ ਦਾ ਮੁੱਖ ਉਦੇਸ਼ ਜਵਾਹਰ ਲਾਲ ਨਹਿਰੂ ਨੂੰ ਬਦਨਾਮ ਕਰਨ ਦਾ ਪ੍ਰੋਜੈਕਟ ਹੈ। ਉਨ੍ਹਾਂ ਦਾ ਟੀਚਾ ਸਿਰਫ਼ ਉਸ ਨੂੰ ਮਿਟਾਉਣਾ ਨਹੀਂ, ਸਗੋਂ ਉਨ੍ਹਾਂ ਸਮਾਜਕ, ਰਾਜਨੀਤਕ ਅਤੇ ਆਰਥਕ ਨੀਹਾਂ ਨੂੰ ਤਬਾਹ ਕਰਨਾ ਹੈ, ਜਿਨ੍ਹਾਂ 'ਤੇ ਸਾਡਾ ਰਾਸ਼ਟਰ ਸਥਾਪਤ ਅਤੇ ਉਸਾਰਿਆ ਗਿਆ ਹੈ। ਸੋਨੀਆ ਨੇ ਕਿਹਾ, 'ਵਿਸ਼ਲੇਸ਼ਣ ਇੱਕ ਗੱਲ ਹੈ, ਪਰ ਉਨ੍ਹਾ ਜੋ ਕਿਹਾ, ਜੋ ਲਿਖਿਆ ਅਤੇ ਜੋ ਕੀਤਾ, ਉਸ ਨਾਲ ਜਾਣਬੁੱਝ ਕੇ ਕੀਤੀ ਗਈ ਸ਼ਰਾਰਤ ਇੱਕ ਹੋਰ ਗੱਲ ਹੈ ਅਤੇ ਬਿਲਕੁਲ ਵੀ ਸਵੀਕਾਰਨਯੋਗ ਨਹੀਂ। ਉਹ ਕਿਹੜੀਆਂ ਤਾਕਤਾਂ ਹਨ, ਜਿਨ੍ਹਾਂ ਇਹ ਪ੍ਰੋਜੈਕਟ ਸ਼ੁਰੂ ਕੀਤਾ ਹੈ? ਉਹ ਉਸ ਵਿਚਾਰਧਾਰਾ ਨਾਲ ਸੰਬੰਧਤ ਹਨ, ਜਿਹਨਾਂ ਦੀ ਸੁਤੰਤਰਤਾ ਸੰਘਰਸ਼ ਤੇ ਸਾਡੇ ਸੰਵਿਧਾਨ ਨੂੰ ਬਣਾਉਣ ਵਿੱਚ ਕੋਈ ਭੂਮਿਕਾ ਨਹੀਂ ਸੀ।' ਕਾਂਗਰਸ ਨੇਤਾ ਨੇ ਨਾਗਰਿਕਾਂ ਨੂੰ ਇਸ ਪ੍ਰੋਜੈਕਟ ਵਿਰੁੱਧ ਖੜ੍ਹੇ ਹੋਣ ਅਤੇ ਭਾਰਤ ਦੀਆਂ ਕਦਰਾਂ-ਕੀਮਤਾਂ ਅਤੇ ਵਿਰਾਸਤ ਦੀ ਰੱਖਿਆ ਕਰਨ ਦੀ ਅਪੀਲ ਕੀਤੀ।

## ਠੰਢ ਨੇ ਪੰਜਾਬ ਤੇ ਹਰਿਆਣਾ ਨੂੰ ਠਾਰਿਆ



**ਚੰਡੀਗੜ੍ਹ** : ਦਸੰਬਰ ਮਹੀਨੇ ਦੀ ਸ਼ੁਰੂਆਤ ਵਿੱਚ ਪੰਜਾਬ ਅਤੇ ਹਰਿਆਣਾ ਕੜਾਕੇ ਦੀ ਠੰਢ ਦੀ ਲਪੇਟ ਵਿੱਚ ਹਨ। ਜਿੱਥੇ ਕਈ ਥਾਵਾਂ 'ਤੇ ਘੱਟੋ-ਘੱਟ ਤਾਪਮਾਨ ਆਮ ਨਾਲੋਂ ਇੱਕ ਤੋਂ ਚਾਰ ਡਿਗਰੀ ਹੇਠਾਂ ਦਰਜ ਕੀਤਾ ਗਿਆ। ਸਨਿੱਚਰਵਾਰ ਫਰੀਦਕੋਟ ਪੰਜਾਬ ਵਿੱਚ ਸਭ ਤੋਂ ਵੱਧ ਠੰਢਾ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ 2.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੀਆਂ ਹੋਰ ਥਾਵਾਂ ਵਿੱਚੋਂ ਗੁਰਦਾਸਪੁਰ ਦਾ ਘੱਟੋ-ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਰਿਹਾ, ਜਦੋਂ ਕਿ ਅੰਮ੍ਰਿਤਸਰ ਵਿੱਚ ਘੱਟੋ-ਘੱਟ ਤਾਪਮਾਨ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਲੁਧਿਆਣਾ, ਪਟਿਆਲਾ, ਪਠਾਨਕੋਟ ਅਤੇ ਬਠਿੰਡਾ ਵਿੱਚ ਕ੍ਰਮਵਾਰ 7, 9, 5.2 ਅਤੇ 4.6 ਡਿਗਰੀ ਸੈਲਸੀਅਸ ਘੱਟੋ-ਘੱਟ ਤਾਪਮਾਨ ਦਰਜ ਕੀਤਾ ਗਿਆ। ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਵੀ 7.9 ਡਿਗਰੀ ਸੈਲਸੀਅਸ ਤਾਪਮਾਨ ਨਾਲ ਠੰਢਾ ਮੌਸਮ ਰਿਹਾ, ਜੋ ਆਮ ਨਾਲੋਂ 2.7 ਡਿਗਰੀ ਹੇਠਾਂ ਹੈ। ਉਧਰ ਹਰਿਆਣਾ ਵਿੱਚ ਨਾਰਨੌਲ 3.8 ਡਿਗਰੀ ਸੈਲਸੀਅਸ ਦੇ ਘੱਟੋ-ਘੱਟ ਤਾਪਮਾਨ ਨਾਲ ਸਭ ਤੋਂ ਵਧ ਠੰਢਾ ਰਿਹਾ, ਜੋ ਆਮ ਨਾਲੋਂ ਚਾਰ ਡਿਗਰੀ ਹੇਠਾਂ ਹੈ। ਹਿਸਾਰ ਵਿੱਚ 4.7 ਡਿਗਰੀ ਸੈਲਸੀਅਸ ਤਾਪਮਾਨ ਨਾਲ ਠੰਢੇ ਮੌਸਮ ਦੀਆਂ ਸਥਿਤੀਆਂ ਦਾ ਅਨੁਭਵ ਕੀਤਾ ਗਿਆ, ਜਦੋਂ ਕਿ ਕਰਨਾਲ ਵਿੱਚ ਘੱਟੋ-ਘੱਟ 7.5 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਭਿਵਾਨੀ, ਸਿਰਸਾ ਅਤੇ ਅੰਬਾਲਾ ਵਿੱਚ ਕ੍ਰਮਵਾਰ 6, 6.4 ਅਤੇ 9.8 ਡਿਗਰੀ ਸੈਲਸੀਅਸ ਘੱਟੋ-ਘੱਟ ਤਾਪਮਾਨ ਦਰਜ ਕੀਤਾ ਗਿਆ।

## 20 ਕਰਮਚਾਰੀਆਂ ਵਾਲੇ ਮਾਲਕਾਂ ਨੂੰ ਪੰਜਾਬ ਸ਼ਾਪਸ ਐਕਟ ਤੋਂ ਛੋਟ

**ਚੰਡੀਗੜ੍ਹ** : ਕੇਂਦਰ ਸਰਕਾਰ ਨੇ ਛੋਟੇ ਕਾਰੋਬਾਰਾਂ 'ਤੇ ਨਿਯਮਾਂ ਦੀ ਪਾਲਣਾ ਦਾ ਬੋਝ ਘਟਾਉਣ ਅਤੇ ਰਾਜ ਵਿੱਚ ਵਪਾਰ ਕਰਨ ਦੀ ਸੌਖ ਨੂੰ ਵਧਾਉਣ ਦੇ ਉਦੇਸ਼ ਨਾਲ ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਅਸਟੈਬਲਿਸ਼ਮੈਂਟਸ (ਸੋਧ) ਐਕਟ ਨੂੰ ਚੰਡੀਗੜ੍ਹ ਤੱਕ ਵਧਾ ਦਿੱਤਾ ਹੈ। ਇੱਕ ਸਰਕਾਰੀ ਹੁਕਮ ਵਿੱਚ ਇਹ ਜਾਣਕਾਰੀ ਸਾਂਝੀ ਕੀਤੀ ਗਈ।

ਇਸ ਸੋਧ ਨੇ 20 ਤੱਕ ਕਰਮਚਾਰੀਆਂ ਵਾਲੇ ਅਦਾਰਿਆਂ ਨੂੰ, ਜੋ ਪੰਜਾਬ ਵਿੱਚ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਦਾ 95 ਪ੍ਰਤੀਸ਼ਤ ਬਣਦੇ ਹਨ, ਨੂੰ ਐਕਟ ਦੀਆਂ ਸਾਰੀਆਂ ਵਿਵਸਥਾਵਾਂ ਤੋਂ ਛੋਟ ਦਿੱਤੀ ਹੈ। ਇੱਕ ਬਿਆਨ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਸਰਕਾਰ ਨੇ ਦੁਕਾਨਦਾਰਾਂ ਨੂੰ ਇੰਸਪੈਕਟਰ ਰਾਜ ਤੋਂ ਮੁਕਤ ਕਰਨ ਲਈ ਇਸ ਸਾਲ ਅਗਸਤ ਵਿੱਚ ਇਹ ਸੋਧਾਂ ਲਾਗੂ ਕੀਤੀਆਂ ਸਨ। ਕਾਨੂੰਨ ਤਹਿਤ ਰਜਿਸਟਰੇਸ਼ਨ ਦਾ ਕੰਮ ਹੁਣ ਸਿਰਫ਼ 20 ਤੋਂ ਵੱਧ ਕਰਮਚਾਰੀਆਂ ਵਾਲੀਆਂ ਦੁਕਾਨਾਂ 'ਤੇ ਹੀ ਲਾਗੂ ਹੋਵੇਗਾ।

20 ਜਾਂ ਇਸ ਤੋਂ ਵੱਧ ਕਰਮਚਾਰੀਆਂ ਵਾਲੇ ਅਦਾਰਿਆਂ ਨੂੰ ਹੁਣ ਅਰਜ਼ੀ ਜਮ੍ਹਾਂ ਕਰਾਉਣ ਦੇ 24 ਘੰਟਿਆਂ ਦੇ ਅੰਦਰ ਰਜਿਸਟਰੇਸ਼ਨ ਲਈ ਮਨਜ਼ੂਰਸ਼ੁਦਾ ਪ੍ਰਵਾਨਗੀ ਮਿਲੇਗੀ।

ਸੋਧ ਦੇ ਤਹਿਤ 20 ਤੱਕ ਕਰਮਚਾਰੀਆਂ ਵਾਲੇ ਅਦਾਰਿਆਂ ਨੂੰ ਸਿਰਫ਼ ਮੁੱਢਲੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੈ ਅਤੇ ਉਹ ਰਜਿਸਟਰ ਕਰਨ ਲਈ ਪਾਬੰਦ ਨਹੀਂ ਹਨ।

## ਕਾਂਗਰਸ ਦੀ ਸਿੱਖ-ਵਿਰੋਧੀ ਮਾਨਸਿਕਤਾ ਮੁੜ ਹੋਈ ਬੇਨਕਾਬ : ਬਲਤੇਜ ਪੰਨੂ



**ਚੰਡੀਗੜ੍ਹ** : ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਾਂਗਰਸ ਦੇ ਉੱਤਰਾਖੰਡ ਦੇ ਆਗੂ ਹਰਕ ਸਿੰਘ ਰਾਵਤ ਵੱਲੋਂ ਦਿੱਤੇ ਤਾਜ਼ਾ ਇਤਰਾਜ਼ਯੋਗ ਬਿਆਨ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ ਕਾਂਗਰਸ ਪਾਰਟੀ ਦੀ ਡੂੰਘੀ ਜੜ੍ਹਾਂ ਵਾਲੀ ਸਿੱਖ-ਵਿਰੋਧੀ ਮਾਨਸਿਕਤਾ ਦਾ ਇੱਕ ਹੋਰ ਪ੍ਰਤੀਬਿੰਬ ਦੱਸਿਆ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਿਹਾ ਕਿ ਕੁਝ ਕਾਂਗਰਸੀ ਆਗੂਆਂ ਦੇ ਦਿਮਾਗ ਵਿੱਚ 'ਕੂੜੇ ਦਾ ਢੇਰ' ਹੈ, ਜੋ ਸਮੇਂ-ਸਮੇਂ 'ਤੇ ਨਫ਼ਰਤ ਭਰੀਆਂ ਟਿੱਪਣੀਆਂ ਰਾਹੀਂ ਬਾਹਰ ਆਉਂਦਾ ਰਹਿੰਦਾ ਹੈ। ਉਨ੍ਹਾ ਯਾਦ ਕਰਵਾਇਆ ਕਿ ਪੰਜਾਬ ਅਤੇ ਸਿੱਖਾਂ ਨਾਲ ਕਾਂਗਰਸ ਦਾ ਇਤਿਹਾਸ ਹਮੇਸ਼ਾ ਦੁਖਦਾਈ ਰਿਹਾ ਹੈ, ਐੱਸ ਵਾਈ ਐੱਲ ਦੇ ਧੋਖੇ ਤੋਂ ਲੈ ਕੇ 1982 ਤੱਕ ਹੋਈਆਂ ਬੇਇਨਸਾਫ਼ੀਆਂ, 1984 ਦੇ ਅਪ੍ਰੇਸ਼ਨ ਬਲੂ ਸਟਾਰ ਅਤੇ ਦਿੱਲੀ ਵਿੱਚ ਸਿੱਖ ਕਤਲੇਆਮ ਤੱਕ, ਪਾਰਟੀ ਦਾ ਰਿਕਾਰਡ ਜ਼ਖ਼ਮਾਂ ਨਾਲ ਭਰਿਆ ਪਿਆ ਹੈ, ਜੋ ਸਿੱਖ ਕੌਮ ਅੱਜ ਵੀ ਝੱਲ ਰਹੀ ਹੈ।ਪੰਨੂ ਨੇ ਯਾਦ ਕਰਵਾਇਆ ਕਿ ਕੁਝ ਦਿਨ ਪਹਿਲਾਂ ਹੀ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਤਰਨ ਤਾਰਨ ਜ਼ਿਮਨੀ ਚੋਣ ਪ੍ਰਚਾਰ ਦੌਰਾਨ ਇੱਕ ਸਿੱਖ ਮੁੰਡੇ ਦੇ ਜੂੜੇ ਦਾ ਮਜ਼ਾਕ ਉਡਾਇਆ ਸੀ। ਉਨ੍ਹਾ ਕਿਹਾ ਕਿ ਅੱਜ ਹਰਕ ਸਿੰਘ ਰਾਵਤ ਨੇ ਸਿੱਖਾਂ ਬਾਰੇ ਸ਼ਰਮਨਾਕ '12 ਵੱਜ ਗਏ' ਟਿੱਪਣੀ ਕਰਕੇ ਉਸੇ ਨਫ਼ਰਤ ਨੂੰ ਦੁਹਰਾਇਆ ਹੈ।ਉਨ੍ਹਾ ਮੰਗ ਕੀਤੀ ਕਿ ਰਾਹੁਲ ਗਾਂਧੀ ਤੁਰੰਤ ਹਰਕ ਸਿੰਘ ਰਾਵਤ ਨੂੰ ਪਾਰਟੀ ਤੋਂ ਕੱਢਣ ਅਤੇ ਸਿੱਖ ਕੌਮ ਤੋਂ ਮੁਆਫ਼ੀ ਮੰਗਣ।

## ਸੜਕ ਹਾਦਸੇ 'ਚ ਪੰਜ ਦੀ ਮੌਤ, ਦੋ ਜ਼ਖਮੀ

**ਛਤਰਪੁਰ** : ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਵਿੱਚ ਇੱਕ ਹਾਈਵੇ 'ਤੇ ਇੱਕ ਕਾਰ ਤੇ ਟਰੱਕ ਦੀ ਟੱਕਰ ਕਾਰਨ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਇਹ ਹਾਦਸਾ ਸ਼ੁੱਕਰਵਾਰ ਰਾਤ ਉਦੋਂ ਵਾਪਰਿਆ, ਜਦੋਂ ਸਤਨਾ ਸ਼ਹਿਰ ਦੇ ਇੱਕ ਹੀ ਪਰਵਾਰ ਦੇ ਸੱਤ ਜੀਅ ਸ਼ਾਹਗੜ੍ਹ ਵਿੱਚ ਇੱਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਕਾਰ ਵਿੱਚ ਜਾ ਰਹੇ ਸਨ। ਇੱਥੋਂ 35 ਕਿਲੋਮੀਟਰ ਦੂਰ ਗੁਲਗੰਜ ਥਾਣਾ ਖੇਤਰ ਵਿੱਚ ਸਾਗਰ-ਕਾਨਪੁਰ ਰਾਸ਼ਟਰੀ ਰਾਜਮਾਰਗ 'ਤੇ ਉਨ੍ਹਾਂ ਦੀ ਕਾਰ ਦੀ ਟਰੱਕ ਨਾਲ ਆਹਮੋ-ਸਾਹਮਣੀ ਟੱਕਰ ਹੋ ਗਈ।

ਵਧੀਕ ਪੁਲਸ ਸੁਪਰਡੈਂਟ ਆਦਿਤਿਆ ਪਾਟਲੇ ਨੇ ਦੱਸਿਆ ਕਿ ਕਾਰ ਵਿੱਚ ਸਵਾਰ ਪੰਜ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਦੋ ਹੋਰ ਗੰਭੀਰ ਜ਼ਖਮੀ ਹੋ ਗਏ।

## ਕਾਂਗਰਸ-ਅਕਾਲੀ ਦਲ ਬੁਖਲਾਹਟ 'ਚ : ਧਾਲੀਵਾਲ



ਚੰਡੀਗੜ੍ਹ : ਆਪ ਦੇ ਮੁੱਖ ਬੁਲਾਰੇ ਕੁਲਦੀਪ ਧਾਲੀਵਾਲ ਨੇ ਅਕਾਲੀ ਦਲ ਅਤੇ ਕਾਂਗਰਸ 'ਤੇ ਹਮਲਾ ਕਰਦੇ ਹੋਏ ਕਿਹਾ ਕਿ ਇਨ੍ਹਾਂ ਪਾਰਟੀਆਂ ਦਾ ਇਤਿਹਾਸ ਹਿੰਸਾ ਅਤੇ ਧਾਂਦਲੀ ਦਾ ਰਿਹਾ ਹੈ, ਪਰ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੀ ਅਗਵਾਈ ਵਿੱਚ ਇਸ ਵਾਰ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਸ਼ਾਂਤੀਪੂਰਨ ਢੰਗ ਨਾਲ ਸੰਪੰਨ ਹੋਣ ਜਾ ਰਹੀਆਂ ਹਨ। ਸ਼ਨੀਵਾਰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਧਾਲੀਵਾਲ ਨੇ ਕਿਹਾ ਕਿ 14 ਤਰੀਕ ਨੂੰ ਹੋਣ ਵਾਲੀਆਂ ਇਨ੍ਹਾਂ ਚੋਣਾਂ ਲਈ ਤਿਆਰੀਆਂ ਪੂਰੀਆਂ ਹਨ।ਧਾਲੀਵਾਲ ਨੇ ਅਕਾਲੀ-ਕਾਂਗਰਸ ਸਰਕਾਰਾਂ ਦੌਰਾਨ ਇਨ੍ਹਾਂ ਚੋਣਾਂ ਵਿੱਚ ਹੋਈ ਗੁੰਡਾਗਰਦੀ ਅਤੇ ਹੁੱਲੜਬਾਜ਼ੀ ਦੇ ਇਤਿਹਾਸ ਨੂੰ ਯਾਦ ਕਰਦੇ ਹੋਏ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਉਨ੍ਹਾਂ ਦੇ ਆਗੂਆਂ ਨੇ ਅਜਿਹੀਆਂ ਹੀ ਕੋਸ਼ਿਸ਼ਾਂ ਕੀਤੀਆਂ ਹਨ।ਉਨ੍ਹਾਂ ਬੀਤੇ ਸ਼ੁੱਕਰਵਾਰ ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਪਿੰਡ ਪਿੰਡੀ ਸੈਦਾਂ ਵਿੱਚ ਹੋਈ ਸ਼ਰਮਨਾਕ ਘਟਨਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸਾਡੇ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਲਖਵਿੰਦਰ ਸਿੰਘ ਲੱਖਾ ਅਤੇ ਕੁਝ 'ਆਪ' ਵਰਕਰਾਂ 'ਤੇ ਕਾਂਗਰਸੀ ਨੇਤਾਵਾਂ ਨੇ ਗੋਲੀਆਂ ਚਲਾਈਆਂ ਅਤੇ ਹਥਿਆਰਾਂ ਨਾਲ ਹਮਲਾ ਕੀਤਾ। ਇਹ ਅਤਿਅੰਤ ਨਿੰਦਣਯੋਗ ਹੈ।ਉਨ੍ਹਾ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਧੱਕੇ ਨਾਲ ਚੋਣ ਜਿੱਤਣ ਲਈ ਕਾਂਗਰਸ ਗੁੰਡਾਗਰਦੀ 'ਤੇ ਉਤਰ ਆਈ ਹੈ।

ਇਹ ਕਾਂਗਰਸ ਦੀ ਨੀਵੇਂ ਦਰਜੇ ਦੀ ਸੋਚ ਨੂੰ ਉਜਾਗਰ ਕਰਦਾ ਹੈ। ਉਨ੍ਹਾ ਕਿਹਾ ਕਿ 'ਆਪ' ਸਰਕਾਰ ਦੀ ਅਗਵਾਈ ਵਿੱਚ ਪੂਰੇ ਪੰਜਾਬ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਨਹੀਂ ਹੋਈ ਹੈ ਅਤੇ ਨਾ ਹੀ ਅਸੀਂ ਆਪਣੇ ਫਾਇਦੇ ਲਈ ਕਿਸੇ ਸਰਕਾਰੀ ਫਾਈਲ ਨੂੰ ਕਦੇ ਦਬਾਇਆ ਹੈ। ਅਸੀਂ ਵਿਕਾਸ ਦੇ ਕੰਮਾਂ ਦੇ ਅਧਾਰ 'ਤੇ ਵੋਟ ਮੰਗਾਂਗੇ। ਵਿਰੋਧੀ ਇਸ ਗੱਲ ਤੋਂ ਬੁਖਲਾਏ ਹੋਏ ਹਨ ਕਿ ਆਮ ਪਰਵਾਰਾਂ ਦੇ ਲੋਕ ਕਿਵੇਂ ਸਿਆਸਤ ਵਿੱਚ ਆ ਗਏ, ਇਸ ਲਈ ਉਹ ਸਾਨੂੰ ਡਰਾਉਣਾ ਚਾਹੁੰਦੇ ਹਨ।

## ਇੰਡੀਗੋ ਅੱਜ ਤੱਕ ਪੈਸੇ ਵਾਪਸ ਮੋੜੇ : ਮੰਤਰਾਲਾ

**ਨਵੀਂ ਦਿੱਲੀ** : ਇੰਡੀਗੋ ਦੀਆਂ ਵੱਡੀ ਪੱਧਰ 'ਤੇ ਉਡਾਣਾਂ ਰੱਦ ਹੋਣ ਕਾਰਨ ਯਾਤਰੀਆਂ ਨੂੰ ਖਾਸੀ ਪ੍ਰੇਸ਼ਾਨੀ ਹੋ ਰਹੀ ਹੈ ਤੇ ਉਹ ਹਵਾਈ ਅੱਡਿਆਂ 'ਤੇ ਖੱਜਲ-ਖੁਆਰ ਹੋ ਰਹੇ ਹਨ। ਇਸ ਦਰਮਿਆਨ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਇੰਡੀਗੋ ਨੂੰ ਐਤਵਾਰ 7 ਦਸੰਬਰ ਰਾਤ 8 ਵਜੇ ਤੱਕ ਰੱਦ ਹੋਈਆਂ ਉਡਾਣਾਂ ਦੇ ਪ੍ਰਭਾਵਤ ਯਾਤਰੀਆਂ ਨੂੰ ਟਿਕਟ ਦਾ ਰਿਫੰਡ ਦੇਣ ਲਈ ਕਿਹਾ ਹੈ। ਉਨ੍ਹਾ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਉਡਾਣ ਰੱਦ ਹੋਣ ਕਾਰਨ ਯਾਤਰੀਆਂ ਤੋਂ ਵੱਖ ਕੀਤੇ ਗਏ ਸਾਰੇ ਸਮਾਨ ਅਗਲੇ 48 ਘੰਟਿਆਂ ਦੇ ਅੰਦਰ ਉਨ੍ਹਾਂ ਕੋਲ ਪਹੁੰਚਾਏ ਜਾਣ। ਦੇਸ਼ ਦੀ ਸਭ ਤੋਂ ਵੱਡੀ ਏਅਰਲਾਈਨ ਇੰਡੀਗੋ ਵੱਲੋਂ 1,000 ਤੋਂ ਵੱਧ ਉਡਾਣਾਂ ਰੱਦ ਕਰਨ ਤੋਂ ਬਾਅਦ ਮੰਤਰਾਲੇ ਨੇ ਕਿਹਾ ਕਿ ਰਿਫੰਡ ਪ੍ਰਕਿਰਿਆ ਵਿੱਚ ਕਿਸੇ ਵੀ ਦੇਰੀ ਜਾਂ ਪਾਲਣਾ ਨਾ ਕਰਨ 'ਤੇ ਤੁਰੰਤ ਰੈਗੂਲੇਟਰੀ ਕਾਰਵਾਈ ਕੀਤੀ ਜਾਵੇਗੀ। ਏਅਰਲਾਈਨਾਂ ਨੂੰ ਇਹ ਵੀ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਉਨ੍ਹਾਂ ਯਾਤਰੀਆਂ ਲਈ ਕੋਈ ਵੀ ਰਿਸ਼ਡਿਊਲਿੰਗ ਚਾਰਜ ਨਾ ਲਗਾਉਣ, ਜਿਨ੍ਹਾਂ ਦੀਆਂ ਹਵਾਈ ਟਿਕਟਾਂ ਰੱਦ ਕਰ ਦਿੱਤੀਆਂ ਗਈਆਂ ਸਨ। ਇੰਡੀਗੋ ਦੀਆਂ ਸਨਿੱਚਰਵਾਰ ਨੂੰ ਵੱਖ-ਵੱਖ ਹਵਾਈ ਅੱਡਿਆਂ ਤੋਂ 400 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।

## ਪਰਵਾਸੀ ਪੰਜਾਬੀ ਵੱਲੋਂ ਭਤੀਜੇ ਦਾ ਗੋਲੀ ਮਾਰ ਕੇ ਕਤਲ

**ਮੋਗਾ** : ਥਾਣਾ ਨਿਹਾਲ ਸਿੰਘ ਵਾਲਾ ਅਧੀਨ ਪਿੰਡ ਮਾਛੀਕੇ ਵਿਚ ਸਨਿੱਚਰਵਾਰ ਸਵੇਰੇ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਨੇ ਜ਼ਮੀਨੀ ਵਿਵਾਦ ਕਾਰਨ ਖੇਤਾਂ ਵਿਚ ਆਪਣੇ ਭਤੀਜੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਡੀ ਐੱਸ ਪੀ ਨਿਹਾਲ ਸਿੰਘ ਵਾਲਾ ਅਨਵਰ ਅਲੀ ਅਤੇ ਥਾਣਾ ਨਿਹਾਲ ਸਿੰਘ ਵਾਲਾ ਮੁਖੀ ਪੂਰਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਨਵਦੀਪ ਸਿੰਘ ਪਿੰਡ ਮਾਛੀਕੇ ਅਤੇ ਮੁਲਜ਼ਮ ਦੀ ਪਛਾਣ ਬਹਾਦਰ ਸਿੰਘ ਸੇਖੋਂ ਵਜੋਂ ਹੋਈ ਹੈ। ਮੁਲਜ਼ਮ ਅਤੇ ਮ੍ਰਿਤਕ ਦੋਵੇਂ ਤਾਇਆ-ਭਤੀਜਾ ਸਨ। ਮੁਲਜ਼ਮ ਅਮਰੀਕਾ ਦਾ ਨਾਗਰਿਕ ਹੈ। ਇਹ ਵੀ ਚਰਚਾ ਹੈ ਕਿ ਮੁਲਜ਼ਮ ਨੇ ਆਪਣੇ ਭਤੀਜੇ ਦੇ ਮੱਥੇ ਵਿਚ ਗੋਲੀ ਮਾਰ ਕੇ ਕਤਲ ਕਰਨ ਮਗਰੋਂ ਆਪਣੀ ਗੱਡੀ ਮ੍ਰਿਤਕ ਦੀ ਲਾਸ਼ ਉੱਤੋਂ ਦੀ ਲੰਘਾਈ। ਨਵਦੀਪ ਸਿੰਘ ਆੜ੍ਹਤ ਦਾ ਕੰਮ ਕਰਦਾ ਸੀ। ਬਹਾਦਰ ਸਿੰਘ ਸੇਖੋਂ ਦੀ ਆਪਣੇ ਭਤੀਜੇ ਨਾਲ ਖੇਤ ਵਿਚ ਹੀ ਤੂੰ-ਤੂੰ, ਮੈਂ-ਮੈਂ ਹੋ ਗਈ ਅਤੇ ਉਸ ਨੇ ਮੌਕੇ 'ਤੇ ਰਿਵਾਲਵਰ ਨਾਲ ਭਤੀਜੇ 'ਤੇ ਗੋਲੀ ਚਲਾ ਦਿੱਤੀ। ਵਾਰਦਾਤ ਤੋਂ ਬਾਅਦ ਬਹਾਦਰ ਸਿੰਘ ਘਰ ਆ ਗਿਆ ਤਾਂ ਲੋਕਾਂ ਨੇ ਉਸ ਨੂੰ ਘੇਰਾ ਪਾ ਲਿਆ ਅਤੇ ਪੁਲਸ ਨੂੰ ਸੂਚਨਾ ਦਿੱਤੀ। ਚੌਕੀ ਇੰਚਾਰਜ ਬਿਲਾਸਪੁਰ ਜਸਵੰਤ ਸਿੰਘ ਸਰਾਂ ਨੇ ਕਿਹਾ ਕਿ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਅਮਰੀਕਾ 'ਚ ਸੜੀ ਭਾਰਤੀ ਵਿਦਿਆਰਥਣ ਨੇ ਦਮ ਤੋੜਿਆ

**ਨਿਊ ਯਾਰਕ** : ਅਮਰੀਕਾ ਵਿੱਚ ਇੱਕ 24 ਸਾਲਾ ਭਾਰਤੀ ਵਿਦਿਆਰਥਣ ਦੀ ਘਰ ਵਿੱਚ ਅੱਗ ਲੱਗਣ ਕਾਰਨ ਗੰਭੀਰ ਸੜਨ ਤੋਂ ਬਾਅਦ ਮੌਤ ਹੋ ਗਈ। ਇੱਥੇ ਭਾਰਤੀ ਮਿਸ਼ਨ ਨੇ ਇਹ ਜਾਣਕਾਰੀ ਸਾਂਝੀ ਕੀਤੀ। ਸਹਜਾ ਰੈਡੀ ਉਦੁਮਾਲਾ ਨਿਊ ਯਾਰਕ ਦੇ ਅਲਬਾਨੀ ਵਿੱਚ ਮਾਸਟਰ ਦੀ ਡਿਗਰੀ ਕਰ ਰਹੀ ਸੀ। ਨਿਊ ਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਸ਼ੁੱਕਰਵਾਰ (ਸਥਾਨਕ ਸਮੇਂ) ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਉਹ ਅਲਬਾਨੀ ਵਿੱਚ ਘਰ ਵਿੱਚ ਅੱਗ ਲੱਗਣ ਦੀ ਘਟਨਾ ਵਿੱਚ ਜਾਨ ਗੁਆਉਣ ਵਾਲੀ ਉਦੁਮਾਲਾ ਦੀ ਬੇਵਕਤੀ ਮੌਤ ਤੋਂ ਬਹੁਤ ਦੁਖੀ ਹੈ। ਕੌਂਸਲੇਟ ਨੇ ਕਿਹਾ—ਇਸ ਮੁਸ਼ਕਲ ਸਮੇਂ ਦੌਰਾਨ ਸਾਡੀਆਂ ਸੰਵੇਦਨਾਵਾਂ ਅਤੇ ਦਿਲੋਂ ਹਮਦਰਦੀ ਉਸ ਦੇ ਪਰਵਾਰ ਦੇ ਨਾਲ ਹਨ। ਅਲਬਾਨੀ ਪੁਲਸ ਵਿਭਾਗ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਉਨ੍ਹਾਂ ਨੂੰ ਰਿਹਾਇਸ਼ ਦੇ ਅੰਦਰ ਚਾਰ ਬਾਲਗ ਪੀੜਤ ਮਿਲੇ, ਜਿਨ੍ਹਾਂ ਦਾ ਐਮਰਜੈਂਸੀ ਮੈਡੀਕਲ ਕਰਮਚਾਰੀਆਂ ਵੱਲੋਂ ਮੌਕੇ 'ਤੇ ਇਲਾਜ ਕੀਤਾ ਗਿਆ।

## ਕਾਮਰੇਡ ਭਗਵਾਨ ਸਿੰਘ ਅਣਖੀ ਦੀ 34ਵੀਂ ਬਰਸੀ 10 ਨੂੰ

### ਸਰਕਾਰੀ ਨੀਤੀਆਂ ਖਿਲਾਫ਼ ਕਰਾਂਗੇ ਰੋਸ ਮਾਰਚ : ਗੰਡੀਵਿੰਡ/ਰਾਧੇਸ਼ਿਆਮ



**ਪਟਿਆਲਾ** : ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ (ਰਜਿ:) 41 ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ 34 ਵੀਂ ਬਰਸੀ ਹਰੇਕ ਸਾਲ ਦੀ ਤਰ੍ਹਾਂ 10 ਦਸੰਬਰ ਨੂੰ ਕਾਮਰੇਡ ਅਣਖੀ ਯਾਦਗਾਰੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਮਨਾਉਣ ਲਈ ਯਾਦਗਾਰੀ ਭਵਨ ਦੀ ਦਿੱਖ ਸਵਾਰਨ (ਰੰਗ-ਰੋਗਨ ਕਰਨ) ਸਮੇਤ ਫੈਕਟਰੀ ਏਰੀਆ ਨੂੰ ਏਟਕ ਦੀਆਂ ਲਾਲ ਝੰਡੀਆਂ ਲਾ ਕੇ ਵਰਕਰਾਂ ਵਿੱਚ ਉਤਸ਼ਾਹ ਭਰਨ ਸਮੇਤ ਹਾਜ਼ਰੀਨ ਲਈ ਚਾਹ ਅਤੇ ਲੰਗਰ ਦਾ ਪ੍ਰਬੰਧ ਕਰਨ ਦੀਆਂ ਤਿਆਰੀਆਂ ਪੂਰੇ ਜ਼ੋਰਾਂ 'ਤੇ ਚੱਲ ਰਹੀਆਂ ਹਨ। ਸਾਂਝਾ ਬਿਆਨ ਜਾਰੀ ਕਰਦਿਆਂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ ਯੂਨੀਅਨ ਪੰਜਾਬ (ਸੰਬੰਧਤ ਏਟਕ) ਦੇ ਸੂਬਾ ਪ੍ਰਧਾਨ ਰਾਧੇਸ਼ਿਆਮ ਨੇ ਦੱਸਿਆ ਕਿ ਬਿਜਲੀ ਕਾਮਿਆਂ ਦੀ ਲਹਿਰ ਦੇ ਨਿਧੜਕ ਆਗੂ ਰਹੇ ਭਗਵਾਨ ਸਿੰਘ ਅਣਖੀ, ਐੱਚ ਐੱਸ ਪ੍ਰਮਾਰ, ਸਤਨਾਮ ਸਿੰਘ ਛਲੇੜੀ, ਮਹਿੰਦਰ ਸਿੰਘ ਬਟਾਲਾ ਸਮੇਤ ਹੋਰ ਵਿਛੋੜਾ ਦੇ ਚੁੱਕੇ ਆਗੂਆਂ ਨੂੰ ਪੰਜਾਬ ਏਟਕ ਅਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕਰਨ ਅਤੇ ਵਿਛੋੜਾ ਦੇ ਗਏ ਆਗੂਆਂ ਦੇ ਪਰਵਾਰਕ ਮੈਂਬਰਾਂ ਨੂੰ ਸਨਮਾਨਤ ਕਰਨ ਉਪਰੰਤ ਫੈਕਟਰੀ ਏਰੀਆ ਤੋਂ ਪਾਵਰਕਾਮ ਦੇ ਮੁੱਖ ਦਫਤਰ ਤੱਕ ਸ਼ਹਿਰ ਵਿੱਚ

• ਬਾਕੀ ਸਫਾ 2 'ਤੇ

## ਜਾਲ੍ਹੀ ਬੈਂਕ ਗਾਰੰਟੀ ਮਾਮਲੇ 'ਚ ਈ ਡੀ ਵੱਲੋਂ ਰਿਲਾਇੰਸ ਪਾਵਰ ਖ਼ਿਲਾਫ਼ ਚਾਰਜਸ਼ੀਟ

**ਨਵੀਂ ਦਿੱਲੀ** : ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕਿਹਾ ਕਿ ਉਸ ਨੇ ਇੱਕ ਟੈਂਡਰ ਸੁਰੱਖਿਅਤ ਕਰਨ ਲਈ 68 ਕਰੋੜ ਰੁਪਏ ਦੀ ਕਥਿਤ ਜਾਲ੍ਹੀ ਬੈਂਕ ਗਾਰੰਟੀ ਜਾਰੀ ਕਰਨ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਕਾਰੋਬਾਰੀ ਅਨਿਲ ਅੰਬਾਨੀ ਦੇ ਸਮੂਹ ਦੀ ਕੰਪਨੀ ਰਿਲਾਇੰਸ ਪਾਵਰ ਲਿਮਟਿਡ ਅਤੇ 10 ਹੋਰਨਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਹੈ।

ਪ੍ਰੋਸੀਕਿਊਸ਼ਨ ਸ਼ਿਕਾਇਤ ਵਿੱਚ ਨਾਮਜ਼ਦ ਕੀਤੇ ਗਏ ਹੋਰ ਦੋਸ਼ੀਆਂ ਵਿੱਚ ਰਿਲਾਇੰਸ ਪਾਵਰ ਦੇ ਸਾਬਕਾ ਸੀ ਐੱਫ ਓ ਅਸ਼ੋਕ ਕੁਮਾਰ ਪਾਲ, ਰਿਲਾਇੰਸ ਐੱਨ ਯੂ ਬੀ ਈ ਐੱਸ ਐੱਸ ਲਿਮਟਿਡ ਅਤੇ ਰੋਜ਼ਾ ਪਾਵਰ ਸਪਲਾਈ ਕੰਪਨੀ ਲਿਮਟਿਡ (ਰਿਲਾਇੰਸ ਪਾਵਰ ਦੀਆਂ ਸਹਾਇਕ ਕੰਪਨੀਆਂ) ਓਡੀਸ਼ਾ-ਅਧਾਰਤ ਸ਼ੈੱਲ ਕੰਪਨੀ ਬਿਸਵਾਲ ਟਰੇਡਲਿੰਕ ਪ੍ਰਾਈਵੇਟ ਲਿਮਟਿਡ, ਇਸ ਦੇ ਐੱਮ ਡੀ. ਪਾਥਾ ਸਾਰਥੀ ਬਿਸਵਾਲ, ਬਾਇਓਥੇਨ ਕੈਮੀਕਲਜ਼ ਪ੍ਰਾਈਵੇਟ ਲਿਮਟਿਡ ਅਤੇ ਵਪਾਰ ਵਿੱਤ ਸਲਾਹਕਾਰ ਅਮਰ ਨਾਥ ਦੱਤਾ ਸ਼ਾਮਲ ਹਨ। ਏਜੰਸੀ ਅਨੁਸਾਰ ਕੁਝ ਹੋਰ ਦੋਸ਼ੀਆਂ ਵਿੱਚ ਰਵਿੰਦਰ ਪਾਲ ਸਿੰਘ ਚੱਢਾ, ਮਨੋਜ ਭਾਈਸਾਹੇਬ ਪੌਂਗਡੇ ਅਤੇ ਪੁਨੀਤ ਨਰਿੰਦਰ ਗਰਗ ਸ਼ਾਮਲ ਹਨ। ਅਧਿਕਾਰੀਆਂ ਅਨੁਸਾਰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਵਿੱਚ ਪ੍ਰੀਵੈਂਸ਼ਨ ਆਫ਼ ਮਨੀ ਲਾਂਡਰਿੰਗ ਐਕਟ (ਪੀ ਐੱਮ ਐੱਲ ਏ) ਦੀਆਂ ਵਿਵਸਥਾਵਾਂ ਤਹਿਤ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ। ਇਹ ਮਾਮਲਾ ਰਿਲਾਇੰਸ ਪਾਵਰ ਦੀ ਸੂਚੀਬੱਧ ਸਹਾਇਕ ਕੰਪਨੀ ਰਿਲਾਇੰਸ ਐਨ.ਯੂ. ਬੀ ਈ ਐੱਸ ਐੱਸ ਲਿਮਟਿਡ ਦੀ ਤਰਫੋਂ ਸੋਲਰ ਐਨਰਜੀ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ (ਐੱਸ.ਈ.ਸੀ.ਆਈ.) ਤੋਂ ਟੈਂਡਰ ਸੁਰੱਖਿਅਤ ਕਰਨ ਲਈ ਜਮ੍ਹਾਂ ਕਰਵਾਈ ਗਈ 68.2 ਕਰੋੜ ਰੁਪਏ ਦੀ ਬੈਂਕ ਗਾਰੰਟੀ ਨਾਲ ਸੰਬੰਧਤ ਹੈ। ਰਿਲਾਇੰਸ ਐੱਨ ਯੂ ਬੀ ਈ ਐੱਸ ਐੱਸ ਨੂੰ ਪਹਿਲਾਂ 'ਮਹਾਰਾਸ਼ਟਰ ਐਨਰਜੀ ਜਨਰੇਸ਼ਨ ਲਿਮਟਿਡ' ਵਜੋਂ ਜਾਣਿਆ ਜਾਂਦਾ ਸੀ।

## ਚਾਰ ਲੇਬਰ ਕੋਡਾਂ ਖਿਲਾਫ ਸਾਂਝੀ ਕਨਵੈਨਸ਼ਨ ਅੱਜ : ਭਾਟੀਆ

**ਲੁਧਿਆਣਾ** (ਨ ਜ ਸ)-ਯੂਨਾਈਟਡ ਫਰੰਟ ਆਫ ਟਰੇਡ ਯੂਨੀਅਨਜ ਜਿਸ ਵਿੱਚ ਏਟਕ , ਇੰਟਕ , ਸੀਟੂ ਅਤੇ ਸੀ ਟੀ ਯੂ ਪੰਜਾਬ ਸ਼ਾਮਿਲ ਹਨ, ਵੱਲੋਂ 7 ਦਸੰਬਰ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ 'ਚਾਰ ਲੇਬਰ ਕੋਡਾਂ ਦਾ ਕਾਮਿਆਂ ਦੇ ਹੱਕਾਂ 'ਤੇ ਪ੍ਰਭਾਵ' ਵਿਸ਼ੇ ਤੇ ਸਾਂਝੀ ਕਨਵੈਨਸ਼ਨ ਕੀਤੀ ਜਾ ਰਹੀ ਹੈ, ਜਿਸ ਨੂੰ ਯੂਨੀਅਨਾਂ ਦੇ ਸੂਬਾਈ ਆਗੂ ਸੰਬੋਧਨ ਕਰਨਗੇ।ਇਸ ਕਨਵੈਨਸ਼ਨ ਵਿੱਚ ਸਰਕਾਰ ਵੱਲੋਂ ਆਪਣੇ ਪ੍ਰਚਾਰ ਤੰਤਰ ਰਾਹੀਂ ਫੈਲਾਏ ਜਾ ਰਹੇ ਭਰਮ ਕਿ ਇਹ ਕੋਡ ਮਜ਼ਦੂਰਾਂ ਦੇ ਹੱਕ 'ਚ ਹਨ, ਬਾਰੇ ਵਿਸਥਾਰ ਨਾਲ ਮਜ਼ਦੂਰ ਆਗੂਆਂ ਵੱਲੋਂ ਦੱਸਿਆ ਜਾਵੇਗਾ ਕਿ ਇਹਨਾਂ 4 ਲੇਬਰ ਕੋਡਾਂ ਦੇ, ਜੋ 29 ਲੇਬਰ ਕਾਨੂੰਨਾਂ ਨੂੰ ਖਤਮ ਕਰਕੇ ਬਣਾਏ ਗਏ ਹਨ , ਵਰਕਰਾਂ 'ਤੇ ਕੀ ਦੁਸ਼ਟ ਪ੍ਰਭਾਵ ਪੈਣਗੇ।ਆਉਣ ਵਾਲੇ ਸਮੇਂ ਵਿੱਚ ਯੂਨੀਅਨਾਂ ਨੂੰ ਕਮਜ਼ੋਰ ਕਰਕੇ ਉਹਨਾਂ ਦੀ ਮਹੱਤਤਾ ਖਤਮ ਕਰਨ ਦੀ ਜੋ ਸਰਕਾਰ ਦੀ ਸਾਜਿਸ਼ ਹੈ, ਉਸ ਨੂੰ ਬੇਨਕਾਬ ਕੀਤਾ ਜਾਵੇਗਾ।ਪ੍ਰੈਸ ਦੇ ਨਾਂ ਜਾਰੀ ਬਿਆਨ ਵਿੱਚ ਯੂਨਾਈਟਡ ਫਰੰਟ ਦੇ ਕਨਵੀਨਰ ਐਮ ਐਸ ਭਾਟੀਆ ਨੇ ਕਿਹਾ ਕਿ ਇਹ ਕੋਡ ਅਸਲ ਵਿੱਚ ਕਾਰਪੋਰੇਟ ਘਰਾਣਿਆਂ ਨੂੰ ਖੁੱਲੀ ਛੁੱਟੀ ਦੇਣ ਲਈ ਲਿਆਂਦੇ ਗਏ ਹਨ।ਟਰੇਡ ਯੂਨੀਅਨਾਂ ਇਹਨਾਂ ਕੋਡਾਂ ਨੂੰ ਵਾਪਸ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਣਗੀਆਂ।

## ਟਰੰਪ ਦੀ ਪਾਕਿ ਨਾਲ ਦੋਸਤੀ ਨੂੰ ਲੈ ਕੇ ਕਾਂਗਰਸ ਨੇ ਘੇਰੀ ਮੋਦੀ ਸਰਕਾਰ



**ਨਵੀਂ ਦਿੱਲੀ** : ਨਵੀਂ ਅਮਰੀਕੀ ਰਾਸ਼ਟਰੀ ਸੁਰੱਖਿਆ ਰਣਨੀਤੀ ਨੂੰ ਲੈ ਕੇ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਾਂਗਰਸ ਨੇ ਸਨਿੱਚਰਵਾਰ ਕਿਹਾ ਕਿ ਇਹ ਦਸਤਾਵੇਜ਼ ਪਾਕਿਸਤਾਨ ਪ੍ਰਤੀ ਅਮਰੀਕੀ ਪਹੁੰਚ ਵਿੱਚ ਇੱਕ ਜ਼ਿਕਰਯੋਗ ਤਬਦੀਲੀ ਨੂੰ ਦਰਸਾਉਂਦਾ ਹੈ। ਇਸ ਵਿੱਚ 2017 ਦੇ ਡੋਨਾਲਡ ਟਰੰਪ-ਯੁੱਗ ਦੀ ਰਣਨੀਤੀ ਦਸਤਾਵੇਜ਼ ਵਾਂਗ ਸਪੱਸ਼ਟ ਆਲੋਚਨਾ ਤੋਂ ਪਰਹੇਜ਼ ਕੀਤਾ ਗਿਆ ਹੈ, ਜਿਸ ਵਿੱਚ ਇਸਲਾਮਾਬਾਦ 'ਤੇ ਅਮਰੀਕੀ ਭਾਈਵਾਲਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਅੱਤਵਾਦੀਆਂ ਦਾ ਸਮਰਥਨ ਕਰਨ ਦਾ ਖੁੱਲ੍ਹੇਆਮ ਦੋਸ਼ ਲਗਾਇਆ ਗਿਆ ਸੀ। ਵਿਰੋਧੀ ਪਾਰਟੀ ਨੇ ਇਹ ਵੀ ਇਸ਼ਾਰਾ ਕੀਤਾ ਕਿ ਦਸਤਾਵੇਜ਼ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਦਾਅਵੇ ਨੂੰ ਦੁਹਰਾਇਆ ਗਿਆ ਹੈ ਕਿ ਉਨ੍ਹਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਭਖ਼ਦੇ ਸੰਘਰਸ਼ ਦਾ ਨਿਪਟਾਰਾ ਕੀਤਾ ਸੀ। ਕਾਂਗਰਸ ਦੇ ਸੰਚਾਰ ਵਿਭਾਗ ਦੇ ਇੰਚਾਰਜ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ 33 ਪੰਨਿਆਂ ਦੀ ਰਾਸ਼ਟਰੀ ਸੁਰੱਖਿਆ ਰਣਨੀਤੀ ਵ੍ਹਾਈਟ ਹਾਊਸ ਵੱਲੋਂ ਹੁਣੇ-ਹੁਣੇ ਜਾਰੀ ਕੀਤੀ ਗਈ ਹੈ। ਰਮੇਸ਼ ਨੇ ਕਿਹਾ—ਦਸਤਾਵੇਜ਼ ਦੀ ਆਪਣੀ ਜਾਣ-ਪਛਾਣ ਵਿੱਚ ਰਾਸ਼ਟਰਪਤੀ ਟਰੰਪ ਨੇ ਆਪਣੇ ਇਸ ਦਾਅਵੇ ਨੂੰ ਦੁਹਰਾਇਆ ਹੈ ਕਿ ਉਨ੍ਹਾ 'ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗੀ ਟਕਰਾਅ ਦਾ ਨਿਪਟਾਰਾ ਕੀਤਾ ਸੀ।' ਇਹੀ ਦਾਅਵਾ ਪੰਨਾ 8 'ਤੇ ਵੀ ਦੁਹਰਾਇਆ ਗਿਆ ਹੈ। ਉਨ੍ਹਾ ਦਾਅਵਾ ਕੀਤਾ ਕਿ 2025 ਦੀ ਰਾਸ਼ਟਰੀ ਸੁਰੱਖਿਆ ਰਣਨੀਤੀ ਵੀ ਪਾਕਿਸਤਾਨ ਪ੍ਰਤੀ ਅਮਰੀਕਾ ਦੀ ਪਹੁੰਚ ਵਿੱਚ ਇੱਕ ਜ਼ਿਕਰਯੋਗ ਤਬਦੀਲੀ ਨੂੰ ਦਰਸਾਉਂਦੀ ਹੈ। ਕਾਂਗਰਸੀ ਆਗੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਹਿੰਦੀ ਵਿੱਚ ਕਿਹਾ, 'ਕਿਆ ਸੇ ਕਿਆ ਹੋ ਗਿਆ, ਬੇਵਫ਼ਾ ਤੇਰੀ ਦੋਸਤੀ ਮੇਂ।' ਕਾਂਗਰਸ ਦੇ ਜਨਰਲ ਸਕੱਤਰ ਨੇ ਦਸਤਾਵੇਜ਼ ਦੇ ਸਕ੍ਰੀਨਸ਼ਾਟ ਵੀ ਸਾਂਝੇ ਕੀਤੇ, ਜਿੱਥੇ ਮਈ ਵਿੱਚ ਭਾਰਤ-ਪਾਕਿਸਤਾਨ ਸੰਘਰਸ਼ ਨੂੰ ਰੋਕਣ ਬਾਰੇ ਟਰੰਪ ਦੇ ਦਾਅਵਿਆਂ ਦਾ ਜ਼ਿਕਰ ਕੀਤਾ ਗਿਆ ਹੈ।

## ਸਾਬਕਾ ਮੰਤਰੀ ਤਾਰਾ ਸਿੰਘ ਲਾਡਲ ਦਾ ਦੇਹਾਂਤ

**ਰੂਪਨਗਰ** : ਸਾਬਕਾ ਸਿੱਖਿਆ ਰਾਜ ਮੰਤਰੀ ਮਾਸਟਰ ਤਾਰਾ ਸਿੰਘ ਲਾਡਲ ਦਾ ਦੇਹਾਂਤ ਹੋ ਗਿਆ। ਉਨ੍ਹਾ ਦਾ ਅੰਤਮ ਸੰਸਕਾਰ ਬਾਅਦ ਦੁਪਹਿਰ ਪਿੰਡ ਲਾਡਲ ਦੇ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ।

ਉਨ੍ਹਾ ਸ਼ਨੀਵਾਰ ਤੜਕੇ ਅੰਤਮ ਸਾਹ ਲਿਆ। ਉਹ ਲੰਮਾ ਸਮਾਂ ਅਕਾਲੀ ਦਲ ਨਾਲ ਜੁੜੇ ਰਹੇ, ਪਰ ਅਖੀਰਲੇ ਸਮੇਂ ਦੌਰਾਨ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਕੁਝ ਮਤਭੇਦ ਹੋਣ ਕਾਰਨ ਉਨ੍ਹਾ ਸਰਗਰਮ ਸਿਆਸਤ ਤੋਂ ਕਿਨਾਰਾ ਕਰ ਲਿਆ। ਅੱਜਕੱਲ੍ਹ ਉਹ ਆਪਣੇ ਭਤੀਜਿਆਂ ਮਨਜਿੰਦਰ ਸਿੰਘ ਮਨੀ ਤੇ ਲਖਵਿੰਦਰ ਸਿੰਘ ਨਾਲ ਰਹਿ ਰਹੇ ਸਨ।

## ਅੱਜ-ਨਾਮਾ

ਲੀਡਰ ਰੂਸ ਦਾ ਆਣ ਕੇ ਮੁੜ ਗਿਆ ਈ,
ਸਮਝੌਤੇ-ਸੌਦੇ ਕਈ ਸੁਣੇ ਨੇ ਹੋਏ ਬੇਲੀ।
ਉਹਦੇ ਆਉਣ ਤੇ ਮੁੜਨ ਦੇ ਨਾਲ ਪਿੱਛੇ,
ਰਾਜਸੀ ਮਸਲੇ ਕਈ ਉੱਠ ਖੜੋਏ ਬੇਲੀ।
ਵਿਰੋਧੀ ਧਿਰਾਂ ਦੇ ਨਾਲ ਨਾ ਮਿਲਣ ਦਿੱਤਾ,
ਦਰਵਾਜ਼ੇ ਡਿਨਰ ਦੌਰਾਨ ਸਨ ਢੋਏ ਬੇਲੀ।
ਪੁਰਾਣੀ ਰੀਤ-ਰਿਵਾਇਤ ਨਾ ਕੋਈ ਰੱਖੀ,
ਨਵੇਂ ਆ ਜਾਂਦੇ ਕੁਝ ਅੱਖਰ ਪਰੋਏ ਬੇਲੀ।
ਲੱਗਦਾ ਸਮਝ ਕੇ ਭਾਰਤ ਸਰਕਾਰ ਬੈਠੀ,
ਹਮ ਹੀ ਹਮ ਤੀਕਰ ਇਹ ਹੈ ਦੇਸ਼ ਬੇਲੀ।
ਘੁਮੰਡ ਦੇ ਘੋੜੇ ਨਹੀਂ ਦੌੜਦੇ ਸਦਾ ਹੁੰਦੇ,
ਟਿਕਿਆ ਰਹਿੰਦਾ ਨਾ ਸਮਾਂ ਹਮੇਸ਼ ਬੇਲੀ।

-ਤੀਸ ਮਾਰ ਖਾਂ

## ਸੀ ਪੀ ਆਈ ਵੱਲੋਂ ਨਾਟਕ ਮੇਲਾ ਤੇ ਸਿਆਸੀ ਕਾਨਫਰੰਸ



**ਚੋਹਲਾ ਸਾਹਿਬ** : ਮਹਾਨ ਦੇਸ਼ ਭਗਤ ਸੰਤ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਦੇ ਜਨਮ ਦਿਹਾੜੇ 'ਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਤੇ ਦੀਵਾਨ ਤੋਂ ਬਾਅਦ ਸੀ ਪੀ ਆਈ ਵੱਲੋਂ ਨਾਟਕ ਮੇਲਾ ਤੇ ਸਿਆਸੀ ਕਾਨਫਰੰਸ ਕਿਸਾਨ ਆਗੂ ਲੇਖ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਰਬ ਭਾਰਤ ਨੌਜਵਾਨ ਸਭਾ ਦੀ ਸੂਬਾਈ ਪ੍ਰਧਾਨ ਕਰਮਬੀਰ ਕੌਰ ਬਧਨੀ ਤੇ ਸੀ ਪੀ ਆਈ ਦੀ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਨੇ ਕਿਹਾ ਕਿ ਪਾਰਟੀ ਵਾਸਤੇ ਬੜੇ ਮਾਣ ਵਾਲੀ ਗੱਲ ਹੈ ਕਿ ਹਰ ਸਾਲ ਬਲਵਿੰਦਰ ਸਿੰਘ ਦਦੇਹਰ ਦੀ ਅਗਵਾਈ ਹੇਠ ਸ਼ਾਨਦਾਰ ਸਮਾਗਮ ਕੀਤਾ ਜਾਂਦਾ ਹੈ। ਇਸ ਪਵਿੱਤਰ ਦਿਹਾੜੇ 'ਤੇ ਸੰਤ ਵਿਸਾਖਾ ਸਿੰਘ ਦੇ ਕਾਰਜ ਨੂੰ ਯਾਦ ਕਰਨ ਦੇ ਨਾਲ-ਨਾਲ ਗ਼ਦਰੀ ਬਿਸ਼ਨ ਸਿੰਘ ਪਹਿਲਵਾਨ, ਭਾਈ ਵਿਸਾਖਾ ਸਿੰਘ, ਗ਼ਦਰੀ ਬਿਸ਼ਨ ਸਿੰਘ ਦੂਜਾ ਅਤੇ ਗ਼ਦਰੀ ਹਜ਼ਾਰਾ ਸਿੰਘ ਵੱਲੋਂ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਪਾਏ ਵੱਡਮੁੱਲੇ ਯੋਗਦਾਨ ਨੂੰ ਵੀ ਯਾਦ ਕੀਤਾ ਜਾਂਦਾ ਹੈ। ਮਾੜੀਮੇਘਾ ਨੇ ਕਿਹਾ ਗ਼ਦਰੀ ਦੇਸ਼ ਭਗਤਾਂ ਦੇ ਵਿਚਾਰਾਂ ਦੇ ਹਾਣ ਦਾ ਹਿੰਦੁਸਤਾਨ ਸਮੇਂ ਦੀਆਂ ਸਰਕਾਰਾਂ ਨੇ ਨਹੀਂ ਬਣਨ ਦਿੱਤਾ। ਗ਼ਦਰੀਆਂ ਦੇ ਵਿਚਾਰ ਸਨ ਕਿ ਆਜ਼ਾਦ ਭਾਰਤ ਵਿੱਚ ਬਰਾਬਰਤਾ ਹੋਵੇਗੀ। ਹਰ ਨੌਜਵਾਨ ਨੂੰ ਰੁਜ਼ਗਾਰ ਮਿਲੇਗਾ। ਕੋਈ ਵੀ ਬੱਚਾ ਵਿੱਦਿਆ ਤੋਂ ਵਾਂਝਾ ਨਹੀਂ ਰਹੇਗਾ, ਭਾਵ ਹਰੇਕ ਨੂੰ ਵਿਦਿਆ ਲਾਜ਼ਮੀ ਮਿਲੇਗੀ। ਹਰੇਕ ਮਨੁੱਖ ਕੋਲ ਰਹਿਣ ਲਈ ਘਰ ਹੋਵੇਗਾ। ਹਰ ਵਿਅਕਤੀ ਨੂੰ ਮੁਫ਼ਤ ਸਿਹਤ ਦਾ ਇਲਾਜ ਮਿਲੇਗਾ, ਪਰ ਹਕੂਮਤਾਂ ਨੇ ਸਭ ਕੁਝ ਗ਼ਦਰੀਆਂ ਦੇ ਵਿਚਾਰਾਂ ਦੇ ਉਲਟ ਕੀਤਾ ਹੈ।ਹਿੰਦੁਸਤਾਨ ਵਿੱਚ ਭੁੱਖਮਰੀ, ਗਰੀਬੀ, ਅਨਪੜ੍ਹਤਾ ਤੇ ਬੇਰੁਜ਼ਗਾਰੀ ਦਾ ਪਾਸਾਰਾ ਹੈ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਤਰਨ ਤਾਰਨ ਜ਼ਿਲ੍ਹੇ ਦੇ ਸਕੱਤਰ ਦਵਿੰਦਰ ਸੋਹਲ ਅਤੇ ਮੀਤ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਆਪ ਪਾਰਟੀ ਨੇ ਲੋਕਾਂ ਨਾਲ ਬਹੁਤ ਵਾਅਦੇ ਕੀਤੇ ਸਨ ਕਿ ਸਾਨੂੰ ਵੋਟਾਂ ਪਾਓ ਤੇ ਸਰਕਾਰ ਬਣਨ ਉਪਰੰਤ ਪੰਜਾਬ ਸੂਬੇ ਨੂੰ ਖੁਸ਼ਹਾਲ ਬਣਾ ਦਿੱਤਾ ਜਾਵੇਗਾ, ਭ੍ਰਿਸ਼ਟਾਚਾਰ ਖ਼ਤਮ ਕਰ ਦਿੱਤਾ ਜਾਵੇਗਾ। ਦਫ਼ਤਰਾਂ ਵਿੱਚ ਹਰੇਕ ਮਨੁੱਖ ਨੂੰ ਨਿਆਂ ਮਿਲੇਗਾ, ਪਰ ਹੋਇਆ ਇਸ ਦੇ ਉਲਟ। ਕੁਰੱਪਸ਼ਨ ਖ਼ਤਮ ਹੋਣ ਦੀ ਥਾਂ ਦੂਣ-ਸਵਾਈ ਹੋਈ ਹੈ। ਥਾਣਿਆਂ ਵਿੱਚ ਪੈਸੇ ਵਾਲਿਆਂ ਅਤੇ ਸਰਕਾਰ ਪੱਖੀਆਂ ਦੀ ਤੂਤੀ ਬੋਲਦੀ ਹੈ। ਗਰੀਬ ਲੋਕਾਂ ਨੂੰ ਕੋਈ ਨਿਆਂ ਨਹੀਂ ਮਿਲਦਾ। ਜੇ ਗਰੀਬ ਪੈਸਾ ਚਾੜ੍ਹ ਦਿੰਦੇ ਹਨ, ਫਿਰ ਉਨ੍ਹਾਂ ਦੀ ਸੁਣੀ ਜਾਂਦੀ ਹੈ, ਨਹੀਂ ਤਾਂ ਉਨ੍ਹਾਂ ਨੂੰ ਧੱਕੇ ਮਾਰ ਕੇ ਥਾਣਿਆਂ 'ਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਆਗੂਆਂ ਕਿਹਾ ਕਿ ਇਸ ਵਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਪੰਜਾਬ ਸਰਕਾਰ ਨੇ ਡਿਕਟੇਟਰਸ਼ਿਪ ਦਾ ਢੰਗ ਵਰਤਿਆ ਹੈ। ਪਹਿਲਾਂ ਸਰਕਾਰ ਦੀ ਕੋਸ਼ਿਸ਼ ਸੀ ਕਿ ਵਿਰੋਧੀ ਪਾਰਟੀਆਂ

• ਬਾਕੀ ਸਫਾ 2 'ਤੇ

## ਪੰਜਾਬ ਕੁਸ਼ਤੀ ਐਸੋਸੀਏਸ਼ਨ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ : ਕਰਤਾਰ ਸਿੰਘ

### ਚੋਣ ਖ਼ਿਲਾਫ਼ ਹਾਈ ਕੋਰਟ 'ਚ ਪਟੀਸ਼ਨ



**ਚੰਡੀਗੜ੍ਹ** : ਕੁਸ਼ਤੀ ਖੇਡ ਅਤੇ ਪਹਿਲਵਾਨਾਂ ਨਾਲ ਜ਼ਿਆਦਤੀਆਂ ਕਰਨ ਤੋਂ ਬਾਅਦ ਭਾਰਤੀ ਕੁਸ਼ਤੀ ਫੈਡਰੇਸ਼ਨ ਹੁਣ ਸੂਬਿਆਂ ਦੀਆਂ ਕੁਸ਼ਤੀ ਐਸੋਸੀਏਸ਼ਨਾਂ ਨਾਲ ਧੱਕੇਸ਼ਾਹੀ ਉੱਤੇ ਉਤਾਰੂ ਹੈ ਅਤੇ ਆਪਣੀ ਮਰਜ਼ੀ ਨਾਲ ਐਸੋਸੀਏਸ਼ਨਾਂ ਭੰਗ ਕਰ ਕੇ ਨਵੇਂ ਮਨਘੜਤ ਮੈਂਬਰ ਬਣਾ ਕੇ ਚੋਣ ਕਰਵਾਉਣ ਜਾ ਰਹੀ ਹੈ, ਜਿਸ ਦਾ ਸਮੂਹ ਕੁਸ਼ਤੀ ਜਗਤ ਸਖ਼ਤ ਵਿਰੋਧ ਕਰ ਰਿਹਾ ਹੈ। ਇਹ ਗੱਲ ਪੰਜਾਬ ਕੁਸ਼ਤੀ ਐਸੋਸੀਏਸ਼ਨ ਦੇ ਲਾਈਫ ਪ੍ਰਧਾਨ ਅਤੇ ਪਦਮਸ੍ਰੀ ਓਲੰਪੀਅਨ ਪਹਿਲਵਾਨ ਕਰਤਾਰ ਸਿੰਘ ਨੇ ਸ਼ਨੀਵਾਰ ਨੂੰ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਕੁਸ਼ਤੀ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਅਤੇ ਪਹਿਲਵਾਨਾਂ ਨਾਲ ਪ੍ਰੈੱਸ ਕਾਨਫਰੰਸ ਦੌਰਾਨ ਕਹੀ।

ਕਰਤਾਰ ਸਿੰਘ ਨੇ ਕਿਹਾ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਤੇ ਸੰਜੇ ਸਿੰਘ ਦੀ ਅਗਵਾਈ ਵਿੱਚ ਭਾਰਤੀ ਕੁਸ਼ਤੀ ਫੈਡਰੇਸ਼ਨ ਨੇ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਮਹਾਰਾਸ਼ਟਰ ਵਿਖੇ ਧੱਕੇਸ਼ਾਹੀ ਕਰਦਿਆਂ ਨਵੀਆਂ ਐਸੋਸੀਏਸ਼ਨਾਂ ਬਣਾਈਆਂ ਅਤੇ ਹੁਣ ਪੰਜਾਬ ਵਿੱਚ ਵਿੱਚ ਸਾਡੀ ਐਸੋਸੀਏਸ਼ਨ ਭੰਗ ਕਰਕੇ

• ਬਾਕੀ ਸਫਾ 2 'ਤੇ

7-DEC-PAGE-1.qxd 12/6/2025 9:41 PM Page 2



## ਲੋਕ ਸੇਵਾ ਸੁਸਾਇਟੀ ਵੱਲੋਂ ਸਮਾਜਿਕ ਕਾਰਜਾਂ ਦੀ ਲੜੀ ਨਿਰੰਤਰ ਜਾਰੀ : ਅਰੋੜਾ/ਕਾਕਾ/ਭੰਡਾਰੀ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਇਲਾਕੇ ਦੀ ਸਭ ਤੋਂ ਵੱਡੀ ਸਮਾਜਿਕ ਸੰਸਥਾ ਆਪਣੇ ਨਾਂਅ ਨੂੰ ਸਾਰਥਕ ਕਰ ਰਹੀ ਲੋਕ ਸੇਵਾ ਸੁਸਾਇਟੀ ਸਮਾਜਿਕ ਧਾਰਮਿਕ ਕਾਰਜਾਂ ਨਾਲ ਲਬਰੇਜ ਲਗਾਤਾਰ ਲੋਕ ਸੇਵਾ ਵਿੱਚ ਜੁਟੀ ਹੋਈ ਹੈ। ਲਗਾਤਾਰ ਲੜੀ ਨੂੰ ਜਾਰੀ ਰੱਖਦਿਆਂ ਸੰਸਥਾ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਕੁਲਭੂਸ਼ਣ ਗੁਪਤਾ, ਖਜ਼ਾਨਚੀ ਸੁਨੀਲ ਬਜਾਜ ਤੇ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਦੀ ਅਗਵਾਈ ਵਿੱਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਸੌ ਦੇ ਕਰੀਬ ਵਿਦਿਆਰਥੀਆਂ ਨੂੰ ਜਰਸੀਆਂ ਤਕਸੀਮ ਕੀਤੀਆਂ ਗਈਆਂ। ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਮੈਂਬਰਾਂ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਖਾਸ ਕਰ ਏਡਡ ਸਕੂਲਾਂ ਦੇ ਵਿਦਿਆਰਥੀਆਂ ਵਾਸਤੇ ਉਨ੍ਹਾਂ ਨੂੰ ਲੋੜੀਂਦਾ ਸਾਮਾਨ ਮੁਹੱਈਆ ਕਰਵਾਉਣ ਨੂੰ ਪਹਿਲ ਦਿੰਦੀ ਹੈ, ਕਿਉਂਕਿ ਸਰਕਾਰ ਵੱਲੋਂ ਇਨ੍ਹਾਂ ਏਡਡ ਸਕੂਲਾਂ ਨੂੰ ਨਾ-ਮਾਤਰ ਹੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਸੁਸਾਇਟੀ ਚਾਹੁੰਦੀ ਹੈ ਕਿ ਅਜਿਹੇ ਸਕੂਲਾਂ ਵਿੱਚ ਪੜ੍ਹਦੇ ਬੱਚੇ ਵੀ ਆਰਥਿਕ ਤੰਗੀਆਂ ਕਰਕੇ ਪੜ੍ਹਾਈ ਵਿੱਚ ਕਮਜ਼ੋਰ ਨਾ ਰਹਿਣ। ਇਸ ਮੌਕੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਦੇ ਪ੍ਰਿੰਸੀਪਲ ਰੇਨੂ ਬਾਲਾ ਨੇ ਸੁਸਾਇਟੀ ਦਾ ਧੰਨਵਾਦ ਕੀਤਾ, ਜਿਨ੍ਹਾਂ ਆਪਣੇ ਫ਼ਰਜ਼ ਨੂੰ ਪਛਾਣਦਿਆਂ ਲੋੜਵੰਦ ਵਿਦਿਆਰਥੀਆਂ ਦੀ ਮਦਦ ਕੀਤੀ ਹੈ। ਇਸ ਮੌਕੇ ਕੈਪਟਨ ਨਰੇਸ਼ ਵਰਮਾ, ਜਗਦੀਪ ਸਿੰਘ, ਡਾਕਟਰ ਬੀ. ਬੀ. ਬਾਂਸਲ, ਲਾਕੇਸ਼ ਟੰਡਨ, ਮੰਗਤ ਰਾਏ, ਮੁਕੇਸ਼ ਕੁਮਾਰ, ਮਨੋਹਰ ਸਿੰਘ ਟੱਕਰ, ਰਾਜੀਵ ਗੁਪਤਾ, ਕੇਵਲ ਕੱਕੜ, ਨੀਰਜ ਮਿੱਤਰ, ਅਨਿਲ ਮਲਹੋਤਰਾ ਤੇ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਆਰ. ਕੇ. ਗੋਇਲ ਆਦਿ ਹਾਜ਼ਰ ਸਨ।

# ਏਮਜ਼ 'ਚ ਵੇਦ ਕੁਮਾਰੀ ਮਿੱਤਲ ਪੇਸ਼ੈਂਟ ਸ਼ੈਲਟਰ ਹੋਮ ਦਾ ਉਦਘਾਟਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਮਿੱਤਲ ਗਰੁੱਪ ਬਠਿੰਡਾ ਵੱਲੋਂ ਸ਼ਨੀਵਾਰ 13 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਏਮਜ਼ ਵੇਦ ਕੁਮਾਰੀ ਮਿੱਤਲ ਪੇਸ਼ੈਂਟ ਸੈਲਟਰ ਹੋਮ (ਧਰਮਸ਼ਾਲਾ) ਦਾ ਇਕ ਵੱਡੇ ਸਮਾਗਮ ਦੌਰਾਨ ਉਦਘਾਟਨ ਕੀਤਾ ਗਿਆ।ਇਸ ਮੌਕੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਏਮਜ਼ ਦੇ ਡਾਇਰੈਕਟਰ ਡਾ. ਰਤਨ ਗੁਪਤਾ, ਡਿਪਟੀ ਕਮਿਸ਼ਨਰ ਬਠਿੰਡਾ ਰਾਜੇਸ਼ ਧੀਮਾਨ ਆਈਏਐੱਸ, ਡੀਆਈਜੀ ਹਰਜੀਤ ਸਿੰਘ, ਜ਼ਿਲ੍ਹਾ ਪੁਲਸ ਮੁਖੀ ਅਮਨੀਤ ਕੌਂਡਲ, ਵਿਧਾਇਕ ਜਗਰੂਪ ਸਿੰਘ ਗਿੱਲ, ਵਿਧਾਇਕ ਅਮਿਤ ਰਤਨ, ਭਾਜਪਾ ਆਗੂ ਸਰੂਪ ਚੰਦ ਸਿੰਗਲਾ ਤੋਂ ਇਲਾਵਾ ਇਲਾਕੇ ਦੀਆਂ ਸਮਾਜ ਸੇਵੀ, ਧਾਰਮਿਕ, ਸਿੱਖਿਅਕ ਸੰਸਥਾਵਾਂ ਦੇ ਆਗੂ ਤੇ ਨੇੜਲੇ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਸੈਂਕੜਿਆਂ ਦੀ ਗਿਣਤੀ 'ਚ ਲੋਕ ਸ਼ਾਮਲ ਹੋਏ।ਪ੍ਰੋਗਰਾਮ ਦੀ ਸ਼ੁਰੂਆਤ 'ਚ ਮਿੱਤਲ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਰਾਜਿੰਦਰ ਮਿੱਤਲ ਤੇ ਉਨ੍ਹਾਂ ਦੀ ਧਰਮ ਪਤਨੀ ਸੁਨੀਤਾ ਮਿੱਤਲ ਤੋਂ ਇਲਾਵਾ ਹੋਰ ਪਰਿਵਾਰ ਦੇ ਮੈਂਬਰਾਂ ਵੱਲੋਂ ਰੀਬਨ ਕੱਟ ਕੇ ਧਰਮਸ਼ਾਲਾ ਦਾ ਰਸਮੀ ਉਦਘਾਟਨ ਕੀਤਾ।ਇਸ ਉਪਰੰਤ ਇਕ ਧਾਰਮਿਕ ਸਮਾਗਮ ਕੀਤਾ ਗਿਆ, ਜਿਸ 'ਚ ਆਖੰਡ ਰਮਾਇਣ ਪਾਠ ਉਪਰੰਤ ਮਸ਼ਹੂਰ ਭਜਨ ਗਾਇਕ ਸੁਨੀਲ ਧਿਆਨੀ ਤੇ ਮੈਡਮ ਮਨਜੀਤ ਧਿਆਨੀ ਵੱਲੋਂ ਧਾਰਮਿਕ ਭਜਨਾਂ ਦਾ ਗੁਣਗਾਣ ਕੀਤਾ ਗਿਆ।ਇਸ ਮੌਕੇ ਮਿੱਤਲ ਗਰੁੱਪ ਦੇ ਐੱਮ ਡੀ



ਰਾਜਿੰਦਰ ਮਿੱਤਲ ਨੇ ਦੱਸਿਆ ਕਿ ਏਮਜ਼ ਵੇਦ ਕੁਮਾਰੀ ਮਿੱਤਲ ਪੇਸ਼ੈਂਟ ਸੈਲਟਰ ਹੋਮ ਦਾ ਸੁਪਨਾ ਉਨ੍ਹਾਂ ਦੀ ਮਾਤਾ ਦਾ ਸੀ, ਜਿਸ ਨੂੰ 13 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਗਰੁੱਪ ਦੇ ਹੀ ਦੁਆਰਕਾ ਦਾਸ ਮਿੱਤਲ ਚੈਰੀਟੇਬਲ ਟਰੱਸਟ ਦੇ ਅਧੀਨ ਤਿਆਰ ਕਰਵਾਇਆ ਗਿਆ ਹੈ ਅਤੇ ਇਸ ਲਈ ਕੋਈ ਵੀ ਬਾਹਰੀ ਮਾਲੀ ਮਦਦ ਨਹੀਂ ਲਈ ਗਈ ਹੈ।ਉਨ੍ਹਾਂ ਦੱਸਿਆ ਕਿ ਸੈਲਟਰ ਹੋਮ (ਧਰਮਸ਼ਾਲਾ) ਦੇ ਅੰਦਰ 256 ਬੈੱਡਾਂ ਦਾ ਪ੍ਰਬੰਧ ਹੈ ਤੇ ਇਸ 'ਚ ਕੁੱਲ 63 ਕਮਰੇ ਹਨ, ਜਿਹੜੇ ਏ ਸੀ ਤੇ ਨਾਨ ਏ ਸੀ ਹਨ।ਇਸ ਤੋਂ ਇਲਾਵਾ ਔਰਤਾਂ ਤੇ ਪੁਰਸ਼ਾਂ ਲਈ ਅਲੱਗ ਤੋਂ ਡੋਰਮੇਟਰੀ ਦੀ ਵਿਵਸਥਾ ਵੀ ਕੀਤੀ ਗਈ ਹੈ, ਜਿਸ 'ਚ 100 ਤੋਂ ਵੱਧ ਬੈੱਡ ਹਨ।ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਲਈ ਖਾਣ-ਪੀਣ ਦਾ ਚੰਗਾ ਪ੍ਰਬੰਧ ਕਰਦੇ ਹੋਏ 200 ਵਿਅਕਤੀਆਂ ਦੀ ਸਮਰਥਾ ਵਾਲੇ ਲੰਗਰ ਹਾਲ ਤੋਂ ਇਲਾਵਾ 80 ਲੋਕਾਂ ਦੇ ਬੈਠਣ ਦੀ ਸਮਰਥਾ ਵਾਲਾ ਅਲੱਗ ਤੋਂ ਏਸੀ ਰੈਸਟੋਰੈਂਟ ਵੀ ਤਿਆਰ ਕੀਤਾ ਗਿਆ ਹੈ।ਧਰਮਸ਼ਾਲਾ ਦੇ ਅੰਦਰ 100 ਲੋਕਾਂ ਦੀ ਸਮਰਥਾ ਵਾਲਾ ਵੇਟਿੰਗ ਰੂਮ ਵੀ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਲਈ ਕਾਫੀ ਘੱਟ ਫੀਸ ਰੱਖੀ ਗਈ ਹੈ ਤਾਂ ਜੋ ਧਰਮਸ਼ਾਲਾ ਦੀ ਸਾਫ਼ ਸਫਾਈ ਤੇ ਹੋਰ ਪ੍ਰਬੰਧਾਂ ਨੂੰ ਸੰਚਾਰੂ ਢੰਗ ਨਾਲ ਚਲਾਇਆ ਜਾ ਸਕੇ।ਇਸ ਮੌਕੇ ਸਾਬਕਾ ਡਿਪਟੀ ਚੀਫ ਮਨੀਸਟਰ ਸੁਖਬੀਰ ਬਾਦਲ ਨੇ ਦੱਸਿਆ ਕਿ ਮਿੱਤਲ ਪਰਵਾਰ ਵੱਲੋਂ ਕੀਤਾ ਗਿਆ ਇੱਕ ਵੱਡਾ ਸਮਾਜ ਸੇਵਾ ਦਾ ਉਪਰਾਲਾ ਹੈ, ਜਿਸ ਦਾ ਹਰ ਰੋਜ਼ ਸੈਂਕੜੇ ਦੂਰ ਦੁਰਾਡੇ ਤੋਂ ਆਉਂਦੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਫਾਇਦਾ ਮਿਲੇਗਾ।ਇਸ ਮੌਕੇ ਬੋਲਦਿਆਂ ਵਿਧਾਇਕ ਜਗਰੂਪ ਸਿੰਘ ਗਿੱਲ ਤੇ ਬਠਿੰਡਾ ਦਿਹਾਤੀ ਦੇ ਵਿਧਾਇਕ ਅਮਿਤ ਰਤਨ ਵੱਲੋਂ ਵੀ ਮਿੱਤਲ ਪਰਵਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਅਗਰਵਾਲ ਸਭਾ ਬਠਿੰਡਾ ਵੱਲੋਂ ਪੂਰੇ ਮਿੱਤਲ ਪਰਵਾਰ ਨੂੰ ਇਸ ਉਪਰਾਲੇ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਮਿੱਤਲ ਗਰੁੱਪ ਦੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਵੱਲੋਂ ਬਾਹਰ ਤੋਂ ਆਏ ਸਾਰੇ ਮਹਿਮਾਨਾਂ ਦਾ ਇਥੇ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ ਅਤੇ ਭਵਿੱਖ 'ਚ ਵੀ ਅਜਿਹੇ ਸਮਾਜ ਸੇਵੀ ਉਪਰਾਲੇ ਕਰਦੇ ਰਹਿਣ ਦਾ ਇਕੱਤਰ ਲੋਕਾਂ ਨੂੰ ਭਰੋਸਾ ਦਿੱਤਾ।

## ਜਗਰਾਉਂ ਸਕੂਲਜ਼ ਐਸੋਸੀਏਸ਼ਨ ਵੱਲੋਂ ਮੈਗਾ ਕੈਰੀਅਰ ਮੇਲਾ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਜਗਰਾਉਂ ਸਕੂਲਜ਼ ਐਸੋਸੀਏਸ਼ਨ ਵੱਲੋਂ ਮਾਤਰੀ ਸੇਵਾ ਸੰਘ ਹਾਲ ਜਗਰਾਉਂ ਵਿਖੇ ਸਕੂਲਾਂ ਦੇ ਵਿਦਿਆਰਥੀਆਂ ਲਈ ਇਕ ਪ੍ਰੇਰਨਾਦਾਇਕ ਕਰੀਅਰ ਕਾਉਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਕਰੀਅਰ ਐਜੂਕੇਸ਼ਨਲ ਮੇਲੇ ਦੇ ਆਯੋਜਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿੱਖਿਆ ਤੇ ਵਿਵਸਾਏ ਪ੍ਰਤੀ ਸਹੀ ਨਿਰਣਾ ਕਰਨ ਵਿੱਚ ਉਚਿਤ ਮਾਰਗਦਰਸ਼ਨ ਪ੍ਰਦਾਨ ਕਰਨ ਦਾ ਸੀ। ਜਗਰਾਉਂ ਸਕੂਲਜ਼ ਐਸੋਸੀਏਸ਼ਨ ਦੀ ਪ੍ਰਧਾਨ ਪ੍ਰਿੰਸੀਪਲ ਰਾਜਪਾਲ ਕੌਰ ਨੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਜਗਰਾਉਂ ਸਕੂਲਜ਼ ਐਸੋਸੀਏਸ਼ਨ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਇਸੇ ਵਚਨਬੱਧਤਾ ਨੂੰ ਅੱਗੇ ਵਧਾਉਂਦੇ ਹੋਏ ਇਸ ਕਰੀਅਰ ਮੇਲੇ ਦਾ ਆਯੋਜਨ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀ ਆਪਣੀਆਂ ਰੁਚੀਆਂ, ਸਮਰੱਥਾ ਤੇ ਮੌਕਿਆਂ ਨੂੰ ਸਹੀ ਢੰਗ ਨਾਲ ਸਮਝ ਸਕਣ। ਵੱਖ-ਵੱਖ ਯੂਨੀਵਰਸਿਟੀਆਂ ਤੋਂ ਆਏ ਵਿਸ਼ਾ ਵਿਗਿਆਨੀਆਂ ਨੇ ਮੌਜੂਦ ਵਿਦਿਆਰਥੀਆਂ ਦੇ ਪ੍ਰਸ਼ਨਾਂ ਦੇ ਉੱਤਰ ਦਿੱਤੇ।

## ਧਰਨੇ ਦੀ ਤਿਆਰੀ ਸੰਬੰਧੀ ਭਾਕਿਯੂ ਉਗਰਾਹਾਂ ਵੱਲੋਂ ਪਿੰਡ-ਪਿੰਡ ਮੀਟਿੰਗਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਬਲਾਕ ਮਹਿਲ ਕਲਾਂ ਵੱਲੋਂ 8 ਦਸੰਬਰ ਨੂੰ ਕੇਂਦਰ ਸਰਕਾਰ ਦੇ ਬਿਜਲੀ ਸੋਧ ਬਿੱਲ ਦੇ ਵਿਰੋਧ ਵਿੱਚ ਸਬ-ਡਵੀਜ਼ਨ ਪੱਧਰ 'ਤੇ ਧਰਨੇ ਦੀ ਤਿਆਰੀ ਨੂੰ ਲੈ ਕੇ ਪਿੰਡ ਹਮੀਦੀ ਗੁਰਮ, ਗੁੰਮਟੀ ਤੇ ਨੰਗਲ ਵਿੱਚ ਮੀਟਿੰਗਾਂ ਕੀਤੀਆਂ ਗਈਆਂ।ਇਸ ਮੌਕੇ ਨਾਹਰ ਸਿੰਘ ਗੁੰਮਟੀ, ਜੱਜ ਸਿੰਘ ਗਹਿਲ, ਕੁਲਜੀਤ ਸਿੰਘ ਵਜੀਦਕੇ, ਮਾਨ ਸਿੰਘ ਗੁਰਮ ਨੇ ਕਿਹਾ ਕਿ ਬਿਜਲੀ ਸੋਧ ਬਿੱਲ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ, ਕਿਉਂਕਿ ਇਹ ਬਿੱਲ ਖਪਤਕਾਰਾਂ, ਕਿਸਾਨਾਂ ਤੇ ਬਿਜਲੀ ਕਰਮਚਾਰੀਆਂ ਉੱਤੇ ਵੱਡਾ ਬੋਝ ਪਾਉਂਦਾ ਹੈ, ਜਿਸ ਨਾਲ ਪਿੰਡ ਪੱਧਰ ਦੀਆਂ ਸੇਵਾਵਾਂ ਤੇ ਨੌਕਰੀਆਂ ਸਿੱਧੇ ਪ੍ਰਭਾਵਿਤ ਹੋਣਗੀਆਂ।ਇਸੇ ਸੰਦਰਭ ਵਿੱਚ 8 ਦਸੰਬਰ ਦੇ ਧਰਨਿਆਂ ਨੂੰ ਸਫਲ ਬਣਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਵੰਡ ਕੇ ਹਰੇਕ ਪਿੰਡ ਤੋਂ ਵੱਡੇ ਕਾਫਲੇ ਤਿਆਰ ਕਰਕੇ ਧਰਨੇ ਵਿੱਚ ਪਹੁੰਚਿਆ ਜਾਵੇ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇ ਕੇਂਦਰ ਸਰਕਾਰ ਬਿਜਲੀ ਸੋਧ ਬਿੱਲ ਵਾਪਸ ਨਹੀਂ ਲੈਂਦੀ ਤਾਂ ਯੂਨੀਅਨ ਰਾਜ ਪੱਧਰ 'ਤੇ ਹੋਰ ਵੱਡਾ ਸੰਘਰਸ਼ ਸ਼ੁਰੂ ਕਰਨ ਤੋਂ ਪਿੱਛੇ ਨਹੀਂ ਹਟੇਗੀ।ਉਨਾਂ ਕਿਸਾਨਾਂ ਮਜ਼ਦੂਰਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਵਿੱਚ ਕਾਫਲੇ ਬੰਨ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

## ਬਿਜਲੀ ਸੋਧ ਬਿਲ ਤੇ ਸੀਡਜ਼ ਬਿੱਲ ਖਿਲਾਫ਼ ਧਰਨੇ ਭਲਕੇ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸੰਯੁਕਤ ਕਿਸਾਨ ਮੋਰਚਾ 'ਚ ਸ਼ਾਮਲ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਮੇਜਰ ਸਿੰਘ ਪੁੰਨਾਂਵਾਲ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਬਿਲ ਤੇ ਸੀਡਜ਼ ਬਿਲ ਦੇ ਵਿਰੋਧ 'ਚ 8 ਦਸੰਬਰ ਨੂੰ ਧੂਰੀ ਦੀਆਂ ਵੱਖ ਵੱਖ ਬਿਜਲੀ ਉੱਪ-ਮੰਡਲਾਂ 'ਤੇ ਧਰਨੇ ਦੇਣ ਤੇ ਬਿਜਲੀ ਬਿਲ ਅਤੇ ਸੀਡਜ਼ ਬਿਲ ਦੀਆਂ ਕਾਪੀਆਂ ਸਾੜਨ ਦਾ ਫ਼ੈਸਲਾ ਕੀਤਾ ਗਿਆ।ਸੂਬਾਈ ਆਗੂ ਮੇਜਰ ਸਿੰਘ ਪੁੰਨਾਂਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ 8 ਦਸੰਬਰ ਨੂੰ ਬਿਜਲੀ ਬਿੱਲ 2025 ਖਿਲਾਫ ਬਿਜਲੀ ਬੋਰਡ ਦੇ ਡਵੀਜ਼ਨ ਦਫਤਰਾਂ ਅੱਗੇ ਬਿੱਲ ਦੀਆਂ ਕਾਪੀਆਂ ਸਾੜਨ ਦਾ ਫੈਸਲਾ ਕੀਤਾ ਗਿਆ ਹੈ।ਨਵੇਂ ਬਿਜਲੀ ਬਿੱਲ ਵਿੱਚ ਕੇਂਦਰ ਸਰਕਾਰ ਨੇ ਬਿਜਲੀ ਮਹਿਕਮੇ ਨੂੰ ਕੇਂਦਰੀਕਰਨ ਤੇ ਨਿੱਜੀਕਰਨ ਦਾ ਰਾਹ ਮੋਕਲਾ ਕੀਤਾ ਹੈ।ਸੂਬਾਈ ਬਿਜਲੀ ਬੋਰਡ ਨੂੰ ਭੰਗ ਕਰਕੇ ਕੇਂਦਰ ਪੱਧਰ ਦੀ ਕੌਂਸਲ ਬਣਾਈ ਜਾਵੇਗੀ, ਜਿਸ ਦਾ ਮੁਖੀ ਕੇਂਦਰੀ ਬਿਜਲੀ ਮੰਤਰੀ ਹੋਵੇਗਾ।ਕਰੋਸ ਸਬਸਿਡੀ ਨੂੰ ਬੰਦ ਕਰ ਦਿੱਤਾ ਜਾਵੇਗਾ।ਪਿੰਡਾਂ ਤੇ ਸ਼ਹਿਰਾਂ ਵਿੱਚ ਚਿੱਪ ਵਾਲੇ ਮੀਟਰ ਲਗਾਏ ਜਾਣਗੇ, ਜਿਸ ਨਾਲ ਇੱਕ ਪਾਸੇ ਬਿਜਲੀ ਮਹਿੰਗੀ ਹੋਵੇਗੀ ਤੇ ਦੂਸਰੇ ਪਾਸੇ ਰੁਜ਼ਗਾਰ ਨੂੰ ਸੱਟ ਵੱਜੇਗੀ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਬਿਲ ਖਿਲਾਫ ਵਿਧਾਨ ਸਭਾ ਵਿੱਚ ਮਤਾ ਪਾਸ ਕਰੇ ਤੇ ਕੇਂਦਰ ਸਰਕਾਰ ਨੂੰ ਲਿਖਤੀ ਤੌਰ 'ਤੇ ਬਿੱਲ ਰੱਦ ਕਰਨ ਲਈ ਆਪਣੇ ਸੁਝਾਅ ਭੇਜੇ।

## ਨੌਜਵਾਨਾਂ ਨੂੰ ਗੁਰਸਿੱਖੀ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ : ਭਾਈ ਰੋਡੇ

### *350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਸਜਾਇਆ*



**ਅਜੀਤਵਾਲ (ਨਛੱਤਰ ਸੰਧੂ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਦੇ ਵਿਸ਼ੇਸ਼ ਉਪਰਾਲੇ ਸਦਕਾ ਪੂਰੇ ਪੰਜਾਬ ਵਿਚ ਵਿਸ਼ਾਲ ਨਗਰ ਕੀਰਤਨ ਕੱਢੇ ਜਾ ਰਹੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਕੱਢੇ ਗਏ ਵਿਸ਼ਾਲ ਨਗਰ ਕੀਰਤਨ ਦਾ ਮੋਗਾ ਜ਼ਿਲ੍ਹੇ ਦੇ ਅੱਜ ਸੰਧੂਆਣਾ, ਬੁੱਧ ਸਿੰਘ ਵਾਲਾ, ਚੜਿੱਕ, ਨਾਹਿਲ ਖੋਟੇ, ਝੰਡੇਵਾਲ, ਮੱਲੀਆਂ ਤੇ ਕੋਠੇ ਚੜਿੱਕ ਆਦਿ ਪਿੰਡਾਂ ਵਿੱਚ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਨਾਲ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਉਨ੍ਹਾਂ ਕੁਲਦੀਪ ਸਿੰਘ ਡੱਲਾ ਦੇ ਕੀਰਤਨੀ ਜਥੇ ਨੇ ਕੀਰਤਨ ਸਰਵਨ ਕੀਤਾ।ਇਸ ਮੌਕੇ ਬੋਲਦਿਆਂ ਭਾਈ ਰੋਡੇ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨਾਂ ਨੂੰ ਸਾਡੇ ਸਿੱਖ ਵਿਰਸੇ ਤੋਂ ਜਾਣੂ ਕਰਵਾ ਕੇ ਗੁਰਸਿੱਖੀ ਨਾਲ ਜੋੜਨਾ ਅਤਿ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਦਾੜੀ ਕੇਸ ਰੱਖ ਕੇ ਦਸਤਾਰ ਸਜਾਉਣਾ ਗੁਰੂ ਦੇ ਸਿੱਖ ਬਣਨਾ ਸਾਡੀ ਬਹੁਤ ਵੱਡੀ ਪ੍ਰਾਪਤੀ ਹੋਵੇਗੀ।ਇਸ ਮੌਕੇ ਆਲ ਇੰਡੀਆ ਪੰਥਕ ਦਲ ਦੇ ਕਨਵੀਨਰ ਜਥੇਦਾਰ ਦਲੀਪ ਸਿੰਘ ਚਕਰ ਤੇ ਸੂਬਾ ਪ੍ਰਧਾਨ ਜਥੇਦਾਰ ਹਰਚੰਦ ਸਿੰਘ ਚਕਰ ਨੇ ਦੱਸਿਆ ਕਿ ਇਹ ਨਗਰ ਕੀਰਤਨ ਪੰਜਾਬ ਭਰ ਵਿੱਚ 40 ਦਿਨ ਚੱਲੇਗਾ।ਇਸ ਸਮੇਂ ਉਨ੍ਹਾਂ ਤੋਂ ਇਲਾਵਾ ਗੁਰਦੁਆਰਾ ਸੰਤ ਖਾਲਸਾ ਦੇ ਮੁੱਖ ਗ੍ਰੰਥੀ ਭਾਈ ਬਲਵਿੰਦਰ ਸਿੰਘ ਵੀ ਹਾਜ਼ਰ ਸਨ।

## ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਨਿੰਦਾ



**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਪੰਜਾਬ ਸਟੇਟ ਕਰਮਚਾਰੀ ਦਲ ਫਿਰੋਜ਼ਪੁਰ ਦੀ ਮੀਟਿੰਗ ਤਰਸੇਮ ਬੇਦੀ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਿਰੋਜ਼ਪੁਰ ਵਿਖੇ ਯੂਨੀਅਨ ਦਫ਼ਤਰ ਵਿੱਚ ਹੋਈ।ਇਸ ਮੀਟਿੰਗ ਵਿੱਚ ਸਟੇਟ ਆਗੂ ਬਲਵੀਰ ਸਿੰਘ ਕੰਬੋਜ਼ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਰਿਲੀਜ਼ ਕੀਤੀਆਂ ਜਾਣ, ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ ਯਕਮੁਸ਼ਤ ਦਿੱਤਾ ਜਾਵੇ, ਵੱਖ-ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਭਰਿਆ ਜਾਵੇ, ਕੱਚੇ ਮੁਲਾਜ਼ਮਾਂ ਪੱਕੇ ਕੀਤੇ ਜਾਣ, ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।ਮੀਟਿੰਗ ਵਿੱਚ ਜੋਗਿੰਦਰ ਸਿੰਘ, ਰਣਬੀਰ ਸਿੰਘ ਸਿੰਘ ਕੁੱਕੂ, ਕੇਵਲ ਸਿੰਘ, ਬਲਬੀਰ ਸਿੰਘ ਗੋਖੀਵਾਲਾ, ਰਮੇਸ਼ ਕੁਮਾਰ, ਜੀਤ ਸਿੰਘ, ਮੁਖਤਿਆਰ ਸਿੰਘ, ਮਹਿੰਦਰ ਸਿੰਘ, ਜਸਪਾਲ ਸਿੰਘ, ਸੁਜਾ ਰਾਮ, ਗੁਰਮੇਜ ਸਿੰਘ, ਮੱਖਣ ਸਿੰਘ ਆਦਿ ਸ਼ਾਮਲ ਹੋਏ।

## ਸਾਬਕਾ ਨਗਰ ਕੌਂਸਲਰ ਯਾਦਵਿੰਦਰ ਸਿੰਘ ਨਿਰਮਾਣ ਅਕਾਲੀ ਦਲ ਛੱਡ ਕੇ 'ਆਪ' 'ਚ ਸ਼ਾਮਲ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਊਧਮ ਸਿੰਘ ਵਾਲਾ ਦੇ ਵਾਰਡ ਨੰ. 17 ਤੋਂ ਸਾਬਕਾ ਨਗਰ ਕੌਂਸਲਰ ਯਾਦਵਿੰਦਰ ਸਿੰਘ ਨਿਰਮਾਣ ਆਪਣੇ ਪਰਵਾਰ ਤੇ ਵੱਡੀ ਗਿਣਤੀ ਸਾਥੀਆਂ ਸਮੇਤ ਅਕਾਲੀ ਦਲ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ।ਆਪ ਵਿੱਚ ਸ਼ਾਮਲ ਹੋਣ ਵਾਲੇ ਸਾਬਕਾ ਕੌਂਸਲਰ ਯਾਦਵਿੰਦਰ ਸਿੰਘ ਨਿਰਮਾਣ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੇ ਆਪ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ 'ਯੁੱਧ ਨਸ਼ਿਆਂ ਵਿਰੁੱਧ' 'ਤੇ ਭ੍ਰਿਸ਼ਟਾਚਾਰ ਖਿਲਾਫ ਵਿੱਢੀ ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਯਾਦਵਿੰਦਰ ਸਿੰਘ ਨਿਰਮਾਣ ਨੇ ਕਿਹਾ ਕਿ ਸਾਬਕਾ ਸਰਕਾਰਾਂ ਨੇ ਸੁਨਾਮ ਹਲਕੇ ਦੀ ਅਣਦੇਖੀ ਕਰ ਕੇ ਵਿਕਾਸ ਰੋਕਿਆ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਲਾਕੇ ਦੇ ਬੁਨਿਆਦੀ ਢਾਂਚੇ, ਸਿੱਖਿਆ, ਸਿਹਤ ਤੇ ਨੌਜਵਾਨਾਂ ਲਈ ਰੋਜ਼ਗਾਰ ਮੌਕਿਆਂ 'ਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ ਹਨ।ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਾਰੇ ਨਵੇਂ ਸਾਥੀਆਂ ਦਾ ਗਰਮਜੋਸ਼ੀ ਨਾਲ ਸੁਆਗਤ ਕਰਦੇ ਹੋਏ ਕਿਹਾ ਕਿ ਬਦਲਾਅ ਦੀ ਸੋਚ ਰੱਖਣ ਵਾਲੇ ਤੇ ਲੋਕਾਂ ਦੀ ਸੇਵਾ ਨੂੰ ਆਪਣਾ ਧਰਮ ਸਮਝਣ ਵਾਲੇ ਨੇਤਾ ਪਾਰਟੀ ਦੀ ਤਾਕਤ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਰ ਰੋਜ਼ ਵੱਧ ਰਹੀ ਹੈ, ਕਿਉਂਕਿ ਲੋਕ ਰਾਜਨੀਤੀ ਵਿੱਚ ਸੱਚਾਈ ਤੇ ਵਿਕਾਸ ਨੂੰ ਤਰਜੀਹ ਦੇ ਰਹੇ ਹਨ।ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਸੁਨਾਮ ਮੁਕੇਸ ਜੁਨੇਜਾ, ਸਰਪੰਚ ਯੂਨੀਅਨ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਮਨਿੰਦਰ ਸਿੰਘ ਲਖਮੀਰਵਾਲਾ, ਕੌਂਸਲਰ ਵਰੁਨ ਮਦਾਨ (ਮੌਂਟੀ ਮਦਾਨ), ਪ੍ਰਿਤਪਾਲ ਸਿੰਘ ਕਾਲਾ, ਮੇਜਰ ਸਿੰਘ, ਕੁਲਵੀਰ ਸਿੰਘ ਚਹਿਲ, ਪ੍ਰਵੀਨ ਕੁਮਾਰ ਬਿੱਟੂ ਤੇ ਰਾਜੂ ਕਤਿਆਲ ਆਦਿ ਮੌਜੂਦ ਸਨ।

# ਦੇਵ ਸਮਾਜ ਕਾਲਜ ਵਿਖੇ ਇੰਟਰ-ਕਾਲਜ ਲੇਖ ਤੇ ਸਲੋਗਨ ਮੁਕਾਬਲੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**



ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਵਿਖੇ 'ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ' ਵੱਲੋਂ ਤੀਸਰੀ ਅੱਖ ਲਿਟਰੇਰੀ ਸੁਸਾਇਟੀ ਤੇ ਮੋਹਨ ਲਾਲ ਭਾਸਕਰ ਫਾਉਂਡੇਸ਼ਨ ਦੇ ਸਹਿਯੋਗ ਨਾਲ 'ਬਜ਼ੁਰਗ : ਸਰਮਾਇਆ ਤੇ ਸਮਰਪਣ' ਵਿਸ਼ੇ 'ਤੇ ਇੰਟਰ-ਕਾਲਜ ਲੇਖ ਤੇ ਸਲੋਗਨ ਮੁਕਾਬਲਾ ਕਰਵਾਇਆ ਗਿਆ। ਇਸ ਪ੍ਰਤੀਯੋਗਤਾ ਦੀ ਅਗਵਾਈ ਡਾ. ਪਰਮਵੀਰ ਕੌਰ ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਨੇ ਕੀਤੀ। ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਇਸ ਵਿਸ਼ੇਸ਼ ਮੌਕੇ 'ਤੇ ਪਹੁੰਚ ਕੇ ਪ੍ਰਤੀਭਾਗੀਆਂ ਨੂੰ ਸਮਾਜਿਕ ਤੇ ਸਾਹਿਤਕ ਗਤੀਵਿਧੀਆਂ ਬਾਬਤ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਅਜਿਹੇ ਸਿਰਜਣਾਤਮਕ ਕਾਰਜਾਂ ਵਿੱਚ ਹਿੱਸਾ ਲੈਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੇ ਸਤਿਕਾਰ ਦੇ ਪਾਤਰ ਹਨ, ਜਿਨ੍ਹਾਂ ਤੋਂ ਅਸੀਂ ਜੀਵਨ ਸੇਧ ਪ੍ਰਾਪਤ ਕਰਦੇ ਹਾਂ। ਇਸ ਉਪਰੰਤ ਡਾ. ਪਰਮਵੀਰ ਕੌਰ ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਨੇ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨਾਲ ਲੇਖ ਤੇ ਸਲੋਗਨ ਲਿਖਣ ਸੰਬੰਧੀ ਹਦਾਇਤਾਂ ਨੂੰ ਸਾਂਝਿਆਂ ਕੀਤਾ। ਇਸ ਮੁਕਾਬਲੇ ਵਿਚ ਕੁੱਲ 50 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ 'ਇੰਟਰ-ਕਾਲਜ ਲੇਖ ਤੇ ਸਲੋਗਨ' ਮੁਕਾਬਲੇ ਵਿੱਚ ਪਹਿਲਾ ਸਥਾਨ ਬੀ ਏ ਭਾਗ-ਪਹਿਲਾ ਦੀ ਵਿਦਿਆਰਥਣ ਅਮਰਜੀਤ ਕੌਰ, ਦੂਜਾ ਸਥਾਨ ਬੀ ਏ ਭਾਗ-ਦੂਜਾ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ ਤੇ ਤੀਜੇ ਸਥਾਨ 'ਤੇ ਬੀ ਏ ਭਾਗ-ਪਹਿਲਾ ਦੀ ਵਿਦਿਆਰਥਣ ਪ੍ਰਭਜੋਤ ਕੌਰ ਰਹੀ। ਇਸੇ ਤਰ੍ਹਾਂ 'ਸਲੋਗਨ' ਮੁਕਾਬਲੇ ਵਿੱਚ ਪਹਿਲਾ ਸਥਾਨ ਬੀ. ਕਾਮ ਭਾਗ-ਪਹਿਲਾ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ, ਦੂਜਾ ਸਥਾਨ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਗੁਰਪ੍ਰੀਤ ਕੌਰ ਤੇ ਤੀਜਾ ਸਥਾਨ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਅਨਮੋਲ ਨੇ ਹਾਸਲ ਕੀਤਾ। ਡਾ. ਸੰਗੀਤਾ ਪ੍ਰਿੰਸੀਪਲ ਨੇ ਇਸ ਪ੍ਰਤੀਯੋਗਤਾ ਦੇ ਸਫਲ ਆਯੋਜਨ ਤੇ ਕੋਆਰਡੀਨੇਟਰ ਡਾ. ਪਰਮਵੀਰ ਕੌਰ ਮੁਖੀ ਪੰਜਾਬੀ ਵਿਭਾਗ ਤੇ ਨਿਸ਼ਾਨ ਸਿੰਘ ਸਹਾਇਕ ਅਧਿਆਪਕ ਪੰਜਾਬੀ ਵਿਭਾਗ ਨੇ ਨਿਭਾਈ।

ਇਸ ਪ੍ਰਤੀਯੋਗਤਾ ਦੇ ਜ਼ਰੀਏ ਵਿਦਿਆਰਥੀਆਂ ਵਿੱਚ ਸਿਰਜਣਾਤਮਕ ਰੁਚੀਆਂ ਦਾ ਰੁਝਾਨ ਵੇਖਣ ਨੂੰ ਮਿਲਿਆ।

## ਸਹੁਰੇ ਪਰਵਾਰ ਨਾਲ ਧੋਖਾਧੜੀ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਪੁਲਸ ਵੱਲੋਂ ਇੱਕ ਵਿਆਹੁਤਾ ਲੜਕੀ ਤੇ ਉਸ ਦੇ ਪਿਤਾ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦਵਿੰਦਰ ਸਿੰਘ ਨਾਮਕ ਵਿਅਕਤੀ ਨੇ ਦੱਸਿਆ ਕਿ ਉਸ ਦੇ ਪੁੱਤਰ ਮਨਦੀਪ ਸਿੰਘ ਦਾ ਵਿਆਹ ਭਰਪੂਰ ਸਿੰਘ ਵਾਸੀ ਅਮਲੋਹ ਦੀ ਲੜਕੀ ਕਿਰਨਦੀਪ ਕੌਰ ਨਾਲ ਹੋਇਆ ਸੀ।ਦਰਖਾਸਤ ਕਰਤਾ ਨੇ ਦੋਸ਼ ਲਗਾਏ ਕਿ ਉਸ ਨੇ ਆਪਣਾ ਖਰਚ ਕਰਕੇ ਕਿਰਨਦੀਪ ਕੌਰ ਨੂੰ ਕੈਨੇਡਾ ਭੇਜਿਆ ਸੀ, ਪਰ ਕੈਨੇਡਾ ਪਹੁੰਚਣ ਤੋਂ ਬਾਅਦ ਕਿਰਨਦੀਪ ਕੌਰ ਨੇ ਆਪਣੇ ਪਤੀ ਮਨਦੀਪ ਸਿੰਘ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਤੇ ਕਿਰਨਦੀਪ ਕੌਰ ਦੇ ਪਿਤਾ ਨੇ ਵੀ ਉਨ੍ਹਾਂ ਨਾਲ ਗੱਲਬਾਤ ਕਰਨੀ ਬੰਦ ਕਰ ਦਿੱਤੀ।ਦਰਖਾਸਤ ਕਰਤਾ ਨੇ ਦੋਸ਼ ਲਗਾਏ ਕਿ ਕਿਰਨਦੀਪ ਕੌਰ ਤੇ ਉਸ ਦੇ ਪਿਤਾ ਨੇ ਉਸ ਦੇ ਲੜਕੇ ਦੀ ਪੀ. ਆਰ. ਨਾ ਕਰਵਾ ਕੇ ਉਨ੍ਹਾਂ ਨਾਲ ਧੋਖਾਧੜੀ ਕੀਤੀ ਹੈ।ਦਵਿੰਦਰ ਸਿੰਘ ਦੇ ਬਿਆਨਾਂ 'ਤੇ ਇਸ ਸਬੰਧੀ ਦਰਜ ਕੀਤੇ ਗਏ ਮੁਕੱਦਮੇ ਵਿੱਚ ਕਿਰਨਦੀਪ ਕੌਰ ਤੇ ਭਰਪੂਰ ਸਿੰਘ ਨੂੰ ਨਾਮਜ਼ਦ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਕੈਨੇਡਾ ਸਟੱਡੀ ਵੀਜ਼ਾ ਲਵਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਨੇ ਜਗਦੀਪ ਸਿੰਘ ਵਾਸੀ ਮਾੜੀ ਮੁਸਤਫਾ ਦਾ ਵਿਜ਼ਿਟਰ ਵੀਜ਼ਾ ਰਫਿਊਜ਼ਲ ਹੋਣ ਦੇ ਬਾਵਜੂਦ ਤੇ ਬਾਰਵੀਂ ਜਮਾਤ ਵਿੱਚੋਂ ਨੰਬਰ ਘੱਟ ਹੋਣ ਦੇ ਕਾਰਨ ਵੀ ਕੈਨੇਡਾ ਦਾ ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ।ਜਗਦੀਪ ਸਿੰਘ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਸਟੱਡੀ ਵੀਜ਼ਾ ਪ੍ਰਾਪਤ ਹੋਇਆ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

## ਗੁਰੂ ਨਾਨਕ ਮਿਸ਼ਨ ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ



**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਦੁਆਰੇਆਣਾ ਰੋਡ 'ਤੇ ਸਥਿੱਤ ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਡਾਇਰੈਕਟਰ ਕਰਨੈਲ ਸਿੰਘ ਮੱਕੜ ਤੇ ਮੈਨੇਜਰ ਪਰਮਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ 'ਉੱਚਾ ਦਰ..' ਦੇ ਵਿੱਦਿਅਕ ਟੂਰ 'ਤੇ ਗਏ ਸਕੂਲ ਦੇ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਤੇ ਵਾਈਸ ਪ੍ਰਿੰਸੀਪਲ ਰਵਨੀਤ ਕੌਰ ਮੱਕੜ ਨੇ ਦੱਸਿਆ ਕਿ ਜਾਣ ਸਮੇਂ ਸਾਡੇ ਮਨ ਵਿੱਚ ਦੁਬਿਧਾ ਸੀ ਕਿ ਆਖਰ ਕਿਸ ਕਿਸਮ ਦਾ ਅਜਾਇਬ ਘਰ ਹੋਵੇਗਾ, ਪਰ ਦੇਖਣ ਤੋਂ ਬਾਅਦ ਇੰਝ ਪ੍ਰਤੀਤ ਹੋਇਆ ਕਿ ਜਿਵੇਂ ਗੁਰੂ ਨਾਨਕ ਪਾਤਸ਼ਾਹ ਜੀ ਉਹਨਾਂ ਦੇ ਅੰਗ ਸੰਗ ਹਨ।ਉਨ੍ਹਾਂ ਦੱਸਿਆ ਕਿ ਅਜਾਇਬ ਘਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਗਾਈਡ ਜਿਸ ਤਰਾਂ ਇਕ ਇਕ ਗੱਲ ਨੁਕਤੇਵਾਰ ਸਮਝਾ ਰਹੇ ਸਨ, ਉਸ ਤੋਂ ਇੰਝ ਪ੍ਰਤੀਤ ਹੁੰਦਾ ਸੀ ਕਿ ਜਿਵੇਂ ਬੱਚਿਆਂ, ਨੌਜਵਾਨਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਅਜਾਇਬ ਘਰ ਦਿਖਾਉਣਾ ਬਹੁਤ ਜ਼ਰੂਰੀ ਹੈ।ਪ੍ਰਿੰਸੀਪਲ ਨੇ ਦੱਸਿਆ ਕਿ ਬਾਬੇ ਨਾਨਕ ਦੀਆਂ ਚਾਰ ਯਾਤਰਾਵਾਂ (ਉਦਾਸੀਆਂ) ਦਾ ਜਿਸ ਤਰ੍ਹਾਂ ਵਿਸਥਾਰ ਦਿੱਤਾ ਗਿਆ ਹੈ, ਇਸ ਤਰ੍ਹਾਂ ਦੀ ਜਾਣਕਾਰੀ ਸਾਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀਆਂ ਕਿਤਾਬਾਂ ਵਿੱਚ ਨਹੀਂ ਲੱਭੀ, ਫਿਲਮਾਂ-ਨਾਟਕਾਂ-ਅਖਬਾਰਾਂ-ਰਸਾਲਿਆਂ ਆਦਿ ਵਿੱਚ ਵੀ ਇਸ ਤਰ੍ਹਾਂ ਦੀ ਜਾਣਕਾਰੀ ਨਹੀਂ ਮਿਲਦੀ।ਉਨ੍ਹਾ ਦੱਸਿਆ ਕਿ 6 ਵੱਖ-ਵੱਖ ਫਿਲਮਾਂ ਦੇਖਣ, ਅਜਾਇਬ ਘਰ ਦੀ ਇਕ ਇਕ ਗੱਲ ਸਮਝਣ, ਨਨਕਾਣਾ ਬਜ਼ਾਰ ਵਿੱਚੋਂ ਖਰੀਦੋ ਫਰੋਖਤ ਕਰਨ, ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਵਾਲਾ ਕੋਨਾ ਦੇਖਣ, ਡਾ. ਗੰਡਾ ਸਿੰਘ ਲਾਇਬ੍ਰੇਰੀ, ਭਾਈ ਲਾਲੋ ਦੀ ਬਗੀਚੀ, ਰਾਏ ਬੁਲਾਰ ਦਵਾਖਾਨਾ ਵਰਗੀਆਂ ਅਨੇਕਾਂ ਚੀਜ਼ਾਂ ਵਿੱਚੋਂ ਕੁਝ ਕੁ ਬਾਕੀ ਰਹਿ ਵੀ ਗਿਆ ਸੀ, ਕਿਉਂਕਿ 100 ਬੱਚਿਆਂ ਦੇ ਨਾਲ ਦੇਖਦੇ ਦੇਖਦੇ ਪੰਜ ਘੰਟੇ ਦਾ ਸਮਾਂ ਪਲਾਂ ਵਿੱਚ ਹੀ ਲੰਘ ਗਿਆ।

## ਸੜਕ ਹਾਦਸੇ 'ਚ ਇੱਕ ਜ਼ਖਮੀ, ਮਾਮਲਾ ਦਰਜ

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਕਿਲੇ ਵਾਲਾ ਮੋੜ ਵਿਖੇ ਹੋਏ ਸੜਕ ਹਾਦਸੇ ਵਿੱਚ ਇੱਕ ਨੌਜਵਾਨ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ।ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਟੈਂਪੂ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ।ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪ੍ਰਵੇਸ਼ ਪੁੱਤਰ ਓਮ ਪ੍ਰਕਾਸ਼ ਵਾਸੀ ਗਲੀ ਨੰਬਰ 3 ਮਕਾਨ ਨੰਬਰ 3, ਬਸਤੀ ਟੈਂਕਾਂਵਾਲੀ ਨੇ ਦੱਸਿਆ ਕਿ ਉਹ ਜੀਓ ਕੰਪਨੀ ਦੀ ਸਿੰਮਾਂ ਵੇਚਣ ਦਾ ਕੰਮ ਛੱਤਰੀ ਲਗਾ ਕੇ ਕਦੇ ਕਿਲੇ ਵਾਲਾ ਮੋੜ ਚੌਕ ਤੇ ਕਦੇ ਡੀਏਵੀ ਕਾਲਜ ਕੋਲ ਵੇਚਦਾ ਹੈ।ਪ੍ਰਵੇਸ਼ ਨੇ ਦੱਸਿਆ ਕਿ 26 ਨਵੰਬਰ 2025 ਨੂੰ ਕਰੀਬ 1 ਵਜੇ ਜਦੋਂ ਉਹ ਕਿਲ੍ਹੇ ਵਾਲਾ ਚੌਕ ਸਿੰਮਾਂ ਵੇਚ ਰਿਹਾ ਸੀ ਤਾਂ ਇਕ ਬੜੀ ਤੇਜ਼ ਲਾਪ੍ਰਵਾਹੀ ਨਾਲ ਸੀਮੈਂਟ ਦਾ ਲੱਦਿਆ ਟੈਂਪੂ ਪੀਬੀ 05 ਬੀਯੂ 9275 'ਤੇ ਸਵਾਰ ਹੋ ਕੇ ਕੱਟ ਮਾਰ ਕੇ ਉਸ ਉਪਰ ਡਿੱਗ ਗਿਆ, ਜਿਸ ਨਾਲ ਉਸ ਦੀ ਖੱਬੀ ਲੱਤ ਟੁੱਟ ਗਈ ਤੇ ਛਾਤੀ 'ਤੇ ਵੀ ਦਬਾਅ ਪਿਆ।ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਟੈਂਪੂ ਚਾਲਕ ਕਿੱਕਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਸ਼ਾਹਦੀਨ ਵਾਲਾ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੁਕਤਸਰ ਵਿਕਾਸ ਮਿਸ਼ਨ ਨੇ ਸੰਵਿਧਾਨ ਦੀ ਸੁਰੱਖਿਆ ਦਾ ਲਿਆ ਪ੍ਰਣ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰੀ-ਨਿਰਵਾਣ ਦਿਵਸ ਮੌਕੇ ਸਥਾਨਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਡਾ. ਅੰਬੇਡਕਰ ਪਾਰਕ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ।ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ



ਮਿਸ਼ਨ ਮੁਖੀ ਢੋਸੀਵਾਲ ਤੇ ਮੈਂਬਰ ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ।

ਕੀਤੀ ਗਈ ਇਸ ਮੀਟਿੰਗ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਚੌ. ਬਲਬੀਰ ਸਿੰਘ ਤੋਂ ਇਲਾਵਾ ਪ੍ਰਦੀਪ ਧੁੜੀਆ ਪੈਟਰਨ ਤੇ ਬਲਜੀਤ ਸਿੰਘ ਕੋਆਪ੍ਰੇਟਿਵ ਆਦਿ ਮੈਂਬਰ ਮੌਜੂਦ ਸਨ।ਇਸ ਤੋਂ ਇਲਾਵਾ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਜਨ ਸਿਹਤ ਵਿਭਾਗ ਦੇ ਆਗੂ ਚਿੰਤ ਰਾਮ ਨਾਹਰ ਸਮੇਤ ਸਰੂਪ ਚੰਦ, ਹਰਭਜਨ ਸਿੰਘ ਮੱਕੜ, ਦੇਸ ਰਾਜ, ਜੈ ਸਿੰਘ, ਰਜਿੰਦਰ ਕੁਮਾਰ ਤੇ ਬਲਵੀਰ ਸਿੰਘ ਆਦਿ ਵੀ ਉਚੇਚੇ ਤੌਰ 'ਤੇ ਮੀਟਿੰਗ ਵਿੱਚ ਸ਼ਾਮਲ ਹੋਏ। ਮੀਟਿੰਗ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਚੀਫ ਸੁਪਰਵਾਈਜ਼ਰ ਡਾ. ਦਿਲਬਾਗ ਸਿੰਘ ਬਾਗੀ ਖਿੜਗੀਆਂਵਾਲਾ, ਦੇਸ ਰਾਜ ਪੇਂਟਰ ਤੇ ਗੁਰਮੇਲ ਸਿੰਘ ਆਦਿ ਨੇ ਵੀ ਸ਼ਿਰਕਤ ਕੀਤੀ।ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਸ਼ਿਗਾਰਾ ਸਿੰਘ ਔਲਖ, ਸੁਖਦੇਵ ਸਿੰਘ ਔਲਖ, ਬਲਬੀਰ ਸਿੰਘ ਔਲਖ, ਜਗਸੀਰ ਸਿੰਘ ਘਾਲੀ ਤੇ ਖੁਸ਼ਹਾਲ ਸਿੰਘ ਵੰਗਲ ਆਦਿ ਨੇ ਵੀ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ।ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਡਾ. ਅੰਬੇਡਕਰ ਦੇ ਬੁੱਤ ਨੂੰ ਫੁੱਲ ਭੇਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ।ਉਕਤ ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਮਿਸ਼ਨ ਮੈਂਬਰਾਂ ਸਮੇਤ ਸਾਰਿਆਂ ਨੇ ਸੰਵਿਧਾਨ ਦੀ ਸੁਰੱਖਿਆ ਤੇ ਇਸ ਨੂੰ ਸਹੀ ਢੰਗ ਨਾਲ ਲਾਗੂ ਕਰਵਾਏ ਜਾਣ ਦਾ ਪ੍ਰਣ ਵੀ ਲਿਆ।ਇਸ ਮੌਕੇ ਸਮੂਹ ਬੁਲਾਰਿਆਂ ਨੇ ਡਾ. ਅੰਬੇਡਕਰ ਨੂੰ ਸਮੁੱਚੇ ਸਮਾਜ ਲਈ ਮਾਰਗ ਦਰਸ਼ਕ ਕਰਾਰ ਦਿੱਤਾ।ਢੋਸੀਵਾਲ ਨੇ ਕਿਹਾ ਕਿ ਡਾ. ਅੰਬੇਡਕਰ ਦੀ ਸਮੁੱਚੇ ਸਮਾਜ ਨੂੰ ਦਿੱਤੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਸਮੁੱਚੇ ਦੇਸ਼ ਵਾਸੀ ਸਦਾ ਉਨ੍ਹਾਂ ਦੇ ਰਿਣੀ ਰਹਿਣਗੇ।ਸਾਨੂੰ ਸਾਰਿਆਂ ਨੂੰ ਡਾ. ਅੰਬੇਡਕਰ ਵੱਲੋਂ ਦਿਖਲਾਏ ਰਸਤੇ 'ਤੇ ਚੱਲਣਾ ਚਾਹੀਦਾ ਹੈ।ਅਜਿਹਾ ਕਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ।

## ਸਫਾ 1 ਦੇ ਬਾਕੀ...

### ਕਾਮਰੇਡ ਭਗਵਾਨ ਸਿੰਘ...

ਅਮਨਪੂਰਵਕ ਤਰੀਕੇ ਨਾਲ ਲਾਲ ਝੰਡੇ ਅਤੇ ਮਾਟੋ ਹੱਥਾਂ ਵਿੱਚ ਫੜ ਕੇ ਰੋਹ ਭਰਪੂਰ ਰੋਸ ਮਾਰਚ ਕਰਦੇ ਹੋਏ ਮੁੱਖ ਦਫ਼ਤਰ ਦੇ ਮੇਨ ਗੇਟ 'ਤੇ ਬਿਜਲੀ ਸੋਧ ਬਿੱਲ 2025 ਦੇ ਖਰੜੇ ਅਤੇ ਚਾਰ ਲੇਬਰ ਕੋਡ ਦੀਆਂ ਕਾਪੀਆਂ ਫੂਕ ਕੇ ਪੰਜਾਬ ਸਰਕਾਰ ਵੱਲੋਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੀ ਲੋਕ ਵਿਰੋਧੀ ਤਜਵੀਜ਼ ਖਿਲਾਫ਼ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਜਾਵੇਗੀ।

ਦੋਵਾਂ ਜਥੇਬੰਦੀਆਂ ਦੇ ਜਨਰਲ ਸਕੱਤਰਾਂ ਕ੍ਰਮਵਾਰ ਸਰਿੰਦਰਪਾਲ ਸਿੰਘ ਲਹੌਰੀਆ ਅਤੇ ਅਮਰੀਕ ਸਿੰਘ ਮਸੀਤਾਂ ਨੇ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ ਹਰੇਕ ਵਾਰ ਸੰਘਰਸ਼ਾਂ ਤੋਂ ਉਤਪਨ ਹੋਈ ਸਥਿਤੀ ਦੇ ਮੱਦੇਨਜ਼ਰ ਮੀਟਿੰਗਾਂ ਵਿੱਚ ਮੰਗਾਂ ਨੂੰ ਮੰਨ ਕੇ ਵਾਅਦਾਖਿਲਾਫ਼ੀ ਕਰਨ ਦੀ ਆਦੀ ਹੋ ਚੁੱਕੀ ਹੈ। ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਨੂੰ ਮੁੜ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਆਗੂਆਂ ਹੱਕਾਂ ਦੀ ਰਾਖੀ ਲਈ ਅਤੇ ਮਰਹੂਮ ਆਗੂਆਂ ਦੀ ਨਿੱਘੀ ਯਾਦ ਨੂੰ ਤਾਜ਼ਾ ਰੱਖਣ ਲਈ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵਹੀਰਾਂ ਘੱਤ ਕੇ 10 ਦਸੰਬਰ ਨੂੰ ਸਵੇਰੇ 11 ਵਜੇ ਪਟਿਆਲਾ ਪਹੁੰਚਣ ਦੀਆਂ ਤਿਆਰੀਆਂ ਕਰਨ ਲਈ ਫੀਲਡ ਵਿੱਚ ਵੱਡੇ ਪੱਧਰ 'ਤੇ ਲਾਮਬੰਦੀ ਕਰਨ ਦਾ ਸੱਦਾ ਦਿੱਤਾ ਹੈ।

### ਸੀ ਪੀ ਆਈ ਵੱਲੋਂ ...

ਨੂੰ ਕਾਗਜ਼ ਨਾ ਦਾਖਲ ਕਰਾਉਣ ਦਿੱਤੇ ਜਾਣ, ਜਦੋਂ ਲੋਕ ਸੜਕਾਂ 'ਤੇ ਆ ਗਏ, ਫਿਰ ਕਾਗਜ਼ ਦਾਖਲ ਹੋਣ ਦਿੱਤੇ ਤੇ ਕਾਗਜ਼ਾਂ ਦੀ ਪੜਤਾਲ ਵੇਲੇ ਆਪਣੀ ਮਨਮਰਜ਼ੀ ਨਾਲ ਵਿਰੋਧੀਆਂ ਦੇ ਕਾਗਜ਼ ਰੱਦ ਕਰ ਦਿੱਤੇ।

ਇਹ ਆਮ ਪਾਰਟੀ ਦੀ ਸਰਕਾਰ ਵੱਲੋਂ ਜਮਹੂਰੀਅਤ ਦਾ ਘਾਣ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ, ਜੋ ਕੁਝ ਚੰਡੀਗੜ੍ਹ ਦੀ ਧਰਤੀ 'ਤੇ ਉਸਰਿਆ ਹੈ, ਉਹ ਪੰਜਾਬ ਦਾ ਹੈ ਤੇ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਭਾਖੜਾ ਬਿਆਸ ਮੈਨੇਜਮੈਂਟ ਵਿੱਚ ਪੰਜਾਬ ਦੇ ਮੁਲਾਜ਼ਮਾਂ ਦੇ ਅਧਿਕਾਰ ਬਹਾਲ ਕੀਤੇ ਜਾਣੇ ਚਾਹੀਦੇ ਹਨ।ਆਗੂਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਾਰਸ਼ਾਂ ਨਾਲ ਹੋਏ ਨੁਕਸਾਨ ਦਾ ਕਿਸਾਨਾਂ ਤੇ ਮਜ਼ਦੂਰਾਂ ਨੂੰ ਫੌਰੀ ਤੌਰ 'ਤੇ ਮੁਆਵਜ਼ਾ ਮਿਲਣਾ ਚਾਹੀਦਾ ਹੈ।

ਇਸ ਮੌਕੇ ਸੇਵਾ ਸਿੰਘ ਪੰਚਾਇਤ ਮੈਂਬਰ, ਵਰਿਆਮ ਸਿੰਘ ਫ਼ੌਜੀ, ਸੁਰਿੰਦਰ ਸਿੰਘ ਸਰਪੰਚ ਦਦੇਹਰ ਸਾਹਿਬ, ਸਵਰਨ ਸਿੰਘ ਸਾਬਕਾ ਚੇਅਰਮੈਨ, ਸਾਬਕਾ ਸਰਪੰਚ ਪਿਸ਼ੌਰਾ ਸਿੰਘ, ਜਸਬੀਰ ਸਿੰਘ ਜੌਣੇਕੇ, ਬਲਦੇਵ ਸਿੰਘ ਧੂੰਦਾ, ਜਗਤਾਰ ਸਿੰਘ ਸ਼ਾਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਰਬਜੀਤ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਹੋਰ ਹਾਜ਼ਰ ਸਨ।

### ਪੰਜਾਬ ਕੁਸ਼ਤੀ ਐਸੋਸੀਏਸ਼ਨ...

ਐਡਹਾਕ ਕਮੇਟੀ ਵੱਲੋਂ 9 ਦਸੰਬਰ ਨੂੰ ਚੋਣ ਰੱਖੀ ਗਈ ਹੈ, ਜਿਸ ਲਈ ਉਨ੍ਹਾਂ 46 ਵੋਟਰ ਮੈਂਬਰਾਂ ਵਿੱਚੋਂ 36 ਮੈਂਬਰਾਂ ਦੀ ਵੋਟ ਕੱਟ ਕੇ ਆਪਣੇ ਚਹੇਤੇ ਨਵੇਂ ਮੈਂਬਰ ਵੋਟਰ ਬਣਾ ਲਏ ਹਨ ਜਿਨ੍ਹਾਂ ਦਾ ਨਾ ਹੀ ਕੁਸ਼ਤੀ ਨਾਲ ਕੋਈ ਸੰਬੰਧ ਹੈ ਅਤੇ ਨਾ ਹੀ ਉਹ ਜ਼ਿਲ੍ਹਾ ਐਸੋਸੀਏਸ਼ਨਾਂ ਦੇ ਮੈਂਬਰ ਹਨ। ਉਨ੍ਹਾ ਕਿਹਾ ਕਿ ਇਸ ਧੱਕੇਸ਼ਾਹੀ ਤੇ 9 ਦਸੰਬਰ ਨੂੰ ਹੋਣ ਵਾਲੀ ਚੋਣ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਵੀ ਪਾਈ ਹੈ। ਉਹਨਾ ਫੈਡਰੇਸ਼ਨ ਦੀ ਧੱਕੇਸ਼ਾਹੀ ਬਾਰੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਕੁਸ਼ਤੀ ਐਸੋਸੀਏਸ਼ਨ ਦੀ ਜੁਲਾਈ 2022 ਵਿੱਚ ਚੋਣ ਹੋਈ ਸੀ, ਜਿਸ ਦੀ ਚਾਰ ਸਾਲ ਦੀ ਮਿਆਦ ਜੁਲਾਈ 2026 ਤੱਕ ਸੀ, ਪ੍ਰੰਤੂ ਫੈਡਰੇਸ਼ਨ ਨੇ ਆਪਣੇ ਚਹੇਤਿਆਂ ਨੂੰ ਅੱਗੇ ਲਿਆਉਣ ਲਈ ਆਨੇ-ਬਹਾਨੇ ਪੱਤਰ ਜਾਰੀ ਕਰਕੇ ਅਗਸਤ ਮਹੀਨੇ ਐਸੋਸੀਏਸ਼ਨ ਭੰਗ ਕਰਕੇ ਜੈ ਪ੍ਰਕਾਸ਼ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਐਡਹਾਕ ਕਮੇਟੀ ਬਣਾ ਦਿੱਤੀ, ਜਿਸ ਦੇ ਬਾਕੀ ਦੋ ਮੈਂਬਰ ਉਮੇਦ ਸਿੰਘ ਤੇ ਸੱਤਿਆ ਪਾਲ ਸਿੰਘ ਦੇਸ਼ਵਾਲ ਹਨ। ਪ੍ਰੈੱਸ ਕਾਨਫਰੰਸ ਦੌਰਾਨ ਅਮਨਵੀਰ ਸਿੰਘ, ਕੁਲਵੰਤ ਸਿੰਘ, ਅਦਿੱਤਿਆ ਕੁੰਡੂ, ਸਰਬਜੀਤ ਸਿੰਘ ਬਾਲਾ, ਮੁਕੇਸ਼ ਕੁਮਾਰ, ਕੁਲਦੀਪ ਸਿੰਘ, ਮੁਹੰਮਦ ਖਾਲਿਦ ਥਿੰਦ, ਅਰਫਾਨ ਅੰਜੁਮ, ਗੁਰਮੀਤ ਸਿੰਘ, ਸੁਖਮੰਦਰ ਸਿੰਘ, ਵਿਸ਼ਵਜੀਤ ਸਿੰਘ, ਅਸ਼ੋਕ ਕੁਮਾਰ, ਐਡਵੋਕੇਟ ਹਰਿੰਦਰ ਸਿੰਘ ਘੁੰਮਣ ਤੇ ਸੁਖਰੀਵ ਚੰਦ ਨੇ ਇਕਜੁੱਟ ਹੋ ਕੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੀਆਂ ਵਧੀਕੀਆਂ ਖਿਲਾਫ਼ ਝੰਡਾ ਚੁੱਕ ਕੇ ਇਸ ਬੇਇਨਸਾਫੀ ਖ਼ਿਲਾਫ਼ ਹਰ ਲੜਾਈ ਲੜਨ ਦਾ ਅਹਿਦ ਲਿਆ।

## ਡੀ ਸੀ ਐੱਮ ਗਰੁੱਪ ਆਫ਼ ਸਕੂਲਜ਼ ਵੱਲੋਂ 'ਵਿਜ਼ਟੈਕ 2025' ਦਾ ਆਯੋਜਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਦਿਆਰਥੀਆਂ ਨੂੰ ਤਕਨੀਕ ਪ੍ਰਤੀ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇਕ ਵਿਲੱਖਣ ਪਹਿਲ ਕਰਦਿਆਂ ਡੀਸੀਐੱਮ ਗਰੁੱਪ ਆਫ਼ ਸਕੂਲਜ਼ ਵੱਲੋਂ 'ਵਿਜ਼ਟੈਕ 2025' ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦੇਸ਼ ਭਰ ਦੇ ਸੈਂਕੜੇ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਵਰਚੁਅਲ ਹੋਏ ਇਸ ਸਮਾਗਮ ਦਾ ਸ਼ੁਭ-ਆਰੰਭ ਡੀਸੀਐੱਮ ਸਮੂਹ ਦੇ ਸੀਈਓ ਡਾ. ਅਨਿਰੁਧ ਗੁਪਤਾ ਨੇ ਕੀਤਾ ਤੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਵਿਦਿਆਰਥੀ ਉੱਭਰਦੀ ਤਕਨਾਲੋਜੀ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਤੇ 'ਟੈਕਨੋ ਮਾਈਂਡ', ਰਚਨਾਤਮਕਤਾ ਤੇ ਨਵੀਨਤਾ ਰਾਹੀਂ ਨਵੇਂ ਮਾਪਦੰਡ ਸਥਾਪਤ ਕਰਨ ਵਿੱਚ ਅੱਗੇ ਆਉਣ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਡੀਸੀਐੱਮ ਵੱਲੋਂ ਇਸ ਤਰ੍ਹਾਂ ਦੇ ਇਵੈਂਟ ਕਰਵਾ ਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਕੂਲੀ ਸਿੱਖਿਆ ਦੇ ਨਾਲ-ਨਾਲ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾ ਰਹੀ ਹੈ, ਜੋ ਕਿ ਭਾਰਤ ਸਰਕਾਰ



ਵੱਲੋਂ ਚਲਾਏ ਗਏ 'ਡਿਜੀਟਲ ਇੰਡੀਆ' ਨੂੰ ਉਤਸ਼ਾਹਤ ਕਰਦੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਲਈ ਇਹ ਇਕ ਇਵੈਂਟ ਨਾ ਹੋ ਕੇ, ਨਵੀਂ ਕ੍ਰਾਂਤੀ ਲਿਆਉਣ ਦਾ ਸਾਧਨ ਹੈ ਤੇ ਦੇਸ਼ ਸਮੇਤ ਪੂਰੇ ਵਿਸ਼ਵ ਵਿੱਚ ਇਕ ਨਵਾਂ ਬਦਲਾਅ ਲਿਆਉਣ ਵਿੱਚ ਸਹਿਯੋਗੀ ਸਾਬਿਤ ਹੋਵੇਗਾ। ਕਨਵੀਨਰ ਪੁਨੀਤ ਗੋਇਲ ਨੇ ਦੱਸਿਆ ਕਿ ਵਿਜ਼ਟੈਕ ਵਿੱਚ ਵਿਦਿਆਰਥੀਆਂ ਵਿਚਕਾਰ 14 ਪ੍ਰਕਾਰ ਦੇ ਇਵੈਂਟਸ ਕਰਵਾਏ ਗਏ, ਜਿਨ੍ਹਾਂ ਵਿਚ ਵਿਦਿਆਰਥੀਆਂ ਨੇ ਖੁਸ਼ੀ-ਖੁਸ਼ੀ ਹਿੱਸਾ ਲੈ ਕੇ ਆਪਣੇ ਮਨੋ-ਵਿਚਾਰਾਂ ਤੇ ਬਾਲ ਮਨ ਨੂੰ ਤਕਨੀਕ ਦੇ ਮਾਧਿਅਮ ਨਾਲ ਪ੍ਰਦਰਸ਼ਿਤ ਕਰਕੇ ਸਾਰਿਆਂ ਦਾ ਮਨ ਜਿੱਤ ਲਿਆ। ਉਨ੍ਹਾਂ ਦੱਸਿਆ ਕਿ ਡੀਸੀਐੱਮ ਗਰੁੱਪ ਦਾ ਇਹ ਉਪਰਾਲਾ ਵਿਦਿਆਰਥੀਆਂ ਨੂੰ ਐਡਟੈਕ, ਆਈਟੀ, ਕੋਡਿੰਗ, ਏਆਈ, ਡਾਟਾ ਸਾਇੰਸ, ਸਟਾਰਟਅੱਪ ਅਤੇ ਇੰਟਰਪ੍ਰੀਨਿਓਰਸ਼ਿਪ ਵਿਚ ਮੱਦਦ ਕਰੇਗਾ। ਪੁਨੀਤ ਗੋਇਲ ਨੇ ਦੱਸਿਆ ਕਿ ਵਿਜ਼ਟੈਕ ਵਿੱਚ ਸਿੱਖਿਆ, ਆਈਟੀ, ਏਆਈ ਸਮੇਤ ਵੱਖ-ਵੱਖ ਮਲਟੀ-ਨੈਸ਼ਨਲ ਕੰਪਨੀਆਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਅਹੁਦੇਦਾਰਾਂ ਨੇ ਜੱਜ ਦੀ ਭੂਮਿਕਾ ਨਿਭਾਈ। ਇਨ੍ਹਾਂ ਵਿੱਚ ਡਾ. ਰਾਖੀ, ਮਿਸ ਰੁਪਿੰਦਰ ਕੌਰ, ਡਾ. ਸੰਦੀਪ ਵਰਮਾ, ਤੌਸਿਫ਼ ਅਹਿਮਦ, ਆਸ਼ੂਤੋਸ਼ ਕੁਮਾਰ, ਡੇਜ਼ੀ ਵਧਵਾ, ਅੰਮ੍ਰਿਤਪ੍ਰੀਤ ਕੌਰ, ਸ਼ਰੁਤੀ ਹਾਂਡਾ, ਮਨੀਸ਼ ਜਿੰਦਲ, ਪ੍ਰਭਜੋਤ ਸਿੰਘ, ਆਭਾ ਸਿਕਰੀ, ਸ਼ੈਫਾਲੀ ਦੱਤਾ ਤੇ ਜਤਿਨ ਵਸ਼ਿਸ਼ਟ ਸ਼ਾਮਲ ਸਨ।

## ਵੋਟਾਂ ਦੇ ਸਮੇਂ ਵੀ ਤਨਖਾਹਾਂ ਨੂੰ ਤਰਸੇ ਮੁਲਾਜ਼ਮ



**ਬੱਧਨੀ ਕਲਾਂ (ਲਵਲੀ ਕੁਮਾਰ)**-ਸਰਕਾਰ ਵੱਲੋਂ ਹਰੇਕ ਮਹੀਨੇ ਖ਼ਜ਼ਾਨਾ ਭਰੇ ਹੋਣ ਦੀਆਂ ਝੂਠੀਆਂ ਅਫਵਾਹਾਂ ਦੀ ਸਚਾਈ ਮਹੀਨੇ ਦੇ ਸ਼ੁਰੂ ਵਿੱਚ ਉਸ ਸਮੇਂ ਨਿਕਲ ਜਾਂਦੀ ਹੈ, ਜਦੋਂ ਮੁਲਾਜ਼ਮਾਂ ਨੂੰ ਤਨਖਾਹ ਦੇਣੀ ਹੁੰਦੀ ਹੈ, ਇਸ ਵਾਰੀ ਵੀ ਨਵੰਬਰ ਮਹੀਨੇ ਦੀ ਤਨਖਾਹ 'ਤੇ ਜ਼ੁਬਾਨੀ ਰੋਕ ਲਗਾ ਕੇ ਸਰਕਾਰ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਕਹਿਣਾ ਸੌਖਾ ਪਰ ਕਰਨਾ ਔਖਾ ਹੈ। ਜਦੋਂ ਸਰਕਾਰ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਵੋਟਾਂ ਵਾਲੇ ਮਹੀਨੇ ਵੀ ਤਨਖਾਹ ਨਹੀਂ ਜਾਰੀ ਕਰ ਸਕਦੀ ਤਾਂ ਆਉਣ ਵਾਲੇ ਮਹੀਨੇ ਕੀ ਹਾਲ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ 6635 ਅਧਿਆਪਕ ਜਥੇਬੰਦੀ ਦੇ ਪ੍ਰਧਾਨ ਪਰਮਿੰਦਰ ਸਿੰਘ ਤੇ ਬਲਜਿੰਦਰ ਸਿੰਘ, ਰਾਹੁਲ ਗੋਇਲ, ਵੈਭਵ ਗੋਇਲ, ਜਸਵਿੰਦਰ ਸਿੰਘ, ਖੇਮਰਾਜ, ਗੁਰਬਿੰਦਰ ਸਿੰਘ, ਗੁਰਪ੍ਰੀਤ ਸਿੰਘ, ਕਰਮਜੀਤ ਸਿੰਘ ਨੇ ਦੱਸਿਆ ਕਿ ਜੇਕਰ ਸੋਮਵਾਰ ਤੱਕ ਤਨਖਾਹ ਜਾਰੀ ਨਹੀਂ ਹੁੰਦੀ ਤਾਂ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਤੇ ਬਲਾਕ ਦਫ਼ਤਰ ਦਾ ਘਿਰਾਓ ਕਰਕੇ ਸਰਕਾਰ ਵਿਰੋਧੀ ਮੰਗ ਪੱਤਰ ਦਿੱਤੇ ਜਾਣਗੇ।

## ਵੋਟਰ ਮੁੱਖ ਮੰਤਰੀ ਦੀਆਂ ਲੋਕ ਹਿਤੈਸ਼ੀ ਨੀਤੀਆਂ 'ਤੇ ਮੁੜ ਮੋਹਰ ਲਾਉਣਗੇ : ਹੈਪੀ ਗਰਗ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਸਾਬਕਾ ਬਲਾਕ ਪ੍ਰਧਾਨ ਤੇ ਹਲਕਾ ਉੱਪ ਮੀਡੀਆ ਕੋਆਰਡੇਨੀਟਰ ਐਡਵੋਕੇਟ ਹੈਪੀ ਗਰਗ ਨੇ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਅਟੱਲ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਮਾਨ ਦੀ ਲੋਕ-ਪੱਖੀ ਤੇ ਜਨ-ਹਿਤੈਸ਼ੀ ਨੀਤੀਆਂ 'ਤੇ ਮੁੜ ਆਪਣੀ ਮੋਹਰ ਲਗਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ।ਐਡਵੋਕੇਟ ਹੈਪੀ ਗਰਗ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਲਈ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਦੀ ਅਹਿਮ ਭੂਮਿਕਾ ਹੁੰਦੀ ਹੈ ਅਤੇ ਆਮ ਆਦਮੀ ਪਾਰਟੀ ਨੇ ਇਨ੍ਹਾਂ ਸਥਾਨਕ ਸੰਗਠਨਾਂ ਨੂੰ ਮਜ਼ਬੂਤ ਕਰਨ ਦਾ ਨਿਸ਼ਚਾ ਕੀਤਾ ਹੈ।ਲੋਕਾਂ ਨੇ ਪਿਛਲੇ ਦੋ ਸਾਲਾਂ ਵਿੱਚ ਦੇਖਿਆ ਹੈ ਕਿ ਸਰਕਾਰ ਨੇ ਕਿਵੇਂ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਸੜਕਾਂ, ਨਿਕਾਸੀ ਪ੍ਰਬੰਧ, ਪੀਣਯੋਗ ਜਲ ਸਪਲਾਈ ਤੇ ਹੋਰ ਸਹੂਲਤਾਂ ਨੂੰ ਲੈ ਕੇ ਮਹੱਤਵਪੂਰਨ ਕਦਮ ਚੁੱਕੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਲੋਕਾਂ ਦੀ ਆਵਾਜ਼ ਬਣੀ ਹੈ ਤੇ ਅੱਗੇ ਵੀ ਲੋਕ-ਸੇਵਾ ਦੇ ਰਾਹ 'ਤੇ ਵਫ਼ਾਦਾਰੀ ਨਾਲ ਅੱਗੇ ਵਧਦੀ ਰਹੇਗੀ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ 19ਵੇਂ ਪਾਇਟੈਕਸ ਦਾ ਉਦਘਾਟਨ

## ● ਈਜ਼ ਆਫ਼ ਡੂਇੰਗ ਬਿਜ਼ਨੈੱਸ ਦਾ ਪਾਵਰ ਹੱਬ ਬਣ ਰਿਹਾ ਪੰਜਾਬ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਭਾਰਤ ਦੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਪੀਐੱਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਆਯੋਜਿਤ ਕੀਤੇ ਜਾ ਰਹੇ 19ਵੇਂ ਪਾਇਟੈਕਸ ਦਾ ਰਸਮੀ ਉਦਘਾਟਨ ਸ਼ੁੱਕਰਵਾਰ ਸ਼ਾਮ ਨੂੰ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਕੀਤਾ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਦੇਸ਼ ਦੇ ਰਾਸ਼ਟਰ ਗਾਣ ਵਿੱਚ ਵੀ ਪੰਜਾਬ ਸਭ ਤੋਂ ਪਹਿਲਾਂ ਆਉਂਦਾ ਹੈ। ਫ੍ਰੈਂਡ ਬਾਸਕਿਟ ਆਫ਼ ਇੰਡੀਆ ਵਜੋਂ ਜਾਣਿਆ ਜਾਂਦਾ ਪੰਜਾਬ ਅੱਜ ਬਦਲ ਰਿਹਾ ਹੈ। ਇੱਥੇ ਖੇਤੀਬਾੜੀ ਵਿਭਿੰਨਤਾ ਨਵਾਂ ਰੂਪ ਧਾਰਨ ਕਰ ਰਹੀ ਹੈ। ਪੰਜਾਬ ਅੱਜ ਐੱਮਐੱਸਐੱਮਈ, ਤਕਨਾਲੋਜੀ ਅਤੇ ਈਜ਼ ਆਫ਼ ਡੂਇੰਗ ਬਿਜ਼ਨੈੱਸ ਦੇ ਖੇਤਰ ਵਿੱਚ ਪਾਵਰ ਹੱਬ ਬਣਦਾ ਜਾ ਰਿਹਾ ਹੈ। ਇਸਦਾ ਸਿਹਰਾ ਪੰਜਾਬ ਦੇ ਮਿਹਨਤੀ ਲੋਕਾਂ ਨੂੰ ਜਾਂਦਾ ਹੈ। ਰਾਮਨਾਥ ਕੋਵਿੰਦ ਨੇ ਕਿਹਾ ਕਿ ਪੰਜਾਬ ਹਿੰਮਤ, ਕੁਰਬਾਨੀ ਅਤੇ ਉੱਦਮ ਦੀ ਜਿਉਂਦੀ ਜਾਗਦੀ ਮਿਸਾਲ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਅਧਿਆਤਮਿਕ ਰੌਸ਼ਨੀ ਦੁਨੀਆ ਭਰ ਵਿੱਚ ਸ਼ਾਂਤੀ ਅਤੇ ਮਨੁੱਖਤਾ ਨੂੰ ਪ੍ਰੇਰਿਤ ਕਰਦੀ ਹੈ। ਪੰਜਾਬ ਦੀ ਵਿਰਾਸਤ ਡੂੰਘੀ ਅਤੇ ਪ੍ਰੇਰਨਾਦਾਇਕ ਹੈ। ਉਨ੍ਹਾਂ ਪੀਐੱਚਡੀਸੀਸੀਆਈ ਪ੍ਰਬੰਧਨ ਨੂੰ 19ਵੇਂ ਪਾਇਟੈਕਸ ਲਈ ਵਧਾਈ ਦਿੰਦਿਆਂ ਕਿ ਉਹ ਇਸਦਾ ਵਿਸਥਾਰ ਪੰਜਾਬ ਤੋਂ ਬਾਹਰ ਕਰਨ। ਪਾਇਟੈਕਸ ਦੇ ਨਾਮ 'ਤੇ ਅਜਿਹਾ ਪ੍ਰੋਗਰਾਮ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਆਯੋਜਿਤ ਕੀਤਾ ਜਾਵੇ ਤਾਂ ਇਹ ਅੰਤਰਰਾਸ਼ਟਰੀ ਪੱਧਰ 'ਤੇ ਫੈਲ ਜਾਵੇਗਾ। ਪੰਜਾਬ ਰਵਾਇਤੀ ਤੌਰ 'ਤੇ ਸਾਡੇ ਦੇਸ਼ ਦਾ ਅਨਾਜ ਭੰਡਾਰ ਰਿਹਾ ਹੈ, ਜੋ ਲੱਖਾਂ ਲੋਕਾਂ ਲਈ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਖੇਤੀਬਾੜੀ ਤੋਂ ਇਲਾਵਾ, ਪੰਜਾਬ ਵਪਾਰ, ਨਿਰਮਾਣ, ਐੱਮਐੱਸਐੱਮਈ ਗ੍ਰੋਥ ਅਤੇ ਗਲੋਬਲ ਇੰਟਰਪ੍ਰੀਨਿਓਰਸ਼ਿਪ ਦੇ ਕੇਂਦਰ ਵਜੋਂ ਵੀ ਉੱਭਰਿਆ ਹੈ। ਪੀਐੱਚਡੀਸੀਸੀਆਈ ਦੇ ਸਕੱਤਰ ਜਨਰਲ ਨਵੀਨ ਸੇਠ ਨੇ ਚੈਂਬਰ ਬਾਰੇ ਵਿਸਤ੍ਰਿਤ ਰਿਪੋਰਟ ਪੇਸ਼ ਕੀਤੀ ਅਤੇ ਕਿਹਾ ਕਿ ਇਸ ਸਮੇਂ 150,000 ਉੱਦਮੀ ਚੈਂਬਰ ਨਾਲ ਜੁੜੇ ਹੋਏ ਹਨ, ਜਿਨ੍ਹਾਂ ਵਿੱਚੋਂ ਲਗਭਗ 75 ਫੀਸਦੀ ਐੱਮਐੱਸਐੱਮਈ ਸੈਕਟਰ ਤੋਂ ਹਨ। ਇਸ ਮੌਕੇ ਸਾਬਕਾ ਰਾਸ਼ਟਰਪਤੀ ਨੇ ਚੈਂਬਰ ਦੇ ਸਾਬਕਾ ਪ੍ਰਧਾਨ ਅਸ਼ੋਕ ਖੰਨਾ, ਆਸ਼ੀਸ਼ ਬਰਗੋਡੀਆ, ਟੈਕਸ ਅਤੇ ਟੈਕ ਫੋਰਮ ਦੀ ਰੀਜਨਲ ਚੇਅਰ ਹਿਮਾਨੀ ਅਰੋੜਾ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ। ਇਸ ਮੌਕੇ ਪੀਐੱਚਡੀਸੀਸੀਆਈ ਦੀ ਸੀਨੀਅਰ ਖੇਤਰੀ ਨਿਰਦੇਸ਼ਕ ਭਾਰਤੀ ਸੂਦ, ਖੇਤਰੀ ਕੋਆਰਡੀਨੇਟਰ ਜੈਦੀਪ ਸਿੰਘ ਸਮੇਤ ਕਈ ਪਤਵੰਤੇ ਮੌਜੂਦ ਸਨ।



# ਟਰਾਲੇ ਦੀ ਫੇਟ ਵੱਜਣ ਨਾਲ ਇਕ ਦੀ ਮੌਤ, ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਬਹਿਰਾਮਪੁਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਕਸ਼ਮੀਰ ਲਾਲ ਪੁੱਤਰ ਰੱਖਾ ਰਾਮ ਵਾਸੀ ਈਸਾਪੁਰ ਨੇ ਦੱਸਿਆ ਕਿ 4 ਦਸੰਬਰ ਨੂੰ ਮੈਂ ਅਤੇ ਮੇਰਾ ਦੋਹਤਰਾ ਧਰੁਵ ਪੁੱਤਰ ਪ੍ਰਦੀਪ ਕੁਮਾਰ ਵਾਸੀ ਢਾਕੀ ਜ਼ਿਲ੍ਹਾ ਪਠਾਨਕੋਟ ਜੋ ਪੱਕੇ ਤੌਰ 'ਤੇ ਕਰੀਬ 15 ਸਾਲ ਤੋਂ ਪੀੜਤ ਦੇ ਪਾਸ ਰਹਿ ਰਿਹਾ ਸੀ ਅਤੇ ਮੇਰੇ ਭਰਾ ਦਾ ਪੋਤਰਾ ਕਰਨ ਮਸ਼ਾਲ ਆਪਣੇ ਮੋਟਰਸਾਈਕਲ ਨੰਬਰੀ ਪੀਬੀ-ਕਿਓ.4814 ਮਾਰਕਾ ਡਿਸਕਵਰ 'ਤੇ ਸਵਾਰ ਹੋ ਕੇ ਪਿੰਡ ਈਸਾਪੁਰ ਤੋਂ ਪਿੰਡ ਬਹਿਰਾਮਪੁਰ ਨੂੰ ਜਾ ਰਹੇ ਸੀ ਕਿ ਸ਼ਾਮ 6 ਵਜੇ ਦੇ ਕਰੀਬ ਜਦ ਉਹ ਰਾਏਪੁਰ ਚੌਕ ਪੁੱਜੇ ਤਾਂ ਬਹਿਰਾਮਪੁਰ ਸਾਇਡ ਤੋਂ ਇੱਕ ਘੋੜਾ ਟਰਾਲਾ ਤੇਜ਼ ਰਫਤਾਰ ਨਾਲ ਆਇਆ ਜਿਸ ਨੂੰ ਨਾ-ਮਲੂਮ ਵਿਅਕਤੀ ਚਲਾ ਰਿਹਾ ਸੀ। ਉਸ ਨੇ ਆਪਣਾ ਟਰਾਲਾ ਲਾਪ੍ਰਵਾਹੀ ਨਾਲ ਚਲਾ ਕੇ ਧਰੁਵ ਦੇ ਮੋਟਰਸਾਈਕਲ ਵਿੱਚ ਮਾਰ ਦਿੱਤਾ ਜਿਸ ਨਾਲ ਧਰੁਵ ਸੜਕ ਦੇ ਸੱਜੇ ਪਾਸੇ ਡਿੱਗ ਪਿਆ ਅਤੇ ਘੋੜੇ ਟਰਾਲੇ ਦਾ ਟਾਇਰ ਉਸ ਦੇ ਸਿਰ ਉਪਰੋਂ ਲੰਘ ਗਿਆ ਜਿਸ ਨਾਲ ਧਰੁਵ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਕਰਨ ਮਸ਼ਾਲ ਸੜਕ ਦੇ ਸੱਜੇ ਪਾਸੇ ਡਿੱਗ ਪਿਆ ਜਿਸ ਕਾਰਨ ਉਸ ਦੇ ਵੀ ਕਾਫੀ ਸੱਟਾਂ ਲੱਗੀਆਂ ਹਨ। ਥਾਣਾ ਬਹਿਰਾਮਪੁਰ ਦੀ ਪੁਲਸ ਨੇ ਨਾ-ਮਾਲੂਮ ਟਰਾਲਾ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਭਲਕੇ ਬਿਜਲੀ ਸੋਧ ਬਿੱਲ-2025 ਦੇ ਖਰੜੇ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ : ਮੰਢਾਲੀ/ਚਾਹਲ

**ਬਿਆਸ (ਪਰਮਜੀਤ ਸਿੰਘ ਰੱਖੜਾ)**- ਇੰਪਲਾਈਜ਼ ਫੈਡਰੇਸ਼ਨ ਪੰ.ਰਾ.ਬਿ.ਬੋ/ਪੰ.ਸ.ਪਾ.ਕਾਰਪੋ: (ਪਹਿਲਵਾਨ) ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਮੰਢਾਲੀ ਅਤੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਚਾਹਲ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਸਾਂਝੇ ਬਿਆਨ ਰਾਹੀਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ 9 ਅਕਤੂਬਰ ਨੂੰ ਸੂਬਾ ਸਰਕਾਰਾਂ ਨੂੰ ਬਿਜਲੀ ਸੋਧ ਬਿਲ ਦੇ ਭੇਜੇ ਖਰੜੇ ਨੂੰ ਲੋਕ ਵਿਰੋਧੀ ਦੱਸਿਆ।ਇਸ ਬਿੱਲ ਬਾਰੇ ਪੰਜਾਬ ਸਰਕਾਰ ਵੱਲੋਂ ਧਾਰਨ ਕੀਤੀ ਖਾਮੋਸ਼ੀ 'ਤੇ ਚਿੰਤਾ ਪ੍ਰਗਟ ਕੀਤੀ ਗਈ, ਕੇਂਦਰ ਦੀ ਮੋਦੀ ਸਰਕਾਰ ਕੋਲੋਂ ਬਿਜਲੀ ਬਿੱਲ ਦਾ ਖਰੜਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ। ਆਗੂਆਂ ਨੇ ਜਥੇਬੰਦਕ ਧਿਰਾਂ ਜੋ ਜਨਤਾ ਅਤੇ ਮੁਲਾਜ਼ਮ ਹਿੱਤਾਂ ਦੀ ਰਾਖੀ ਲਈ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰਦੀਆਂ ਹਨ, ਨੂੰ ਇੱਕਜੁੱਟ ਹੋ ਕੇ ਇਸ ਲੋਕ ਵਿਰੋਧੀ ਬਿੱਲ ਖਿਲਾਫ ਵੱਡੀ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ ਹੈ।ਆਗੂਆਂ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਇਹ ਸੋਧ ਬਿੱਲ ਪਾਰਲੀਮੈਂਟ ਦੇ ਸਰਦ ਰੁੱਤ ਸਮਾਗਮ ਵਿੱਚ ਲਿਆ ਕੇ ਪਾਸ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਕੇਂਦਰ ਸਰਕਾਰ ਨੂੰ ਪੂਰੇ ਦੇਸ਼ ਵਿੱਚ ਕਿਰਤੀਆਂ ਅਤੇ ਕਿਸਾਨਾਂ ਸਮੇਤ ਮਿਹਨਤਕਸ਼ ਵਰਗ ਦੇ ਵੱਡੇ



ਅੰਦੋਲਨਾਂ ਦਾ ਸਾਹਮਣਾ ਕਰਨਾ ਪਵੇਗਾ।ਆਗੂਆਂ ਨੇ ਕਿਹਾ ਕਿ ਬਿਜਲੀ ਬਿੱਲ ਦੇ ਖਰੜੇ ਦੀ ਧਾਰਾ 14 ਅਤੇ 42 ਰਾਹੀਂ ਲੋਕਾਂ ਦੇ ਪੈਸੇ ਨਾਲ ਖੜ੍ਹੇ ਕੀਤੇ, ਬਿਜਲੀ ਸੰਚਾਰ ਨੈੱਟਵਰਕ ਨੂੰ ਪ੍ਰਾਈਵੇਟ ਕੰਪਨੀਆਂ ਲਈ ਖੋਲ੍ਹਿਆ ਜਾਵੇਗਾ, ਧਾਰਾ 58, 66 86, 142 ਅਤੇ 166 ਰਾਹੀਂ ਬਿਜਲੀ ਦਾ ਕੇਂਦਰੀਕਰਨ ਕਰਕੇ ਰਾਜ ਸਰਕਾਰਾਂ ਦਾ ਸੰਵਿਧਾਨਿਕ ਸੰਘੀ ਅਧਿਕਾਰ ਖਤਮ ਕਰ ਦਿੱਤਾ ਜਾਵੇਗਾ।ਧਾਰਾ 61 ਰਾਹੀਂ ਕਰਾਸ ਸਬਸਿਡੀਆਂ ਖਤਮ ਕਰਨ ਨਾਲ ਆਮ ਘਰੇਲੂ ਖਤਕਾਰਾਂ ਤੇ ਕਿਸਾਨਾਂ ਤੇ ਮਹਿੰਗੀਆਂ ਬਿਜਲੀ ਦਰਾਂ ਦਾ ਵਾਧੂ ਬੋਝ ਪਏਗਾ।ਬਿਜਲੀ ਸੋਧ ਬਿੱਲ 2025 ਦੇ ਘਾਤਕ ਖਰੜੇ ਬਾਰੇ ਆਗੂਆਂ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿੱਜੀ ਕੰਪਨੀਆਂ ਨਾਲੋਂ, ਗੌਰਮਿੰਟ ਬਿਜਲੀ ਕੰਪਨੀਆਂ ਨੌਜਵਾਨਾਂ ਨੂੰ ਵੱਧ ਨੌਕਰੀਆਂ ਦੇਣ ਦੇ ਕਾਬਲ ਹਨ।ਆਗੂਆਂ ਨੇ ਨੇ ਕਿਹਾ ਕਿ ਹੁਣ ਇਸ ਬਿਜਲੀ ਸੋਧ ਬਿੱਲ ਰਾਹੀਂ ਕੇਂਦਰ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਅਤੇ ਕੱਚੇ/ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਬਜਾਏ ਉਨ੍ਹਾਂ ਦੇ ਕੱਚੇ ਰੋਜ਼ਗਾਰ ਤੇ ਵੀ ਡਾਕਾ ਮਾਰਨ ਜਾ ਰਹੀ ਹੈ।ਇਸ ਕਰਕੇ ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਪੰਜਾਬ, ਸਾਰੇ ਪੰਜਾਬ ਦੇ ਮੈਂਬਰ ਸਾਹਿਬਾਨ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਪੰਜਾਬ ਵਿੱਚ ਹਮਖਿਆਲੀ ਜਥੇਬੰਦੀਆਂ ਨਾਲ ਸ਼ਮੂਲੀਅਤ ਕਰਕੇ ਪੂਰੇ ਪੰਜਾਬ ਵਿੱਚ 8 ਦਸੰਬਰ ਨੂੰ ਸਮੂਹ ਪਾਵਰਕਾਮ ਦੇ ਉਪ ਮੰਡਲ ਦਫ਼ਤਰਾਂ ਦੇ ਗੇਟਾਂ ਮੂਹਰੇ ਬਿਜਲੀ ਸੋਧ ਬਿੱਲ-2025 ਦੀਆਂ ਕਾਪੀਆਂ ਸਾੜ ਕੇ ਬਿਜਲੀ ਬਿੱਲ-2025 ਨੂੰ ਵਾਪਸ ਲੈਣ ਦੀ ਮੰਗ ਕਰਨ।

# ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਵੱਖ-ਵੱਖ ਮਸਲਿਆਂ 'ਤੇ ਹੰਗਾਮੀ ਮੀਟਿੰਗ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਸਿਟੀ ਸਰਕਲ ਅੰਮ੍ਰਿਤਸਰ ਵਿਖੇ ਹੋਈ ਜਿਸ ਵਿਚ ਜਥੇਬੰਦੀ ਦੇ ਵੱਖ-ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਅਤੇ ਸੈਂਟਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਜੋ ਬਿਜਲੀ ਬਿੱਲ-2025 ਪਾਸ ਕਰਨ ਜਾ ਰਹੀ ਹੈ ਉਸਦੇ ਵਿਰੁੱਧ ਅਤੇ ਜੋ ਨਵੇਂ ਚਾਰ ਕਿਰਤ ਕਾਨੂੰਨ ਪਾਸ ਕੀਤੇ ਗਏ ਹਨ, ਉਨ੍ਹਾਂ ਖਿਲਾਫ਼ ਮੁਲਾਜ਼ਮ ਅਤੇ ਪੈਨਸ਼ਨਰ ਤਿੱਖਾ ਸੰਘਰਸ਼ ਕਰਨਗੇ ਅਤੇ ਪੰਜਾਬ ਸਰਕਾਰ ਜੋ ਪਾਵਰਕਾਮ ਦੀਆਂ ਜਾਇਦਾਦਾਂ ਵੇਚ ਰਹੀ ਹੈ ਉਹ ਨਹੀਂ ਵੇਚਣ ਦਿੱਤੀਆਂ ਜਾਣਗੀਆਂ। ਇਸ ਮੌਕੇ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਇਸ ਮੀਟਿੰਗ ਵਿੱਚ ਆ ਕੇ ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਨੂੰ ਬੇਨਤੀ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਵਿਚ ਉਹ ਵੀ ਸਾਥ ਦੇਣ ਤਾਂ ਜੋ ਪੰਜਾਬ ਸਰਕਾਰ ਅਤੇ ਮੋਦੀ ਸਰਕਾਰ ਨੂੰ ਉਨ੍ਹਾਂ ਦੀ ਧੱਕੇਸ਼ਾਹੀ ਵਿਰੁੱਧ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇ। ਇਸ ਤੋਂ ਬਾਅਦ ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਨੇ ਵਿਸ਼ਵਾਸ ਦਿਵਾਇਆ ਕਿ 8 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਜੋ ਸਾਰੇ ਪੰਜਾਬ ਵਿੱਚ ਸਬ ਡਵੀਜ਼ਨਾਂ ਵਿੱਚ ਰੋਸ ਪ੍ਰਦਰਸ਼ਨ ਕਰਨੇ ਹਨ, ਉਨ੍ਹਾਂ ਦੀ ਜਥੇਬੰਦੀ ਉਨ੍ਹਾਂ ਨਾਲ ਸ਼ਮੂਲੀਅਤ ਕਰੇਗੀ। ਇਸ ਮੌਕੇ ਸਰਕਲ ਪ੍ਰਧਾਨ ਮਦਨ ਲਾਲ ਸ਼ਰਮਾ, ਜਗੀਰ ਸਿੰਘ ਸੈਣੀ, ਮਨਜੀਤ ਸਿੰਘ, ਰਮੇਸ਼ ਖੰਨਾ, ਕੁਲਵਿੰਦਰ ਸਿੰਘ, ਨਵਲ ਕੁਮਾਰ, ਰਾਜੀਵ ਸਲਵਾਨ, ਰਾਜੇਸ਼ ਕੁਮਾਰ, ਬਲਦੇਵ ਫੋਰਮੈਨ, ਹਰਜੀਤ ਸਿੰਘ ਅਤੇ ਰਮੇਸ਼ ਕੁਮਾਰ ਸ਼ਰਮਾ ਆਦਿ ਹਾਜ਼ਰ ਸਨ।

# ਟ੍ਰੈਫ਼ਿਕ ਪੁਲਸ ਨੇ ਕੱਸਿਆ ਸ਼ਿਕੰਜਾ, 44 ਦੇ ਕਰੀਬ ਕੀਤੇ ਚਲਾਨ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਅਦਿੱਤਿਆ ਦੇ ਦਿਸ਼ਾ ਨਿਰਦੇਸ਼ਾਂ 'ਤੇ ਗੁਰਦਾਸਪੁਰ ਸ਼ਹਿਰ ਅੰਦਰ ਟ੍ਰੈਫਿਕ ਨੂੰ ਸੁਚਾਰੂ ਰੂਪ ਵਿਚ ਚਾਲੂ ਰੱਖਣ ਲਈ ਟ੍ਰੈਫਿਕ ਇਚਾਰਜ ਸਤਨਾਮ ਸਿੰਘ ਵੱਲੋਂ ਆਪਣੀ ਪੁਲਸ ਪਾਰਟੀ ਨਾਲ ਸਖ਼ਤੀ ਨਾਲ ਵਾਹਨ ਚਾਲਕਾਂ ਦੇ ਜਿਥੇ ਚਲਾਨ ਕੀਤੇ ਜਾ ਰਹੇ ਹਨ ਉਥੇ ਹੀ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਟ੍ਰੈਫ਼ਿਕ ਇੰਚਾਰਜ ਸਤਨਾਮ ਸਿੰਘ ਨੇ ਦੱਸਿਆ ਕਿ ਸ਼ਹਿਰ ਅੰਦਰ ਟ੍ਰੈਫ਼ਿਕ ਨੂੰ ਸੁਚਾਰੂ ਰੂਪ ਵਿਚ ਚਾਲੂ ਰੱਖਣਾ ਉਨ੍ਹਾਂ ਦੀ ਡਿਊਟੀ ਹੈ ਜਿਸ ਨੂੰ ਉਹ ਪੂਰੀ ਮੁਸਤੈਦੀ ਨਾਲ ਨਿਭਾਅ ਰਹੇ ਹਨ। ਅੱਜ 44 ਦੇ ਕਰੀਬ ਛੋਟੇ-ਵੱਡੇ ਵਾਹਨਾਂ ਦੇ ਚਲਾਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਮਾਰਨ ਵਾਲੇ ਚਾਲਕਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਛੇੜੀ ਗਈ ਹੈ ਅਤੇ ਹੁਣ ਤੱਕ ਕਾਫ਼ੀ ਚਲਾਨ ਬੁਲਟ ਮੋਟਰਸਾਈਕਲਾਂ 'ਤੇ ਪਟਾਕੇ ਮਾਰਨ ਵਾਲਿਆਂ ਦੇ ਕੀਤੇ ਜਾ ਚੁੱਕੇ ਹਨ। ਉਨ੍ਹਾਂ ਆਮ ਲੋਕਾਂ ਨੂੰ ਵੀ ਆਪਣੇ ਵਾਹਨਾਂ ਦੇ ਕਾਗਜ਼ ਪੂਰੇ ਰੱਖਣ ਦੀਆਂ ਹਦਾਇਤਾਂ ਕੀਤੀਆਂ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਤਾੜਨਾ ਕੀਤੀ ਕਿ ਉਹ ਆਪਣੇ ਛੋਟੇ ਬੱਚਿਆਂ ਨੂੰ ਵਾਹਨ ਚਲਾਉਣ ਲਈ ਨਾ ਦੇਣ। ਉਨ੍ਹਾਂ ਕਿਹਾ ਸ਼ਹਿਰ ਅੰਦਰ ਮੋਡੀਫਾਈ ਵਾਹਨਾਂ ਖ਼ਿਲਾਫ਼ ਵੀ ਸਖਤੀ ਨਾਲ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਸ਼ਹਿਰ ਅੰਦਰ ਗਲਤ ਪਾਰਕਿੰਗ ਕਰਨ 'ਤੇ ਉਨ੍ਹਾਂ ਵੱਲੋਂ ਚਲਾਨ ਕੀਤੇ ਜਾ ਰਹੇ ਹਨ। ਟ੍ਰੈਫ਼ਿਕ ਇੰਚਾਰਜ ਸਤਨਾਮ ਸਿੰਘ ਨੇ ਕਿਹਾ ਇਹ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ।



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸੈਦੋ 'ਚ ਨਵੀਂ ਇਕਾਈ ਦਾ ਗਠਨ

## 10 ਨੂੰ ਚਿੱਪ ਵਾਲੇ ਮੀਟਰਾਂ ਦੇ ਕੁਨੈਕਸ਼ਨ ਕੱਟ ਕੇ ਮੀਟਰ ਬਿਜਲੀ ਘਰ ਜਮ੍ਹਾ ਕਰਵਾਏ ਜਾਣਗੇ

**ਪੱਟੀ (ਬਲਦੇਵ ਸਿੰਘ ਸੰਧੂ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਦੇ ਪਿੰਡ ਸੈਦੋ ਵਿੱਚ ਭਰਵੀਂ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਨਵੀਂ ਇਕਾਈ ਦੀ ਚੋਣ ਕੀਤੀ ਗਈ। ਮੀਟਿੰਗ ਨੂੰ ਸੰਬੋਧਨ



ਕਰਦਿਆਂ ਕਿਸਾਨ ਆਗੂ ਗੁਰਭੇਜ ਸਿੰਘ ਧਾਰੀਵਾਲ, ਮੇਹਰ ਸਿੰਘ ਤਲਵੰਡੀ, ਤਰਸੇਮ ਸਿੰਘ ਧਾਰੀਵਾਲ, ਸੁਖਬੀਰ ਸਿੰਘ ਢਿੱਲੋਂ, ਰੂਪ ਸਿੰਘ ਸੈਦੋ, ਜਰਨੈਲ ਸਿੰਘ ਧਾਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਘਰਾਂ ਦੀ ਬਿਜਲੀ ਫ੍ਰੀ, ਮੋਟਰਾਂ ਵਾਲੀ ਬਿਜਲੀ 24 ਘੰਟੇ ਆਉਣ ਬਾਰੇ ਲਗਾਤਾਰ ਪ੍ਰਚਾਰ ਕਰਦੀ ਆ ਰਹੀ ਹੈ ਪਰ ਦੂਜੇ ਪਾਸੇ ਪਿੰਡਾਂ, ਸ਼ਹਿਰਾਂ, ਮੁਹੱਲਿਆਂ ਵਿਚ ਲਗਾਤਾਰ ਚਿੱਪ ਵਾਲੇ ਮੀਟਰ ਲਗਾਏ ਜਾ ਰਹੇ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਆਮ ਆਦਮੀ ਪਾਰਟੀ ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰੀ ਹੈ ਅਤੇ ਬਿਜਲੀ ਅਦਾਰਾ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਤਿਆਰੀ ਵਿੱਚ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਚਿੱਪ ਵਾਲੇ ਮੀਟਰ ਕਿਸੇ ਹਾਲਤ ਵਿੱਚ ਮਨਜ਼ੂਰ ਨਹੀਂ ਹਨ। ਇਸ ਲਈ 10 ਦਸੰਬਰ ਨੂੰ ਚਿੱਪ ਵਾਲੇ ਮੀਟਰਾਂ ਦੇ ਕੁਨੈਕਸ਼ਨ ਕੱਟ ਕੇ ਮੀਟਰ ਬਿਜਲੀ ਘਰ ਜਮ੍ਹਾ ਕਰਵਾਏ ਜਾਣਗੇ। ਇਸ ਮੌਕੇ ਪਿੰਡ ਵਿੱਚ ਨਵੀਂ ਇਕਾਈ ਬਣਾਈ ਗਈ ਜਿਸ ਵਿੱਚ ਪ੍ਰਧਾਨ ਚਰਨ ਸਿੰਘ, ਸਕੱਤਰ ਰਣਜੀਤ ਸਿੰਘ, ਜਗਜੀਤ ਸਿੰਘ, ਖਜ਼ਾਨਚੀ ਮੱਲ ਸਿੰਘ, ਲਖਵਿੰਦਰ ਸਿੰਘ, ਅਮ੍ਰਿਤਪਾਲ ਸਿੰਘ, ਜੋਗਿੰਦਰ ਸਿੰਘ, ਬੀਰਾ ਸਿੰਘ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਕਰਤਾਰ ਸਿੰਘ, ਸਤਨਾਮ ਸਿੰਘ ਰਾਜਵਿੰਦਰ ਸਿੰਘ, ਸੁਖਵਿੰਦਰ ਕੌਰ, ਦਰਸ਼ਨ ਕੌਰ, ਅਮਰੀਕ ਕੌਰ, ਬਲਵਿੰਦਰ ਕੌਰ, ਗੁਰਪ੍ਰੀਤ ਕੌਰ ਆਦਿ ਆਗੂਆਂ ਦੀ ਚੋਣ ਕੀਤੀ ਗਈ।

# ਫ਼ਤਿਹਵੀਰ ਸਿੰਘ ਨੇ ਜਿੱਤਿਆ ਕਾਂਸੀ ਦਾ ਤਮਗਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਆਸਟਰੇਲੀਅਨ ਸਕੂਲ ਸਪੋਰਟਸ ਨੈਸ਼ਨਲ ਚੈਂਪੀਅਨਸ਼ਿਪ ਜੋ ਬੀਤੇ ਦਿਨੀਂ ਰਾਜਧਾਨੀ ਕੈਨਬਰਾ ਵਿਖੇ ਕਰਵਾਈ ਗਈ, 'ਚ ਆਸਟ੍ਰੇਲੀਅਨ ਸਕੂਲ ਖੇਡਾਂ ਲਈ ਪੂਰੇ ਆਸਟ੍ਰੇਲੀਆ 'ਚੋਂ ਪੰਜ ਪੰਜਾਬੀ ਮੂਲ ਖਿਡਾਰੀਆਂ ਦੀ ਚੋਣ ਹੋਈ।ਇਸ ਵਿਚ ਫ਼ਤਿਹਵੀਰ ਸਿੰਘ, ਜਪਲੀਨ ਕੌਰ ਸੰਧੂ, ਫਤਿਹਦੀਪ ਸਿੰਘ, ਜਪਜਾਪ ਸਿੰਘ, ਪੰਨੂ ਨੇ



ਇਨ੍ਹਾਂ ਖੇਡਾਂ 'ਚ ਵਿਕਟੋਰੀਆ ਵੱਲੋਂ ਹਿੱਸਾ ਲਿਆ। ਇਨ੍ਹਾਂ ਖੇਡਾਂ ਵਿਚੋਂ ਫਤਿਹਵੀਰ ਸਿੰਘ ਨੇ ਅੰਡਰ 10 ਸਾਲ ਵਰਗ ਦੇ 4 ਗੁਣਾ 100 ਮੀਟਰ ਰੀਲੇਅ ਦੌੜ ਵਿਚੋਂ ਕਾਂਸੀ ਦਾ ਤਮਗਾ ਹਾਸਲ ਕੀਤਾ। ਇਸ ਟੀਮ ਵਿੱਚ ਫਤਿਹਵੀਰ ਸਿੰਘ ਤੋਂ ਇਲਾਵਾ ਪੰਜਾਬੀ ਖਿਡਾਰੀ ਫਤਿਹਦੀਪ ਸਿੰਘ ਤੇ ਦੋ ਵਿਦੇਸ਼ੀ ਖਿਡਾਰੀ ਬਰਾਕਡੇਨ ਤੇ ਲੋਗਨ ਫੈਚਰ ਸ਼ਾਮਿਲ ਸਨ। ਫਤਿਹਵੀਰ ਸਿੰਘ ਦਾ ਪਿਛੋਕੜ ਗੁਰਦਾਸਪੁਰ ਨਾਲ ਹੈ ਤੇ ਇਹ ਜੂਨੀਅਰ ਹਾਕੀ ਵਿਸ਼ਵ ਕੱਪ ਜੇਤੂ ਖਿਡਾਰੀ ਬਿਕਰਮਜੀਤ ਸਿੰਘ ਕਾਕਾ ਦੇ ਭਾਣਜਾ ਹੈ।

# ਬਲਾਕ ਸੰਮਤੀ ਚੋਣਾਂ 'ਚ ਕਾਂਗਰਸ ਕਰੇਗੀ ਬਹੁਮਤ ਹਾਸਲ : ਵਿਧਾਇਕ ਸਿੱਕੀ

**ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)**- ਕਾਂਗਰਸ ਪਾਰਟੀ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਬਹੁਮਤ ਪ੍ਰਾਪਤ ਕਰੇਗੀ।ਇਹ ਪ੍ਰਗਟਾਵਾ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਬਲਾਕ ਸੰਮਤੀ ਜ਼ੋਨ ਫਤਿਆਬਾਦ ਦੇ ਉਮੀਦਵਾਰ ਸੁਖਦੇਵ ਸਿੰਘ ਨੰਬਰਦਾਰ ਦੀ ਚੋਣ ਮੁਹਿੰਮ ਆਰੰਭ ਕਰਨ ਮੌਕੇ ਕੀਤਾ।ਇਸ ਮੌਕੇ ਸ. ਸਿੱਕੀ ਵੱਲੋਂ ਸੁਖਦੇਵ ਸਿੰਘ ਠੇਕੇਦਾਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਤੇ ਕਿਹਾ ਕਿ ਸੁਖਦੇਵ ਸਿੰਘ ਮਿਹਨਤੀ ਤੇ ਤਜਰਬੇਕਾਰ ਆਗੂ ਵਜੋਂ ਜਾਣੇ ਜਾਂਦੇ ਹਨ।ਸਿੱਕੀ ਨੇ ਕਿਹਾ ਜਿੱਥੇ ਪੂਰੇ ਪੰਜਾਬ ਦੇ



ਲੋਕ ਕਾਂਗਰਸ ਪਾਰਟੀ ਨੂੰ ਚਾਹੁੰਦੇ ਹਨ ਉਥੇ ਹੀ ਹਲਕਾ ਖਡੂਰ ਸਾਹਿਬ ਦੇ ਲੋਕਾਂ ਵਿਚ ਕਾਂਗਰਸ ਪਾਰਟੀ ਪ੍ਰਤੀ ਉਤਸ਼ਾਹ ਹੈ।ਉਨ੍ਹਾਂ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਚੋਣ ਪ੍ਰਚਾਰ ਵਿਚ ਡਟ ਜਾਣ ਅਤੇ ਪਾਰਟੀ ਦੀਆਂ ਨੀਤੀਆਂ ਘਰ-ਘਰ ਪਹੁੰਚਾਉਣ 'ਚ ਦਿਨ ਰਾਤ ਇਕ ਕਰ ਦੇਣ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ -2027 ਦੀਆਂ ਚੋਣਾਂ ਵਿਚ ਵੀ ਕਾਂਗਰਸ ਪਾਰਟੀ ਇਕ ਵੱਡੀ ਲੀਡ ਪ੍ਰਾਪਤ ਕਰ ਕੇ ਪੂਰਨ ਬਹੁਮਤ ਨਾਲ ਸਰਕਾਰ ਬਣਾਵੇਗੀ ਤੇ ਪੰਜਾਬ ਵਿਚ ਅਮਨ-ਕਾਨੂੰਨ ਬਹਾਲ ਕਰਨ ਤੇ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਦਾ ਯਤਨ ਕਰੇਗੀ।ਇਸ ਮੌਕੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੋਂ ਇਲਾਵਾ ਸਰਪੰਚ ਜਗਰੂਪ ਸਿੰਘ, ਮਹਿੰਦਰ ਸਿੰਘ ਕੰਬੋਜ, ਧਰਮ ਸਿੰਘ ਸੰਧਾ, ਬਲਕਾਰ ਸਿੰਘ ਠੇਕੇਦਾਰ, ਜੰਗਲੀ ਮਹਾਸ਼ਾ, ਜਗਤਾਰ ਸਿੰਘ ਜਾਗੀ, ਕਸ਼ਮੀਰ ਸਿੰਘ ਕੰਬੋਜ, ਲਖਵਿੰਦਰ ਸਿੰਘ ਕਾਨੂੰਗੋ ਆਦਿ ਹਾਜ਼ਰ ਸਨ।

# ਆਸਮੀਨ ਕੌਰ ਵੱਲੋਂ ਮੁੱਕੇਬਾਜ਼ੀ 'ਚ ਪਹਿਲਾ ਸਥਾਨ ਹਾਸਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਨੇ '69ਵੀਂ ਰਾਜ ਪੱਧਰੀ ਬਾਕਸਿੰਗ ਚੈਂਪੀਅਨਸ਼ਿਪ' 'ਚ ਮੁੱਕੇਬਾਜ਼ੀ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ, ਜ਼ਿਲ੍ਹੇ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ ਨੇ ਵਿਦਿਆਰਥਣ ਦਾ ਆਪਣੇ ਦਫ਼ਤਰ ਵਿਖੇ ਮੂੰਹ ਮਿੱਠਾ ਕਰਵਾਉਣ ਉਪਰੰਤ ਵਧਾਈ ਦਿੰਦਿਆਂ ਦੱਸਿਆ ਕਿ ਸੁਨਾਮ (ਸੰਗਰੂਰ) ਵਿਖੇ ਕਰਵਾਏ ਗਏ ਇਸ ਮੁਕਾਬਲੇ 'ਚ 12ਵੀਂ ਕਲਾਸ ਦੀ ਆਸਮੀਨ ਕੌਰ ਨੇ ਉਕਤ ਚੈਂਪੀਅਨਸ਼ਿਪ 'ਚ ਪਹਿਲਾ ਸਥਾਨ ਹਾਸਲ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਵਿਦਿਆਰਥਣ ਨੇ 68ਵੀਂ ਰਾਜ ਪੱਧਰੀ ਬਾਕਸਿੰਗ ਮੁਕਾਬਲੇ 'ਚ ਪਹਿਲਾ, ਖੇਡਾਂ ਵਤਨ ਪੰਜਾਬ 2024 ਸੀਜ਼ਨ-3 'ਚ ਸੋਨ ਤਮਗਾ, ਜੂਨੀਅਰ ਸਟੇਟ ਬਾਕਸਿੰਗ ਚੈਂਪੀਅਨਸ਼ਿਪ ਗਰਲਜ਼-2024 ਮਲੇਰਕੋਟਲਾ ਵਿਖੇ ਪਹਿਲਾ ਸਥਾਨ ਅਤੇ 68ਵੀਆਂ ਸਕੂਲ ਨੈਸ਼ਨਲ ਗੇਮ ਦਿੱਲੀ ਵਿਖੇ ਭਾਗੀਦਾਰੀ ਦਾ ਸਰਟੀਫਿਕੇਟ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਮੌਕੇ ਉਨ੍ਹਾਂ ਵਿਦਿਆਰਥਣ ਦੇ ਮਾਪਿਆਂ, ਕੋਚ ਸ: ਬਲਜਿੰਦਰ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਕੂਲ ਲਈ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਵਿਦਿਆਰਥਣ ਅਗਾਂਹ ਵੀ '69ਵੀਆਂ ਸਕੂਲ ਨੈਸ਼ਨਲ ਗੇਮਜ਼' 'ਚ ਖੇਡਣ ਲਈ ਜਾ ਰਹੀ ਹੈ। ਉਨ੍ਹਾਂ ਉਮੀਦ ਜ਼ਾਹਿਰ ਕਰਦਿਆਂ ਕਿਹਾ ਕਿ ਆਸਮੀਨ ਕੌਰ ਭਵਿੱਖ 'ਚ ਵੀ ਇਵੇਂ ਹੀ ਸਖਤ ਮਿਹਨਤ ਕਰਕੇ ਮਾਤਾ-ਪਿਤਾ ਤੇ ਸਕੂਲ ਦਾ ਨਾਮ ਰੌਸ਼ਨ ਕਰਦੀ ਰਹੇਗੀ।



# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਦਾ ਕੋਰੀਓਗ੍ਰਾਫੀ ਮੁਕਾਬਲੇ 'ਚ ਅੱਵਲ ਸਥਾਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਬੀਤੇ ਦਿਨੀਂ ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਵਿਖੇ ਜ਼ਿਲ੍ਹਾ ਪੱਧਰੀ ਅੰਤਰ ਸਕੂਲ ਮੁਕਾਬਲੇ ਆਯੋਜਿਤ ਕੀਤੇ ਗਏ ਜਿਸ ਵਿੱਚ ਤਰਨ ਤਾਰਨ ਜ਼ਿਲ੍ਹੇ ਦੇ ਲਗਭਗ 30 ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਦਾ ਮਕਸਦ ਵਿਦਿਆਰਥੀਆਂ ਨੂੰ ਸਮਾਜ ਪ੍ਰਤੀ ਚੇਤਨ ਕਰਨਾ ਅਤੇ ਉਨ੍ਹਾਂ ਵਿੱਚ ਇੱਕਜੁਟਤਾ ਦੀ ਭਾਵਨਾ ਪੈਦਾ ਕਰਨਾ ਸੀ।ਇਨ੍ਹਾਂ ਮੁਕਾਬਲਿਆਂ ਵਿਚ ਕਠਿਨਾਈ ਦੇ ਬਾਵਜੂਦ ਵੀ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਗੁਰਮਨਪ੍ਰੀਤ ਕੌਰ ਸਪੁੱਤਰੀ ਸਰਦਾਰ ਜਗਪ੍ਰੀਤ ਸਿੰਘ, ਜੈਸਮੀਨ ਕੌਰ ਸਪੁੱਤਰੀ ਸਰਦਾਰ ਬਲਰਾਜ ਸਿੰਘ, ਮਹਿਕਦੀਪ ਕੌਰ ਸਪੁੱਤਰੀ ਸਰਦਾਰ ਸਰਬਜੀਤ ਸਿੰਘ, ਸਤਿੰਦਰਪਾਲ ਕੌਰ ਸਪੁੱਤਰੀ ਸਰਦਾਰ ਅਮਨਪ੍ਰੀਤ ਸਿੰਘ, ਅਰਮਾਨਦੀਪ ਸਿੰਘ ਸਪੁੱਤਰ ਸਰਦਾਰ ਰਣਧੀਰ ਸਿੰਘ ਅਤੇ ਰਾਹੁਲ ਕੁਮਾਰ ਸਪੁੱਤਰ ਰਾਜੂ ਪ੍ਰਸਾਦ ਨੇ ਆਪਣੇ ਪੂਰੀ ਲਗਨ ਅਤੇ ਮਿਹਨਤ ਸਦਕਾ ਕੋਰੀਓਗ੍ਰਾਫੀ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਂਅ ਪੂਰੇ ਜ਼ਿਲੇ ਵਿੱਚ ਰੌਸ਼ਨ ਕੀਤਾ।ਇਸ ਮੌਕੇ ਆਪਣੀ ਖੁਸ਼ੀ ਜ਼ਾਹਿਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾਕਟਰ ਜਤਿੰਦਰਪਾਲ ਸਿੰਘ ਰੰਧਾਵਾ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਅਧਿਆਪਕਾ ਦਪਿੰਦਰ ਕੌਰ ਨੂੰ ਕੋਰੀਓਗ੍ਰਾਫੀ ਲਈ ਵਿਦਿਆਰਥੀਆਂ ਦੀ ਯੋਗ ਅਗਵਾਈ ਕਰਨ ਲਈ ਵਧਾਈ ਦਿੱਤੀ।



# ਕੇਅਰ ਹੈਲਥ ਇੰਸ਼ੋਰੈਂਸ ਵੱਲੋਂ ਐੱਚਈਪੀਏ ਫਿਲਟਰ ਦੀ ਵਰਤੋਂ 'ਤੇ ਐਡਵਾਇਜ਼ਰੀ ਜਾਰੀ

**ਲੁਧਿਆਣਾ:** ਜਨਤਕ ਸਿਹਤ ਅਤੇ ਰੋਕਥਾਮ ਵਾਲੀ ਦੇਖਭਾਲ ਪ੍ਰਤੀ ਆਪਣੀ ਨਿਰੰਤਰ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ ਕੇਅਰ ਹੈਲਥ ਇੰਸ਼ੋਰੈਂਸ ਨੇ ਇੱਕ ਜ਼ਰੂਰੀ ਜਨਤਕ ਸਲਾਹ ਜਾਰੀ ਕੀਤੀ ਹੈ, ਜਿਸ ਦੇ ਤਹਿਤ ਵਧ ਰਹੇ ਪ੍ਰਦੂਸ਼ਣ ਕਾਰਨ ਵੱਧ ਰਹੀਆਂ ਸਾਹ ਦੀਆਂ ਬਿਮਾਰੀਆਂ ਤੋਂ ਬਚਣ ਦੇ ਲਈ ਲੋਕਾਂ ਨੂੰ ਘਰਾਂ ਅਤੇ ਕਾਰਜ ਸਥਾਨਾਂ 'ਤੇ ਐੱਚਈਪੀਏ-ਪ੍ਰਮਾਣਿਤ ਏਅਰ ਫਿਲਟਰੇਸ਼ਨ ਅਪਣਾਉਣ ਦੀ ਤਾਕੀਦ ਕੀਤੀ ਗਈ ਹੈ।ਪਿਛਲੇ ਕੁਝ ਹਫ਼ਤਿਆਂ ਦੌਰਾਨ ਕਈ ਖੇਤਰਾਂ ਵਿੱਚ ਅਸਥਮਾ ਦੇ ਮਾਮਲੇ, ਰੈਸਪੀਰੇਟਰੀ ਇਨਫੈਕਸ਼ਨ ਅਤੇ ਪ੍ਰਦੂਸ਼ਣ ਨਾਲ ਸਬੰਧਤ ਡਾਕਟਰੀ ਐਮਰਜੈਂਸੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।ਪ੍ਰਦੂਸ਼ਣ ਦਾ ਪੱਧਰ ਲਗਾਤਾਰ ਵਧਣ ਦੇ ਕਾਰਨ ਇਹ ਰੁਝਾਨ ਹੋਰ ਵੀ ਤੇਜ਼ ਹੋ ਰਹੇ ਹਨ।ਇਸ ਐਡਵਾਇਜ਼ਰੀ 'ਤੇ ਬੋਲਦੇ ਹੋਏ ਕੇਅਰ ਹੈਲਥ ਇੰਸ਼ੋਰੈਂਸ ਦੇ ਚੀਫ ਓਪਰੇਟਿੰਗ ਅਫਸਰ ਮਨੀਸ਼ ਡੋਡੇਜਾ ਨੇ ਕਿਹਾ ਕਿ ਅਸੀਂ ਦੇਖ ਰਹੇ ਹਾਂ ਕਿ ਸਾਡੀ ਹਵਾ ਦੀ ਗੁਣਵੱਤਾ ਨੂੰ ਵੱਖ-ਵੱਖ ਨਵੇਕਲੇ ਪ੍ਰਦੂਸ਼ਣ ਕਾਰਕ ਇਕੱਠਿਆਂ ਮਿਲ ਕੇ ਬਹੁਤ ਬੁਰੀ ਤਰਾਂ ਪ੍ਰਭਾਵਿਤ ਕਰ ਰਹੇ ਹਨ ।

# ਰਾਜ ਪੱਧਰੀ ਖੇਡਾਂ 'ਚ ਧੁੰਨ ਸਕੂਲ ਦੀ ਝੰਡੀ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-45ਵੀਆਂ ਪੰਜਾਬ ਰਾਜ ਪ੍ਰਾਇਮਰੀ ਸਕੂਲ ਖੇਡਾਂ 2025-26 ਵਿੱਚ ਭਾਗ ਲੈਂਦਿਆਂ ਸਰਕਾਰੀ ਐਲੀਮੈਂਟਰੀ ਸਕੂਲ ਧੁੰਨ ਦੀਆਂ ਵਿਦਿਆਰਥਣਾਂ ਨੇ ਕਰਾਟੇ ਈਵੈਂਟ ਵਿੱਚ ਵੱਖ-ਵੱਖ ਵਰਗਾਂ ਵਿੱਚ ਸਿਲਵਰ ਮੈਡਲ ਜਿੱਤ ਕੇ ਸਕੂਲ ਦਾ ਨਾਂਅ ਪੂਰੇ ਸੂਬੇ ਵਿੱਚ ਰੌਸ਼ਨ ਕੀਤਾ ਹੈ। ਜ਼ਿਲ੍ਹਾ ਰੂਪਨਗਰ ਦੇ ਸ਼ਹਿਰ ਮੋਰਿੰਡਾ 'ਚ ਕਰਵਾਏ ਗਏ ਮੁਕਾਬਲਿਆਂ ਵਿੱਚ 18 ਕਿੱਲੋ ਭਾਰ ਵਰਗ ਵਿੱਚ ਵਿਦਿਆਰਥਣ ਰਵਨੀਤ ਕੌਰ ਪੁੱਤਰੀ ਵਕੀਲ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ 34 ਕਿੱਲੋ ਭਾਰ ਵਰਗ ਵਿੱਚ ਗੁਰਨਾਜ਼ ਕੌਰ ਪੁੱਤਰੀ ਰਾਮ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਦੱਸਣਯੋਗ ਹੈ ਕਿ ਸਕੂਲ ਪਹੁੰਚਣ 'ਤੇ ਸਰਪੰਚ ਨਵਪ੍ਰੀਤ ਸਿੰਘ, ਸਕੂਲ ਚੇਅਰਮੈਨ ਰਾਮ ਸਿੰਘ, ਸਕੂਲ ਮੁਖੀ ਗੁਰਦੇਵ ਸਿੰਘ ਅਤੇ ਕੋਚ ਮੈਡਮ ਦਲਜੀਤ ਕੌਰ ਵੱਲੋਂ ਵਿਦਿਆਰਥਣਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ



ਸਮਰਪਿਤ ਸਨਮਾਨ ਚਿੰਨ੍ਹ ਦੇ ਕੇ ਤੇ ਨੋਟਾਂ ਦੇ ਹਾਰ ਤੇ ਸਿਲਵਰ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ।ਵਿਦਿਆਰਥਣਾਂ ਦੀ ਵਿਲੱਖਣ ਪ੍ਰਾਪਤੀ ਤੋਂ ਖੁਸ਼ ਹੋ ਕੇ ਪਿੰਡ ਵਾਸੀਆਂ ਨੇ ਖੁਸ਼ੀ ਵਜੋਂ ਭੰਗੜੇ ਪਾਏ ਅਤੇ ਨਗਦ ਪੈਸੇ ਦੇ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੂਲ ਮੁਖੀ ਗੁਰਦੇਵ ਸਿੰਘ ਧੁੰਨ ਨੇ ਦੱਸਿਆ ਕਿ ਸਕੂਲ ਦੀਆਂ ਦੋਵਾਂ ਵਿਦਿਆਰਥਣਾਂ ਦੀ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਜਿੱਤ ਹਾਸਲ ਕਰਨ ਦੀ ਖ਼ਬਰ ਸੁਣਨ ਉਪਰੰਤ ਹਲਕਾ ਖੇਮਕਰਨ ਤੋਂ ਵਿਧਾਇਕ ਸਰਵਨ ਸਿੰਘ ਧੁੰਨ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਰਾਮ ਸਿੰਘ ਤੇ ਸਰਪੰਚ ਨਵਪ੍ਰੀਤ ਵੱਲੋਂ ਸਕੂਲ ਨੂੰ ਵਧਾਈਆਂ ਭੇਜੀਆਂ ਗਈਆਂ।ਸਕੂਲ ਮੁਖੀ ਨੇ ਵਧਾਈਆਂ ਭੇਜਣ ਲਈ ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਦਾ ਧੰਨਵਾਦ ਕਰਦਿਆਂ ਬੱਚਿਆਂ ਲਈ ਇੱਕ ਪੱਕੇ ਕੋਚ ਦਾ ਪ੍ਰਬੰਧ ਕਰਨ ਦੀ ਅਪੀਲ ਕੀਤੀ।ਇਸ ਮੌਕੇ ਉਨ੍ਹਾਂ ਦੱਸਿਆ ਕਿ ਕੁਝ ਕੁ ਰੁਝੇਵਿਆਂ ਕਾਰਨ ਬੀਈਓ ਭਿੱਖੀਵਿੰਡ ਜਸਵਿੰਦਰ ਸਿੰਘ ਵਿਦਿਆਰਥਣਾਂ ਦੇ ਸਵਾਗਤ ਲਈ ਸਕੂਲ ਨਹੀਂ ਪਹੁੰਚ ਸਕੇ ਪ੍ਰੰਤੂ ਉਨ੍ਹਾਂ ਨੇ ਫੋਨ 'ਤੇ ਬੱਚਿਆਂ ਨੂੰ ਵਧਾਈਆਂ ਭੇਜਦਿਆਂ ਜਲਦ ਸਕੂਲ ਪਹੁੰਚਣ ਦਾ ਵਾਅਦਾ ਕੀਤਾ ਹੈ।ਇਸ ਮੌਕੇ ਸਰਪੰਚ ਨਵਪ੍ਰੀਤ ਸਿੰਘ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਰਾਮ ਸਿੰਘ, ਕੋਚ ਮੈਡਮ ਦਲਜੀਤ ਕੌਰ, ਈਟੀਟੀ ਅਧਿਆਪਕ ਹਰਪ੍ਰੀਤ ਸਿੰਘ, ਈਟੀਟੀ ਅਧਿਆਪਕ ਖੁਸ਼ਦੀਪ ਮਿੱਤਲ ਆਦਿ ਹਾਜ਼ਰ ਸਨ।

# ਬਾਬਾ ਅਜੈ ਸਿੰਘ ਖਾਲਸਾ ਸਕੂਲ ਗੁਰਦਾਸਨੰਗਲ ਦੇ ਬੱਚਿਆਂ ਨੇ ਗੁਰਮਤਿ ਅਤੇ ਦਸਤਾਰ ਮੁਕਾਬਲਿਆਂ 'ਚ ਮੱਲਾਂ ਮਾਰੀਆਂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਦੇ ਬੱਚਿਆਂ ਨੇ ਗੁਰਮਤਿ ਅਤੇ ਸੁੰਦਰ ਦਸਤਾਰ ਸਜਾਉਣ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਮੱਲਾਂ ਮਾਰੀਆਂ ਹਨ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਸਰਬਜੀਤ ਕੌਰ ਦੱਸਿਆ ਕਿ ਸਿੱਖ ਵੈੱਲਫੇਅਰ ਫਾਊਂਡੇਸ਼ਨ ਧਾਰੀਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੱਤਵਾਂ ਗੁਰਮਤਿ ਪ੍ਰੋਗਰਾਮ ਇਤਿਹਾਸਕ ਗੁਰਦੁਆਰਾ ਸ਼੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਕਰਵਾਇਆ ਗਿਆ। ਪ੍ਰੋਗਰਾਮ ਵਿੱਚ ਜ਼ਿਲ੍ਹੇ ਭਰ ਤੋਂ ਵੱਖ ਵੱਖ ਸਕੂਲਾਂ ਦੇ 300 ਦੇ ਕਰੀਬ ਬੱਚਿਆਂ ਨੇ ਹਿੱਸਾ ਲਿਆ। ਇਸ ਮੌਕੇ ਬੱਚਿਆਂ ਦੇ ਗੁਰਮਤਿ ਕੁਇਜ਼ ਮੁਕਾਬਲੇ, ਸੁੰਦਰ ਲਿਖਾਈ ਮੁਕਾਬਲੇ ਅਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ। ਮੁਕਾਬਲਿਆਂ ਦੌਰਾਨ ਪਹਿਲੇ ਗਰੁੱਪ ਵਿੱਚ ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਜਦਕਿ ਦੂਸਰੇ ਗਰੁੱਪ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸਨੰਗਲ ਦੇ 20 ਬੱਚਿਆਂ ਨੇ ਸਕੂਲ ਅਧਿਆਪਕ ਅਮਰੀਕ ਸਿੰਘ ਲੇਹਲ ਦੀ ਅਗਵਾਈ ਹੇਠ ਦੋਵਾਂ ਗਰੁੱਪਾਂ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪਹਿਲਾ ਗਰੁੱਪ (ਪੰਜਵੀਂ ਤੋਂ ਅੱਠਵੀਂ ਜਮਾਤ) ਵਿੱਚੋਂ ਗੁਰਸ਼ਾਨ ਸਿੰਘ ਨੇ ਸੋਹਣੀ ਦਸਤਾਰ ਬੰਨ੍ਹ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਦੂਸਰਾ ਗਰੁੱਪ (ਨੌਵੀਂ ਤੋਂ ਬਾਰਵੀਂ ਜਮਾਤ) ਵਿੱਚੋਂ ਕਰਨਦੀਪ ਸਿੰਘ ਨੇ ਸੋਹਣੀ ਦਸਤਾਰ ਬੰਨ੍ਹ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕੁਇਜ਼ ਮੁਕਾਬਲੇ ਦੂਸਰਾ ਗਰੁੱਪ (ਨੌਵੀਂ ਤੋਂ ਬਾਰ੍ਹਵੀ ਜਮਾਤ) ਵਿੱਚ ਦੂਸਰਾ ਸਥਾਨ ਹਾਸਲ ਕਰਕੇ ਓਵਰ ਆਲ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਿੱਖ ਵੈੱਲਫੇਅਰ ਫਾਊਂਡੇਸ਼ਨ ਧਾਰੀਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਵੱਲੋਂ ਜੇਤੂ ਬੱਚਿਆਂ ਨੂੰ ਮੈਡਲ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਅਤੇ ਬੱਚਿਆਂ ਦੇ ਨਾਲ ਆਏ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸਰਬਜੀਤ ਕੌਰ ਨੇ ਜੇਤੂ ਬੱਚਿਆਂ ਅਤੇ ਅਧਿਆਪਕ ਅਮਰੀਕ ਸਿੰਘ ਲੇਹਲ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਅਜਿਹੀਆਂ ਹੋਰ ਵੀ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਹਾਜ਼ਰ ਸਨ।



# ਅਮਰ ਸ਼ਹੀਦਾਂ ਨੂੰ ਯਾਦ ਕਰਦਿਆਂ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਇਆ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਤਰਨ ਤਾਰਨ ਵੱਲੋਂ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਇਆ ਗਿਆ।ਇਸ ਮੌਕੇ ਸਹਾਇਕ ਕਮਿਸ਼ਨਰ ਜਨਰਲ ਕਰਨਵੀਰ ਸਿੰਘ ਵੱਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਇਸ ਮੌਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਤਰਨ ਤਾਰਨ ਵਿਖੇ ਝੰਡਾ ਦਿਵਸ ਨੂੰ ਸਮਰਪਿਤ 06 ਜ਼ਰੂਰਤਮੰਦ ਨਾਨ ਪੈਨਸ਼ਨ ਸਾਬਕਾ ਸੈਨਿਕਾਂ ਨੂੰ ਪ੍ਰਤੀ ਕੇਸ 5,000 ਰੁਪਏ ਝੰਡਾ ਦਿਵਸ ਫੰਡ ਵਿੱਚੋਂ ਮਾਲੀ ਸਹਾਇਤਾ ਦੇ ਚੈੱਕ ਵੰਡੇ ਗਏ।ਇਸ ਦਿਨ ਦੀ ਮਹੱਤਤਾ ਬਾਰੇ ਚਾਨਣਾ ਪਾਉਂਦੇ ਹੋਏ ਦੱਸਿਆ ਗਿਆ ਕਿ ਸੈਨਾ ਝੰਡਾ ਦਿਵਸ ਦੇਸ਼ ਦੇ ਅਮਰ ਸ਼ਹੀਦਾਂ ਦੀ ਯਾਦ ਸਾਡੇ ਸਭਨਾਂ ਦੇ ਮਨਾਂ 'ਚ ਤਾਜ਼ਾ ਕਰਦਾ ਹੈ, ਜਿਨ੍ਹਾਂ ਨੇ ਸਾਡੇ ਕੱਲ੍ਹ ਵਾਸਤੇ ਆਪਣੇ ਆਪ ਨੂੰ ਕੁਰਬਾਨ ਕੀਤਾ ਹੈ।ਇਸ ਦਿਨ ਸੁਰੱਖਿਆ ਸੈਨਾਵਾਂ ਵੱਲੋਂ ਦੇਸ਼ ਲਈ ਦਿੱਤੀਆਂ ਸੇਵਾਵਾਂ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਹੈ ਜਿਸ ਨਾਲ ਸੈਨਿਕਾਂ ਦੇ ਪਰਿਵਾਰਾਂ ਨੂੰ ਹੌਸਲਾ ਮਿਲਦਾ ਹੈ ਅਤੇ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਦੇਸ਼ ਦੀ ਜਨਤਾ ਹਰ ਮਾੜੇ ਅਤੇ ਚੰਗੇ ਸਮੇਂ 'ਚ ਉਨ੍ਹਾਂ ਦੇ ਨਾਲ ਹੈ।ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਾਰਾਰ ਰੱਖਣ ਲਈ ਦੁਸ਼ਮਣ ਵੱਲੋਂ ਥੋਪੀਆਂ ਲੜਾਈਆਂ ਅਤੇ ਅੱਤਵਾਦ ਖਿਲਾਫ ਸੈਨਿਕਾਂ ਨੇ ਕਾਫ਼ੀ ਸ਼ਹਾਦਤਾਂ ਪਾਈਆਂ ਹਨ, ਜੋ ਕਿ ਸ਼ਲਾਘਾਯੋਗ ਹਨ।ਕਈ ਸੈਨਿਕ ਸ਼ਹੀਦ ਹੋ ਗਏ ਅਤੇ ਕਈ ਸਦਾ ਲਈ ਨਕਾਰਾ ਹੋ ਗਏ।ਅਜਿਹੇ ਸੈਨਿਕਾਂ ਦੇ ਪਰਿਵਾਰਾਂ ਦੀ ਦੇਖਭਾਲ ਕਰਨਾ ਸਰਕਾਰ ਅਤੇ ਸਮਾਜ ਦੀ ਮੁੱਢਲੀ ਜ਼ਿੰਮੇਵਾਰੀ ਬਣ ਜਾਂਦੀ ਹੈ।ਬੇਸ਼ੱਕ ਸਰਕਾਰ ਅਜਿਹੇ ਪਰਿਵਾਰਾਂ ਦੀ ਬੜੀ ਹਮਦਰਦੀ ਨਾਲ ਸਮੇਂ-ਸਮੇਂ ਤੇ ਕਈ ਪ੍ਰਕਾਰ ਦੀ ਮੱਦਦ ਕਰਦੀ ਹੈ, ਪ੍ਰੰਤੂ ਹਥਿਆਰਬੰਦ ਸੈਨਾ ਝੰਡਾ ਦਿਵਸ ਭਾਰਤ ਦੇਸ਼ ਅਤੇ ਇਸ ਸੂਬੇ ਦੇ ਹਰ ਨਾਗਰਿਕ ਨੂੰ ਆਪਣੇ ਬਹਾਦਰ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਸਤਿਕਾਰ ਅਤੇ ਹਮਦਰਦੀ ਪ੍ਰਗਟ ਕਰਨ ਲਈ ਇੱਕ ਸੁਨਹਿਰੀ ਮੌਕਾ ਪ੍ਰਦਾਨ ਕਰਦਾ ਹੈ।ਇਸ ਲਈ ਭਾਰਤ ਦੇਸ਼ ਦਾ ਹਰ ਨਾਗਰਿਕ ਝੰਡਾ ਦਿਵਸ ਮਨਾ ਕੇ ਦਿਲ ਖੋਲ੍ਹ ਕੇ ਦਾਨ ਕਰਦਾ ਹੈ।ਇਸ ਮੌਕੇ ਸਹਾਇਕ ਕਮਿਸ਼ਨਰ ਕਰਨਵੀਰ ਸਿੰਘ ਨੇ ਝੰਡਾ ਫੰਡ ਇੱਕਠਾ ਕਰਨ ਲਈ ਜ਼ਿਲ੍ਹੇ ਦੇ ਸਮੂਹ ਵਿਭਾਗਾਂ, ਨਾਗਰਿਕਾਂ, ਸਰਕਾਰੀ/ਪ੍ਰਾਈਵੇਟ ਸਕੂਲਾਂ/ਕਾਲਜਾਂ, ਹਸਪਤਾਲਾਂ ਅਤੇ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਸਮਰੱਥਾ ਅਨੁਸਾਰ ਵੱਧ ਚੜ੍ਹ ਕੇ ਝੰਡਾ ਦਿਵਸ ਫੰਡ ਵਿੱਚ ਆਪਣਾ ਯੋਗਦਾਨ ਪਾਉਣ।ਇਸ ਕਾਰਜ ਲਈ ਦਾਨ ਕੀਤੀ ਜਾਣ ਵਾਲੀ ਰਾਸ਼ੀ ਕਰ ਮੁਕਤ ਹੋਵੇਗੀ।



# ਜ਼ਿਲ੍ਹਾ ਪ੍ਰੀਸ਼ਦ ਲਈ 111 ਅਤੇ ਪੰਚਾਇਤ ਸੰਮਤੀ ਲਈ 680 ਉਮੀਦਵਾਰ ਚੋਣ ਮੈਦਾਨ 'ਚ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਚੋਣਾਂ ਵਿੱਚ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕਰਨ ਉਪਰੰਤ ਜ਼ਿਲ੍ਹਾ ਪ੍ਰੀਸ਼ਦ ਲਈ 111 ਅਤੇ ਪੰਚਾਇਤ ਸੰਮਤੀ ਲਈ 680 ਉਮੀਦਵਾਰ ਚੋਣ ਮੈਦਾਨ ਵਿੱਚ ਰਹਿ ਗਏ ਹਨ।ਇਹ ਜਾਣਕਾਰੀ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਵਿ) ਗੁਰਪ੍ਰੀਤ ਸਿੰਘ ਗਿੱਲ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਜਿਲ੍ਹਾ ਪ੍ਰੀਸ਼ਦ ਲਈ 148 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਸਨ।ਨਾਮਜ਼ਦਗੀਆਂ ਦੀ ਪੜਤਾਲ ਕਰਨ ਉਪਰੰਤ 37 ਨਾਮਜ਼ਦਗੀ ਪੱਤਰ ਰੱਦ ਪਾਏ ਜਾਣ ਉਪਰੰਤ 111 ਨਾਮਜ਼ਦਗੀ ਪੱਤਰ ਸਹੀ ਪਾਏ ਗਏ।ਇਸੇ ਤਰ੍ਹਾਂ ਪੰਚਾਇਤ ਸੰਮਤੀ ਦੀਨਾਨਗਰ ਵਿਖੇ 100 ਦੋਰਾਂਗਲਾ ਲਈ 73 , ਗੁਰਦਾਸਪੁਰ ਲਈ 29 , ਧਾਰੀਵਾਲ ਲਈ 51, ਕਾਦੀਆਂ ਲਈ 75 , ਫਤਿਹਗੜ੍ਹ ਚੂੜੀਆਂ ਲਈ 102, ਡੇਰਾ ਬਾਬਾ ਨਾਨਕ ਪੰਚਾਇਤ ਸੰਮਤੀ ਲਈ 31, ਕਾਹਨੂੰਵਾਨ 59, ਸ੍ਰੀ ਹਰਗੋਬਿੰਦਪੁਰ ਸਾਹਿਬ 91 , ਬਟਾਲਾ 47 ਤੇ ਕਲਾਨੌਰ ਵਿੱਚ 22 ਨਾਮਜ਼ਦਗੀ ਪੱਤਰ ਸਹੀ ਪਾਏ ਗਏ ਹਨ।



# ਧਰਮੀ ਫੌਜੀ ਅੱਜ ਸ੍ਰੀ ਅੰਮ੍ਰਿਤਸਰ ਵਿਖੇ ਪੰਥਕ ਇਕੱਠ 'ਚ ਕਰਨਗੇ ਸ਼ਮੂਲੀਅਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੀ ਹੋਈ ਬੇਅਦਬੀ ਦਾ ਇਨਸਾਫ ਲੈਣ ਲਈ ਪੰਥਕ ਆਗੂ ਭਾਈ ਬਲਦੇਵ ਸਿੰਘ ਵਡਾਲਾ ਵੱਲੋਂ ਸਾਥੀਆਂ ਸਮੇਤ 7 ਦਸਬੰਰ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਵਿਸ਼ਾਲ ਇਕੱਠ ਕਰਨ ਦੇ ਐਲਾਨ ਦੀ ਹਮਾਇਤ ਕਰਦਿਆਂ ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਇਸ ਧਰਨੇ ਵਿੱਚ ਧਰਮੀ ਫੌਜੀ ਵੀ ਸ਼ਮੂਲੀਅਤ ਕਰਨਗੇ। ਇਸ ਮੌਕੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਜੂਨ 1984 ਦੌਰਾਨ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਫੌਜੀ ਹਮਲੇ ਦੌਰਾਨ ਹੋਈਆਂ ਬੇਅਦਬੀਆਂ ਦਾ ਇਨਸਾਫ ਦੇਣ ਦੀ ਬਜਾਏ ਹਮਲਾ ਕਰਨ, ਕਰਵਾਉਣ ਅਤੇ ਹਮਾਇਤ ਕਰਨ ਵਾਲਿਆਂ ਨੂੰ ਕੁਰਸੀਆਂ ਅਤੇ ਅਹੁਦੇ ਦੇ ਕੇ ਨਿਵਾਜਿਆ ਗਿਆ, ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨਸਾਫ ਦੇਣ ਦੀ ਬਜਾਏ ਦੋਸ਼ੀਆਂ ਦੀ ਹਮਾਇਤ ਕੀਤੀ। ਧਰਮੀ ਫੌਜੀ ਜੱਥੇਬੰਦੀ ਵੱਲੋਂ ਜੂਨ 1984 ਦੌਰਾਨ ਬੇਅਦਬੀ ਦੇ ਹੱਲ ਸੰਬੰਧੀ ਵਾਰ-ਵਾਰ ਮੰਗ ਕਰਨ 'ਤੇ ਵੀ ਸ਼੍ਰੋਮਣੀ ਕਮੇਟੀ ਨੇ ਹੱਲ ਸਬੰਧੀ ਕੋਈ ਸੰਜੀਦਗੀ ਨਹੀਂ ਵਿਖਾਈ। ਇਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋ ਇਨਸਾਫ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਪ੍ਰਧਾਨ ਬਲਦੇਵ ਸਿੰਘ ਨੇ ਕਿਹਾ ਕਿ ਨਵੀਂ ਨੌਜਵਾਨ ਪੀੜ੍ਹੀ ਨੂੰ ਜੂਨ 1984 ਦੇ ਫੌਜੀ ਹਮਲੇ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਸਮੇਂ ਦੀਆਂ ਸਰਕਾਰਾਂ ਨੇ ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲਾ ਕਰ ਸਿੱਖ ਕੌਮ ਨੂੰ ਅੱਤਵਾਦ ਨਾਲ ਜੋੜ ਕੇ ਬਦਨਾਮ ਕਰਕੇ ਕਿਸ ਤਰ੍ਹਾਂ ਸਿੱਖ ਕੌਮ ਦਾ ਘਾਣ ਕਰਵਾਇਆ ਸੀ। ਧਰਮੀ ਫੌਜੀ ਪ੍ਰਧਾਨ ਬਲਦੇਵ ਸਿੰਘ ਨੇ ਸਮੂਹ ਧਰਮੀ ਫੌਜੀਆਂ, 84 ਦੇ ਪੀੜਤਾਂ, ਪੰਥ ਦਰਦੀ ਅਤੇ ਬੁੱਧੀਜੀਵੀਆਂ ਨੂੰ 7 ਦਸੰਬਰ ਦੇ ਸ੍ਰੀ ਅੰਮ੍ਰਿਤਸਰ ਦੇ ਇਕੱਠ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।



# ਚੋਣ ਸਰਗਰਮੀਆਂ ਤੇਜ਼ ਕਰਨ ਲਈ ਸੇਖਵਾਂ ਨੇ 'ਆਪ' ਦੇ ਉਮੀਦਵਾਰਾਂ ਤੇ ਅਹੁਦੇਦਾਰਾਂ ਨਾਲ ਕੀਤੀ ਮੀਟਿੰਗ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਪਿੰਡ ਸੇਖਵਾਂ ਵਿੱਚ ਆਪਣੇ ਦਫਤਰ ਵਿਖੇ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਜਗਰੂਪ ਸਿੰਘ ਸੇਖਵਾਂ ਵੱਲੋਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਹਲਕੇ ਨਾਲ ਸਬੰਧਤ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੇ ਉਮੀਦਵਾਰਾਂ ਸਮੇਤ ਸਾਰੇ ਅਹੁਦੇਦਾਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਹਲਕੇ ਦੀ ਰਣਨੀਤੀ, ਸੰਗਠਨ ਮਜ਼ਬੂਤੀ ਅਤੇ ਚੋਣ ਤਿਆਰੀਆਂ ਨੂੰ ਲੈ ਕੇ ਮਹੱਤਵਪੂਰਣ ਵਿਚਾਰ-ਵਟਾਂਦਰਾ ਕੀਤਾ।ਇਸ ਮੌਕੇ ਜਗਰੂਪ ਸਿੰਘ ਸੇਖਵਾਂ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣ ਉਮੀਦਵਾਰਾਂ ਅਤੇ ਅਹੁਦੇਦਾਰਾਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਰ ਵਰਗ ਦੇ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਅਤੇ ਕਰਵਾਏ ਵਿਕਾਸ ਕਾਰਜਾਂ ਤੋਂ ਪੰਜਾਬ ਦੇ ਲੋਕ ਸੰਤੁਸ਼ਟ ਹਨ। ਇਸ ਮੌਕੇ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਖੁੰਡਾ, ਨੈਸ਼ਨਲ ਐਵਾਰਡੀ ਸਰਪੰਚ ਜਤਿੰਦਰ ਕੌਰ ਖੁੰਡੀ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਜ਼ੋਨ ਤਿੱਬੜ, ਬਲਵਿੰਦਰ ਸਿੰਘ ਸੋਨਾ ਬਾਜਵਾ ਜ਼ਿਲ੍ਹਾ ਪ੍ਰਧਾਨ ਐਕਸ ਸਰਵਿਸਮੈਨ ਵਿੰਗ, ਮਾਰਕੀਟ ਕਮੇਟੀ ਕਾਦੀਆਂ ਦੇ ਚੇਅਰਮੈਨ ਮੋਹਨ ਸਿੰਘ, ਬਾਬਾ ਅਜੈਬ ਸਿੰਘ ਧਾਰੀਵਾਲ ਕਲਾਂ, ਕਾਮਰੇਡ ਗੁਰਮੇਜ ਸਿੰਘ ਕਾਦੀਆਂ, ਹਰਜੀਤ ਸਿੰਘ ਟਿੱਕਾ, ਮਨਜੀਤ ਸਿੰਘ ਕਾਹਨੂੰਵਾਨ, ਸ਼ਿੰਗਾਰਾ ਸਿੰਘ ਠੱਕਰਸੰਧੂ ਸੰਮਤੀ ਮੈਂਬਰ ਉਮੀਦਵਾਰ ਜ਼ੋਨ ਡੇਹਰੀਵਾਲ, ਸੁਖਦੇਵ ਸਿੰਘ ਗੋਲਡੀ ਆਦਿ ਸਮੇਤ ਹਲਕੇ ਦੇ ਆਪ ਪਾਰਟੀ ਦੇ ਉਮੀਦਵਾਰ ਤੇ ਅਹੁਦੇਦਾਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਦਿਵਯ ਜਯੋਤੀ ਜਾਗਰਤੀ ਸੰਸਥਾਨ ਵਿਖੇ ਵਿਸ਼ਵ ਸ਼ਾਂਤੀ ਲਈ ਲੱਗਾ ਦੋ ਦਿਨਾ ਸਾਧਨਾ ਕੈਂਪ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਆਸ਼ਰਮ ਵਿਖੇ ਵਿਸ਼ਵ ਸ਼ਾਂਤੀ ਦੇ ਉਦੇਸ਼ ਲਈ ਦੋ ਦਿਨਾ ਸਾਧਨਾ ਕੈਂਪ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਪਹਿਲੇ ਦਿਨ ਦਿਵਯ ਗੁਰੂ ਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯਾ ਸਾਧਵੀ ਜਯੋਤਸਨਾ ਭਾਰਤੀ ਨੇ ਕਿਹਾ ਕਿ ਜੀਵਨ ਇੱਕ ਯਾਤਰਾ ਹੈ ਝੂਠ ਤੋਂ ਸੱਚ ਵੱਲ, ਹਨੇਰੇ ਤੋਂ ਪ੍ਰਕਾਸ਼ ਵੱਲ, ਮੌਤ ਤੋਂ ਅਮਰਤਾ ਵੱਲ ਅਤੇ ਅਗਿਆਨਤਾ ਤੋਂ ਗਿਆਨ ਵੱਲ ਜਾਣ ਦੀ ਪਰ ਮਨੁੱਖ ਜਾ ਇਸ ਤੋਂ ਉਲਟ ਰਿਹਾ।ਵਿਕਾਸ ਦੀ ਪਾਗਲ ਦੌੜ ਵਿੱਚ ਮਨੁੱਖ ਇਸ ਯਾਤਰਾ ਨੂੰ ਭੁੱਲ ਗਿਆ ਹੈ ਅਤੇ ਸ਼ਾਂਤੀ ਦੀ ਭਾਲ ਵਿੱਚ ਉਦੇਸ਼ਹੀਨ ਭਟਕ ਰਿਹਾ ਹੈ।ਪ੍ਰੰਤੂ ਸ਼ਾਂਤੀ ਪ੍ਰਾਪਤ ਕਰਨ ਵਿੱਚ ਅਸਮਰਥ ਲਾਲਚੀ ਸਮਾਜ ਵੱਲ ਜਾ ਰਿਹਾ ਹੈ।ਅਸ਼ਾਂਤੀ, ਉਦਾਸੀ, ਅਗਿਆਨਤਾ, ਬੇਇਨਸਾਫ਼ੀ, ਇਕਲਾਪਾ, ਸ਼ੋਸ਼ਣ ਅਤੇ ਅਨੈਤਿਕ ਮਨੁੱਖੀ ਕਦਰਾਂ-ਕੀਮਤਾਂ ਨਾਲ ਗ੍ਰਸਤ ਮਨੁੱਖੀ ਸਮਾਜ ਪਤਨ ਦੀ ਡੂੰਘੀ ਖੱਡ ਵਿੱਚ ਡਿੱਗ ਰਿਹਾ ਹੈ।ਸਾਧਵੀ ਨੇ ਸਮਝਾਇਆ ਕਿ ਅਗਿਆਨਤਾ, ਝੂਠ ਅਤੇ ਅਨਿਆਂ ਮਨੁੱਖੀ ਮਨ ਦਾ ਸੁਭਾਅ ਹੈ, ਜੋ ਇਸਨੂੰ ਹਨੇਰੇ ਵਿੱਚ ਲੈ ਜਾਂਦਾ ਹੈ।ਮਨੁੱਖਤਾ ਹਨੇਰੇ ਖੇਤਰ ਵਿੱਚ ਕਦੇ ਵੀ ਸ਼ਾਂਤੀ ਨਹੀਂ ਮਿਲ ਸਕਦੀ।ਇਸ ਲਈ ਤਰਕ ਦੇ ਹਨੇਰੇ ਵਿੱਚ ਅਤੇ ਗਿਆਨ ਦੀ ਰੌਸ਼ਨੀ ਦੀ ਘਾਟ ਵਿੱਚ ਮਨੁੱਖ ਅਸ਼ਾਂਤੀ ਨਾਲ ਭਰਿਆ ਹੋਇਆ ਹੈ।ਇਹ ਜ਼ਰੂਰੀ ਹੈ ਕਿ ਪੂਰਨ ਗੁਰੂ ਦੀ ਕਿਰਪਾ ਨਾਲ ਬ੍ਰਹਮ ਗਿਆਨ ਦੇ ਪ੍ਰਕਾਸ਼ ਨਾਲ ਅੰਤਹਕਰਣ ਨੂੰ ਪ੍ਰਕਾਸ਼ਮਾਨ ਕਰਦੇ ਹੋਏ ਮਨੁੱਖ ਨੂੰ ਅਧਿਆਤਮਕ ਅਤੇ ਮਾਨਸਿਕ ਸ਼ਾਂਤੀ ਪ੍ਰਾਪਤ ਕਰਨੀ ਚਾਹੀਦੀ ਹੈ।ਜਦੋਂ ਕੋਈ ਸਾਧਕ ਇਸ ਸਦੀਵੀ ਅਭਿਆਸ ਦੁਆਰਾ ਪ੍ਰੇਰਿਤ ਹੋ ਕੇ ਆਪਣੇ ਗੁਰੂ ਦੇ ਮਾਰਗਦਰਸ਼ਨ ਤੇ ਚੱਲਦੇ ਹੋਏ ਅਧਿਆਤਮਿਕ ਅਭਿਆਸ ਦੇ ਮਾਰਗ 'ਤੇ ਅੱਗੇ ਵਧਦਾ ਹੈ ਤਾਂ ਉਸਦਾ ਅਭਿਆਸ ਸਵੈ-ਕਲਿਆਣ ਤੋਂ ਦੂਜਿਆਂ ਦੇ ਕਲਿਆਣ ਵੱਲ ਜਾਂ ਸਵੈ-ਜਾਗਰਣ ਤੋਂ ਵਿਸ਼ਵ ਸ਼ਾਂਤੀ ਵੱਲ ਵਧਦਾ ਹੈ।ਇਹ ਅਧਿਆਤਮਿਕ ਅਭਿਆਸ ਅਤੇ ਜੀਵਨ ਦੇ ਜਾਗਰਣ ਦਾ ਸਾਰ ਹੈ।ਪ੍ਰੋਗਰਾਮ ਦੌਰਾਨ ਸਾਧਵੀ ਰਮਨ ਭਾਰਤੀ, ਸਾਧਵੀ ਲਖਵਿੰਦਰ ਭਾਰਤੀ ਅਤੇ ਸਾਧਵੀ ਰਾਜਵੀਰ ਭਾਰਤੀ ਨੇ ਵੈਦਿਕ ਮੰਤਰਾਂ ਦਾ ਜਾਪ ਕੀਤਾ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਕੀਤੀ।ਸਾਰੀ ਸੰਗਤ ਲਈ ਲੰਗਰ ਪ੍ਰਸ਼ਾਦ ਦਾ ਵੀ ਪ੍ਰਬੰਧ ਕੀਤਾ ਗਿਆ ।



## ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦਾ ਭਜਨ ਕੀਰਤਨ ਸਮਾਗਮ ਸੰਪੰਨ



**ਜਲਾਲਾਬਾਦ (ਜੀਤ ਕੁਮਾਰ)**-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਪਿੰਡ ਪ੍ਰਭਾਤ ਸਿੰਘ ਵਾਲਾ ਉਤਾੜ ਸੁਬਾਜ਼ ਕੇ ਵਿੱਚ ਤਿੰਨ ਦਿਨਾ ਅਧਿਆਤਮਕ ਪ੍ਰਵਚਨ ਤੇ ਭਜਨ ਕੀਰਤਨ ਸਮਾਗਮ ਦਾ ਅੰਤਿਮ ਦਿਨ ਵੀ ਬੜੇ ਹਿਰਦੇ-ਸਪਰਸ਼ੀ ਅਤੇ ਰੂਹਾਨੀ ਅਨੁਭਵਾਂ ਨਾਲ ਭਰਪੂਰ ਰਿਹਾ। ਸਵੇਰ ਤੋਂ ਹੀ ਸੰਗਤਾਂ ਦੀ ਲਗਾਤਾਰ ਆਉਣ ਵਾਲੀ ਭੀੜ ਨੇ ਪੂਰੇ ਪੰਡਾਲ ਨੂੰ ਭਗਤੀ, ਸ਼ਰਧਾ ਤੇ ਸਮਰਪਣ ਨਾਲ ਭਰ ਦਿੱਤਾ। ਅੰਤਿਮ ਦਿਨ ਦਾ ਮੁੱਖ ਪ੍ਰਵਚਨ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਭਾਈ ਸਾਹਿਬ ਭਾਈ ਮੰਗਲ ਸਿੰਘ ਨੇ ਕੀਤਾ। ਉਨ੍ਹਾਂ ਆਪਣੇ ਆਤਮਿਕ ਬਚਨਾਂ ਵਿੱਚ ਪੂਰੇ ਗੁਰੂ ਦੀ ਪਹਿਚਾਣ ਨੂੰ ਸ਼ਾਸਤਰਾਂ ਤੇ ਧਾਰਮਿਕ ਗ੍ਰੰਥਾਂ ਦੇ ਅਧਾਰ 'ਤੇ ਵਿਆਖਿਆ ਕਰਦਿਆਂ ਕਿਹਾ ਕਿ ਗੁਰੂ ਸਿਰਫ਼ ਸਿੱਖਿਆ ਦੇਣ ਵਾਲਾ ਨਹੀਂ, ਸਗੋਂ ਦੀਖਿਆ ਦੇ ਕੇ ਪ੍ਰਮਾਤਮਾ ਤੱਕ ਲੈ ਕੇ ਜਾਣ ਵਾਲਾ ਰਾਹ ਹੈ। ਉਨ੍ਹਾਂ ਸੰਗਤਾਂ ਨੂੰ ਸਮਝਾਉਂਦੇ ਹੋਏ ਕਿਹਾ ਕਿ ਪੂਰਾ ਗੁਰੂ ਉਹ ਹੈ, ਜੋ ਮਨੁੱਖ ਦੇ ਸਰੀਰ ਰੂਪੀ ਮੰਦਿਰ ਵਿੱਚ ਪ੍ਰਕਾਸ਼ ਰੂਪ ਪ੍ਰਮਾਤਮਾ ਦੇ ਦਰਸ਼ਨ ਕਰਵਾ ਦੇਵੇ। ਪ੍ਰਮਾਤਮਾ ਦਾ ਦਰਸ਼ਨ ਮਨੁੱਖ ਨੂੰ ਅੰਧਕਾਰ ਤੋਂ ਰੋਸ਼ਨੀ ਵੱਲ ਲੈ ਜਾਂਦਾ ਹੈ। ਸਮਾਗਮ ਦੇ ਕੀਰਤਨ ਭਾਗ ਵਿੱਚ ਭਾਈ ਸਾਹਿਬ ਭਾਈ ਬਲਦੇਵ ਸਿੰਘ, ਭਾਈ ਸਾਹਿਬ ਭਾਈ ਹਰੀ ਸਿੰਘ ਤੇ ਭਾਈ ਸਾਹਿਬ ਭਾਈ ਜਸਪਾਲ ਸਿੰਘ ਨੇ ਭਾਵ ਪੂਰਨ ਕੀਰਤਨ ਨਾਲ ਹਰ ਇਕ ਦੇ ਮਨ ਨੂੰ ਮੋਹਿਆ। ਸਮਾਗਮ ਦੇ ਅੰਤ ਵਿੱਚ ਸਾਰੇ ਹਾਜ਼ਰੀਨ ਲਈ ਲੰਗਰ ਦੀ ਭਰਪੂਰ ਵਿਵਸਥਾ ਕੀਤੀ ਗਈ, ਜਿਸ ਵਿੱਚ ਸੇਵਾਦਾਰਾਂ ਨੇ ਸਮਰਪਣ ਤੇ ਨਿਮਰਤਾ ਨਾਲ ਸੰਗਤ ਦੀ ਸੇਵਾ ਕੀਤੀ।

## ਰਿਟਾਇਰਡ ਇੰਪਲਾਈਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਰਿਟਾਇਰਡ ਇੰਪਲਾਈਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ 17 ਦਸੰਬਰ ਨੂੰ ਆ ਰਹੇ ਪੈਨਸ਼ਨਰਜ਼ ਦਿਵਸ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਪੈਨਸ਼ਨਰਜ਼ ਦਿਵਸ ਮਨਾਉਣ ਸਬੰਧੀ ਕੀਤੇ ਜਾ ਰਹੇ ਪ੍ਰੋਗਰਾਮ ਦੇ ਮੁੱਖ ਮਹਿਮਾਨ ਐੱਸ ਬੀ ਆਈ ਬਠਿੰਡਾ ਦੇ ਖੇਤਰੀ ਮੈਨੇਜਰ ਸ੍ਰੀ ਪ੍ਰਮੋਦ ਯਾਦਵ ਹੋਣਗੇ। ਪਿਛਲੇ ਦਿਨੀਂ ਕਾਰਜਕਾਰਨੀ ਦੀ ਹੋਈ ਮੀਟਿੰਗ ਦੌਰਾਨ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਵੱਖ ਵੱਖ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਭਾਵੇਂ ਪਹਿਲਾਂ ਤੋਂ ਹੀ ਲਗਾ ਦਿੱਤੀਆਂ ਗਈਆਂ ਸਨ, ਪ੍ਰੰਤੂ ਅੱਜ ਹਾਊਸ ਵੱਲੋਂ ਪ੍ਰਵਾਨਗੀ ਲੈ ਕੇ ਸਾਰੀਆਂ ਜ਼ਿਮਾਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਪਿਛਲੇ ਸਮੇਂ ਦੌਰਾਨ ਪੈਨਸ਼ਨਰਜ਼ ਪਰਿਵਾਰ ਚੋਂ ਵਿੱਛੜ ਗਏ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਵੀ ਅਰਪਿਤ ਕੀਤੀ ਗਈ। ਇਸ ਸਮੇਂ ਪ੍ਰਧਾਨ ਘਰਾਂਗਣਾ ਨੇ ਵੱਲੋਂ ਸਾਥੀਆਂ ਨੂੰ ਸਮਾਗਮ ਦੀ ਸਫਲਤਾ ਤੋਂ ਲਿਆਵਾ ਸਾਲਾਨਾ ਫੰਡ ਇਕੱਤਰ ਕਰਨ ਲਈ ਵੀ ਜ਼ੋਰਦਾਰ ਅਪੀਲ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਜ਼ ਤੇ ਮੁਲਾਜ਼ਮਾਂ ਦੀਆਂ ਮੰਗਾਂ ਲਟਕ ਰਹੀਆਂ ਮੰਗਾਂ ਪੂਰੀਆਂ ਨਾ ਕਰਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਮੀਟਿੰਗ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਅਜਾਇਬ ਸਿੰਘ ਅਲੀਸ਼ੇਰ ਨੇ ਬਾਖੂਬੀ ਨਿਭਾਈ। ਇਸ ਸਮੇਂ ਆਤਮਾ ਸਿੰਘ ਪਮਾਰ, ਵਿੱਕਰ ਸਿੰਘ ਮੰਘਾਣੀਆ, ਜੀਤ ਸਿੰਘ ਭੁੱਲਰ, ਜਗਸੀਰ ਸਿੰਘ ਢਿੱਲੋਂ, ਹਰਬੰਸ ਸਿੰਘ ਢਿੱਲੋਂ, ਸ਼ਮਸ਼ੇਰ ਸਿੰਘ ਗਿੱਲ, ਗੁਰਚਰਨ ਸਿੰਘ ਭੰਡੂਕੇ, ਪਰਮਜੀਤ ਸਿੰਘ ਕੌਰ ਮਾਨਸਾ, ਅਰਵਿੰਦਰ ਕੌਰ, ਸੁਦਰਸ਼ਨ ਸ਼ਰਮਾ, ਸੋਹੀ ਸਿੰਘ ਸਰਾਂ, ਸੁਰਜੀਤ ਸਿੰਘ ਖਿਆਲਾ, ਸਵਿੰਦਰ ਸਿੰਘ ਜੇ ਈ, ਸਵਿੰਦਰ ਸਿੰਘ ਮੈਨੇਜਰ ਐੱਸ ਬੀ ਆਈ, ਪ੍ਰਿਥੀ ਸਿੰਘ ਮਾਨ, ਬਾਦਸ਼ਾਹ ਸਿੰਘ, ਜਸਵੰਤ ਸਿੰਘ ਕੁਲਰੀਆਂ, ਇੰਦਰ ਸਿੰਘ ਬੁਰਜ ਹਰੀ, ਰਾਜ ਕੁਮਾਰ ਰੰਗਾ, ਭੋਲਾ ਸਿੰਘ ਡੀ ਪੀ ਈ ਤੇ ਗੁਰਦੇਵ ਸਿੰਘ ਘੁਮਾਣ ਆਦਿ ਹਾਜ਼ਰ ਸਨ।

## ਮਾਈ ਭਾਰਤ ਨੇ ਕਰਵਾਈਆਂ ਬਲਾਕ ਪੱਧਰੀ ਖੇਡਾਂ



**ਧੂਰੀ (ਮਨੋਹਰ ਸਿੰਘ ਸੱਗੂ)**-ਮਾਈ ਭਾਰਤ ਸੰਗਰੂਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲੀਆਂ ਵਿਖੇ ਬਲਾਕ ਪੱਧਰੀ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਮੁੰਡੇ ਤੇ ਕੁੜੀਆਂ ਦੇ ਰੱਸਾਕਸੀ, 200 ਮੀਟਰ ਕੁੜੀਆਂ, 400 ਮੀਟਰ ਮੁੰਡੇ ਤੇ ਲੰਬੀ ਛਾਲ ਦੇ ਮੁਕਾਬਲੇ ਕਰਵਾਏ ਗਏ ਅਤੇ ਪੁਜ਼ੀਸ਼ਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਟਰਾਫੀਆਂ ਤੇ ਸਰਟੀਫਿਕੇਟ ਦਿੱਤੇ ਗਏ।ਇਸ ਪ੍ਰੋਗਰਾਮ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਨੇ ਸਹਿਯੋਗ ਕੀਤਾ ਤੇ ਸਕੂਲ ਦੇ ਸਾਰੇ ਹੀ ਸਟਾਫ ਮੈਂਬਰਾਂ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਈ। ਮਾਈ ਭਾਰਤ ਵੱਲੋਂ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ ਤੇ ਸਨਮਾਨਤ ਕੀਤਾ ਗਿਆ। ਇਸ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਜ਼ਿਲ੍ਹਾ ਪੱਧਰ 'ਤੇ ਕਰਵਾਏ ਜਾਣ ਵਾਲੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ ਜਾਵੇਗਾ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਬੁਢਲਾਡਾ ਦੀ ਮੀਟਿੰਗ



**ਬੁਢਲਾਡਾ (ਅਸ਼ੋਕ ਲਾਕੜਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ (ਰਜਿ. 295) ਪੰਜਾਬ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਬਲਾਕ ਬੁਢਲਾਡਾ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਗੁਰਜੀਤ ਸਿੰਘ ਬਰ੍ਹੇ ਦੀ ਪ੍ਰਧਾਨਗੀ ਹੇਠ ਕਲਰਾਂ ਵਾਲੀ ਮਾਤਾ ਮੰਦਰ ਵਿਖੇ ਹੋਈ।ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਡਾਕਟਰ ਸਾਥੀ ਹਾਜ਼ਰ ਹੋਏ।ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਆਪ ਸਰਕਾਰ ਨੇ ਜੋ ਵੀ ਪਿੰਡਾਂ ਵਿੱਚ ਪ੍ਰੈਕਟਿਸ ਕਰਦੇ ਡਾਕਟਰ ਸਾਥੀਆਂ ਨਾਲ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ, ਚਾਰ ਸਾਲ ਬੀਤਣ ਤੋਂ ਬਾਅਦ ਵੀ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਉਨ੍ਹਾਂ ਮਾਨ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਡਾਕਟਰਾਂ ਦੇ ਰਹਿੰਦੇ ਮਸਲੇ ਜਲਦੀ ਤੋਂ ਜਲਦੀ ਤੋਂ ਜਲਦੀ ਹੱਲ ਕੀਤੇ ਜਾਣ।ਇਸ ਮੌਕੇ ਡਾਕਟਰ ਮਿੰਟਾ, ਡਾਕਟਰ ਸਿਸ਼ਨ ਗੋਇਲ ਜ਼ਿਲ੍ਹਾ ਮੀਤ ਪ੍ਰਧਾਨ, ਚੇਅਰਮੈਨ ਰਮਜਾਨ ਖਾਨ, ਲੱਖਾ ਸਿੰਘ, ਸਕੱਤਰ ਬੂਟਾ ਸਿੰਘ ਦਾਤੇਵਾਸ, ਕੈਸ਼ੀਅਰ ਨਾਇਬ ਸਿੰਘ, ਤੇਜਾ ਸਿੰਘ, ਕਮਲਜੀਤ ਕੌਰ ਪਿਪਲੀਆਂ, ਰੁਲਦੂ ਸਿੰਘ, ਪ੍ਰਕਾਸ਼ ਸਿੰਘ ਸੈਕਟਰੀ, ਡਾਕਟਰ ਪ੍ਰਿਤਪਾਲ ਸਿੰਘ ਕੋਹਲੀ ਆਦਿ ਹਾਜ਼ਰ ਸਨ।ਅਖੀਰ ਵਿੱਚ ਬਲਾਕ ਪ੍ਰਧਾਨ ਡਾਕਟਰ ਗੁਰਜੀਤ ਸਿੰਘ ਬਰ੍ਹੇ ਨੇ ਆਏ ਹੋਏ ਸਾਰੇ ਡਾਕਟਰ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਪੰਜਾਬੀ 'ਵਰਸਿਟੀ ਦੀ ਕਬੱਡੀ ਟੀਮ ਨੇ ਰਾਜਸਥਾਨ 'ਚ ਜਿੱਤਿਆ ਚਾਂਦੀ ਤਮ.ਗਾ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਰਾਜਸਥਾਨ ਵਿੱਚ ਹੋਈਆਂ 'ਖੇਲੋ ਇੰਡੀਆ ਯੂਨੀਵਰਸਿਟੀ ਖੇਡਾਂ' ਵਿੱਚ ਪੰਜਾਬੀ ਯੂਨੀਵਰਸਿਟੀ ਦੀ ਕਬੱਡੀ ਟੀਮ ਨੇ ਚਾਂਦੀ ਤਮ.ਗਾ ਹਾਸਲ ਕੀਤਾ ਹੈ।ਖੇਡ ਵਿਭਾਗ ਦੇ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਦੀ ਕਬੱਡੀ ਟੀਮ ਦੇ ਖਿਡਾਰੀਆਂ ਨੇ ਇਸ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਇਹ ਜਿੱਤ ਹਾਸਲ ਕੀਤੀ।ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਸਮੁੱਚੇ ਭਾਰਤ ਦੀਆਂ ਯੂਨੀਵਰਸਿਟੀਆਂ ਤੋਂ ਟੀਮਾਂ ਸ਼ਿਰਕਤ ਕਰਦੀਆਂ ਹਨ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਟੀਮ ਦੇ ਸਾਰੇ ਖਿਡਾਰੀਆਂ, ਕੋਚ ਸ੍ਰੀ ਸੋਹਣ ਦੀਪ (ਅਕਾਲ ਡਿਗਰੀ ਕਾਲਜ ਸ੍ਰੀ ਮਸਤੂਆਣਾ ਸਾਹਿਬ) ਤੇ ਪੰਜਾਬੀ ਯੂਨੀਵਰਸਿਟੀ ਨਾਲ਼ ਜੁੜੇ ਸਮੁੱਚੇ ਭਾਈਚਾਰੇ ਨੂੰ ਇਸ ਪ੍ਰਾਪਤੀ ਉੱਤੇ ਵਧਾਈ ਦਿੱਤੀ।

## ਸ਼ਹੀਦੀ ਸ਼ਤਾਬਦੀ ਸੰਬੰਧੀ ਕੀਰਤਨ ਦਰਬਾਰ ਕਰਵਾਇਆ



**ਲੁਧਿਆਣਾ (ਪੱਤਰ ਪ੍ਰੇਰਕ)**-ਪਿੰਡ ਕੁਤਬੇਵਾਲ ਅਰਾਈਆਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਸਮਰਪਤ ਸਮਾਗਮ ਕਰਵਾਇਆ ਗਿਆ।ਇਸ ਗੁਰਮਤਿ ਸਮਾਗਮ ਵਿੱਚ ਵੱਖ ਵੱਖ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ।ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਭਾਈ ਰਣਧੀਰ ਸਿੰਘ ਢੇਰੀ ਵਾਲੇ ਤੇ ਭਾਈ ਪ੍ਰਮਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਦੇ ਜਥੇ ਨੇ ਉਚੇਚੇ ਤੌਰ 'ਤੇ ਕੀਰਤਨ ਤੇ ਕਥਾ ਕਰਕੇ ਸੰਗਤਾ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰਦੁਆਰੇ ਦੇ ਪ੍ਰਧਾਨ ਮਨਦੀਪ ਸਿੰਘ ਗਿੱਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।ਇਸ ਮੌਕੇ ਇਲਾਕੇ ਦੀਆਂ ਸੰਗਤਾਂ ਵਿੱਚ ਇੰਦਰ ਮੋਹਨ ਸਿੰਘ ਕਾਦੀਆਂ, ਇੰਦਰਜੀਤ ਸਿੰਘ ਮਾਨ ਕਾਸਾਬਾਦ, ਭਜਨ ਸਿੰਘ, ਸੁਰਿੰਦਰ ਸਿੰਘ ਗੋਲਾ, ਹਰਵਿੰਦਰ ਸਿੰਘ ਸਰਪੰਚ, ਸੁਖਵਿੰਦਰ ਸਿੰਘ ਗੱਗੀ ਪਹਿਲਵਾਨ, ਤਰਨਵੀਰ ਸਿੰਘ ਚੌਹਾਨ ਤੇ ਹੋਰ ਪਤਵੰਤੀਆਂ ਸ਼ਖਸੀਅਤਾਂ ਪਹੁੰਚੀਆਂ।

# ਟਰਾਈਡੈਂਟ ਗਰੁੱਪ ਦਾ ਮੈਗਾ ਮੈਡੀਕਲ ਕੈਂਪ ਸਫਲਤਾਪੂਰਵਕ ਸਮਾਪਤ



**ਬਰਨਾਲਾ (ਰਾਜਿੰਦਰ ਬਰਾੜ)**-ਮਾਲਵਾ ਖੇਤਰ ਦੀ ਪ੍ਰਮੁੱਖ ਸਨਅਤੀ ਸੰਸਥਾ ਟਰਾਈਡੈਂਟ ਗਰੁੱਪ ਵੱਲੋਂ ਮਾਨਵਤਾ ਦੀ ਸੇਵਾ ਹਿੱਤ 29 ਅਕਤੂਬਰ ਤੋਂ ਸ਼ੁਰੂ ਕੀਤਾ ਗਿਆ 'ਮੈਗਾ ਮੈਡੀਕਲ ਕੈਂਪ-2025' ਬੀਤੇ ਸ਼ੁੱਕਰਵਾਰ ਨੂੰ ਸਫਲਤਾਪੂਰਵਕ ਸਮਾਪਤ ਹੋ ਗਿਆ।ਗਰੁੱਪ ਦੇ ਬਾਨੀ ਤੇ ਰਾਜ ਸਭਾ ਮੈਂਬਰ ਪਦਮਸ੍ਰੀ ਰਜਿੰਦਰ ਗੁਪਤਾ ਦੀ ਦੂਰਅੰਦੇਸ਼ੀ ਸੋਚ ਸਦਕਾ ਸ਼ੁਰੂ ਹੋਇਆ ਇਹ ਮਹਾਂ-ਅਭਿਆਨ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਇੱਕ ਨਵੀਂ ਕ੍ਰਾਂਤੀ ਲੈ ਕੇ ਆਇਆ ਤੇ ਬਰਨਾਲਾ ਵਾਸੀਆਂ ਲਈ 'ਸੰਜੀਵਨੀ' ਸਾਬਿਤ ਹੋਇਆ।ਇਸ ਕੈਂਪ ਨੇ ਹਜ਼ਾਰਾਂ ਲੋੜਵੰਦ ਮਰੀਜ਼ਾਂ ਨੂੰ ਨਾ ਸਿਰਫ਼ ਉੱਚ ਪੱਧਰੀ ਡਾਕਟਰੀ ਸਲਾਹ, ਟੈਸਟ ਤੇ ਮਹਿੰਗੀਆਂ ਦਵਾਈਆਂ ਬਿਲਕੁਲ ਮੁਫ਼ਤ ਪ੍ਰਦਾਨ ਕੀਤੀਆਂ, ਬਲਕਿ ਇਹ ਵੀ ਸਾਬਿਤ ਕਰ ਦਿੱਤਾ ਕਿ ਗੁਪਤਾ ਪਰਿਵਾਰ ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਗਰੀਬਾਂ ਦੀ ਬਾਂਹ ਫੜ ਕੇ ਇੱਕ ਫਰਿਸ਼ਤੇ ਵਾਲੀ ਭੂਮਿਕਾ ਨਿਭਾਅ ਰਿਹਾ ਹੈ।

ਕੈਂਪ ਦੀ ਸਮਾਪਤੀ ਤੇ ਮਰੀਜ਼ਾਂ ਨੇ ਭਰੇ ਮਨ ਨਾਲ ਪਦਮਸ਼੍ਰੀ ਰਜਿੰਦਰ ਗੁਪਤਾ ਚੇਅਰਮੈਨ ਸ੍ਰੀ ਐੱਸ.ਆਰ. ਮਘੀ ਸ੍ਰੀਮਤੀ ਮਧੂ ਗੁਪਤਾ ਤੇ ਸ੍ਰੀ ਐੱਕਸ.ਓ. ਸ੍ਰੀ ਅਭਿਸ਼ੇਕ ਗੁਪਤਾ ਦਾ ਤਹਿ ਦਿਲੋਂ ਧੰਨਵਾਦ ਕੀਤਾ।ਮਰੀਜ਼ਾਂ ਨੇ ਆਸ ਪ੍ਰਗਟਾਈ ਕਿ ਟਰਾਈਡੈਂਟ ਗਰੁੱਪ ਅਜਿਹੇ ਨੇਕ ਉਪਰਾਲੇ ਭਵਿੱਖ 'ਚ ਵੀ ਕਰਦਾ ਰਹੇਗਾ।ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਡਾਇਰੈਕਟਰ ਡਾ. ਵਿਲੀਅਮ ਭੱਟੀ, ਮੈਡੀਕਲ ਸੁਪਰੀਟੈਂਡੈਂਟ ਡਾ. ਐਲਨ ਜੋਜ਼ਫ, ਨਰਸਿੰਗ ਸੁਪਰੀਟੈਂਡੈਂਟ ਡਾ. ਸੰਗੀਤਾ ਨਿਕੋਲਸ, ਐਡਮਿਨਿਸਟ੍ਰੇਟਰ ਮਿਸ ਮੋਖਲਾ ਰਾਮਾਸਵਾਮੀ ਸਣੇ ਆਰ.ਐੱਚ.ਓ.ਪੀ. ਕੈਂਪ ਡਿਪਾਰਟਮੈਂਟ ਦੀ ਟੀਮ 'ਚ ਮੈਡੀਕਲ ਸੁਪਰੀਟੈਂਡੈਂਟ ਡਾ. ਐਲਨ, ਡਾ. ਵਿਨੇ ਵਿਲਸਨ, ਇੰਚਾਰਜ ਡੌਲੀ ਮੈਡਮ, ਅਨੁਜ, ਹੀਰਾ, ਅਰੁਣ ਅਨਵਰ, ਮੋਨਿਕਾ ਪੌਲ ਤੇ ਟੀਮ ਵੱਲੋਂ ਬੜੀ ਬਾਰੀਕੀ ਨਾਲ ਮਰੀਜ਼ਾਂ ਦੀਆਂ ਮੁਸ਼ਕਲਾਂ ਨੂੰ ਸੁਣਦਿਆਂ ਉਨ੍ਹਾਂ ਨੂੰ ਉੱਚ ਪੱਧਰੀ ਇਲਾਜ ਮੁਹੱਈਆ ਕਰਵਾਇਆ ਗਿਆ।ਇਸ ਦੇ ਨਾਲ ਹੀ ਟਰਾਈਡੈਂਟ ਗਰੁੱਪ ਵੱਲੋਂ ਇੰਚਾਰਜ ਪਵਨ ਸਿੰਗਲਾ, ਚਰਨਜੀਤ ਸਿੰਘ, ਸਾਹਿਲ ਗੁਲਾਟੀ, ਜਗਰਾਜ ਪੰਡੋਰੀ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਗੁਰਦੀਪ ਸਿੰਘ, ਗੁਲਸ਼ਨ ਕੁਮਾਰ ਨੇ ਵੀ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈ।ਇਸ ਮੈਗਾ ਕੈਂਪ ਨੇ ਨਾ ਸਿਰਫ਼ ਲੋਕਾਂ ਨੂੰ ਸਿਹਤ ਸਹੂਲਤਾਂ ਦਿੱਤੀਆਂ ਹਨ, ਸਗੋਂ ਟਰਾਈਡੈਂਟ ਗਰੁੱਪ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਵੀ ਮਜ਼ਬੂਤ ਕੀਤਾ ਹੈ।

## ਪੰਜਾਬ ਦੇ ਰਾਜਪਾਲ 11 ਨੂੰ ਕਰਨਗੇ ਫਿਰੋਜ਼ਪੁਰ ਦਾ ਦੌਰਾ

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ 11 ਦਸੰਬਰ ਨੂੰ ਫਿਰੋਜ਼ਪੁਰ ਦਾ ਦੌਰਾ ਕਰਨਗੇ।ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ ਨੇ ਉਨ੍ਹਾਂ ਦੀ ਆਮਦ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਮੀਟਿੰਗ ਕਰਨ ਮੌਕੇ ਦਿੱਤੀ।ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਪੁਲਸ ਵਿਭਾਗ ਨੂੰ ਸੁਰੱਖਿਆ ਸਬੰਧੀ ਸਾਰੇ ਜ਼ਰੂਰੀ ਪ੍ਰਬੰਧਾਂ ਨੂੰ ਪੂਰੇ ਕਰਨ ਲਈ ਆਖਿਆ।ਇਸ ਤੋਂ ਇਲਾਵਾ ਉਨ੍ਹਾਂ ਸਿਹਤ ਵਿਭਾਗ, ਬਿਜਲੀ ਵਿਭਾਗ, ਨਗਰ ਕੌਂਸਲ, ਪੀ ਡਬਲਯੂ ਡੀ ਆਦਿ ਵਿਭਾਗਾਂ ਨੂੰ ਆਪੋ-ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦੌਰਾਨ ਉਹ ਬਾਰਡਰ ਏਰੀਆ ਦੇ ਕਾਲਜਾਂ ਤੇ ਵਿਲੇਜ ਡਿਫੈਂਸ ਕਮੇਟੀਆਂ ਨਾਲ ਵਿਚਾਰ ਚਰਚਾ ਕਰਨਗੇ ਤੇ ਫਿਰੋਜ਼ਪੁਰ ਦੇ ਹੋਰਨਾਂ ਮਹੱਤਵਪੂਰਨ ਸਥਾਨਾਂ ਦਾ ਦੌਰਾ ਵੀ ਕਰਨਗੇ।ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਮਾਨਯੋਗ ਰਾਜਪਾਲ ਦੀ ਆਮਦ 'ਤੇ ਲਗਾਈ ਗਈ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਕਿਹਾ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿ) ਡਾ. ਅਰਵਿੰਦ ਕੁਮਾਰ, ਆਈ.ਏ.ਐੱਸ. ਜਿੰਦਿਆ, ਆਰ.ਟੀ.ਏ. ਅਮਨਦੀਪ, ਸਹਾਇਕ ਕਮਿਸ਼ਨਰ (ਅੰਡਰ ਟਰੇਨਿੰਗ) ਰਾਜਬੀਰ ਸਿੰਘ, ਐੱਸ ਪੀ ਮਨਜੀਤ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਤੇ ਪ੍ਰੇਪ-ਨ-ਗੋਨ ਵਿਚਕਾਰ ਸਮਝੌਤਾ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਅਤੇ ਟੈਲੀ ਦੇ ਇੱਕ ਅਧਿਕਾਰਤ ਸਿਖਲਾਈ ਤੇ ਪ੍ਰਮਾਣੀਕਰਨ ਭਾਈਵਾਲ ਪ੍ਰੇਪ-ਨ-ਗੋਨ ਵਿਚਕਾਰ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਗਏ, ਜਿਸ ਦਾ ਉਦੇਸ਼ ਹੁਨਰ-ਅਧਾਰਤ ਸਿੱਖਿਆ ਨੂੰ ਵਧਾਉਣਾ ਅਤੇ ਵਣਜ ਤੇ ਪ੍ਰਬੰਧਨ ਪ੍ਰੋਗਰਾਮਾਂ ਨੂੰ ਅੱਗੇ ਵਧਾਉਣ ਵਾਲੇ ਵਿਦਿਆਰਥੀਆਂ ਦੀ ਰੁਜ਼ਗਾਰਯੋਗਤਾ ਨੂੰ ਬਿਹਤਰ ਬਣਾਉਣਾ ਹੈ।ਇਸ ਰਣਨੀਤਕ ਸਹਿਯੋਗ ਰਾਹੀਂ, ਵਿਦਿਆਰਥੀਆਂ ਨੂੰ ਭਾਰਤ ਦੇ ਪ੍ਰਮੁੱਖ ਵਪਾਰਕ ਲੇਖਾਕਾਰੀ ਸਾਫਟਵੇਅਰ, ਟੈਲੀ ਪ੍ਰਾਈਮ ਵਿੱਚ ਵਿਸ਼ੇਸ਼ ਸਿਖਲਾਈ ਤੇ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਪ੍ਰਮਾਣੀਕਰਨ ਦੀ ਪੇਸ਼ਕਸ਼ ਕੀਤੀ ਜਾਵੇਗੀ।ਸਮਝੌਤੇ ਦੇ ਤਹਿਤ ਪ੍ਰੇਪ-ਨ-ਗੋਨ ਢਾਂਚਾਗਤ ਸਿਖਲਾਈ, ਮਾਹਰ-ਅਗਵਾਈ ਨਿਰਦੇਸ਼ ਤੇ ਉੱਨਤ ਡਿਜੀਟਲ ਸਿਖਲਾਈ ਸਰੋਤ ਪ੍ਰਦਾਨ ਕਰੇਗਾ।ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਡਾ. ਪਰਿਤ ਪਾਲ ਸਿੰਘ ਤੇ ਐੱਮਓਯੂ ਦੇ ਹਸਤਾਖਰਕਰਤਾ ਨੇ ਹੁਨਰ ਵਿਕਾਸ ਨੂੰ ਉਤਸ਼ਾਹਤ ਕਰਨ ਤੇ ਗ੍ਰੈਜੂਏਟ ਰੁਜ਼ਗਾਰਯੋਗਤਾ ਨੂੰ ਵਧਾਉਣ ਲਈ ਵਣਜ ਤੇ ਪ੍ਰਬੰਧਨ ਵਿਭਾਗ ਦੇ ਸਰਗਰਮ ਯਤਨਾਂ ਦੀ ਸ਼ਲਾਘਾ ਕੀਤੀ।ਐੱਮਓਯੂ ਹਸਤਾਖਰ ਸਮਾਰੋਹ ਵਿੱਚ ਦੋਵਾਂ ਸੰਸਥਾਵਾਂ ਦੇ ਮੁੱਖ ਪ੍ਰਤੀਨਿਧੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਪ੍ਰੇਪ-ਨ-ਗੋਨ ਦੇ ਮੈਨੇਜਿੰਗ ਡਾਇਰੈਕਟਰ ਡਾ. ਰੇਜੂ ਕੁਮਾਰੀ, ਰਜਿਸਟਰਾਰ ਡਾ. ਤੇਜਬੀਰ ਸਿੰਘ, ਵਣਜ ਤੇ ਪ੍ਰਬੰਧਨ ਵਿਭਾਗ ਦੇ ਮੁਖੀ ਡਾ. ਕੰਚਨ, ਟੈਲੀ ਐਜੂਕੇਸ਼ਨ ਦੇ ਕੋਆਰਡੀਨੇਟਰ ਡਾ. ਰਮਨਦੀਪ ਕੌਰ ਸਿੱਧੂ ਤੇ ਟੈਲੀ ਸਲਿਊਸ਼ਨਜ਼ ਦੇ ਪ੍ਰਤੀਨਿਧੀ ਵਿਜੇ ਕੁਮਾਰ ਸ਼ਾਮਲ ਸਨ।

## ਹੋਲੀ ਹਾਰਟ 'ਚ ਬਾਲ ਸੁਰੱਖਿਆ ਬਾਰੇ ਜਾਗਰੂਕਤਾ ਪ੍ਰੋਗਰਾਮ

**ਸੰਗਰੂਰ (ਪ੍ਰਵੀਨ ਸਿੰਘ)**-ਬੱਚਿਆਂ ਦੀ ਸੁਰੱਖਿਆ ਤੇ ਉਨ੍ਹਾਂ ਦੇ ਅਧਿਕਾਰਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਬਾਲ ਸੁਰੱਖਿਆ ਉੱਤੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਹੋਲੀ ਹਾਰਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਮੰਗਵਾਲ ਤੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿਖੇ ਕੀਤਾ ਗਿਆ।ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਪੋਕਸੋ ਐਕਟ, ਬਾਲ ਵਿਆਹ ਰੋਕਥਾਮ ਕਾਨੂੰਨ, ਜੇਜ਼ ਸਕੂਲ ਵਾਹਨ ਪਾਲਿਸੀ ਤੇ ਚਾਈਲਡ ਰਾਈਟਸ ਬਾਰੇ ਲੋਕਾਂ ਵਿੱਚ ਜਾਣਕਾਰੀ ਫੈਲਾਉਣਾ ਸੀ।ਇਸ ਸੰਬੰਧੀ ਜਾਗਰੂਕਤਾ ਕੈਂਪ ਵਿੱਚ ਗਗਨਦੀਪ ਸਿੰਘ ਸੋਸ਼ਲ ਵਰਕਰ, ਰੁਪਿੰਦਰ ਸਿੰਘ ਆਊਟਰੀਚ ਵਰਕਰ, ਨਿਰਮਲ ਕੌਰ ਕਾਊਂਸਲਰ, ਅਮਨਦੀਪ ਸਿੰਘ ਆਊਟਰੀਚ ਵਰਕਰ ਵੱਲੋਂ ਉਕਤ ਸਕੂਲਾਂ ਵਿਚ ਬੱਚਿਆਂ ਨੂੰ ਬਾਲ ਸੁਰੱਖਿਆ ਕਾਨੂੰਨਾਂ ਬਾਰੇ ਸਮਝਾਇਆ ਗਿਆ।ਬੱਚਿਆਂ ਦੀ ਸੁਰੱਖਿਆ ਲਈ ਬਣੇ ਮਹੱਤਵਪੂਰਨ ਕਾਨੂੰਨ ਪੋਕਸੋ ਐਕਟ ਬੱਚਿਆਂ ਨੂੰ ਯੌਨ ਅਪਰਾਧਾਂ ਤੋਂ ਸੁਰੱਖਿਆ ਕਾਨੂੰਨ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ।ਇਸ ਮੌਕੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਕਿਸੇ ਵੀ ਤਰ੍ਹਾਂ ਦਾ ਬੱਚੇ ਨਾਲ ਸ਼ੋਸ਼ਣ, ਧੋਖਾ ਜਾਂ ਅੱਤਿਆਚਾਰ ਦੇਖਣ ਵਿੱਚ ਆਵੇ ਤਾਂ ਤੁਰੰਤ ਚਾਇਲਡ ਹੈਲਪਲਾਈਨ 1098 ਉੱਤੇ ਸੂਚਨਾ ਦਿੱਤੀ ਜਾਵੇ।

# ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**

ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ.) ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਬਲਬੀਰ ਸਿੰਘ ਪੁਆਰ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਸੰਪੰਨ ਹੋਈ। ਇਸ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਗੁਰਦੀਪ ਸਿੰਘ ਛਾਬੜਾ ਨੇ ਮੁਲਾਜ਼ਮਾਂ ਤੇ ਪੈਨਸ਼ਨਰਜ਼ ਦੀਆਂ ਮੰਗਾਂ ਸਬੰਧੀ ਆਪਣੇ ਵਿਚਾਰ ਬੜੇ ਸੁਲਝੇ ਢੰਗ ਨਾਲ ਪੇਸ਼ ਕੀਤੇ। ਇਸ ਤੋਂ ਬਾਅਦ ਦੁਨੀ ਚੰਦ ਬੱਤਰਾ ਨੇ ਸਰਕਾਰ ਦੀਆਂ ਮੁਲਾਜ਼ਮ/ਪੈਨਸ਼ਨਰਜ਼ ਮਾਰੂ ਨੀਤੀਆਂ ਤੇ ਸਮਾਜ ਵਿੱਚ ਚਲਦੇ ਭੱਖਦੇ ਮਸਲਿਆਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ। ਸੁਰਜੀਤ ਸਿੰਘ ਨੇ ਇਕ ਬਹੁਤ ਹੀ ਵਧੀਆ ਗੀਤ ਨਾਲ ਹਾਜ਼ਰੀ ਲਗਾਈ। ਖਜ਼ਾਨਚੀ ਸਤੀਸ਼ ਚਰਾਇਆ ਨੇ ਪੈਨਸ਼ਨਰਜ਼ ਐਸੋਸੀਏਸ਼ਨ ਦੀਆਂ ਸਰਗਰਮੀਆਂ ਤੇ ਸਰਕਾਰ ਦੀਆਂ ਨੀਤੀਆਂ ਬਾਰੇ ਚਾਨਣਾ ਪਾਇਆ।

ਐਸੋਸੀਏਸ਼ਨ ਦੇ ਸਰਪ੍ਰਸਤ ਦੇਸ ਰਾਜ ਗਾਂਧੀ ਨੇ 14 ਦਸੰਬਰ 2025 ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਤੇ 2027 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਸਰਕਾਰ ਨੂੰ ਸਬਕ ਸਿਖਾਉਣ ਦੀ ਵਕਾਲਤ ਕੀਤੀ। ਪ੍ਰੇਮ ਪ੍ਰਕਾਸ਼ ਕਾਠੂੰਗੀ ਨੇ 26 ਦਸੰਬਰ 2025 ਨੂੰ ਸ਼ਹੀਦ ਉਧਮ ਸਿੰਘ ਦਾ 126ਵਾਂ ਜਨਮ ਦਿਹਾੜਾ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਮਨਾਉਣ ਦੇ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਗੁਰਨਾਮ ਸਿੰਘ ਪ੍ਰਸਿੱਧ ਐਥਲੀਟ ਨੇ ਮਾਸਟਰ ਐਥਲੈਟਿਕਸ ਮੀਟ ਜੋਕਿ ਮਸਤੂਆਣਾ ਸਾਹਿਬ ਵਿਖੇ ਹੋਈ ਹੈ, ਵਿੱਚ ਹਿੱਸਾ ਲੈ ਕੇ ਸਿਲਵਰ ਮੈਡਲ ਜਿੱਤਣ 'ਤੇ ਐਸੋਸੀਏਸ਼ਨ ਨੇ ਉਸ ਨੂੰ ਸਨਮਾਨਤ ਕੀਤਾ। ਪ੍ਰਵੇਸ਼ ਖੰਨਾ ਨੇ ਸਟੇਜ ਸਕੱਤਰ ਦੀ ਭੂਮਿਕਾ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ ਤੇ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕੀਤੇ। ਮੀਟਿੰਗ ਦੇ ਅੰਤ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਬਲਬੀਰ ਸਿੰਘ ਪੁਆਰ ਨੇ ਦੱਸਿਆ ਕਿ 17 ਦਸੰਬਰ 2025 ਨੂੰ ਪੈਨਸ਼ਨਰਜ਼ ਦਿਹਾੜਾ ਸਥਾਨਕ ਜਨਤਾ ਭਵਨ ਵਿਖੇ ਮਨਾਇਆ ਜਾਵੇਗਾ, ਜਿਸ ਵਿੱਚ ਸਮੂਹ ਪੈਨਸ਼ਨਰਜ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ।

## ਪ੍ਰਸ਼ਾਸਨ ਵੱਲੋਂ ਉਮੀਦਵਾਰਾਂ ਦੀ ਲਿਸਟ ਵਿਚ ਦੇਰੀ 'ਤੇ ਕੀਤੀ ਸੜਕ ਜਾਮ



**ਸਮਰਾਲਾ (ਸੁਰਜੀਤ ਸਿੰਘ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਖੜੇ ਉਮੀਦਵਾਰਾਂ ਦੀ ਲਿਸਟ ਜਾਰੀ ਹੋਣ ਦੀ ਦੇਰੀ ਕਾਰਨ ਐੱਸ ਡੀ ਐੱਮ ਦਫਤਰ ਸਮਰਾਲਾ ਸਾਹਮਣੇ ਸੜਕ ਜਾਮ ਕਰ ਭਾਜਪਾ ਤੇ ਅਕਾਲੀ ਦਲ ਦੇ ਸੈਂਕੜੇ ਸਮਰਥਕਾਂ ਵੱਲੋਂ ਧਰਨਾ ਲਗਾਇਆ ਗਿਆ ਤੇ ਰੋਸ ਪ੍ਰਦਰਸ਼ਨ ਕੀਤਾ।ਇਹ ਧਰਨਾ ਭਾਜਪਾ ਆਗੂ ਨਿਸ਼ੂ ਸ਼ਰਮਾ ਤੇ ਅਕਾਲੀ ਦਲ ਦੇ ਜਸਮੇਲ ਸਿੰਘ ਬੌਂਦਲੀ ਦੀ ਅਗਵਾਈ ਵਿੱਚ ਲਗਾਇਆ ਗਿਆ।ਹਾਲਾਂਕਿ ਧਰਨੇ ਦੇ ਕਰੀਬ 15 ਮਿੰਟ ਬਾਅਦ ਪੁਲਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਤੇ ਧਰਨਾਕਾਰੀਆਂ ਨੂੰ ਸ਼ਾਂਤ ਕਰ ਧਰਨਾ ਖਤਮ ਕਰਵਾਇਆ।ਇਸ ਸੰਬੰਧੀ ਭਾਜਪਾ ਆਗੂ ਨਿਸ਼ੂ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਸਬੰਧੀ ਪਾਰਟੀ ਵਰਕਰਾਂ ਵੱਲੋਂ ਆਪਣੇ ਆਪਣੇ ਬਲਾਕ ਦੇ ਉਮੀਦਵਾਰ ਦੇ ਤੌਰ 'ਤੇ ਕਾਗਜ਼ ਭਰੇ ਗਏ ਸਨ ਤੇ ਅੱਜ ਪ੍ਰਸ਼ਾਸਨ ਵੱਲੋਂ ਉਮੀਦਵਾਰਾਂ ਦੀ ਲਿਸਟ ਜਾਰੀ ਹੋਣੀ ਸੀ, ਪਰ ਇਹ ਲਿਸਟ ਸ਼ਾਮ 7 ਵਜੇ ਤੱਕ ਜਾਰੀ ਨਹੀਂ ਹੋਈ, ਜਿਸ ਤੋਂ ਰੋਸ ਪ੍ਰਗਟਾਉਂਦੇ ਹੋਏ ਅਸੀਂ ਐੱਸਡੀਐੱਮ ਦਫਤਰ ਸਾਹਮਣੇ ਸੜਕ ਜਾਮ ਕਰ ਧਰਨਾ ਲਗਾਇਆ। ਉਨ੍ਹਾਂ ਕਿਹਾ ਕਿ ਨਿੰਦਣਯੋਗ ਹੈ ਕਿ ਜੋ ਪਹਿਲਾਂ ਸ਼ਾਮ 5 ਵਜੇ ਤੋਂ ਬਾਅਦ ਬੀਡੀਪੀਓ ਦਫਤਰ ਦੇ ਵਿੱਚ ਜਾਂ ਬੀਡੀਪੀਓ ਨੂੰ ਮਿਲ ਉਮੀਦਵਾਰਾਂ ਦੀ ਲਿਸਟ ਜਾਰੀ ਨਾ ਹੋਣ ਦਾ ਕਾਰਨ ਪੁੱਛਿਆ ਤਾਂ ਬੀਡੀਪੀਓ ਦਾ ਕਹਿਣਾ ਸੀ ਕਿ ਲਿਸਟ ਜਾਰੀ ਹੋ ਰਹੀ ਹੈ, ਪਰ ਉਸ ਸਮੇਂ ਬੀਡੀਪੀਓ ਨੇ ਕਿਹਾ ਕਿ ਸਿਰਫ ਦੋ ਨਾਮ ਰੱਦ ਹੋਏ ਹਨ, ਪਰ ਕੁਝ ਸਮੇਂ ਬਾਅਦ ਜਦੋਂ ਅਕਾਲੀ ਸਮਰਥਕ ਬੀਡੀਪੀਓ ਨੂੰ ਸਵਾਲ ਪੁੱਛਦੇ ਹਨ ਤਾਂ ਬੀਡੀਪੀਓ ਦਾ ਕਹਿਣਾ ਸੀ ਕਿ 42 ਕਾਗਜ਼ ਰੱਦ ਹੋਏ ਹਨ, ਜਿਸ ਤੋਂ ਪਾਰਟੀ ਸਮਰਥਕ ਰੋਸ 'ਚ ਆ ਗਏ ਤੇ ਸੜਕ ਜਾਮ ਕਰ ਧਰਨਾ ਲਗਾ ਦਿੱਤਾ।ਧਰਨਾ ਖਤਮ ਹੋਣ ਤੋਂ ਬਾਅਦ ਭਾਜਪਾ ਨੇਤਾ ਨਿਸ਼ੂ ਸ਼ਰਮਾ ਤੇ ਅਕਾਲੀ ਦਲ ਦੇ ਜਸਮੇਲ ਸਿੰਘ ਬੌਂਦਲੀ ਐੱਸਡੀਐੱਮ ਸਮਰਾਲਾ ਨੂੰ ਮਿਲੇ ਤੇ ਐੱਸਡੀਐੱਮ ਸਮਰਾਲਾ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਜਲਦ ਹੀ ਲਿਸਟ ਜਾਰੀ ਹੋ ਰਹੀ ਹੈ।

# ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਦੋ ਰੋਜ਼ਾ ਕੌਮੀ ਸੈਮੀਨਾਰ ਦਾ ਆਗਾਜ਼



**ਤਲਵੰਡੀ ਸਾਬੋ (ਜਗਦੀਪ ਗਿੱਲ)**

ਮਨੁੱਖੀ ਅਧਿਕਾਰ ਕਮਿਸ਼ਨ ਨਵੀਂ ਦਿੱਲੀ ਵੱਲੋਂ ਪ੍ਰਾਯੋਜਿਤ ਮਾਨਸਿਕ ਸਿਹਤ ਦਾ ਅਧਿਕਾਰ-ਪਹੁੰਚ, ਜਾਗਰੂਕਤਾ ਤੇ ਵਕਾਲਤ ਵਿਸ਼ੇ 'ਤੇ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਦੋ ਰੋਜ਼ਾ ਕੌਮੀ ਸੈਮੀਨਾਰ ਕੀਤਾ ਗਿਆ, ਜਿਸ ਦਾ ਆਗਾਜ਼ ਮੁੱਖ ਮਹਿਮਾਨ ਮੈਂਬਰ ਮਨੁੱਖੀ ਅਧਿਕਾਰ ਕਮਿਸ਼ਨ, ਡਾ. ਜਸਟਿਸ ਬਿਦਯੁਤ ਰੰਜਣ ਸਾਰੰਗੀ, ਸਾਬਕਾ ਚੀਫ਼ ਜਸਟਿਸ ਝਾਰਖੰਡ ਹਾਈ ਕੋਰਟ ਵੱਲੋਂ ਕੀਤਾ ਗਿਆ। ਇਸ ਮੌਕੇ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ, ਐਸ.ਪੀ. ਹੈੱਡ ਕੁਆਰਟਰ ਬਠਿੰਡਾ ਜਗਦੀਸ਼ ਬਿਸ਼ਨੋਈ, ਡਾਇਰੈਕਟਰ ਕੈਂਪਸ ਡਾ. ਹਰਜਸਪਾਲ ਸਿੰਘ ਸਿੱਧੂ, ਪ੍ਰੋ ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ, ਪ੍ਰੋ ਵਾਈਸ ਚਾਂਸਲਰ ਡਾ. ਪੀਯੂਸ਼ ਵਰਮਾ, ਡੀਨ ਅਕਾਦਮਿਕ ਡਾ. ਜਾਵੇਦ ਅਹਿਮਦ ਖਾਨ, ਨੋਡਲ ਅਫ਼ਸਰ ਡਾ. ਅਮਿਤ ਟੁਟੇਜਾ, ਸਬ ਡਵੀਜ਼ਨਲ ਜੂਡੀਸ਼ੀਅਲ ਮੈਜਿਸਟ੍ਰੇਟ ਤਲਵੰਡੀ ਸਾਬੋ ਮੈਡਮ ਕਰਨਦੀਪ ਕੌਰ, ਜੂਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ ਤਲਵੰਡੀ ਸਾਬੋ ਮਨਜਿੰਦਰ ਸਿੰਘ, ਵੱਖ-ਵੱਖ ਵਿਭਾਗਾਂ ਦੇ ਡੀਨ, ਫੈਕਲਟੀ ਮੈਂਬਰ, ਪੁਲਸ ਅਧਿਕਾਰੀ, ਕਰਮਚਾਰੀ ਤੇ ਵਿਦਿਆਰਥੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸੈਮੀਨਾਰ ਦੇ ਤਕਨੀਕੀ ਸੈਸ਼ਨ ਵਿੱਚ ਵਿਭਾਗ ਮੁਖੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ, ਡਾ. ਪੀ. ਡੀ. ਬਾਂਸਲ ਸਿਵਲ ਜੱਜ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ, ਮੈਡਮ ਬਲਜਿੰਦਰ ਕੌਰ ਮਾਨ ਚੀਫ਼ ਜੂਡੀਸ਼ੀਅਲ ਮੈਜਿਸਟ੍ਰੇਟ ਬਠਿੰਡਾ, ਡਾ. ਪੁਨੀਤ ਪਾਠਕ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਬਠਿੰਡਾ ਨੇ ਵਿਸ਼ੇਸ਼ ਬੁਲਾਰੇ ਵਜੋਂ ਆਪਣੇ ਵਿਚਾਰ ਰੱਖੇ।ਇਸ ਮੌਕੇ ਪ੍ਰੋਗਰਾਮ ਦੇ ਵਿਸ਼ੇ ਬਾਰੇ ਇੱਕ ਕਿਤਾਬਚਾ ਵੀ ਰਿਲੀਜ਼ ਕੀਤਾ ਗਿਆ।ਨੋਡਲ ਅਫਸਰ ਡਾ. ਟੁਟੇਜਾ ਨੇ ਦੋ ਦਿਨ ਚੱਲਣ ਵਾਲੇ ਸੈਮੀਨਾਰ ਦੀ ਕਾਰਵਾਈ ਬਾਰੇ ਚਾਨਣਾ ਪਾਇਆ ਤੇ ਵਰਸਿਟੀ ਵੱਲੋਂ ਸਮਾਜ ਹਿੱਤ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ।ਆਯੋਜਕਾਂ ਵੱਲੋਂ ਪਤਵੰਤਿਆਂ ਨੂੰ ਦੁਸ਼ਾਲੇ ਤੇ ਸਮ੍ਰਿਤੀ ਚਿੰਨ੍ਹ ਨਾਲ ਸਨਮਾਨਤ ਕੀਤਾ।

## ਸੀ ਪੀ ਆਈ ਜ਼ਿਲ੍ਹਾ ਫਰੀਦਕੋਟ ਦੀ ਸਫਲ ਕਾਨਫਰੰਸ ਦਾ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਸਵਾਗਤ

**ਕੋਟਕਪੂਰਾ (ਰਛਪਾਲ ਭੁੱਲਰ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਫਰੀਦਕੋਟ ਦੀ ਪਿਛਲੇ ਦਿਨੀਂ ਹੋਈ ਕਾਨਫਰੰਸ ਦੀ ਸਫਲਤਾ ਤੇ ਨਵੀਂ ਚੋਣ ਦਾ ਵੱਖ-ਵੱਖ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਸਵਾਗਤ ਕਰਦੇ ਹੋਏ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂਆਂ ਬੋਹੜ ਸਿੰਘ ਔਲਖ, ਮੁਖਤਿਆਰ ਸਿੰਘ ਭਾਣਾ, ਗੁਰਦੀਪ ਸਿੰਘ ਤੇ ਜਸਪਾਲ ਸਿੰਘ ਦੀਪ ਸਿੰਘ ਵਾਲਾ, ਚਮਕੌਰ ਸਿੰਘ ਕੋਟ ਸੁਖੀਆ, ਨਾਇਬ ਸਿੰਘ ਘਣੀਏਵਾਲਾ ਤੇ ਜਗਤਾਰ ਸਿੰਘ ਰਾਜੋਵਾਲਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਆਗੂ ਪੱਪੀ ਸਿੰਘ ਢਿੱਲਵਾਂ, ਵੀਰ ਸਿੰਘ ਤੇ ਗੁਰਦੀਪ ਸਿੰਘ ਕੰਮੇਆਣਾ, ਰੇਸ਼ਮ ਸਿੰਘ ਮੱਤਾ, ਰੇਸ਼ਮ ਸਿੰਘ ਜਿਊਣਵਾਲਾ, ਕੁੱਲ ਹਿੰਦ ਕਿਸਾਨ ਸਭਾ ਦੇ ਗੁਰਤੇਜ ਸਿੰਘ ਘਣੀਏਵਾਲਾ ਤੇ ਸ਼ਿਵ ਕੁਮਾਰ, ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਦੇ ਸੋਮ ਨਾਥ ਅਰੋੜਾ, ਇਕਬਾਲ ਸਿੰਘ ਰਣ ਸਿੰਘ ਵਾਲਾ, ਇੰਦਰਜੀਤ ਸਿੰਘ ਗਿੱਲ, ਸੁਖਚਰਨ ਸਿੰਘ ਤੇ ਗੁਰਦੀਪ ਸਿੰਘ ਭੋਲਾ, ਪੀਆਰਟੀਸੀ ਰਿਟਾਇਰਡ ਭਾਈਚਾਰਾ ਯੂਨੀਅਨ, ਐਕਸ ਸਰਵਿਸਮੈਨ ਜਥੇਬੰਦੀ ਦੇ ਸੁਖਦੇਵ ਸਿੰਘ ਡੋਡ ਤੇ ਨੌਜਵਾਨ ਸਭਾ ਦੇ ਚਰਨਜੀਤ ਸਿੰਘ ਚੰਮੇਲੀ ਤੇ ਜਸਵੰਤ ਸਿੰਘ ਔਲਖ, ਆਲ ਇੰਡੀਆ ਆਸ਼ਾ ਵਰਕਰ ਯੂਨੀਅਨ ਏਟਕ ਦੀ ਸੂਬਾਈ ਆਗੂ ਅਮਰਜੀਤ ਕੌਰ ਰਣ ਸਿੰਘ ਵਾਲਾ, ਪੰਜਾਬ ਇਸਤਰੀ ਸਭਾ ਦੀਆਂ ਆਗੂ ਵੀਰ ਪਾਲ ਕੌਰ ਮਹਿਲੜ ਤੇ ਰੁਪਿੰਦਰ ਕੌਰ, ਆਊਟਸੋਰਸ ਮੁਲਾਜ਼ਮ ਆਗੂ ਬਲਕਾਰ ਸਿੰਘ ਸਹੋਤਾ, ਹਰਵਿੰਦਰ ਸ਼ਰਮਾ ਤੇ ਸ਼ਿਵ ਨਾਥ ਦਰਦੀ ਨੇ ਨਵੀਂ ਟੀਮ ਨੂੰ ਪੂਰਾ ਸਹਿਯੋਗ ਦੇਣ ਤੇ ਸੰਘਰਸ਼ਾਂ ਵਿੱਚ ਵੱਧ ਤੋਂ ਵੱਧ ਸਾਥ ਦੇਣ ਦਾ ਵਿਸ਼ਵਾਸ ਦਿਵਾਇਆ ਹੈ।ਇੱਕ ਮਤੇ ਰਾਹੀਂ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਪਿੰਡ ਦੀਪ ਸਿੰਘ ਵਾਲਾ ਦੇ ਮਜ਼ਦੂਰ ਜਸਵਿੰਦਰ ਸਿੰਘ ਭਗਤ ਦੇ ਛੋਟੇ ਹਾਥੀ ਦੀ ਭੰਨ ਤੋੜ ਕਰਨ ਤੇ ਉਸ ਉੱਪਰ ਹਮਲਾ ਕਰਨ ਦੀ ਕੋਸ਼ਿਸ਼ ਕਰਨ ਵਾਲੇ ਮੁਲਜ਼ਮ ਦੁਨੀ ਸਿੰਘ 'ਤੇ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ।

## ਬਚਿੱਤਰ ਸਿੰਘ ਜਟਾਣਾ ਦਾ ਕਾਵਿ ਸੰਗ੍ਰਹਿ ਲੋਕ ਅਰਪਣ



**ਮਾਨਸਾ (ਆਤਮਾ ਸਿੰਘ ਪਮਾਰ)**-ਬਚਿੱਤਰ ਸਿੰਘ ਜਟਾਣਾ ਪੰਜਾਬੀ ਮਾਸਟਰ ਸਰਕਾਰੀ ਹਾਈ ਸਕੂਲ ਬੁਰਜ ਭਲਾਈਕੇ ਦਾ ਪਲੇਠਾ ਕਾਵਿ ਸੰਗ੍ਰਹਿ 'ਹੌਸਲੇ ਬੁਲੰਦ ਰੱਖਿਓ' ਲੋਕ ਅਰਪਣ ਕੀਤਾ ਗਿਆ।ਇਸ ਦੀ ਘੁੰਡ ਚੁਕਾਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ ਸਿੱ.) ਮੈਡਮ ਨੀਲਮ ਰਾਣੀ ਤੇ ਪਰਮਜੀਤ ਸਿੰਘ ਭੋਗਲ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ ਸਿੱ) ਮਾਨਸਾ ਵੱਲੋਂ ਕੀਤੀ ਗਈ।ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ੍ਰੀਮਤੀ ਨੀਲਮ ਰਾਣੀ ਤੇ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਪਰਮਜੀਤ ਸਿੰਘ ਭੋਗਲ ਨੇ ਮਾਸਟਰ ਬਚਿੱਤਰ ਸਿੰਘ ਨੂੰ ਕਾਵਿ ਸੰਗ੍ਰਹਿ 'ਹੌਂਸਲੇ ਬੁਲੰਦ ਰੱਖਿਓ' ਦੀ ਘੁੰਡ ਚੁਕਾਈ ਸਮੇਂ ਵਧਾਈ ਦਿੰਦਿਆਂ ਕਾਵਿ ਸੰਗ੍ਰਹਿ ਦੀ ਭਰਪੂਰ ਸ਼ਲਾਘਾ ਵੀ ਕੀਤੀ ਗਈ।ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਨਰਿੰਦਰ ਸਿੰਘ ਮਾਖਾ, ਹਰਜੀਵਨ ਸਿੰਘ ਸਾਇੰਸ ਮਾਸਟਰ, ਰਾਹੁਲ ਕੁਮਾਰ ਹਿਸਾਬ ਮਾਸਟਰ, ਰਾਜਿੰਦਰ ਸਿੰਘ ਐੱਸ. ਐੱਸ. ਮਾਸਟਰ, ਹਰਦੀਪ ਸਿੰਘ ਜ਼ਿਲ੍ਹਾ ਕੁਆਰਡੀਨੇਟਰ (ਵਜ਼ੀਫਾ) ਆਦਿ ਹਾਜ਼ਰ ਸਨ।

## ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੂੰ ਸਮਰਪਤ ਖ਼ੂਨਦਾਨ ਕੈਂਪ ਲਗਾਇਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਹਤਾਇਸ਼ੀ ਸਵ. ਇੰਦਰ ਕੁਮਾਰ ਗੁਜਰਾਲ ਸਾਬਕਾ ਪ੍ਰਧਾਨ ਮੰਤਰੀ ਭਾਰਤ ਦੀ ਯਾਦ ਨੂੰ ਸਮਰਪਤ ਯੂਨੀਵਰਸਲ ਵੈੱਲਫੇਅਰ ਕਲੱਬ ਪੰਜਾਬ ਤੇ ਹਿਊਮਨ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਮਨੁੱਖਤਾ ਦੇ ਭਲੇ ਲਈ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ 335ਵਾਂ ਰੈਗੂਲਰ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਬਲਵੰਤ ਸਿੰਘ ਢਿੱਲੋਂ ਨੇ 59 ਸਾਲ ਦੀ ਉਮਰ ਵਿੱਚ 59ਵੀਂ ਵਾਰ, ਰਵਿੰਦਰ ਸਿੰਘ ਭਾਂਖਰ ਨੇ 37ਵੀਂ ਵਾਰ, ਬਲਵਿੰਦਰ ਸਿੰਘ ਅਕੌਤ ਨੇ 27ਵੀਂ ਵਾਰ, ਪਵਨ ਕੁਮਾਰ ਸ਼ਰਮਾ ਨੇ 21ਵੀਂ ਵਾਰ, ਮਲੂਕ ਸਿੰਘ ਨਿਦਾਮਪੁਰ ਨੇ 15ਵੀਂ ਵਾਰ, ਬਲਕਾਰ ਸਿੰਘ ਦੌਣ ਕਲਾਂ ਨੇ 9ਵੀਂ ਵਾਰ, ਰਵਿੰਦਰ ਸਿੰਘ ਪਟਿਆਲਾ, ਬੂਟਾ ਸਿੰਘ ਬਰਕਤਪੁਰ, ਹਰਦੀਪ ਸਿੰਘ ਦੌਣ ਕਲਾਂ ਤੇ ਸੁਖਦੀਪ ਸਿੰਘ ਰਾਇਮਲ ਮਾਜਰੀ ਨੇ ਖ਼ੂਨਦਾਨ ਕਰਕੇ ਸਾਬਕਾ ਪ੍ਰਧਾਨ ਮੰਤਰੀ ਨੂੰ ਸ਼ਰਧਾਂਜਲੀ ਭੇਟ ਕੀਤੀ।ਖ਼ੂਨਦਾਨੀਆਂ ਨੂੰ ਸਰਟੀਫਿਕੇਟ, ਲੋਈ ਤੇ ਗਮਛਾ ਦੇ ਕੇ ਸਨਮਾਨਤ ਕਰਦਿਆਂ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਖ਼ੂਨ ਦਾਨ ਕਰਨਾ ਪਰਉਪਕਾਰ ਦੀ ਸੇਵਾ ਹੈ।ਪੰਜਾਬ ਦਾ ਭਲਾ ਚਾਹੁਣ ਵਾਲੇ ਸਵ. ਇੰਦਰ ਕੁਮਾਰ ਗੁਜਰਾਲ ਜੀ ਵੱਲੋਂ ਪੰਜਾਬ ਦੇ ਹੱਕ ਵਿੱਚ ਲਏ ਫੈਸਲਿਆਂ ਕਾਰਨ ਉਨ੍ਹਾਂ ਨੂੰ ਯਾਦ ਕੀਤਾ ਗਿਆ ਹੈ।ਬਲਵੰਤ ਸਿੰਘ ਢਿੱਲੋਂ ਨੇ ਕਿਹਾ ਕਿ ਖ਼ੂਨ ਦਾਨ ਕਰਕੇ ਮਨ ਖੁਸ਼ ਹੁੰਦਾ ਹੈ ਅਤੇ ਕਿਸੇ ਦੀ ਜਾਨ ਬਚਾਉਣ ਵਿੱਚ ਸਹਿਯੋਗ ਹੁੰਦਾ ਹੈ, ਇਸ ਲਈ ਸਮੂਹ ਤੰਦਰੁਸਤ ਨੌਜਵਾਨਾਂ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ।ਇਸ ਮੌਕੇ ਯੂਥ ਆਗੂ ਹਰਮੀਤ ਸਿੰਘ ਬਡੂੰਗਰ, ਠੇਕੇਦਾਰ ਗੁਰਬਚਨ ਸਿੰਘ, ਕੁਲਦੀਪ ਸਿੰਘ ਜੋਸਨ ਤੇ ਰਣਜੀਤ ਸਿੰਘ ਝੰਡੀ ਹਾਜ਼ਰ ਸਨ।

## 280 ਗ੍ਰਾਮ ਹੈਰੋਇਨ ਸਮੇਤ 4 ਕਾਬੂ

**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਪੁਲਸ ਵੱਲੋਂ ਨਸ਼ਿਆਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਚਾਰ ਵਿਅਕਤੀਆਂ ਨੂੰ 280 ਗ੍ਰਾਮ ਹੀਰੋਇਨ ਤੇ ਇੱਕ ਆਈ 10 ਕਾਰ ਬਰਾਮਦ ਕੀਤੀ ਗਈ। ਇਸ ਬਾਰੇ ਪੁਲਸ ਕਪਤਾਨ ਪ੍ਰਦੀਪ ਸਿੰਘ ਸੰਧੂ ਪੀ ਪੀ ਐੱਸ ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਨਮੋਹਨ ਸਿੰਘ ਔਲਖ ਪੀ ਪੀ ਐੱਸ ਕਪਤਾਨ ਪੁਲਸ (ਇਨਵੈ.) ਮਾਨਸਾ, ਕਮਲਜੀਤ ਸਿੰਘ ਉੱਪ ਕਪਤਾਨ ਪੁਲਸ (ਹੋਮੀਸਾਈਡ ਐਂਡ ਫੋਰਾਸਿਕ) ਮਾਨਸਾ ਦੀ ਦੇਖ ਰੇਖ ਹੇਠ ਇੰਸਪੈਕਟਰ ਬਲਕੌਰ ਸਿੰਘ ਇੰਚਾ. ਸੀ ਆਈ ਏ ਮਾਨਸਾ ਦੀ ਅਗਵਾਈ 'ਚ 4 ਦਸੰਬਰ ਨੂੰ ਥਾਣੇਦਾਰ ਭੁਪਿੰਦਰ ਸਿੰਘ ਵੱਲੋਂ ਗਸ਼ਤ ਦੌਰਾਨ ਖੈਰਾ ਰੋਡ ਬਲਰਾਜ ਸਿੰਘ ਭੂੰਦੜ ਕਾਲਜ ਸਰਦੂਲਗੜ੍ਹ (ਥਾਣਾ ਸਰਦੂਲਗੜ੍ਹ) ਨੇੜੇ ਦੋ ਕਾਰਾਂ ਵਰਨਾ ਨੰਬਰ ਐੱਚ ਆਰ 16 ਐੱਲ 3773 ਤੇ ਆਈ 10 ਨੰਬਰ 13 ਈ 4933 ਖੜੀਆਂ ਦਿਖਾਈ ਦਿੱਤੀਆਂ।ਪੁਲਸ ਪਾਰਟੀ ਨੇ ਕਾਰਾਂ ਕੋਲ ਜਾ ਕੇ ਦੇਖਿਆ ਤਾਂ ਚਾਰ ਵਿਅਕਤੀ ਸ਼ੁਭਮ ਕੁਮਾਰ ਉਰਫ ਸ਼ਿਬੂ ਪੁੱਤਰ ਸੁਰੇਸ਼ ਕੁਮਾਰ, ਮੋਹਿਤ ਕੁਮਾਰ ਪੁੱਤਰ ਗੁਰਨਾਮ ਸਿੰਘ ਵਾਸੀਆਨ ਵਾਰਡ ਨੰਬਰ 4 ਅਸ਼ੋਕ ਨਗਰ ਫਤਿਆਬਾਦ, ਸੰਜੇ ਕੁਮਾਰ ਪੁੱਤਰ ਅਰਜਨ ਕੁਮਾਰ ਵਾਸੀ ਧਾਗੜ ਜ਼ਿਲ੍ਹਾ ਫਤਿਆਬਾਦ, ਜਤਿਨ ਕੁਮਾਰ ਪੁੱਤਰ ਸੰਦੀਪ ਕੁਮਾਰ ਵਾਸੀ ਵਾਰਡ ਨੰਬਰ 22 ਗੀਤਾ ਮੰਦਰ ਰੋਡ ਫਤਿਆਬਾਦ ਵਰਨਾ ਕਾਰ 'ਚ ਬੈਠੇ ਸਨ।ਪੁਲਸ ਅਧਿਕਾਰੀ ਨੇ ਦੱਸਿਆ ਕਿ ਵਰਨਾ ਕਾਰ 'ਚੋਂ 280 ਗਰਾਮ ਹੀਰੋਇਨ ਬਰਾਮਦ ਕਰਕੇ ਮੁਕੱਦਮਾ ਥਾਣਾ ਸਰਦੂਲਗੜ੍ਹ ਵਿਖੇ ਦਰਜ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ 'ਚ ਪੇਸ਼ ਕਰਕੇ ਤਿੰਨ ਦਿਨਾਂ ਦਾ ਰਿਮਾਂਡ ਹਾਸਲ ਕਰ ਲਿਆ ਗਿਆ ਹੈ।ਇਸ ਸਮੇਂ ਪੁਲਸ ਅਧਿਕਾਰੀ ਨੇ ਕਿਹਾ ਕਿ ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

# ਸਲਾਈਟ ਡਾਇਰੈਕਟਰ ਵੱਲੋਂ ਸੁਖਪਾਲ ਬਡਬਰ ਦੇ ਮੱਛੀ ਪਾਲਣ ਫਾਰਮ ਦਾ ਦੌਰਾ



**ਲੌਂਗੋਵਾਲ (ਪ੍ਰਦੀਪ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਡਾਇਰੈਕਟਰ ਡਾ. ਮਣੀਕਾਂਤ ਪਾਸਵਾਨ ਨੇ 1995 ਬੈਚ ਦੇ ਸੰਸਥਾ ਦੇ ਸਾਬਕਾ ਵਿਦਿਆਰਥੀ ਸੁਖਪਾਲ ਸਿੰਘ ਬਡਬਰ ਦੇ ਮੱਛੀ ਪਾਲਣ ਫਾਰਮ ਦਾ ਦੌਰਾ ਕਰਕੇ ਇੱਕ ਪ੍ਰੇਰਨਾਦਾਇਕ ਉਦਾਹਰਨ ਪੇਸ਼ ਕੀਤੀ।ਇਹ ਮੁਲਾਕਾਤ ਕੇਵਲ ਇੱਕ ਸਨਮਾਨ ਸਮਾਰੋਹ ਨਹੀਂ ਸੀ, ਸਗੋਂ ਸਿੱਖਿਆ, ਨਵ-ਪਰਿਵਰਤਨ ਤੇ ਸਮਾਜ ਸੇਵਾ ਦੇ ਮਜ਼ਬੂਤ ਨਾਤਿਆਂ ਨੂੰ ਹੋਰ ਗਹਿਰਾ ਕਰਨ ਵਾਲਾ ਇੱਕ ਅਹਿਮ ਕਦਮ ਸਾਬਿਤ ਹੋਈ।ਇਸ ਮੌਕੇ ਡਾ. ਪਾਸਵਾਨ ਨਾਲ ਪ੍ਰੋ. ਮੇਜਰ ਸਿੰਘ ਗੋਰਾਇਆਂ, ਮੁਖੀ (ਟ੍ਰੇਨਿੰਗ ਐਂਡ ਪਲੇਸਮੈਂਟ ਡਿਪਾਰਟਮੈਂਟ) ਤੇ ਡਾ. ਮਨਦੀਪ ਘਈ ਸਹਾਇਕ ਅਧਿਸ਼ਟਾ (ਪ੍ਰੀਖਿਆ) ਵੀ ਹਾਜ਼ਰ ਸਨ।ਡਾਇਰੈਕਟਰ ਨੇ ਸੁਖਪਾਲ ਸਿੰਘ ਦੀਆਂ ਉਪਲਬਧੀਆਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਤੇ ਸੰਸਥਾ ਵੱਲੋਂ ਮੈਂਟਰਸ਼ਿੱਪ ਸਮਰਥਨ ਦੇਣ ਦਾ ਐਲਾਨ ਕੀਤਾ ਤਾਂ ਜੋ ਉਨ੍ਹਾਂ ਦਾ ਸਮਾਜਿਕ ਉਦਯਮ ਮਾਡਲ ਹੋਰ ਮਜ਼ਬੂਤ ਬਣ ਸਕੇ।ਉਨ੍ਹਾਂ ਕਿਹਾ ਕਿ ਐੱਸ.ਐੱਲ.ਆਈ.ਈ.ਟੀ. ਸਿੱਖਿਆ ਦੇ ਨਾਲ-ਨਾਲ ਪੇਂਡੂ ਨਵ-ਪਰਿਵਰਤਨ, ਤਕਨਾਲੋਜੀ ਤੇ ਟ੍ਰੇਨਿੰਗ ਨੂੰ ਵੀ ਉਤਸ਼ਾਹਤ ਕਰਦਾ ਹੈ, ਤਾਂ ਜੋ ਅਕਾਦਮਿਕ ਸ੍ਰੇਸ਼ਟਤਾ ਪਿੰਡਾਂ ਤੱਕ ਪਹੁੰਚੇ।ਇਸ ਮੌਕੇ ਸਰਪੰਚ ਜਗਜੀਤ ਸਿੰਘ ਤੇ ਪੰਚਾਇਤ ਮੈਂਬਰ ਮਲਕੀਤ ਸਿੰਘ ਗਿੱਲ, ਸਤਬੀਰ ਸਿੰਘ, ਦਰਸ਼ਨ ਸਿੰਘ, ਮਲਕੀਤ ਲੌਂਗੋਵਾਲ, ਅਜਾਇਬ ਸਿੰਘ, ਗੁਰਪ੍ਰੀਤ ਕਾਤਰੋਂ ਤੇ ਗਗਨ ਘਾਵਤਾ ਵੀ ਮੌਜੂਦ ਸਨ।ਇਸ ਮੌਕੇ ਹਾਜ਼ਰੀਨ ਨੇ ਸੁਖਪਾਲ ਸਿੰਘ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਡਾ. ਪਾਸਵਾਨ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਇੱਕ ਸਾਬਕਾ ਵਿਦਿਆਰਥੀ ਦੀ ਉਦਯਮੀ ਯਾਤਰਾ ਨੂੰ ਆਪਣੇ ਆਪ ਵੇਖਣ ਲਈ ਸਮਾਂ ਕੱਢਿਆ।ਉਪਰੰਤ ਗ੍ਰਾਮ ਪੰਚਾਇਤ ਨੇ ਡਾਇਰੈਕਟਰ ਡਾ. ਮਣੀਕਾਂਤ ਪਾਸਵਾਨ ਨੂੰ ਪੇਂਡੂ ਵਿਕਾਸ ਤੇ ਤਕਨੀਕੀ ਸਿੱਖਿਆ ਨੂੰ ਜੋੜਨ ਲਈ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਤ ਕੀਤਾ।

## ਟ੍ਰੈਫਿਕ ਪੁਲਸ ਵੱਲੋਂ ਆਈ ਟੀ ਆਈ ਤੇ ਐੱਚ ਡੀ ਐੱਫ ਸੀ ਬੈਂਕ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਟ੍ਰੈਫਿਕ ਪੁਲਸ ਸੁਨਾਮ ਵੱਲੋਂ ਆਈ ਟੀ ਆਈ ਮੈਨੇਜਮੈਂਟ ਤੇ ਐੱਚ ਡੀ ਐੱਫ ਸੀ ਬੈਂਕ ਦੇ ਸਹਿਯੋਗ ਨਾਲ ਆਈ ਟੀ ਆਈ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਮਿੱਤਲ ਆਈ ਕੇਅਰ ਹਸਪਤਾਲ ਤੇ ਬਲੱਡ ਸੈਂਟਰ ਸੰਗਰੂਰ ਦੀ ਟੀਮ ਨੇ ਖ਼ੂਨ ਇਕੱਤਰ ਕੀਤਾ।ਇਸ ਮੌਕੇ ਹੋਏ ਸਮਾਗਮ ਵਿੱਚ ਜ਼ਿਲ੍ਹਾ ਸੰਗਰੂਰ ਦੇ ਐੱਸ ਪੀ ਸ੍ਰ. ਨਵਰੀਤ ਸਿੰਘ ਵਿਰਕ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਉਨ੍ਹਾਂ ਨਾਲ ਜ਼ਿਲ੍ਹਾ ਟ੍ਰੈਫਿਕ ਦੇ ਡੀ ਐੱਸ ਪੀ ਸ੍ਰ. ਤੇਜਿੰਦਰ ਸਿੰਘ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਐੱਸ ਪੀ ਸ੍ਰ. ਨਵਰੀਤ ਸਿੰਘ ਵਿਰਕ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਹੁਣੇ ਤੋਂ ਹੀ ਆਪਣਾ ਭਵਿੱਖ ਉਜਵਲਾ ਕਰਨ ਵੱਲ ਧਿਆਨ ਦੇਣ ਤੇ ਵਧੀਆ ਜ਼ਿੰਦਗੀ ਜਿਉਣ ਦੇ ਤੌਰ ਤਰੀਕਿਆਂ ਨੂੰ ਫਾਲੋ ਕਰਨ।ਆਪਣਾ ਬਹੁਤਾ ਸਮਾਂ ਆਪਣੀ ਪੜ੍ਹਾਈ ਤੇ ਆਪਣੇ ਕੈਰੀਅਰ ਵੱਲ ਦੇਣ ਤਾਂ ਕਿ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਖ਼ੂਨਦਾਨ ਕੈਂਪ ਲਾਉਣ ਲਈ ਟ੍ਰੈਫਿਕ ਪੁਲਸ ਸੁਨਾਮ, ਆਈ ਟੀ ਆਈ ਮੈਨੇਜਮੈਂਟ ਤੇ ਐੱਚ ਡੀ ਐੱਫ ਸੀ ਬੈਂਕ ਦਾ ਧੰਨਵਾਦ ਕੀਤਾ, ਜਿਨ੍ਹਾਂ ਮਿਲ ਕੇ ਇਸ ਪੁੰਨ ਦੇ ਕੰਮ ਵਿੱਚ ਹਿੱਸਾ ਪਾਇਆ।ਸਮਾਗਮ ਵਿੱਚ ਐੱਸ ਪੀ ਸ੍ਰ. ਨਵਰੀਤ ਸਿੰਘ ਵਿਰਕ, ਡੀ ਐੱਸ ਪੀ ਜ਼ਿਲ੍ਹਾ ਟ੍ਰੈਫਿਕ ਸ੍ਰ. ਤੇਜਿੰਦਰ ਸਿੰਘ, ਸੁਨਾਮ ਟ੍ਰੈਫਿਕ ਇੰਚਾਰਜ ਸ੍ਰ. ਨਿਰਭੈ ਸਿੰਘ, ਆਈ ਟੀ ਆਈ ਦੇ ਚੇਅਰਮੈਨ ਸ੍ਰ. ਸੁਰਜੀਤ ਸਿੰਘ ਗਹੀਰ, ਆਈ ਟੀ ਆਈ ਦੇ ਵਾਇਸ ਪ੍ਰਿੰਸੀਪਲ ਸ੍ਰ. ਕੁਲਦੀਪ ਸਿੰਘ ਤੋਂ ਇਲਾਵਾ ਪੰਕਜ ਅਰੋੜਾ ਰੋਡ ਸੇਫਟੀ ਅਡਵਾਈਜ਼ਰ ਪੰਜਾਬ, ਸੁਖਦੇਵ ਸਿੰਘ ਭੱਟੀ ਰੋਡ ਸੇਫਟੀ ਮੈਂਬਰ, ਗਿਤੇਸ਼ ਗਰਗ ਟ੍ਰੈਫਿਕ ਮਾਸਟਰ, ਡਾ. ਸਮੀਰ ਸਿੰਗਲਾ ਰੋਡ ਸੇਫਟੀ ਵਲੰਟੀਅਰ, ਮਨੋਹਰ ਲਾਲ ਅਰੋੜਾ ਸਮਾਜ ਸੇਵੀ, ਐੱਚ ਡੀ ਐੱਫ ਸੀ ਬੈਂਕ ਵੱਲੋਂ ਜਤਿੰਨ ਅਰੋੜਾ ਤੇ ਵਿਕਾਸ ਬਾਂਸਲ, ਰਾਮ ਸਿੰਘ, ਗੁਰਿੰਦਰ ਸਿੰਘ ਗਰੇਵਾਲ, ਪਾਲੀ ਨੰਬਰਦਾਰ ਸਮੇਤ ਆਈ ਟੀ ਆਈ ਦੇ ਸਮੁੱਚੇ ਵਿਦਿਆਰਥੀ ਤੇ ਸਟਾਫ ਮੈਂਬਰ ਹਾਜ਼ਰ ਸਨ।ਪੱਤਰਕਾਰ ਕ੍ਰਿਸ਼ਨ ਸੰਦੋਹਾ ਨੇ ਸਟੇਜ ਦੀ ਕਾਰਵਾਈ ਚਲਾਈ।ਇਸ ਮੌਕੇ 60 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਆਖਰ ਵਿੱਚ ਕ੍ਰਿਸ਼ਨ ਸੰਦੋਹਾ ਨੇ ਆਏ ਸਾਰੇ ਮਹਿਮਾਨਾਂ ਦਾ ਤੇ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ।

# ਭਾਈ ਵੀਰ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਸਮਾਗਮ ਯਾਦਗਾਰੀ ਹੋ ਨਿੱਬੜਿਆ



**ਸੰਗਰੂਰ (ਪ੍ਰਵੀਨ ਸਿੰਘ)**-ਅਕਾਲ ਸੀਨੀਅਰ ਸੈਕੰਡਰੀ ਸਕੂਲ ਮਸਤੂਆਣਾ ਪਿੰਡ ਬਹਾਦਰਪੁਰ ਵਿਖੇ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਡਾਕਟਰ ਭਾਈ ਵੀਰ ਜੀ ਦੇ ਜਨਮ ਦਿਨ ਨੂੰ ਸਮਰਪਤ ਵਿਸ਼ੇਸ਼ ਵਿੱਦਿਅਕ ਸਮਾਗਮ ਕਰਵਾਇਆ ਗਿਆ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸੰਗਰੂਰ ਜ਼ੋਨ ਵੱਲੋਂ ਕਰਵਾਏ ਇਸ ਸਮਾਗਮ ਦੇ ਇਸ ਸਮਾਗਮ ਦੇ ਮੁੱਖ ਵਕਤਾ ਵਜੋਂ ਡਾ. ਹਰਮਿੰਦਰ ਸਿੰਘ ਮੱਖਣ ਪੰਜਾਬੀ ਵਿਭਾਗ ਸਰਕਾਰੀ ਰਣਬੀਰ ਕਾਲਜ ਸੰਗਰੂਰ ਨੇ ਸ਼ਮੂਲੀਅਤ ਕੀਤੀ।ਉਨ੍ਹਾਂ ਨਾਲ ਗਿਆਨ ਸਿੰਘ ਭਵਾਨੀਗੜ੍ਹ ਸੇਵਾ ਮੁਕਤ ਬਲਾਕ ਸਿੱਖਿਆ ਅਫ਼ਸਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਸਮਾਗਮ ਦੀ ਪ੍ਰਧਾਨਗੀ ਸਕੂਲ ਪ੍ਰਿੰ. ਡਾ: ਰਾਜਿੰਦਰ ਸਿੰਘ ਨੇ ਕੀਤੀ।ਸਮਾਗਮ ਦੀ ਆਰੰਭਤਾ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਕੀਤੀ ਗਈ।ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗੇਨਾਈਜ਼ਰ ਨੇ ਸਮਾਗਮ ਦੇ ਮੰਤਵ ਬਾਰੇ ਦਸਦੇ ਹੋਏ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ।ਅਧਿਆਪਕ ਇੰਚਾਰਜ ਅਮਨਦੀਪ ਕੌਰ ਨੇ ਸਵਾਗਤ ਕੀਤਾ ਤੇ ਕਿਹਾ ਅਜਿਹੇ ਮਾਤ ਭਾਸ਼ਾਈ ਸਮਾਗਮਾਂ ਨਾਲ ਵਿਦਿਆਰਥੀਆਂ ਵਿੱਚ ਸਾਹਿਤਕ ਚੇਤਨਾ ਉਪਜਦੀ ਹੈ।ਮੁੱਖ ਬੁਲਾਰੇ ਡਾ. ਹਰਮਿੰਦਰ ਸਿੰਘ ਨੇ ਭਾਈ ਵੀਰ ਜੀ ਦੇ ਜੀਵਨ 'ਤੇ ਰੌਸ਼ਨੀ ਪਾਉਂਦੇ ਹੋਏ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ, ਕਾਵਿ ਖੇਤਰ, ਸ਼ਬਦ ਕੋਸ਼, ਖਾਲਸਾ ਸੰਸਥਾਵਾਂ ਸਬੰਧੀ ਪਾਏ ਯੋਗਦਾਨ ਬਾਰੇ ਵਿਸਥਾਰ ਪੂਰਵਕ ਤੇ ਖੋਜ ਭਰਪੂਰ ਜਾਣਕਾਰੀ ਦਿੱਤੀ।ਗਿਆਨ ਸਿੰਘ ਨੇ ਭਾਈ ਸਾਹਿਬ ਨੂੰ ਨਿੱਕੀਆਂ ਕਵਿਤਾਵਾਂ ਦੇ ਵੱਡਾ ਕਵੀ ਕਿਹਾ ਤੇ ਦੱਸਿਆ ਕਿ ਉਨਾਂ ਦਾ ਜਨਮ ਅੱਜ ਤੋਂ 153 ਸਾਲ ਪਹਿਲਾਂ ਹੋਇਆ, ਪਰ ਉਨ੍ਹਾਂ ਦੀਆਂ ਲਿਖਤਾਂ ਅੱਜ ਦੇ ਸਮੇਂ ਦੀ ਅਗਵਾਈ ਕਰ ਰਹੀਆਂ ਹਨ।ਸੈਮੀਨਾਰ ਦੀ ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਹਰਵਿੰਦਰ ਕੌਰ ਐਡੀਸ਼ਨਲ ਜ਼ੋਨਲ ਸਕੱਤਰ ਇਸਤਰੀ ਕੌਂਸਲ, ਬਲਵੰਤ ਸਿੰਘ ਭਿੱਖੀ ਪ੍ਰਧਾਨ ਸੰਗਰੂਰ ਯੂਨਿਟ, ਯਾਦਵਿੰਦਰ ਸਿੰਘ, ਜਗਜੀਵਨ ਕੁਮਾਰ, ਵਰਿੰਦਰ ਸਿੰਘ, ਅਮਰਜੀਤ ਸਿੰਘ, ਮਨਿੰਦਰ ਕੌਰ, ਅੰਗਰੇਜ਼ ਕੌਰ ਆਦਿ ਨੇ ਭਾਈ ਸਾਹਿਬ ਦੇ ਜੀਵਨ ਦੇ ਵੱਖ ਵੱਖ ਪੱਖਾਂ ਨੂੰ ਉਜਾਗਰ ਕੀਤਾ।ਸਕੂਲ ਵਿਦਿਆਰਥਣਾਂ ਜਸਦੀਪ ਕੌਰ ਤੇ ਨਵਜੋਤ ਕੌਰ ਵੱਲੋਂ ਭਾਈ ਸਾਹਿਬ ਦੀਆਂ ਰਚਨਾਵਾਂ ਦੀ ਖ਼ੂਬਸੂਰਤ ਢੰਗ ਨਾਲ ਪੇਸ਼ਕਾਰੀ ਕੀਤੀ ਗਈ।ਪ੍ਰਿੰਸੀਪਲ ਡਾ: ਰਾਜਿੰਦਰ ਸਿੰਘ ਨੇ ਪ੍ਰਧਾਨਗੀ ਭਾਸ਼ਣ ਵਿੱਚ ਸਮੂਹ ਬੁਲਾਰਿਆਂ ਦੇ ਵਿਚਾਰਾਂ ਦਾ ਖ਼ੂਬਸੂਰਤ ਢੰਗ ਨਾਲ ਮੁਲਾਂਕਣ ਕਰਦਿਆਂ ਕਿਹਾ ਕਿ ਭਾਈ ਵੀਰ ਸਿੰਘ ਨਵੀਂ ਤੇ ਆਧੁਨਿਕ ਸਾਹਿਤ ਕ੍ਰਾਂਤੀ ਦੇ ਵਾਰਿਸ ਸਨ।ਇਸ ਸਮਾਗਮ ਵਿੱਚ ਜਸਪ੍ਰੀਤ ਕੌਰ, ਸੰਦੀਪ ਕੌਰ, ਰਮਨਦੀਪ ਕੌਰ, ਕਰਮਜੀਤ ਕੌਰ, ਕੁਲਦੀਪ ਕੌਰ, ਕਮਲਦੀਪ ਸਿੰਘ ਸਮੇਤ ਵਿਦਿਆਰਥੀ ਸ਼ਾਮਲ ਸਨ।ਸਟੱਡੀ ਸਰਕਲ ਵੱਲੋਂ ਮਹਿਮਾਨਾਂ, ਕਾਲਜ ਪ੍ਰਿੰਸੀਪਲ ਨੂੰ ਦੁਸ਼ਾਲੇ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਸਮੁੱਚੇ ਰੂਪ ਵਿੱਚ ਵਿਦਿਆਰਥੀਆਂ ਦੀ ਜਾਣਕਾਰੀ ਹਿਤ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਕੇਂਦਰ ਸਰਕਾਰ ਬਿਜਲੀ ਸੋਧ ਤੇ ਬੀਜ ਬਿੱਲ ਦੇ ਜ਼ਰੀਏ ਪੰਜਾਬ ਨੂੰ ਖਤਮ ਕਰਨ ਦੇ ਰਾਹ ਤੁਰੀ : ਢਿੱਲੋਂ

**ਭਲਕੇ ਫੂਕੀਆਂ ਜਾਣਗੀਆਂ ਬਿਜਲੀ ਸੋਧ ਬਿੱਲ ਦੀਆਂ ਕਾਪੀਆਂ : ਰੌਲੀ**



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਮੀਡੀਆ ਸਕੱਤਰ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਦਫਤਰ ਇੰਚਾਰਜ ਪ੍ਰਕਾਸ਼ ਸਿੰਘ, ਬਲਦੇਵ ਸਿੰਘ ਮੋਗਾ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨਾਲ ਦਿੱਲੀ ਦੇ ਇਤਿਹਾਸਕ ਕਿਸਾਨ ਘੋਲ ਸਮੇਂ ਕੀਤੇ ਗਏ ਵਾਅਦਿਆਂ ਨੂੰ ਉਲੰਘ ਕੇ ਬਿਜਲੀ ਸੋਧ ਬਿੱਲ 2025 ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਇਸ ਖ਼ਿਲਾਫ਼ ਅੱਜ ਤੱਕ ਇੱਕ ਬਿਆਨ ਵੀ ਜਾਰੀ ਨਹੀਂ ਕੀਤਾ ਗਿਆ, ਜਦਕਿ ਕੇਂਦਰ ਵੱਲੋਂ ਰਾਜਾਂ ਨੂੰ ਆਪਣਾ ਪੱਖ ਰੱਖਣ ਲਈ ਦੂਸਰੀ ਵਾਰ ਦਿੱਤੀ ਗਈ ਸਮਾਂ ਸੀਮਾ 29 ਨਵੰਬਰ ਲੰਘ ਗਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਆਮ ਆਦਮੀ ਪਾਰਟੀ ਵੀ ਇਸ ਸੋਧ ਬਿੱਲ ਨੂੰ ਪਾਸ ਕਰਨ ਦੇ ਹੱਕ ਵਿੱਚ ਹੈ। ਉਨ੍ਹਾਂ ਕਿਹਾ ਕਿ ਜੇ ਅਜਿਹਾ ਹੋ ਜਾਂਦਾ ਹੈ ਤਾਂ ਕਰਾਸ ਸਬਸਿਡੀ ਖ਼ਤਮ ਕਰਕੇ ਗਰੀਬਾਂ ਤੇ ਕਿਸਾਨਾਂ ਨੂੰ ਸਬਸਿਡੀ 'ਤੇ ਮਿਲਣ ਵਾਲੀ ਬਿਜਲੀ ਦਾ ਭੋਗ ਪਾ ਦਿੱਤਾ ਜਾਵੇਗਾ।ਵੰਡ ਖੇਤਰ ਵਿੱਚ ਕਾਰਪੋਰੇਟ ਘਰਾਣਿਆਂ ਦਾ ਦਾਖ਼ਲਾ ਤੇ ਗਰੀਬ ਅਮੀਰ ਨੂੰ ਇੱਕੋ ਰੇਟ 'ਤੇ ਮਹਿੰਗੀ ਬਿਜਲੀ ਦੇਣ ਨਾਲ ਆਮ ਲੋਕਾਈ ਨੂੰ ਬਿਜਲੀ ਮਹਿੰਗੀ ਮਿਲੇਗੀ।ਉਨ੍ਹਾਂ ਕਿਹਾ ਕਿ ਸੋਧ ਬਿੱਲ ਖ਼ਿਲਾਫ਼ ਸੰਯੁਕਤ ਕਿਸਾਨ ਮੋਰਚਾ ਪੂਰੇ ਭਾਰਤ ਵਿੱਚ ਡੱਟਵੀਂ ਲੜਾਈ ਲੜੇਗਾ।ਇਸੇ ਤਹਿਤ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ ਅਨੁਸਾਰ 8 ਦਸੰਬਰ ਨੂੰ ਸਾਰੇ ਮੋਗਾ ਜ਼ਿਲ੍ਹੇ ਵਿੱਚ ਪਾਵਰਕੌਮ ਦੇ ਸਬ ਡਵੀਜ਼ਨ ਦਫਤਰਾਂ 'ਤੇ ਬਿਜਲੀ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਦੇ ਸਹਿਯੋਗ ਨਾਲ ਸੋਧ ਬਿੱਲ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਸਮੁੱਚੇ ਜ਼ਿਲ੍ਹੇ ਵਿੱਚ ਇਸ ਵਿਰੋਧ ਪ੍ਰੋਗਰਾਮ ਵਿੱਚ ਪੂਰੇ ਜ਼ੋਰ ਸ਼ੋਰ ਨਾਲ ਸ਼ਮੂਲੀਅਤ ਕਰੇਗੀ।

ਇਸ ਸਮੇਂ ਬੀਕੇਯੂ ਲੱਖੋਵਾਲ ਆਗੂਆਂ ਨੇ ਕਿਹਾ ਕਿ ਸਰਕਾਰ ਦਾ ਦੂਸਰਾ ਵੱਡਾ ਹੱਲਾ ਬੀਜ ਬਿੱਲ 2025 ਹੈ, ਜਿਸ ਤਹਿਤ ਬਿਨਾਂ ਰਜਿਸਟਰੇਸ਼ਨ ਤੋਂ ਕੋਈ ਵੀ ਆਮ ਛੋਟਾ ਦਰਮਿਆਨਾ ਵਪਾਰੀ, ਦੁਕਾਨਦਾਰ ਹੁਣ ਬੀਜ ਨਹੀਂ ਵੇਚ ਸਕੇਗਾ।ਵੱਡੀਆਂ ਕੰਪਨੀਆਂ ਨੂੰ ਬੀਜ ਵੇਚਣ ਦਾ ਲਾਇਸੰਸ ਕੇਂਦਰ ਤੇ ਸੂਬਾ ਸਰਕਾਰ ਦੇਵੇਗੀ, ਜਿਸ ਦਾ ਮਤਲਬ ਕਿ ਵੱਡੇ ਘਰਾਣੇ ਹੁਣ ਬੀਜ ਵੇਚਣਗੇ, ਸਿਰਫ ਬੀਜ ਹੀ ਨਹੀਂ ਵੇਚਣਗੇ ਹੌਲੀ ਹੌਲੀ ਖੇਤੀ ਦੇ ਉੱਪਰ ਵੀ ਕਬਜ਼ਾ ਕਰਨਗੇ।ਦੁਨੀਆਂ ਦੀਆਂ ਛੇ ਕੰਪਨੀਆਂ ਨੇ ਦੁਨੀਆਂ ਦੇ 75% ਤੋਂ ਉੱਪਰ ਬੀਜ, ਖੇਤੀ ਖੋਜ ਤੇ ਪੈਸਟੀਸਾਈਡ ਉੱਪਰ ਕੰਟਰੋਲ ਕਰ ਲਿਆ ਹੈ।ਬੀਜ ਬਿੱਲ ਵਿੱਚ ਸਪੱਸ਼ਟ ਲਿਖਿਆ ਹੈ ਕਿ ਵਿਦੇਸ਼ੀ ਕੰਪਨੀਆਂ ਦਾ ਬਿਨਾਂ ਰਜਿਸਟਰੇਸ਼ਨ ਬੀਜ ਵੀ ਇਧਰ ਆ ਸਕੇਗਾ।

ਪ੍ਰਾਈਵੇਟ ਕੰਪਨੀਆਂ ਹੁਣ ਆਪਣੇ ਖੋਜ ਕੇਂਦਰ ਵੀ ਸਥਾਪਤ ਕਰਨਗੀਆਂ ਤੇ ਬੀਜਾਂ ਦੀਆਂ ਵਰਾਇਟੀਆਂ ਨੂੰ ਮਾਨਤਾ ਵੀ ਪ੍ਰਾਈਵੇਟ ਕੰਪਨੀਆਂ ਦੇਣਗੀਆਂ।ਇੱਕ ਸੀਡ ਇੰਸਪੈਕਟਰ ਦੇਖੇਗਾ ਕਿ ਬੀਜ ਦੀ ਕੁਆਲਿਟੀ ਕਿਸ ਤਰ੍ਹਾਂ ਦੀ ਹੈ, ਜਦੋਂ ਸਰਕਾਰਾਂ ਕੰਪਨੀਆਂ ਅੱਗੇ ਝੁਕੀਆਂ ਹੋਈਆਂ ਹਨ ਤੇ ਉਦੋਂ ਇੱਕ ਆਮ ਮੁਲਾਜ਼ਮ ਕੰਪਨੀਆਂ ਖਿਲਾਫ ਕੀ ਕਾਰਵਾਈ ਕਰ ਸਕੇਗਾ।ਜਿਵੇ ਵਿਦੇਸ਼ੀ ਬੀਜ ਨੇ ਨਰਮਾ ਪੱਟੀ ਤਬਾਹ ਕਰ ਦਿੱਤੀ, ਉਸੇ ਤਰ੍ਹਾਂ ਵਿਦੇਸ਼ੀ ਬੀਜ ਪੂਰੀ ਖੇਤੀ 'ਚੋਂ ਕਿਸਾਨੀ ਨੂੰ ਬਾਹਰ ਕਰਨਾ ਚਾਹੁੰਦਾ ਤੇ ਕੇਂਦਰ ਸਰਕਾਰ ਕੰਪਨੀਆਂ ਲਈ ਬਾਹਾਂ ਖੋਲ੍ਹ ਕੇ ਸਵਾਗਤ ਕਰ ਰਹੀ।

# ਡਾ. ਅੰਬੇਡਕਰ ਦਾ 69ਵਾਂ ਮਹਾ ਪ੍ਰੀਨਿਰਵਾਣ ਦਿਵਸ ਮਨਾਇਆ



**ਨਾਭਾ (ਵਰਿੰਦਰ ਵਰਮਾ)**

ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ (ਰਜਿ:) ਨਾਭਾ ਦੀ ਅਗਵਾਈ ਵਿੱਚ ਭਰਾਤਰੀ ਜਥੇਬੰਦੀਆਂ ਜਬਰ ਜ਼ੁਲਮ ਵਿਰੋਧੀ ਫਰੰਟ ਪੰਜਾਬ ਤੇ ਮੋਟਰਸਾਈਕਲ ਰੇਹੜੀ ਯੂਨੀਅਨ ਨਾਭਾ ਦੇ ਸਹਿਯੋਗ ਨਾਲ ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਬਣੇ ਡਾ. ਅੰਬੇਡਕਰ ਕਮਿਊਨਿਟੀ ਹਾਲ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਮਹਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ।ਇਸ ਮੌਕੇ ਅਮਰ ਸਿੰਘ ਟੋਡਰਵਾਲ ਜਰਨਲ ਸਕੱਤਰ ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ ਤੇ ਦਲਬੀਰ ਸਿੰਘ ਛੀਟਾਂਵਾਲਾ ਸਕੱਤਰ, ਜਬਰ ਜ਼ੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ, ਮੋਟਰਸਾਈਕਲ ਰੇਹੜੀ ਯੂਨੀਅਨ ਦੇ ਪ੍ਰਧਾਨ ਗੁਰਜੰਟ ਸਿੰਘ ਜੰਟਾ ਮਹਿਮੀ, ਹੇਮਰਾਜ (ਇੱਛੇਵਾਲ), ਨਿਸ਼ਾਨ ਸਿੰਘ ਕਕਰਾਲਾ ਨੇ ਬਾਬਾ ਸਾਹਿਬ ਦੇ ਮਿਸ਼ਨ ਅਤੇ ਜੀਵਨ 'ਤੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਬਹੁਜਨ ਸਮਾਜ ਨੂੰ ਇੱਕ ਮੰਚ ਤੇ ਇਕੱਠੇ ਹੋਣ ਦਾ ਸੱਦਾ ਦਿੱਤਾ।ਡਾ. ਅੰਬੇਡਕਰ ਕਮਿਊਨਿਟੀ ਹਾਲ ਨਾਭਾ ਤੋਂ ਵੱਡੇ ਕਾਫਲੇ ਦੇ ਰੂਪ ਵਿੱਚ ਬਜ਼ਾਰਾਂ ਵਿੱਚੋਂ ਹੁੰਦੇ ਹੋਏ ਪਟਿਆਲਾ ਗੇਟ ਨਾਭਾ ਵਿਖੇ ਡਾ. ਅੰਬੇਡਕਰ ਦੇ ਬੁੱਤ ਤੇ ਫੁੱਲ ਮਾਲਾ ਅਰਪਿਤ ਕੀਤੀ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਲੈਕਚਰਾਰ ਰਵਿੰਦਰ ਸਿੰਘ, ਗੁਰਮੁੱਖ ਸਿੰਘ ਤੁੰਗਾਂ, ਰਾਮਧਨ ਸਿੰਘ ਰਾਮਗੜ੍ਹ, ਹੰਸ ਰਾਜ ਮਹਿਮੀ ਅਤੇ ਕੇਸਰ ਸਿੰਘ ਜਸਪਾਲ ਕਲੋਨੀ, ਕਰਮ ਸਿੰਘ ਪੂੰਡਾ ਕਲੋਨੀ, ਕੁਲਦੀਪ ਸਿੰਘ ਜੋਲੀਆਂ, ਬੇਅੰਤ ਸਿੰਘ ਮੁਲਾਬੱਧਾ, ਬਲਵਿੰਦਰ ਸਿੰਘ ਗਲਵੱਟੀ, ਸਤਪਾਲ ਸਿੰਘ ਬਿੱਲਾ, ਸੁਰਜੀਤ ਸਿੰਘ ਮੀਤਾ, ਹਰਦੀਪ ਸਿੰਘ, ਸ਼ੇਰ ਸਿੰਘ, ਜੋਗਿੰਦਰ ਸਿੰਘ, ਰਮਜਾਨ ਖਾਨ, ਮਨੋਜ ਕੁਮਾਰ ਮੌਜੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਇੰਗਲੈਂਡ ਦਾ ਝਾਂਸਾ ਦੇ ਕੇ 18 ਲੱਖ ਠੱਗੇ, 9 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਮੱਲਾਂਵਾਲਾ ਦੇ ਅਧੀਨ ਆਉਂਦੇ ਪਿੰਡ ਮੱਲੂਵਾਲੀਏ ਵਾਲਾ ਵਿਖੇ ਇਕ ਨੌਜਵਾਨ ਨੂੰ ਵਿਦੇਸ਼ ਇੰਗਲੈਂਡ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ 18 ਲੱਖ 12 ਹਜ਼ਾਰ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਸਬੰਧੀ ਥਾਣਾ ਮੱਲਾਂਵਾਲਾ ਪੁਲਸ ਨੇ 9 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ।ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਵਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਮੱਲੂਵਾਲਈ ਵਾਲਾ ਨੇ ਦੱਸਿਆ ਕਿ ਦੋਸ਼ੀਆਨ ਗਗਨਪ੍ਰੀਤ ਕੌਰ ਪੁੱਤਰ ਰਛਪਾਲ ਸਿੰਘ, ਰਛਪਾਲ ਸਿੰਘ ਪੁੱਤਰ ਟਹਿਲ ਸਿੰਘ, ਕਿੰਦਰ ਕੌਰ ਪਤਨੀ ਰਛਪਾਲ ਸਿੰਘ, ਹੀਰਾ ਸਿੰਘ ਪੁੱਤਰ ਬਲਜੀਤ ਸਿੰਘ ਪਿੰਡ ਸੂਬਾ ਜਦੀਦ, ਮੋਹਿਤ ਪੁੱਤਰ ਬਲਵੀਰ ਸਿੰਘ ਵਾਸੀ ਮੇਨ ਬਾਜ਼ਾਰ ਫਿਰੋਜ਼ਪੁਰ ਕੈਂਟ, ਅੰਗਰੇਜ਼ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਕਲਾਨ ਕਾਲੋਨੀ, ਕਿਲਚੀ ਕਦੀਮ, ਲਖਵਿੰਦਰ ਸਿੰਘ ਉਰਫ ਦੀਪੂ ਪੁੱਤਰ ਪਵਨ ਕੁਮਾਰ ਵਾਸੀ ਲਾਲ ਕੁੜਤੀ ਏਰੀਆ ਕੈਂਟ ਫਿਰੋਜ਼ਪੁਰ, ਹਰਕਰਨਜੀਤ ਸਿੰਘ, ਹਰਜਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਸੂਬਾ ਜਦੀਦ ਨੇ ਉਸ ਨੂੰ ਵਿਦੇਸ਼ ਇੰਗਲੈਂਡ ਭੇਜਣ ਦਾ ਝਾਂਸਾ ਦੇ ਕੇ 18 ਲੱਖ 12 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ।ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀਆਨ ਨੇ ਉਸ ਵੱਲੋਂ ਦਿੱਤੇ ਹੋਏ ਪੈਸੇ ਵਾਪਸ ਨਹੀਂ ਕੀਤੇ ਹਨ।ਇਸ ਮਾਮਲੇ ਦੀ ਜਾਂਚ ਕਰ ਰਹੇ ਡੀਐੱਸਪੀ ਜ਼ੀਰਾ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਗੁਰਵਿੰਦਰ ਸਿੰਘ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਚੇਤਨਾ ਪਰਖ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਭੀਖੀ (ਗੁਰਿੰਦਰ ਸਿੰਘ ਔਲਖ)**-ਸਥਾਨਕ ਸਰਸਵਤੀ ਪਬਲਿਕ ਸਕੂਲ ਭੀਖੀ ਦੇ ਵਿਦਿਆਰਥੀਆਂ, ਜਿਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਦੀ ਚੇਤਨਾ ਪਰਖ ਪ੍ਰੀਖਿਆ ਦਿੱਤੀ ਸੀ, ਮੈਰਿਟ 'ਚ ਆਉਣ ਵਾਲੇ ਪ੍ਰੀਖਿਆਰਥੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਦੇ ਆਗੂ ਭੁਪਿੰਦਰ ਫ਼ੌਜੀ ਨੇ ਕਿਹਾ ਕਿ ਇਹ ਪ੍ਰੀਖਿਆ ਬੱਚਿਆਂ ਨੂੰ ਸਾਡੇ ਸ਼ਾਨਾਮੱਤੇ ਇਤਿਹਾਸ ਸਾਡੇ ਸੂਰਵੀਰ ਯੋਧਿਆਂ ਬਾਰੇ ਜਾਣੂ ਕਰਵਾਉਣਾ ਬੱਚਿਆਂ ਦਾ ਬੌਧਿਕ ਪੱਧਰ ਉੱਚਾ ਚੁੱਕਣਾ, ਅੰਧਵਿਸ਼ਵਾਸ ਤੋਂ ਕੱਢਣ ਲਈ, ਮੋਬਾਇਲ ਫ਼ੋਨਾਂ ਤੋਂ ਹਟਾ ਕੇ ਕਿਤਾਬਾਂ ਨਾਲ ਜੋੜਨਾ ਤੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣਾ ਹੈ। ਇਸ ਦੌਰਾਨ ਸੱਤਵੀਂ ਕਲਾਸ ਦੀ ਵਿਦਿਆਰਥਣ ਖ਼ੁਸ਼ਪ੍ਰੀਤ ਕੌਰ ਤੇ ਬਾਰਵੀਂ ਕਲਾਸ ਦੀ ਰੁਪਿੰਦਰਜੀਤ ਕੌਰ ਨੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।ਉਨ੍ਹਾਂ ਨੂੰ ਮੋਮੈਂਟੋ, ਸਨਮਾਨ ਪੱਤਰ ਤੇ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਤ ਕੀਤਾ ਗਿਆ। ਨਾਲ ਹੀ ਗੁਰਨੂਰ ਕੌਰ, ਗੁਰਲੀਨ ਕੌਰ, ਏਕਮਜੋਤ ਕੌਰ, ਨਵਜੋਤ ਕੌਰ, ਭੁਪਿੰਦਰ ਸਿੰਘ, ਖ਼ੁਸ਼ਪ੍ਰੀਤ ਕੌਰ, ਗਗਨਦੀਪ ਕੌਰ, ਜਸਮੀਤ ਸਿੰਘ, ਗੋਰੀ ਸ਼ਰਮਾ, ਦਮਨਪ੍ਰੀਤ ਸਿੰਘ, ਰਣਜੀਤ ਸਿੰਘ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਸਰਟੀਫਿਕੇਟ ਦੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਦੀਪਕਾ ਰਾਣੀ, ਕੁਲਵੀਰ ਕੌਰ, ਮਨਪ੍ਰੀਤ ਕੌਰ, ਕਰਮਜੀਤ ਕੌਰ, ਸ਼ਿਖਾ ਰਾਣੀ, ਜਸਪ੍ਰੀਤ ਕੌਰ, ਤਰਕਸ਼ੀਲ ਆਗੂ ਅਵਤਾਰ ਸਿੰਘ ਡਿਜੀਟਲ ਸੁਖਵਿੰਦਰ ਸਿੰਘ, ਜਸਪਾਲ ਅਤਲਾ, ਹਰਭਜਨ ਬਬੇਕਾ ਤੋਂ ਇਲਾਵਾ ਸਕੂਲ ਸਟਾਫ਼ ਹਾਜ਼ਰ ਸੀ।

## 425 ਗ੍ਰਾਮ ਹੈਰੋਇਨ ਸਮੇਤ ਤਿੰਨ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਤੇ ਥਾਣਾ ਮਮਦੋਟ ਦੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 425 ਗ੍ਰਾਮ ਹੈਰੋਇਨ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਚਾਵਲਾ ਹੋਟਲ ਤੋਂ ਅੰਦਰ ਸੱਜੇ ਹੱਥ ਗਲੀ ਵਿੱਚ ਮੁੜੀ ਤੇ ਸਾਹਮਣੇ ਮਾਲਵਾ ਖਾਲਸਾ ਸਕੂਲ ਦੀ ਕੰਧ ਨਾਲ ਸ਼ੱਕੀ ਵਿਅਕਤੀ ਲਵਪ੍ਰੀਤ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਮੋਹਕਮ ਖਾਂ ਵਾਲਾ ਨੂੰ ਕਾਬੂ ਕੀਤਾ ਗਿਆ ਤੇ ਉਸ ਕੋਲੋਂ 4 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਮਮਦੋਟ ਪੁਲਸ ਦੇ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਦੋਸ਼ੀਅਨ ਰਾਹੁਲ ਪੁੱਤਰ ਬੁੱਧ ਰਾਮ ਅਤੇ ਆਸ਼ੀਸ਼ ਉਰਫ ਆਸ਼ੂ ਪੁੱਤਰ ਸੂਰਜ ਭਾਨ ਵਾਸੀਅਨ ਵਾਰਡ ਨੰਬਰ 3 ਬਸਤੀ ਆਵਾ ਸਿਟੀ ਫਿਰੋਜ਼ਪੁਰ ਨੂੰ ਕਾਬੂ ਕਰਕੇ ਉਸ ਕੋਲੋਂ ਇਕ ਮੋਟਰਸਾਈਕਲ ਪਲਸਰ ਤੇ 421 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

## ਕਾਤਰਾਂ

### ਸਿੱਧੂ ਮੂਸੇ ਵਾਲਾ ਕੇਸ, ਅਗਲੀ ਸੁਣਵਾਈ 19 ਨੂੰ

**ਮਾਨਸਾ (ਰੀਤਵਾਲ)**-ਸਿੱਧੂ ਮੂਸੇਵਾਲਾ ਕਤਲ ਕੇਸ ਮਾਮਲੇ 'ਚ ਅੱਜ ਸੁਣਵਾਈ ਸੀ।ਕੋਈ ਗਵਾਹ ਪੇਸ਼ ਨਾ ਹੋਣ ਕਾਰਨ ਅਗਲੀ ਪੇਸ਼ੀ 19 ਦਸੰਬਰ 2025 ਨੂੰ ਹੋਵੇਗੀ।ਐਡਵੋਕੇਟ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਅੱਜ ਸਿੱਧੂ ਮੂਸੇਵਾਲਾ ਕਤਲ ਕੇਸ ਪੇਸ਼ੀ ਸੀ, ਪਰ ਗਵਾਹ ਅੱਜ ਪੇਸ਼ ਨਾ ਹੋਏ। ਇਸ ਦੇ ਕਾਰਨ ਅਦਾਲਤ ਵੱਲੋਂ ਅਗਲੀ ਸੁਣਵਾਈ 19 ਦਸੰਬਰ 2025 ਤੈਅ ਕੀਤੀ ਗਈ ਹੈ।

### ਅਨੇਕ ਸਿੰਘ ਬਰਾੜ ਨੂੰ ਸਦਮਾ, ਦਾਦੀ ਦਾ ਦੇਹਾਂਤ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਹਲਕਾ ਗਿੱਦੜਬਾਹਾ ਦੇ ਅਨੇਕ ਸਿੰਘ ਬਰਾੜ ਮਧੀਰ ਉੱਘੇ ਸਮਾਜ ਸੇਵੀ ਤੇ ਨੈਸ਼ਨਲ ਕੋਆਰਡੀਨੇਟਰ ਆਲ ਇੰਡੀਆ ਕਿਸਾਨ ਕਾਂਗਰਸ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਦਾਦੀ ਸ੍ਰੀਮਤੀ ਬਲਦੇਵ ਕੌਰ ਪਤਨੀ ਸਵ. ਅਵਤਾਰ ਸਿੰਘ ਬਰਾੜ (ਸੂਬੇਦਾਰ) ਪਿੰਡ ਮਧੀਰ ਉਮਰ 94 ਸਾਲ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।ਉਹ ਪਿਛਲੇ ਕੁਝ ਦਿਨਾਂ ਤੋਂ ਚੰਡੀਗੜ੍ਹ ਵਿਖੇ ਜ਼ੇਰੇ ਇਲਾਜ ਸਨ।ਉਨ੍ਹਾਂ ਦਾ ਅੱਜ ਸ਼ਾਮ 4 ਵਜੇ ਪਿੰਡ ਮਧੀਰ ਦੇ ਸ਼ਮਸ਼ਾਨ ਘਾਟ ਵਿੱਚ ਸਸਕਾਰ ਹੋਇਆ ਤੇ 7 ਦਸੰਬਰ ਨੂੰ 10 ਵਜੇ ਫੁੱਲ ਚੁਗੇ ਜਾਣਗੇ।ਮਾਤਾ ਜੀ ਦੇ ਜਾਣ ਤੋਂ ਬਾਅਦ ਛੋਟੀ ਉਮਰੇ ਸਾਰੀ ਜ਼ਿੰਮੇਵਾਰੀ ਅਨੇਕ ਸਿੰਘ ਬਰਾੜ ਮਧੀਰ ਉੱਪਰ ਪੈ ਗਈ ਹੈ।ਇਸ ਦੁੱਖ ਦੀ ਘੜੀ 'ਚ ਗਿੱਦੜਬਾਹਾ ਹਲਕੇ ਦੇ ਲੋਕ ਵੱਡੀ ਗਿਣਤੀ 'ਚ ਪਰਵਾਰ ਨਾਲ ਦੁੱਖ ਵੰਡਾਉਣ ਲਈ ਆ ਰਹੇ ਹਨ।

### ਸਬ-ਤਹਿਸੀਲ 'ਚ ਲੋਕ ਆਮ ਸਹੂਲਤਾਂ ਤੋਂ ਵਾਂਝੇ

**ਲੌਂਗੋਵਾਲ (ਪ੍ਰਦੀਪ ਸੱਪਲ)**-ਸਥਾਨਕ ਸਬ ਤਹਿਸੀਲ ਵਿਖੇ ਸਫਾਈ ਦਾ ਬਹੁਤ ਮਾੜਾ ਹਾਲ ਹੋਣ ਕਰਕੇ ਆਉਣ ਵਾਲੇ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਲੋਕਾਂ ਨੇ ਦੱਸਿਆ ਕਿ ਸਬ-ਤਹਿਸੀਲ ਵਿੱਚ ਬਾਥਰੂਮਾਂ ਦਾ ਬਹੁਤ ਮਾੜਾ ਹਾਲ ਹੈ ਤੇ ਪੀਣ ਵਾਲੇ ਸਾਫ ਪਾਣੀ ਦੀ ਵੀ ਸਹੀ ਵਿਵਸਥਾ ਨਹੀਂ ਹੈ ਅਤੇ ਸਬ-ਤਹਿਸੀਲ ਦੀ ਇਮਾਰਤ ਦਾ ਵੀ ਬੁਰਾ ਹਾਲ ਹੋਇਆ ਪਿਆ ਹੈ। ਲੋਕਾਂ ਨੇ ਮੰਗ ਕੀਤੀ ਕਿ ਸਬ-ਤਹਿਸੀਲ ਦੀ ਇਮਾਰਤ ਤੇ ਹੋਰ ਸਹੂਲਤਾਂ ਵੱਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤੁਰੰਤ ਧਿਆਨ ਦਿੱਤਾ ਜਾਵੇ ਤਾਂ ਜੋ ਸਬ-ਤਹਿਸੀਲ ਵਿੱਚ ਆਉਣ ਵਾਲੇ ਲੋਕਾਂ ਨੂੰ ਪ੍ਰੇਸ਼ਾਨੀਆਂ ਤੋਂ ਰਾਹਤ ਮਿਲ ਸਕੇ।

### ਪੈਨਸ਼ਨ ਦਿਹਾੜਾ 17 ਨੂੰ ਮਨਾਇਆ ਜਾਵੇਗਾ : ਡਾ. ਅਮਰਜੀਤ ਸਿੰਘ

**ਧੂਰੀ (ਮਨੋਹਰ ਸਿੰਘ ਸੱਗੂ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਵੱਲੋਂ ਪੈਨਸ਼ਨਰ ਦਿਹਾੜਾ 17 ਦਸੰਬਰ ਨੂੰ ਸਵੇਰੇ 10 ਵਜੇ ਵੱਖ ਵੱਖ ਬੈਂਕਾਂ ਦੇ ਸਹਿਯੋਗ ਨਾਲ ਸਥਾਨਕ ਮੰਗਲਾ ਆਸ਼ਰਮ ਵਿਖੇ ਮਨਾਇਆ ਜਾਵੇਗਾ।ਜਥੇਬੰਦੀ ਦੇ ਜਨਰਲ ਸਕੱਤਰ ਡਾ: ਅਮਰਜੀਤ ਸਿੰਘ ਨੇ ਦੱਸਿਆ ਕਿ ਇਸ ਮੌਕੇ ਸਮਾਗਮ ਦੀ ਪ੍ਰਧਾਨਗੀ ਸੇਵਾ ਮੁਕਤ ਕਾਰਜਸਾਧਕ ਅਫ਼ਸਰ ਸਤੀਸ਼ ਕੁਮਾਰ ਗਰਗ ਕਰਨਗੇ, ਜਦੋਂ ਕਿ ਸੇਵਾ ਮੁਕਤ ਸੁਪਰਡੈਂਟ ਜਸਦੇਵ ਸਿੰਘ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਸਮਾਗਮ 'ਚ ਜਿੱਥੇ ਪੈਨਸ਼ਨਰਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਬਾਰੇ ਵਿਚਾਰ ਚਰਚਾ ਹੋਵੇਗੀ, ਉਥੇ 75 ਸਾਲ ਪੂਰੀ ਕਰ ਚੁੱਕੇ ਜਥੇਬੰਦੀ ਦੇ ਮੈਂਬਰਾਂ ਦਾ ਸਨਮਾਨ ਵੀ ਕੀਤਾ ਜਾਵੇਗਾ।

## ਐੱਸ ਸੀ/ਐੱਸ ਟੀ/ਓ ਬੀ ਸੀ ਮਹਾਂ ਸੰਘਰਸ਼ ਕਮੇਟੀ ਨੇ ਡਾ. ਅੰਬੇਡਕਰ ਦਾ ਪ੍ਰੀ ਨਿਰਵਾਣ ਦਿਵਸ ਮਨਾਇਆ



**ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ)**-ਐਸ.ਸੀ./ਐਸ.ਟੀ./ਓਬੀਸੀ ਮਹਾਂ ਸੰਘਰਸ਼ ਕਮੇਟੀ ਜਲਾਲਾਬਾਦ ਵੱਲੋਂ ਅੱਜ ਮਹਾਂ ਨਾਇਕ ਭਾਰਤ ਰਤਨ, ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਮੌਕੇ ਬਾਬਾ ਸਾਹਿਬ ਦੀ ਪ੍ਰਤਿਮਾ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਐਸ.ਡੀ.ਓ. ਗਿਆਨ ਚੰਦ, ਸੰਘਰਸ਼ ਕਮੇਟੀ ਦੇ ਪ੍ਰਧਾਨ ਰੋਹਿਤ ਗੁਡਾਲੀਆ, ਦਿਹਾਤੀ ਪ੍ਰਧਾਨ ਅਸ਼ੋਕ ਸਰਾਰੀ, ਜਨਰਲ ਸੈਕਟਰੀ ਜੋਗਿੰਦਰ ਪਾਲ, ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸੁਖਵਿੰਦਰ ਸੰਦੀਪ ਸੰਘੇਲੀਆ, ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਸੰਨੀ ਸਾਰਵਾਨ, ਸੀਨੀਅਰ ਮੀਤ ਪ੍ਰਧਾਨ ਮਾਸਟਰ ਬਲਵੀਰ ਪਵਾਰ, ਮੀਤ ਪ੍ਰਧਾਨ ਬਲਦੇਵ ਸਿੰਘ, ਦੇਸ ਰਾਜ ਗੁਡਾਲੀਆ, ਰਜਿੰਦਰ ਭੱਟੀ, ਮਾਸਟਰ ਨਿਰਭੈ ਸਿੰਘ, ਡਾਕਟਰ ਰਮੇਸ਼ ਲਾਡੀ, ਡਾਕਟਰ ਪ੍ਰਕਾਸ਼ ਚੌਸ਼ੀ, ਸਫਾਈ ਸੇਵਕ ਯੂਨੀਅਨ ਦੇ ਵਾਈਸ ਪ੍ਰਧਾਨ ਰਵੀ ਕੁਮਾਰ, ਸੂਰਜ ਕੁਮਾਰ, ਸੁਰੇਸ਼ ਚੌਹਾਨ, ਮਨੀਸ਼ ਤੰਬੋਲੀਆ, ਰਿਸ਼ੂ ਘਾਰੀਆ, ਧਰਮਪਾਲ ਆਰਕ, ਆਰਵ ਗੁਡਾਲੀਆ ਤੇ ਮਾਤਾਵਾਂ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਮੁੱਖ ਬੁਲਾਰੇ ਮਾਸਟਰ ਬਲਵੀਰ ਪਵਾਰ, ਰੋਹਿਤ ਗੁਡਾਲੀਆ, ਅਸ਼ੋਕ ਸਰਾਰੀ ਨੇ ਬਾਬਾ ਸਾਹਿਬ ਦੇ ਜੀਵਨ 'ਤੇ ਚਾਨਣ ਪਾਇਆ ਅਤੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ ਜੋ ਦੇਸ਼ ਨੂੰ ਸੰਵਿਧਾਨ ਪ੍ਰਦਾਨ ਕੀਤਾ ਹੈ, ਜਿਸ ਨਾਲ ਦੇਸ਼ ਚੱਲ ਰਿਹਾ ਹੈ ਤੇ ਹਰ ਸਮਾਜ ਨੂੰ ਸੰਵਿਧਾਨ ਵਿੱਚ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ, ਜਿਸ ਨਾਲ ਆਪਣੇ ਹੱਕਾਂ ਲਈ ਲੜ ਸਕੀਏ।ਅੱਜ ਜੋ ਅਸੀਂ ਦੇਸ਼ ਦੀ ਤਰੱਕੀ ਲਈ ਵੋਟ ਪਾਉਂਦੇ ਹਾਂ, ਇਸ ਦਾ ਹੱਕ ਵੀ ਉਨ੍ਹਾਂ ਦੀ ਦੇਣ ਹੈ।

## ਵਿਨੋਦ ਕੁਮਾਰ ਬਾਂਸਲ ਨਮਿੱਤ ਸ਼ਰਧਾਂਜਲੀ ਸਮਾਗਮ ਅੱਜ



**ਜਗਰਾਉਂ (ਸੰਜੀਵ ਅਰੋੜਾ)**-ਸ੍ਰੀ ਮਹਾਂਵੀਰ ਦੁਸ਼ਹਿਰਾ ਕਮੇਟੀ ਦਾਣਾ ਮੰਡੀ ਦੇ 14 ਵਾਰ ਪ੍ਰਧਾਨ ਰਹਿ ਚੁੱਕੇ ਤੇ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਸਮੇਤ ਵੱਖ-ਵੱਖ ਸੰਸਥਾਵਾਂ 'ਚ ਸਾਰੀ ਉਮਰ ਸੇਵਾ ਕਰਨ ਵਾਲੇ ਪੱਤਰਕਾਰ ਰਜਨੀਸ਼ ਬਾਂਸਲ ਦੇ ਪਿਤਾ ਸ੍ਰੀ ਵਿਨੋਦ ਕੁਮਾਰ ਬਾਂਸਲ, ਜਿਨ੍ਹਾਂ ਦਾ ਬੀਤੀ 26 ਨਵੰਬਰ ਨੂੰ ਦਿਹਾਂਤ ਹੋ ਗਿਆ ਸੀ, ਉਨ੍ਹਾਂ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 7 ਦਸੰਬਰ ਨੂੰ ਸਨਮਤੀ ਮਾਤਰੀ ਸੇਵਾ ਸੰਘ ਹਾਲ, ਸਾਹਮਣੇ ਕਲਿਆਣੀ ਹਸਪਤਾਲ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗਾ। ਇਸ ਦੁੱਖ ਦੀ ਘੜੀ 'ਚ ਪਰਵਾਰ ਨਾਲ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਸਮੇਤ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

## ਅੱਜ ਬਿਜਲੀ ਬੰਦ ਰਹੇਗੀ

**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਜਲਾਲਾਬਾਦ ਸ਼ਹਿਰੀ ਸਬ ਡਵੀਜ਼ਨ ਦੇ ਐੱਸ.ਡੀ.ਓ. ਸੰਦੀਪ ਕੁਮਾਰ ਨੇ ਦੱਸਿਆ ਕਿ 132 ਕੇ.ਵੀ. ਬਿਜਲੀ ਘਰ ਜਲਾਲਾਬਾਦ ਵਿੱਚ ਮੈਂਟੀਨੈਂਸ ਦੇ ਜ਼ਰੂਰੀ ਕੰਮ ਕਰਨ ਲਈ ਜਲਾਲਾਬਾਦ ਦੇ 132 ਕੇ.ਵੀ. ਬਿਜਲੀ ਘਰ ਤੋਂ ਚਲਦੇ 11 ਕੇ.ਵੀ. ਫੀਡਰ ਜਲਾਲਾਬਾਦ ਸ਼ਹਿਰ, ਆਲਮਕੇ, ਟਿਵਾਣਾ ਰੋਡ, ਬੱਘਾ ਬਜ਼ਾਰ, ਸੁਖੇਰਾ, ਘੁਰੀ, ਕਾਲੂ ਵਾਲਾ, ਘਾਂਗਾ, ਫਾਜ਼ਿਲਕਾ ਰੋਡ ਫੀਡਰਾਂ ਅਧੀਨ ਇਲਾਕੇ ਵਿੱਚ 7 ਦਸੰਬਰ 2025 ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ।

## ਮਹਾਨਗਰ ਨੂੰ ਹਰਿਆ ਭਰਿਆ ਬਣਾਉਣ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ : ਬੀਬੀ ਛੀਨਾ



**ਸਮਰਾਲਾ (ਸੁਰਜੀਤ ਸਿੰਘ)**-ਜਰਨੈਲ ਹਰੀ ਸਿੰਘ ਨਲੂਆ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਬਾਪੂ ਅਮਰੀਕ ਸਿੰਘ ਬੁਲਾਰਾ ਦੀ ਨਿੱਘੀ ਯਾਦ ਵਿੱਚ ਅੱਜ ਸ਼ੇਰਪੁਰ ਚੌਕ ਵਿੱਚ ਸਜਾਵਟੀ ਬੂਟੇ ਲਗਾਏ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਦੱਖਣੀ ਲੁਧਿਆਣਾ ਦੀ ਵਿਧਾਇਕਾ ਬੀਬੀ ਰਜਿੰਦਰਪਾਲ ਕੌਰ ਛੀਨਾ ਤੇ ਐੱਸ ਪੀ ਐੱਸ ਹਸਪਤਾਲ ਦੇ ਸੀ ਓ ਜੋਗਿੰਦਰ ਨਾਥ ਅਵਧਿਆਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਬੀਬੀ ਛੀਨਾ ਨੇ ਹਾਜ਼ਰ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਇਨਸਾਨੀ ਗਲਤੀਆਂ ਕਾਰਨ ਸਾਡੇ ਚੌਗਿਰਦੇ ਦਾ ਵਾਤਾਵਰਨ ਬਹੁਤ ਦੂਸ਼ਿਤ ਹੋ ਚੁੱਕਿਆ ਹੈ।ਇਸ ਨੂੰ ਸਵੱਛ ਰੱਖਣ ਲਈ ਰੁੱਖ ਲਗਾਉਣੇ ਬਹੁਤ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਮਹਾਨਗਰ ਨੂੰ ਹਰਿਆ ਭਰਿਆ ਬਣਾਉਣ ਲਈ ਅੱਜ ਸ਼ੇਰਪੁਰ ਚੌਕ ਤੋਂ ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ।ਉਨ੍ਹਾਂ ਨੂੰ ਅਪੀਲ ਕੀਤੀ ਕਿ ਇਸ ਮਿਸ਼ਨ ਵਿੱਚ ਸਹਿਯੋਗ ਕਰਨ।ਇਸ ਮੌਕੇ ਸੰਸਥਾ ਦੇ ਪ੍ਰਧਾਨ ਲਖਬੀਰ ਸਿੰਘ ਬੱਦੋਵਾਲ, ਜਨਰਲ ਸਕੱਤਰ ਜਗਜੀਤ ਸਿੰਘ ਜੱਸੂ ਤੇ ਖਜ਼ਾਨਚੀ ਗੁਰਦਿਤ ਸਿੰਘ ਉੱਭੀ ਨੇ ਦੱਸਿਆ ਕਿ ਇਹ ਮੁਹਿੰਮ ਨਿਰੰਤਰ ਜਾਰੀ ਰਹੇਗੀ।ਇਸ ਮੌਕੇ ਮਨਜੀਤ ਸਿੰਘ ਬੁਲਾਰਾ, ਹਰਮਿੰਦਰ ਸਿੰਘ ਬੁਲਾਰਾ, ਪੀ ਏ ਹਰਪ੍ਰੀਤ ਸਿੰਘ, ਸਤਨਾਮ ਸਿੰਘ ਝੱਜ ਤੇ ਪੀ ਏ ਨੰਦ ਕਿਸ਼ੋਰ ਮੌਜੂਦ ਸਨ।

## ਪੁਲਸ ਭਰਤੀ ਗਰੋਹ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ !

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਉੱਚ ਅਧਿਕਾਰੀਆਂ ਦਾ ਨਾਮ ਵਰਤ ਕੇ ਪੁਲਸ 'ਚ ਭਰਤੀ ਕਰਵਾਉਣ ਲਈ ਜਾਲ੍ਹੀ ਸ਼ਨਾਖਤੀ ਕਾਰਡ ਬਣਾ ਕੇ ਲੋਕਾਂ ਤੋਂ ਲੱਖਾਂ ਰੁਪਏ ਬਟੋਰਨ ਵਾਲੇ ਗਰੋਹ ਨਾਲ ਸੰਬੰਧਤ ਠੱਗਾਂ ਦੀਆਂ ਹੋਰ ਪਰਤਾਂ ਖੁੱਲ੍ਹਣ ਲੱਗੀਆਂ ਹਨ।ਠੱਗ ਗਰੋਹ ਵੱਲੋਂ ਡਰਾਏ ਤੇ ਸਤਾਏ ਹੋਏ ਲੋਕ ਰਾਜਵਿੰਦਰ ਸਿੰਘ ਵੱਲੋਂ ਦਰਜ ਕਰਵਾਏ ਪੁਲਸ ਕੇਸ ਮਗਰੋਂ ਸਾਹਮਣੇ ਆਏ ਹਨ, ਪਰ ਦੂਜੇ ਪਾਸੇ ਇਨ੍ਹਾਂ ਠੱਗਾਂ ਨਾਲ ਮਿਲੇ ਹੋਏ ਕੁੱਝ ਰਾਜਨੀਤਕ ਆਗੂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੀ ਆੜ੍ਹ ਹੇਠ ਇਨ੍ਹਾਂ ਨੂੰ ਬਚਾਉਣ ਲਈ ਆਪਣੀ ਵਾਹ ਲਾਉਣ ਵਿੱਚ ਜੁਟੇ ਹੋਏ ਹਨ।ਪਿੰਡ ਕਾਹਨਗੜ੍ਹ ਦੇ ਰਹਿਣ ਵਾਲੇ ਰਾਜਵਿੰਦਰ ਸਿੰਘ ਵੱਲੋਂ ਦਿੱਤੀ ਗਈ ਦਰਖਾਸਤ 'ਤੇ ਪੁਲਸ ਵਿੱਚ ਭਰਤੀ ਕਰਵਾਉਣ ਦਾ ਝਾਂਸਾ ਦੇ ਕੇ ਉਸ ਨੂੰ ਜਾਲ੍ਹੀ ਆਈ ਕਾਰਡ ਦੇ ਕੇ ਉਸ ਤੋਂ ਮਾਰੀ ਗਈ 13 ਲੱਖ ਰੁਪਏ ਦੀ ਠੱਗੀ ਦੇ ਸਬੰਧ ਵਿੱਚ ਡੀਐੱਸਪੀ ਪਾਤੜਾਂ ਦੇ ਹੁਕਮਾਂ 'ਤੇ ਇੱਕ ਔਰਤ ਸਮੇਤ 5 ਖਿਲਾਫ ਕੇਸ ਦਰਜ ਕੀਤੇ ਜਾਣ ਮਗਰੋਂ ਇਸ ਮਾਮਲੇ ਦੀਆਂ ਹੋਰ ਪਰਤਾਂ ਖੁੱਲ੍ਹ ਕੇ ਉਸ ਵੇਲੇ ਸਾਹਮਣੇ ਆਈਆਂ, ਜਦੋਂ ਪਿੰਡ ਹਰਿਆਊ ਕਲਾਂ ਦੇ ਰਹਿਣ ਵਾਲੇ ਹੰਸਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਨੂੰ ਪੁਲਸ ਵਿੱਚ ਭਰਤੀ ਕਰਵਾਉਣ ਦਾ ਝਾਂਸਾ ਦੇ ਕੇ 17 ਲੱਖ ਰੁਪਏ ਸੁਰਜੀਤ ਰਾਮ ਤੇ ਇਸ ਦੇ ਗਰੋਹ ਦੇ ਮੈਂਬਰਾਂ ਨੇ ਲਏ ਅਤੇ ਆਈ ਕਾਰਡ ਦੇਣ ਲਈ 2 ਲੱਖ ਰੁਪਏ ਹੋਰ ਮੰਗਣ ਲੱਗੇ, ਪਰ ਸ਼ੱਕ ਹੋਣ 'ਤੇ ਸੁਰਜੀਤ ਰਾਮ ਨੇ ਆਪਣੀ ਕੋਠੀ 17 ਲੱਖ ਵਿੱਚ ਦੇਣ ਤੇ ਇਸ ਦਾ ਕਬਜ਼ਾ ਦੇਣ ਦਾ ਇੱਕ ਅਸ਼ਟਾਮ ਤੇ ਲਿਖਤੀ ਕਰਕੇ ਦੇਣ ਮਗਰੋਂ ਇਸ ਦਾ ਕਬਜ਼ਾ ਨਹੀਂ ਦਿੱਤਾ। ਮਾਮਲਾ ਸੰਯੁਕਤ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਧਿਆਨ ਵਿੱਚ ਆਉਣ 'ਤੇ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਇਸ ਸਬੰਧੀ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਮਿਲ ਕੇ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਜਾਵੇਗੀ।ਦੂਜੇ ਪਾਸੇ ਡੀਐੱਸਪੀ ਇੰਦਰਪਾਲ ਸਿੰਘ ਚੌਹਾਨ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਕਿਸੇ ਦਾ ਦਬਾਅ ਨਾ ਝੱਲਦਿਆਂ ਬਣਦੀ ਕਾਰਵਾਈ ਜਾਰੀ ਰੱਖੀ ਜਾਵੇਗੀ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਐਥਲੈਟਿਕ ਮੀਟ ਕਰਵਾਈ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਵਿਖੇ ਸਾਲਾਨਾ 28ਵੀਂ ਜੂਨੀਅਰ ਐਥਲੈਟਿਕ ਮੀਟ ਕਰਵਾਈ ਗਈ, ਜਿਸ ਵਿੱਚ ਸਿੰਪਲ ਰੇਸ, ਕੋਨ ਰੇਸ, ਲੈਮਨ ਰੇਸ, ਸੈਕ ਰੇਸ, ਹਰਡਲ ਰੇਸ, ਗੁਬਾਰਾ ਰੇਸ, ਬਿਸਕੁਟ ਰੇਸ ਆਦਿ ਮਨੋਰੰਜਕ ਮੁਕਾਬਲੇ ਕਰਵਾਏ ਗਏ ਤੇ ਨਾਲ ਹੀ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ, ਨਾਟਕ ਵੀ ਪੇਸ਼ ਕੀਤੇ।ਪ੍ਰੋਗਰਾਮ ਦੇ ਅੰਤ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।ਇਸ ਵਿਸ਼ੇਸ਼ ਸਮਾਗਮ ਵਿੱਚ ਸਕੂਲ ਕਮੇਟੀ ਦੇ ਪ੍ਰਧਾਨ ਸ੍. ਪਰਦਮਨ ਸਿੰਘ ਵਿਰਕ, ਸੀਨੀਅਰ ਵਾਈਸ ਪ੍ਰਧਾਨ ਗੁਲਜਾਰ ਸਿੰਘ, ਜਸਵੰਤ ਸਿੰਘ ਕਮੇਟੀ ਮੈਂਬਰ ਗੁਰਦੇਵ ਸਿੰਘ, ਬਲਵਿੰਦਰ ਸਿੰਘ, ਬਾਬਾ ਸਾਹਿਬ ਸਿੰਘ, ਕੁਲਦੀਪ ਸਿੰਘ ਤੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੁਨੀਤਾ ਰਾਣੀ, ਬਲਵੀਰ ਸਿੰਘ ਧਾਰੀਵਾਲ ਤੇ ਸਮੂਹ ਸਟਾਫ ਮੈਂਬਰ ਸ਼ਾਮਲ ਸਨ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਆਪ ਉਮੀਦਵਾਰਾਂ ਦੀ ਜਿੱਤ ਯਕੀਨੀ : ਵਿਰਕ, ਦਲੇਰ ਸਿੰਘ, ਗੋਪੀ ਮਾਨ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਵਿੱਚ ਹੋਣ ਜਾ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਸਾਰੇ ਉਮੀਦਵਾਰ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ ਅਤੇ ਹਲਕੇ ਦੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੋਸ਼ਲ ਮੀਡੀਆ ਦੇ ਹਲਕਾ ਕੋਆਰਡੀਨੇਟਰ ਤਲਵਿੰਦਰ ਸਿੰਘ ਵਿਰਕ, ਵਾਈਸ ਕੋਆਰਡੀਨੇਟਰ ਦਲੇਰ ਸਿੰਘ, ਯੂਥ ਆਗੂ ਗੋਪੀ ਮਾਨ ਆਦਿ ਆਗੂਆਂ ਨੇ ਪ੍ਰੈੱਸ ਨਾਲ ਸਾਂਝਾ ਕੀਤਾ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਾਸੀਆਂ ਨਾਲ ਜੋ ਵਾਅਦੇ ਕੀਤੇ ਸਨ, ਸਰਕਾਰ ਵੱਲੋਂ ਉਹ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਤੇ ਪੰਜਾਬ ਵਾਸੀਆਂ ਨੂੰ ਹਰ ਸਹੂਲਤ ਦੇਣ ਲਈ ਪੰਜਾਬ ਸਰਕਾਰ ਵਚਨਬੱਧ ਹੈ।ਆਪ ਆਗੂਆਂ ਨੇ ਕਿਹਾ ਕਿ ਕੁੱਝ ਸਮਾਂ ਪਹਿਲਾ ਲੰਘੀਆਂ ਪੰਚਾਇਤੀ ਚੋਣਾ, ਜ਼ਿਮਨੀ ਚੋਣਾਂ ਵਿੱਚ ਪੰਜਾਬ ਵਾਸੀਆਂ ਨੇ ਸਰਕਾਰ ਵੱਲੋਂ ਕੀਤੇ ਲੋਕ ਹਿੱਤ ਕੰਮਾਂ ਤੇ ਵਿਕਾਸ ਕਾਰਜਾਂ ਤੇ ਮੋਹਰ ਲਾਈ ਹੈ ਅਤੇ ਆਮ ਆਦਮੀ ਪਾਰਟੀ ਦੀ ਜਿੱਤ ਹੋਈ ਹੈ ਤੇ ਹੁਣ ਵੀ ਲੋਕ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਉਮੀਦਵਾਰਾਂ ਨੂੰ ਜਿਤਾ ਕੇ ਵਿਕਾਸ ਕਾਰਜਾਂ 'ਤੇ ਮੋਹਰ ਲਾਉਣਗੇ।ਇਸ ਮੌਕੇ ਆਪ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚਲਾਈਆਂ ਜਾ ਰਹੀਆਂ ਯੋਜਨਾਵਾਂ, ਜਿਵੇਂ ਕਿ ਮੁਫ਼ਤ ਬਿਜਲੀ, ਪਾਣੀ, ਮੁਫ਼ਤ ਇਲਾਜ ਤੇ ਸਿੱਖਿਆ ਪ੍ਰਣਾਲੀ ਵਿੱਚ ਕੀਤੇ ਗਏ ਵਧੀਆ ਸੁਧਾਰਾਂ ਨੇ ਲੋਕਾਂ ਦੀ ਜ਼ਿੰਦਗੀ ਵਿੱਚ ਅਸਲ ਬਦਲਾਅ ਲਿਆਂਦਾ ਹੈ, ਨਸ਼ਿਆਂ ਦੇ ਸੌਦਾਗਰਾਂ ਨੂੰ ਨੱਥ ਪਾਈ ਗਈ ਹੈ ਤੇ ਆਪ ਸਰਕਾਰ ਨੇ ਸੜਕਾਂ ਦੀ ਮੁਰੰਮਤ, ਸਿਹਤ ਕੇਂਦਰਾਂ ਦਾ ਵਧੀਆ ਪ੍ਰਬੰਧ ਤੇ ਨੌਜਵਾਨਾਂ ਲਈ ਨੌਕਰੀਆਂ ਦੇ ਕੇ ਲੋਕਾਂ ਦਾ ਦਿਲ ਜਿੱਤਿਆ ਹੈ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਉਮੀਦਵਾਰਾਂ ਨੂੰ ਆਪਣਾ ਸਮਰਥਨ ਦੇਣ ਅਤੇ ਉਨ੍ਹਾਂ ਦੀ ਜਿੱਤ ਲਈ ਪਾਰਟੀ ਆਗੂ ਤੇ ਵਰਕਰ ਪੂਰੀ ਮਿਹਨਤ ਕਰਨਗੇ ਤੇ ਆਪ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣਗੇ।

## ਭਤੀਜੇ ਦਾ ਗੋਲੀ ਮਾਰ ਕੇ ਕੀਤਾ ਕਤਲ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਮੋਗਾ ਜ਼ਿਲ੍ਹੇ ਵਿੱਚ ਪੈਂਦੇ ਥਾਣਾ ਨਿਹਾਲ ਸਿੰਘ ਵਾਲਾ ਅਧੀਨ ਆਉਂਦੇ ਪਿੰਡ ਮਾਛੀਕੇ ਵਿੱਚ ਚਾਚੇ ਨੇ ਭਤੀਜੇ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਮਾਛੀਕੇ ਦਾ ਰਹਿਣ ਵਾਲਾ, ਅਮਰੀਕਾ ਦਾ ਸਿਟੀਜਨ ਬਹਾਦਰ ਸਿੰਘ ਸੇਖੋਂ ਨੇ ਆਪਣੇ ਭਤੀਜੇ ਦੀਪ ਦੇ ਮੱਥੇ ਵਿੱਚ ਗੋਲੀ ਮਾਰ ਕੇ ਪਹਿਲਾਂ ਕਤਲ ਕੀਤਾ, ਉਸ ਤੋਂ ਬਾਅਦ ਲਾਸ਼ ਉੱਪਰ ਗੱਡੀ ਲੰਘਾਈ।ਪਤਾ ਲੱਗਾ ਹੈ ਕਿ ਚਾਚੇ ਭਤੀਜੇ ਦਾ ਆਪਸ ਵਿੱਚ ਜ਼ਮੀਨ ਦਾ ਝਗੜਾ ਚਲਦਾ ਸੀ।

ਉਸ ਦੇ ਚਲਦਿਆਂ ਬਹਾਦਰ ਸਿੰਘ ਦੀ ਆਪਣੇ ਭਤੀਜੇ ਦੀਪ ਸਿੰਘ ਨਾਲ ਖੇਤ ਵਿੱਚ ਤੂੰ ਤੂੰ ਮੈਂ ਮੈਂ ਹੋ ਗਈ, ਜਿਸ ਦੌਰਾਨ ਬਹਾਦਰ ਸਿੰਘ ਨੇ ਆਪਣੀ ਲਾਇਸੰਸੀ ਪਿਸਤੌਲ ਨਾਲ ਦੀਪ ਸਿੰਘ ਦੇ ਮੱਥੇ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ।ਘਟਨਾ ਦਾ ਪਤਾ ਲੱਗਦਿਆਂ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ।ਦੂਜੇ ਪਾਸੇ ਬਹਾਦਰ ਸਿੰਘ ਨੇ ਵਾਰਦਾਤ ਨੂੰ ਅੰਜਾਮ ਦੇ ਕੇ ਆਪਣੇ ਘਰ ਤੋਂ ਪਾਸਪੋਰਟ ਚੱਕ ਕੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ, ਪਰ ਪਿੰਡ ਦੇ ਲੋਕਾਂ ਨੇ ਬਹਾਦਰ ਸਿੰਘ ਨੂੰ ਘੇਰ ਲਿਆ ਤੇ ਪੁਲਸ ਨੇ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ।

# ਆਕਸਫੋਰਡ ਸਕੂਲ ਵਿਖੇ ਦੋ ਰੋਜ਼ਾ ਜੂਨੀਅਰ ਸਪੋਰਟਸ ਫਿਸਟਾ ਦਾ ਆਯੋਜਨ



**ਬਠਿੰਡਾ (ਰਾਜੀਵ ਗੋਇਲ)**

'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ' ਵਿਖੇ ਦੋ ਰੋਜ਼ਾ ਸਾਲਾਨਾ ਜੂਨੀਅਰ ਸਪੋਰਟਸ ਫਿਸਟਾ-2025 ਕਰਵਾਇਆ ਗਿਆ।ਇਸ ਸਮਾਗਮ ਦਾ ਆਰੰਭ ਬਹੁਤ ਹੀ ਰਸਭਿੰਨਾ ਸ਼ਬਦ 'ਸੁਖ ਤੇਰਾ ਦਿਤਾ ਲਹੀਐ' ਦੇ ਗਾਇਨ ਨਾਲ ਹੋਇਆ।ਇਸ ਤੋਂ ਬਾਅਦ ਵਿਦਿਆਰਥਣਾਂ ਨੇ ਖੇਡ ਸਮਾਗਮ ਦੇ ਮੁੱਖ ਮਹਿਮਾਨ ਸ੍ਰੀਮਤੀ ਮਮਤਾ ਖੁਰਾਣਾ ਸੇਠੀ ਡੀ.ਈ.ਓ. ਬਠਿੰਡਾ ਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨਾਂ ਲਈ ਸੁਆਗਤੀ ਗੀਤ ਗਾਇਆ। ਮੁੱਖ ਮਹਿਮਾਨ ਵੱਲੋਂ ਖੇਡ ਸਮਾਗਮ ਦੀ ਸ਼ੁਰੂਆਤ ਰਿਬਨ ਕੱਟ ਕੇ ਕੀਤੀ ਗਈ।ਜ਼ਿਕਰਯੋਗ ਹੈ ਕਿ ਦੂਸਰੇ ਦਿਨ ਦੇ ਮੁੱਖ ਮਹਿਮਾਨ ਸ੍ਰੀ ਰਾਜੀਵ ਕੁਮਾਰ ਖੰਨਾ ਨਾਇਬ ਤਹਿਸੀਲਦਾਰ, ਭਗਤਾ ਭਾਈ ਕਾ ਨੇ ਨੰਨ੍ਹੇ ਬੱਚਿਆਂ ਦਾ ਖ਼ੂਬ ਹੌਸਲਾ ਵਧਾਇਆ।ਖੇਡ ਸਮਾਗਮ ਦੀ ਪਹਿਲੀ ਈਵੈਂਟ ਪ੍ਰੀ-ਨਰਸਰੀ ਦੇ ਵਿਦਿਆਰਥੀਆਂ ਦੀ ਕੋਨ ਬੇਲੈਂਸ ਅਤੇ ਬਟਰਫਲਾਈ ਰੇਸੀ, ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਬੌਕਸ, ਪੁੱਲ ਕੋਨ, ਟ੍ਰੇਨ ਪੁੱਲ ਰੇਸ, ਬਟਨ ਰਿਲੇਅ ਰੇਸ, ਕੇਟਰਪਿੱਲਰ ਰੇਸ, ਰੈਬਿਟ ਰੇਸ, ਐਲੀਫੈਂਟ ਰੇਸ, ਲੁਇਨ ਰੇਸ, ਡੱਕ ਰੇਸ ਆਦਿ ਈਵੈਂਟਸ ਪੇਸ਼ ਕੀਤੀਆਂ, ਐੱਲ ਕੇ ਜੀ ਦੇ ਵਿਦਿਆਰਥੀਆਂ ਨੇ ਵੱਖ-ਵੱਖ ਔਬਸਟੇਕਲ ਰੇਸ ਵਿੱਚ, ਹਾਕੀ ਰੇਸ, ਫਰੌਗ ਰੇਸ, ਮੰਕੀ ਰੇਸ, ਟਰਟਲੀ ਰੇਸ ਆਦਿ ਦੌੜਾਂ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਰਿਲੇਅ ਰੇਸ, ਬੈਗ ਪੈਕ, ਜਿਗ-ਜੈਗ ਬਿਸਕੁਟ ਖਾਣਾ ਆਦਿ 'ਚ ਭਾਗ ਲਿਆ।ਇਸੇ ਤਰ੍ਹਾਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਵੀ ਰਿਲੇਅ ਰੇਸ ਦੀਆਂ ਵੱਖ-ਵੱਖ ਈਵੈਂਟਸ ਵਿੱਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਤੋਂ ਇਲਾਵਾ ਬੱਚਿਆਂ ਦੇ ਦਾਦਾ -ਦਾਦੀ ਲਈ ਵੀ ਸਪੂਨ-ਲੈਮਨ ਰੇਸ ਰੱਖੀ ਗਈ, ਜਿਸ ਵਿੱਚ ਸਾਰੇ ਮਾਪਿਆਂ ਨੇ ਹੁੰਮ-ਹੁਮਾ ਕੇ ਹਿੱਸਾ ਲਿਆ।ਸਕੂਲ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਸਕੂਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ।ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿਬਘ ਸਰਪੰਚ (ਵਿੱਤ-ਸਕੱਤਰ) ਕੁਆਰਡੀਨੇਟਰਜ਼ ਮੌਜੂਦ ਸਨ।

## 'ਮੇਰੀ ਸਿੱਖੀ ਮੇਰੀ ਪਹਿਚਾਣ' ਦੇ ਫਾਈਨਲ ਗੁਰਮਤਿ ਮੁਕਾਬਲੇ ਕਰਵਾਏ




**ਜਗਰਾਓਂ (ਅਮਿਤ ਖੰਨਾ)**-ਜੀ ਐੱਚ ਜੀ ਅਕੈਡਮੀ ਵਿੱਚ 29 ਨਵੰਬਰ 2025 ਨੂੰ ਕਰਵਾਏ ਗਏ ਮੇਰੀ ਸਿੱਖੀ ਮੇਰੀ ਪਹਿਚਾਣ ਦੇ ਲਿਖਤੀ ਰੂਪ ਵਿੱਚ ਸੈਮੀ ਫਾਈਨਲ ਗੁਰਮਤ ਮੁਕਾਬਲਿਆਂ ਵਿੱਚੋਂ ਪਹਿਲੀਆਂ 10 ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ 4 ਦਸੰਬਰ 2025 ਨੂੰ ਫਾਈਨਲ ਗੁਰਮਤਿ ਮੁਕਾਬਲਾ ਕਰਵਾਇਆ ਗਿਆ।ਵਿਦਿਆਰਥੀ ਨੂੰ ਪਹਿਲਾ ਗਰੁੱਪ 6 ਤੋਂ 9 ਸਾਲ, ਦੂਜਾ ਗਰੁੱਪ 10 ਤੋਂ 14 ਸਾਲ ਤੇ ਤੀਜਾ ਗਰੁੱਪ 15 ਤੋਂ 21 ਸਾਲ ਦੇ ਅਨੁਸਾਰ ਵੰਡਿਆ ਗਿਆ।ਹਰ ਗਰੁੱਪ ਲਈ ਚਾਰ ਰਾਊਂਡ ਰੱਖੇ ਗਏ।ਇਸ ਮੁਕਾਬਲੇ ਵਿੱਚ ਸਰਦਾਰ ਵਰਿਆਮ ਸਿੰਘ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਸ਼ਨ ਪੁੱਛੇ ਗਏ, ਜਿਸ ਵਿੱਚੋਂ ਪਹਿਲੇ ਗਰੁੱਪ ਵਿੱਚ ਪਹਿਲਾ ਦਰਜਾ ਨਿਮਰਤ ਜੋਤ ਕੌਰ ਪਿੰਡ ਜਾਂਗਪੁਰ, ਦੂਸਰਾ ਸਥਾਨ ਗੁਰਮੰਨਤ ਕੌਰ ਜਗਰਾਉਂ, ਤੀਸਰਾ ਦਰਜਾ ਅਭੀਰੂਪ ਕੌਰ ਪੱਖੋਵਾਲ, ਚੌਥਾ ਦਰਜਾ ਧੀਰਜ ਧਾਂਦਰਾ, ਪੰਜਵਾਂ ਦਰਜਾ ਏਕਨੂਰ ਕੌਰ ਪਿੰਡ ਵਿਰਕ।ਗਰੁੱਪ ਦੂਜਾ ਪਹਿਲਾ ਦਰਜਾ ਤਨੀਸ਼ਾ ਕੌਰ ਪਿੰਡ ਪੱਖੋਵਾਲ, ਦੂਜਾ ਦਰਜਾ ਰਾਜਵੀਰ ਸਿੰਘ ਪਿੰਡ ਲੱਖਾ, ਤੀਜਾ ਦਰਜਾ ਸਹਜ ਪ੍ਰੀਤ ਕੌਰ ਚੀਮਾ ਪਿੰਡ ਜਾਂਗਪੁਰ, ਚੌਥਾ ਦਰਜਾ ਸਮਰੀਤ ਕੌਰ ਪਿੰਡ ਢੁੱਡੀਕੇ, ਪੰਜਵਾਂ ਦਰਜਾ ਦਮਨਪ੍ਰੀਤ ਸ਼ਰਮਾ ਪਿੰਡ ਕਰਮਗੜ੍ਹ।ਗਰੁੱਪ ਤੀਜਾ 'ਚ ਪਹਿਲਾ ਦਰਜਾ ਅਰਸ਼ਦੀਪ ਕੌਰ ਪਿੰਡ ਛੱਜਾਵਾਲ, ਦੂਜਾ ਦਰਜਾ ਅਮਰਿੰਦਰ ਸਿੰਘ ਪਿੰਡ ਕੋਕਰੀ ਫੂਲਾ ਸਿੰਘ, ਤੀਜਾ ਦਰਜਾ ਗੁਰਲੀਨ ਕੌਰ ਪਿੰਡ ਰੂਮੇ, ਚੌਥਾ ਦਰਜਾ ਤ੍ਰਿਲੋਕ ਸਿੰਘ ਪਿੰਡ ਕੋਕਰੀ ਫੂਲਾ ਸਿੰਘ, ਪੰਜਵਾਂ ਦਰਜਾ ਦਾਨਵੀਰ ਸਿੰਘ ਗਿੱਲ ਪਿੰਡ ਕੋਕਰੀ ਫੂਲਾ ਸਿੰਘ ਨੇ ਪ੍ਰਾਪਤ ਕੀਤਾ।ਇਸ ਮੌਕੇ ਜੀ ਐੱਚ ਜੀ ਅਕੈਡਮੀ ਦੇ ਚੇਅਰਮੈਨ ਗੁਰਮੇਲ ਸਿੰਘ ਮੱਲ੍ਹੀ, ਪ੍ਰਿੰਸੀਪਲ ਰਮਨਜੋਤ ਕੌਰ ਗਰੇਵਾਲ, ਪ੍ਰਿੰਸੀਪਲ ਜੀ ਐੱਚ ਜੀ ਅਕੈਡਮੀ ਖੰਡੂਰ ਸ੍ਰੀਮਤੀ ਨੀਨਾ ਵਰਮਾ ਵੀ ਮੌਜੂਦ ਸਨ।

# ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ

**ਤਹਿਸੀਲ ਦਫਤਰ ਦਾ ਸਰਕਾਰੀ ਰਿਕਾਰਡ ਨਿੱਜੀ ਵਿਅਕਤੀਆਂ ਦੇ ਹੱਥ ਦੇਣਾ ਅਤਿਅੰਤ ਘਾਤਕ : ਦਰਸ਼ਨ ਗਿੱਲ**



**ਮੋਗਾ (ਇਕਬਾਲ ਸਿੰਘ ਖਹਿਰਾ)**

ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਮੋਗਾ ਵਿਖੇ ਹੋਈ, ਜਿਸ ਵਿੱਚ ਰਿਟਾਇਰਡ ਕਾਨੂੰਨਗੋ, ਪਟਵਾਰੀ ਸ਼ਾਮਲ ਹੋਏ।ਮੀਟਿੰਗ ਦੀ ਕਾਰਵਾਈ ਗੁਰਮੇਲ ਸਿੰਘ ਗੋਂਦਾਰਾ ਜਨਰਲ ਸਕੱਤਰ ਵੱਲੋ ਚਲਾਈ ਗਈ।ਅੱਜ ਦੀ ਮੀਟਿੰਗ ਦੌਰਾਨ ਗੁਰਤੇਜ ਸਿੰਘ ਗਿੱਲ ਐੱਸ ਕੇ ਤੇ ਜਰਨੈਲ ਸਿੰਘ ਖੋਸਾ ਪਟਵਾਰੀ ਮੈਂਬਰਸ਼ਿਪ ਲੈ ਕੇ ਮੈਂਬਰ ਬਣੇ।ਮੀਟਿੰਗ ਦੇ ਸ਼ੁਰੂ ਵਿੱਚ ਗੁਰਮੇਲ ਸਿੰਘ ਚੌਕੀਦਾਰ ਪਿੰਡ ਗਲੋਟੀ ਦੇ ਸੰਖੇਪ ਬਿਮਾਰੀ ਤੋਂ ਬਾਅਦ ਸਵਰਗਵਾਸ ਹੋਣ ਤੇ ਗਹਿਰਾ ਦੁੱਖ ਪ੍ਰਗਟਾਇਆ ਗਿਆ।ਉਹ ਐਸੋਸੀਏਸ਼ਨ ਦੀਆਂ ਮੀਟਿੰਗਾਂ ਦੌਰਾਨ ਸ਼ਾਮਲ ਹੋ ਕੇ ਬਹੁਤ ਸਹਿਯੋਗ ਦਿੰਦਾ ਰਿਹਾ ਹੈ, ਜਿਸ ਦੀ ਹਰ ਮੈਂਬਰ ਨਾਲ ਗੂੜੀ ਸਾਂਝ ਸੀ।ਮੀਟਿੰਗ ਦੌਰਾਨ ਨਵੇ ਸਾਲ ਦਾ ਕੈਲੰਡਰ ਤਿਆਰ ਕਰਵਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ ਨਾਲ ਹੀ ਨਿੱਜੀ ਜਾਣਕਾਰੀ ਭਰਪੂਰ ਮੈਂਬਰਾ ਦੇ ਨਵੇ ਆਈ ਕਾਰਡ ਬਣਾਉਣ ਲਈ ਸਹਿਮਤੀ ਨਾਲ ਮਤਾ ਪਾਸ ਕੀਤਾ ਗਿਆ।

ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੇ ਰਵੱਈਏ 'ਤੇ ਚਿੰਤਾ ਪ੍ਰਗਟ ਕੀਤੀ ਗਈ ਕਿ ਇਹ ਲਾਲਚਵੱਸ ਹੋਕੇ, ਬੇਵੱਸ ਤੇ ਲਾਚਾਰ ਹੋ ਚੁੱਕਾ ਹੈ, ਜਿਸ ਦੀ ਆਪਣੇ ਮੁਤਾਹਿਤ ਅਧਿਕਾਰੀਆਂ ਕਰਮਚਾਰੀਆਂ 'ਤੇ ਕੋਈ ਪਕੜ ਜਾ ਪ੍ਰਭਾਵ ਨਹੀਂ ਹੈ।ਜ਼ਿਲ੍ਹੇ ਦੇ ਸਬ-ਰਜਿਸਟਰਾਰ ਦਫ਼ਤਰਾਂ ਵਿੱਚ ਵਸੀਕੇ, ਰਜਿਸਟਰੀਆਂ ਰਜਿਸਟਰਡ ਹੋਣ ਦਾ ਕੰਮ ਅਰਜੀ ਨਵੀਸ ਤੇ ਦਲਾਲਾਂ ਰਾਹੀਂ ਸ਼ਰੇਆਮ ਲੈਣ-ਦੇਣ ਕਰਕੇ ਚਲਦਾ ਹੈ। ਸਬ-ਰਜਿਸਟਰਾਰ ਦੀ ਪੋਸਟਿੰਗ ਕਰਵਾਉਣ ਵੇਲੇ ਮੋਟੇ ਪੰਜ-ਸੱਤ ਲੱਖ ਰੁਪਿਆਂ ਦਾ ਚੜ੍ਹਾਵਾ ਚੜ੍ਹਾਉਣਾ ਪੈਂਦਾ ਹੈ।ਸੂਤਰ ਇਹ ਵੀ ਕਹਿੰਦੇ ਹਨ ਕਿ ਜਿੱਥੇ ਅਧਿਕਾਰੀ ਹਫਤੇ ਵਸੂਲਦੇ ਹਨ, ਉੱਥੇ ਵਿਜੀਲੈਂਸ ਵਿਭਾਗ ਵੀ ਘੱਟ ਨਹੀ ਇਸ ਦੇ ਮੁਲਾਜ਼ਮ ਖਾਸ ਕਰਕੇ ਸ਼ਹਿਰੀ ਹਲਕਿਆ ਦੇ ਪਟਵਾਰੀਆ ਤੇ ਸਬ-ਰਜਿਸਟਰਾਰ ਦਫ਼ਤਰ ਦੇ ਕਲਰਕਾਂ ਤੋਂ ਵੰਗਾਰਾ ਲੈਂਦੇ ਤੇ ਮਹੀਨੇ ਵਸੂਲਦੇ ਹਨ। ਮੋਗਾ ਜਿਲ੍ਹੇ ਦੇ ਹਰ ਦਫ਼ਤਰ ਵਿੱਚ ਹੱਦੋਂ ਵੱਧ ਕੁਰੱਪਸ਼ਨ ਚਲਦੀ ਹੈ।ਰਿਟਾਇਰ ਹੋ ਕੇ ਮਹਿਕਮੇ ਦੀਆਂ ਊਣਤਾਈਆਂ, ਹੁੰਦੇ ਵਰਤਾਰੇ ਤੋਂ ਆਮ ਪਬਲਿਕ ਨੂੰ ਜਾਣੂੰ ਕਰਵਾਉਣਾ ਐਸੋਸੀਏਸ਼ਨ ਆਪਣਾ ਫਰਜ਼ ਸਮਝਦੀ ਹੈ।ਚੁੱਪ ਧਾਰ ਕੇ, ਗਰਦਨ ਨੀਵੀਂ ਕਰਕੇ ਤਾਂ ਹਰ ਇਕ ਦਾ ਹੀ ਸਰ ਜਾਂਦਾ ਹੈ।ਮੀਟਿੰਗ ਵਿੱਚ ਗੁਰਮੇਲ ਸਿੰਘ ਖਜ਼ਾਨਚੀ, ਬਲਜੀਤ ਸਿੰਘ ਸਹਾਇਕ ਸਕੱਤਰ, ਜਗਰਾਜ ਸਹਾਇਕ ਖਜ਼ਾਨਚੀ, ਗੁਰਮੀਤ ਸਿੰਘ, ਗੁਰਚਰਨ ਸਿੰਘ ਢਿਪਾਲੀ, ਬਲਵੰਤ ਸਿੰਘ ਭਲੂਰ, ਕਮਲੇਸ਼ ਕੁਮਾਰ ਸਾਰੇ ਮੀਤ ਪ੍ਰਧਾਨ, ਚਮਕੌਰ ਸਿੰਘ ਅਡੀਟਰ, ਮੱਖਣਜੀਤ ਕਾਨੂੰਨੀ ਸਕੱਤਰ, ਮੰਗਲ ਮੀਤ ਪ੍ਰਚਾਰ ਸਕੱਤਰ,, ਸੰਤੋਖ ਸਿੰਘ ਦਫ਼ਤਰ ਸਕੱਤਰ, ਚੰਦ ਸਿੰਘ ਸੰਗਠਨ ਸਕੱਤਰ, ਗੁਰਤੇਜ ਸਿੰਘ ਐੱਸ ਕੇ, ਮੇਹਰ ਸਿੰਘ ਬੁੱਟਰ, ਜਰਨੈਲ ਸਿੰਘ ਖੋਸਾ ਆਦਿ ਸ਼ਾਮਲ ਹੋਏ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਵੱਖ-ਵੱਖ ਪਿੰਡਾਂ 'ਚ ਰੈਲੀਆਂ



**ਮੂਨਕ (ਰਾਜਪਾਲ ਸਿੰਗਲਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾਗਾਗਾ ਵੱਲੋਂ ਵੱਖ-ਵੱਖ ਪਿੰਡਾਂ ਅੰਦਰ ਰੈਲੀਆਂ ਕੀਤੀਆਂ ਗਈਆਂ। ਕਿਸਾਨ ਆਗੂ ਬਹਾਦਰ ਸਿੰਘ ਭਟਾਲ ਖੁਰਦ ਨੇ ਪਿੰਡ ਲਹਿਲ ਖੁਰਦ ਵਿੱਚ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੈਂਟਰ ਦੀ ਸਰਕਾਰ ਦੀ ਤਰਫੋਂ ਬਿਜਲੀ ਸਬੰਧੀ ਇੱਕ ਬਿੱਲ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਹੈ। ਇਹ ਬਿਲ ਕਾਨੂੰਨ ਦਾ ਰੂਪ ਧਾਰ ਕੇ ਬਿਜਲੀ ਨੂੰ ਕਾਰਪੋਰੇਟ ਜਗਤ ਦੇ ਹਵਾਲੇ ਕਰਨ ਵਾਸਤੇ ਅਹਿਮ ਰੋਲ ਅਦਾ ਕਰੇਗਾ, ਜੇਕਰ ਬਿਜਲੀ ਦਾ ਨਿੱਜੀਕਰਨ ਹੋ ਜਾਂਦਾ ਹੈ, ਤਾਂ ਬਿਜਲੀ ਬਹੁਤ ਮਹਿੰਗੀ ਤੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗੀ। ਬਿਜਲੀ ਨੂੰ ਪ੍ਰਾਈਵੇਟ ਹੋਣ ਤੋਂ ਬਚਾਉਣ ਵਾਸਤੇ ਐੱਸ ਕੇ ਐੱਮ ਦੇ ਸੱਦੇ 'ਤੇ 8 ਦਸੰਬਰ 2025 ਨੂੰ ਪੂਰੇ ਪੰਜਾਬ ਅੰਦਰ ਐੱਸ ਡੀ ਓ ਦਫਤਰਾਂ ਅੱਗੇ ਇੱਕ ਦਿਨ ਦੇ ਰੋਸ ਧਰਨੇ ਦਿੱਤੇ ਜਾਣਗੇ। ਇਸੇ ਦੀ ਕੜੀ ਵਜੋਂ ਇਸੇ ਦਿਨ ਲਹਿਰਾਗਾਗਾ ਵਿਖੇ ਬਿਜਲੀ ਬੋਰਡ ਦੇ ਦੋ ਐੱਸ ਡੀ ਓ ਦਫਤਰਾਂ ਅੱਗੇ ਇੱਕ ਦਿਨ ਦਾ ਰੋਸ ਧਰਨਾ ਦਿੱਤਾ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਮੌਕੇ ਦੀਆਂ ਸਰਕਾਰਾਂ ਜਨਤਕ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੇਚਣ ਜਾ ਰਹੀਆਂ ਹਨ ਤੇ ਹਜ਼ਾਰਾਂ ਏਕੜ ਜ਼ਮੀਨ ਲੀਜ ਉੱਪਰ ਇਕ ਰੁਪਏ ਦੇ ਹਿਸਾਬ ਨਾਲ ਦਿੱਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਬਿਜਲੀ ਬੋਰਡ ਨੂੰ ਕਿਸੇ ਵੀ ਕੀਮਤ 'ਤੇ ਪ੍ਰਾਈਵੇਟ ਨਹੀਂ ਹੋਣ ਦਿੱਤਾ ਜਾਵੇਗਾ।ਇਸ ਧਰਨੇ ਨੂੰ ਕਾਮਯਾਬ ਕਰਨ ਵਾਸਤੇ ਅੱਜ ਪਿੰਡ ਲਹਿਲ ਖੁਰਦ ਸਮੇਤ 12 ਪਿੰਡਾਂ ਅੰਦਰ ਰੈਲੀਆਂ ਕੀਤੀਆਂ ਗਈਆਂ। ਕਿਸਾਨ ਆਗੂਆਂ ਨੇ ਕਿਹਾ ਕਿ ਰੋਸ ਧਰਨੇ ਵਾਲੇ ਦਿਨ ਸਮੂਹ ਲੋਕ ਟਰੈਕਟਰ ਟਰਾਲੀਆਂ ਲੈ ਕੇ ਇਸ ਰੋਸ ਧਰਨੇ ਵਿੱਚ ਪਹੁੰਚਣ ਦੀ ਖੇਚਲ ਕਰਨ ਤਾਂ ਜੋ ਬਿਜਲੀ ਬੋਰਡ ਨੂੰ ਬਚਾਇਆ ਜਾ ਸਕੇ। ਅੱਜ ਦੀਆਂ ਰੈਲੀਆਂ ਸਮੇਂ ਹਰਸੇਵਕ ਸਿੰਘ ਲਹਿਲ ਖੁਰਦ, ਗੁਰਪ੍ਰੀਤ ਸਿੰਘ ਸੰਗਤਪੁਰਾ, ਰਾਮ ਸਿੰਘ ਨੰਗਲਾ ਆਦਿ ਹਾਜ਼ਰ ਹੋਏ।

## ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਕਾਨਫਰੰਸ ਤੇ ਕਿਸਾਨ ਮਿਲਣੀ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਨੇ ਇੱਕ ਪ੍ਰਦਰਸ਼ਨੀ ਤੇ ਸਟਾਲਾਂ ਦੇ ਨਾਲ ਭਵਿੱਖ ਦੀ ਖੇਤੀ ਨਵੀਨਤਾ, ਉੱਦਮਤਾ ਤੇ ਤਕਨਾਲੋਜੀ 'ਤੇ ਅਗਾਂਹਵਧੂ ਕਿਸਾਨ ਮਿਲਣੀ-2025 ਤੇ ਅੰਤਰਰਾਸ਼ਟਰੀ ਸੰਮੇਲਨ ਕਰਵਾਇਆ।ਇਹ ਸਮਾਗਮ ਐਗਰੀਮ ਕਲੱਬ, ਖੇਤੀਬਾੜੀ ਤੇ ਜੀਵਨ ਵਿਗਿਆਨ ਫੈਕਲਟੀ ਦੁਆਰਾ, ਆਈਕਿਊਏਸੀ, ਦੇਸ਼ ਭਗਤ ਯੂਨੀਵਰਸਿਟੀ ਦੇ ਸਹਿਯੋਗ ਨਾਲ ਕੀਤਾ ਗਿਆ।

ਇਸ ਵਿੱਚ ਡੀਬੀਯੂ ਦੁਆਰਾ ਅਪਣਾਏ ਗਏ ਪਿੰਡਾਂ ਤੇ ਗੁਆਂਢੀ ਖੇਤਰਾਂ ਦੇ ਲਗਭਗ 200 ਪ੍ਰਗਤੀਸ਼ੀਲ ਕਿਸਾਨਾਂ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ, ਜਿਸ ਨਾਲ ਵਿਗਿਆਨਕ ਭਾਸ਼ਣ, ਨਵੀਨਤਾ ਸਾਂਝਾਕਰਨ ਤੇ ਵਧੇ ਹੋਏ ਕਿਸਾਨ-ਵਿਗਿਆਨੀ ਸਹਿਯੋਗ ਲਈ ਇੱਕ ਗਤੀਸ਼ੀਲ ਪਲੇਟਫਾਰਮ ਬਣਿਆ।ਪ੍ਰੋਗਰਾਮ ਦੀ ਸ਼ੁਰੂਆਤ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਮੁੱਖ ਮਹਿਮਾਨ, ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਵਿਸ਼ੇਸ਼ ਮਹਿਮਾਨ ਅਤੇ ਹੋਰ ਪਤਵੰਤਿਆਂ ਦੇ ਨਿੱਘੇ ਸਵਾਗਤ ਨਾਲ ਹੋਈ।ਖੇਤੀਬਾੜੀ ਤੇ ਜੀਵਨ ਵਿਗਿਆਨ ਫੈਕਲਟੀ ਦੇ ਡਾਇਰੈਕਟਰ ਪ੍ਰੋ. (ਡਾ.) ਐੱਚ. ਕੇ. ਸਿੱਧੂ ਨੇ ਸਵਾਗਤੀ ਭਾਸ਼ਣ ਦਿੱਤਾ, ਜਿਸ ਵਿੱਚ ਡੀ.ਬੀ.ਯੂ. ਦੀ ਗੁਣਵੱਤਾ ਸਿੱਖਿਆ, ਖੋਜ ਤੇ ਨਵੀਨਤਾ ਰਾਹੀਂ ਕਿਸਾਨਾਂ ਨੂੰ ਸਸ਼ਕਤ ਬਣਾਉਣ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ ਗਿਆ।

# ਕਾਂਗਰਸ ਉਮੀਦਵਾਰ ਬਿੱਟੂ ਮਾਣੂੰਕੇ ਨੇ ਚੋਣ ਸਰਗਰਮੀਆਂ ਕੀਤੀਆਂ ਤੇਜ਼



**ਹਠੂਰ (ਨਛੱਤਰ ਸੰਧੂ)**-ਪਿੰਡ ਮਾਣੂੰਕੇ ਤੋਂ ਕਾਂਗਰਸ ਦੇ ਬਲਾਕ ਸੰਮਤੀ ਉਮੀਦਵਾਰ ਗੁਰਜਿੰਦਰ ਸਿੰਘ ਬਿੱਟੂ ਨੇ ਆਪਣੀਆਂ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਅਤੇ ਘਰ ਘਰ ਜਾ ਕੇ ਵੋਟਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।ਅੱਜ ਪਿੰਡ ਵਾਸੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਉਮੀਦਵਾਰ ਬਿੱਟੂ ਨੇ ਕਿਹਾ ਕਿ ਇਹ ਚੋਣ ਪਾਰਲੀਮੈਂਟ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਲੜੀ ਜਾਵੇਗੀ।ਉਨ੍ਹਾਂ ਕਿਹਾ ਕਿ ਇਹ ਚੋਣ ਮੇਰੀ ਨਹੀਂ, ਬਲਕਿ ਸਮੁੱਚੇ ਪਿੰਡ ਵਾਸੀਆਂ ਦੀ ਚੋਣ ਹੈ, ਲੋਕਾਂ ਦੇ ਮਿਲ ਰਹੇ ਪਿਆਰ ਨਾਲ ਇਹ ਚੋਣ ਜਿੱਤ ਕੇ ਕਾਂਗਰਸ ਹਾਈਕਮਾਂਡ ਦੀ ਝੋਲੀ ਵਿਚ ਪਾਈ ਜਾਵੇਗੀ।ਕਾਂਗਰਸ ਸਰਕਾਰ ਸਮੇਂ ਹੋਏ ਜੰਗੀ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਲੋਕਾਂ ਵਿੱਚ ਲਿਜਾ ਕੇ ਤੇ ਪਾਰਟੀ ਦੀਆਂ ਪ੍ਰਾਪਤੀਆਂ ਦੱਸ ਕੇ ਲੋਕਾਂ ਦਾ ਸਹਿਯੋਗ ਮਿਲੇਗਾ।ਉਨ੍ਹਾਂ ਕਿਹਾ ਕਿ ਦੂਸਰੀਆਂ ਪਾਰਟੀਆਂ ਨੇ ਹਮੇਸ਼ਾ ਹੀ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ ਵੋਟਾਂ ਬਟੋਰੀਆਂ ਹਨ।ਮੇਰੇ ਪਿਤਾ ਜੀ ਵਾਂਗ ਜਿਸ ਤਰ੍ਹਾਂ ਲੋਕਾਂ ਨੂੰ ਮਾਣ ਸਨਮਾਨ ਦੇ ਕੇ ਨਿਵਾਜਿਆ ਗਿਆ ਹੈ, ਉਸੇ ਤਰ੍ਹਾਂ, ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਇਹ ਚੋਣ ਜਿੱਤ ਕੇ ਲੋਕਾਂ ਦੀ ਸੇਵਾ ਕਰਾਂਗਾ।ਇਸ ਮੌਕੇ ਉਨ੍ਹਾਂ ਨਾਲ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ, ਬਲਜੀਤ ਸਿੰਘ ਝੱਲੀ, ਇੰਦਰਜੀਤ ਸਿੰਘ ਖਾਲਸਾ, ਦਲਵੀਰ ਰਿੰਕੂ ਪੰਚ, ਜਗਤਾਰ ਸਿੰਘ ਪੰਚ, ਹਰਦੇਵ ਸਿੰਘ ਪੰਚ, ਜੱਸਾ ਪੰਚ, ਬੂਟਾ ਸੰਧੂ, ਪ੍ਰਿਤਪਾਲ ਪਿਰਤਾ, ਛੱਤੀ ਪੰਚ, ਸੁੱਖੂ ਟਰੈਵਲਜ਼, ਸੀਨੀਅਰ ਆਗੂ ਲਾਲੀ, ਕਰਨਵੀਰ ਯੂ ਪੀ ਵਾਲੇ, ਕੋਮਲ ਸੰਧੂ, ਅੰਬੀ ਸੰਧੂ, ਕੁਲਦੀਪ ਦਿਓਲ ਤੇ ਮਾਸਟਰ ਜਤਿੰਦਰ ਸਿੰਘ ਆਦਿ ਹਾਜ਼ਰ ਸਨ।

7 Dec Page 6.qxd 12/6/2025 10:43 PM Page 1



# ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਆਜ਼ਾਦ ਉਮੀਦਵਾਰਾਂ ਨੂੰ ਮਿਲੇ ਚੋਣ ਨਿਸ਼ਾਨ

## 12 ਉਮੀਦਵਾਰਾਂ ਨੇ ਵਾਪਸ ਲਈਆਂ ਨਾਮਜ਼ਦਗੀਆਂ

**ਫਗਵਾੜਾ (ਡਾ. ਰਮਨ)**- ਫਗਵਾੜਾ ਹਲਕੇ ਅਧੀਨ ਦੋ ਜ਼ਿਲ੍ਹਾ ਪ੍ਰੀਸ਼ਦ ਅਤੇ 20 ਬਲਾਕ ਸੰਮਤੀ ਮੈਂਬਰਾਂ ਦੀ 14 ਦਸੰਬਰ ਨੂੰ ਹੋਣ ਵਾਲੀ ਚੋਣ ਲੜਨ ਵਾਲੇ ਆਜ਼ਾਦ ਉਮੀਦਵਾਰਾਂ ਨੂੰ ਤਹਿਸੀਲ ਜਸਵਿੰਦਰ ਸਿੰਘ ਵਲੋਂ ਚੋਣ ਨਿਸ਼ਾਨ ਦਿੱਤੇ ਗਏ। ਇਸ ਮੌਕੇ ਤਹਿਸੀਲਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਬਲਾਕ ਸੰਮਤੀ ਚੋਣਾਂ ਲਈ 99 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਸਨ। ਜਿਹਨਾਂ ਵਿਚੋਂ 2 ਰੱਦ ਹੋ ਗਈਆਂ ਅਤੇ ਅੱਜ 12 ਉਮੀਦਵਾਰਾਂ ਵਲੋਂ ਨਾਂਅ ਵਾਪਸ ਲਏ ਗਏ ਹਨ। ਜਿਸ ਤੋਂ ਬਾਅਦ ਤਿੰਨ ਆਜ਼ਾਦ ਉਮੀਦਵਾਰਾਂ ਸਮੇਤ ਹੁਣ ਕੁੱਲ 85 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਉਹਨਾਂ ਦੱਸਿਆ ਕਿ 14 ਦਸੰਬਰ ਨੂੰ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਵੋਟਾਂ ਪਾਈਆਂ ਜਾਣਗੀਆਂ। ਵੋਟਾਂ ਪਾਉਣ ਦਾ ਕੰਮ ਬੈਲੇਟ ਪੇਪਰ ਰਾਹੀਂ ਹੋਵੇਗਾ। ਚੋਣ ਨਤੀਜੇ 17 ਦਸੰਬਰ ਨੂੰ ਐਲਾਨੇ ਜਾਣਗੇ। ਉਹਨਾਂ ਸਮੂਹ ਵੋਟਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਆਪਣੀ ਵੋਟ ਦੀ ਵਰਤੋਂ ਬਿਨਾਂ ਕਿਸੇ ਡਰ, ਭੈਅ ਅਤੇ ਲਾਲਚ ਤੋਂ ਕੀਤੀ ਜਾਵੇ। ਉਹਨਾਂ ਦੱਸਿਆ ਕਿ ਚੋਣ ਪ੍ਰਕ੍ਰਿਆ ਨੂੰ ਸ਼ਾਂਤੀ ਪੂਰਨ ਮਾਹੌਲ ਵਿੱਚ ਨੇਪਰੇ ਚਾੜ੍ਹਨ ਲਈ ਚੋਣ ਕਮਿਸ਼ਨ ਪੰਜਾਬ ਦੀਆਂ ਹਦਾਇਤਾਂ ਮੁਤਾਬਕ ਸਖ਼ਤ ਸੁਰੱਖਿਆ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ। ਦੂਸਰੇ ਪਾਸੇ ਗੱਲਬਾਤ ਕਰਦਿਆਂ ਆਜ਼ਾਦ ਉਮੀਦਵਾਰਾਂ ਕੁਲਵੰਤ ਸਿੰਘ ਭੁੱਲਾਰਾਈ ਚੋਣ ਨਿਸ਼ਾਨ ਮੰਜਾ, ਸੋਹਨ ਲਾਲ ਉੱਚਾ ਪਿੰਡ ਚੋਣ ਨਿਸ਼ਾਨ ਜੀਪ ਅਤੇ ਸੁਰਿੰਦਰ ਪਾਲ ਸਿੰਘ ਪਾਂਛਟ ਚੋਣ ਨਿਸ਼ਾਨ ਟਰੱਕ ਨੇ ਕਿਹਾ ਕਿ ਕੋਈ ਵੀ ਸਿਆਸੀ ਪਾਰਟੀ ਚੋਣਾਂ ਜਿੱਤਣ ਤੋਂ ਬਾਅਦ ਆਮ ਲੋਕਾਂ ਦੀ ਸਾਰ ਨਹੀਂ ਲੈਂਦੀ। ਇਸ ਲਈ ਉਹਨਾਂ ਨੇ ਆਜ਼ਾਦ ਉਮੀਦਵਾਰਾਂ ਵਜੋਂ ਚੋਣ ਲੜਨ ਦਾ ਫੈਸਲਾ ਲਿਆ ਹੈ।



# ਟਿੱਪਰ ਨੇ ਕਾਰ ਨੂੰ ਮਾਰੀ ਟੱਕਰ



**ਫਿਲੌਰ (ਨਿਰਮਲ)**- ਸ਼ਨੀਵਾਰ ਸਵੇਰੇ 9:30 ਦੇ ਕਰੀਬ ਫਿਲੌਰ ਬਾਈਪਾਸ 'ਤੇ ਇਕ ਟਿੱਪਰ ਕਾਰ ਨੂੰ ਟੱਕਰ ਮਾਰੀ ਕੇ ਘੜੀਸਦਾ ਲੈ ਗਿਆ ਅਤੇ ਕਾਰ ਚਾਲਕ ਦਾ ਬਚਾ ਰਿਹਾ।ਪ੍ਰਾਪਤ ਜਾਣਕਾਰੀ ਅਨੁਸਾਰ ਕਾਰ ਚਾਲਕ ਅਸੀਸ ਵਾਸੀ ਜਲੰਧਰ ਨੇ ਦੱਸਿਆ ਕਿ ਉਹ ਆਪਣੀ ਕਾਰ ਵਿੱਚ ਸਵਾਰ ਹੋ ਕੇ ਜਲੰਧਰ ਤੋਂ ਲੁਧਿਆਣੇ ਵੱਲ ਜਾ ਰਿਹਾ ਸੀ ਤਾਂ ਫਿਲੌਰ ਨੇੜੇ ਇਕ ਟਿੱਪਰ ਨੇ ਟੱਕਰ ਮਾਰ ਦਿੱਤੀ ਤੇ ਕਾਰ ਕਾਫੀ ਦੂਰ ਤੱਕ ਘੜੀਸਦਾ ਲੈ ਗਿਆ।ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਟਿੱਪਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਦੁਰਘਟਨਾਂ ਦੀ ਸੂਚਨਾ ਮਿਲਦੇ ਸਾਰ ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਥਾਣੇਦਾਰ ਜਸਵਿੰਦਰ ਸਿੰਘ ਆਪਣੇ ਸਾਥੀਆਂ ਨਾਲ ਮੌਕੇ 'ਤੇ ਪੁੱਜੇ ਅਤੇ ਨੁਕਸਾਨੀ ਕਾਰ ਨੂੰ ਕ੍ਰੇਨ ਮੰਗਵਾ ਕੇ ਇਕ ਪਾਸੇ ਕਰਕੇ ਟਰੈਫਿਕ ਚਾਲੂ ਕਰਵਾਇਆ।

# ਸਕੂਲੀ ਬੱਚਿਆਂ ਅਨੰਦਪੁਰ ਸਾਹਿਬ ਵਿਖੇ ਇਤਿਹਾਸਕ ਯਾਤਰਾ ਕੀਤੀ

**ਬਲਾਚੌਰ (ਜਸਵਿੰਦਰ ਬੈਂਸ)**- ਸਕੂਲ ਆਫ ਐਮੀਨੈਂਸ ਮਹਿੰਦੀਪੁਰ ਦੇ ਵਿਦਿਆਰਥੀਆਂ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਤਿਹਾਸਕ ਨਗਰੀ ਸ੍ਰੀ ਅਨੰਦਪੁਰ ਸਾਹਿਬ ਦਾ ਵਿੱਦਿਅਕ ਅਤੇ ਧਾਰਮਿਕ ਟੂਰ ਰਵਾਨਾ ਹੋਇਆ। ਇਹ ਟੂਰ ਸਕੂਲ ਦੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਪਾਲ ਬੈਂਸ, ਸਕੂਲ ਮੁਖੀ ਪ੍ਰਿੰਸੀਪਲ ਜਗਮੋਹਣ ਸਿੰਘ, ਬਲਵੰਤ ਸਿੰਘ, ਵਿਜੇ ਕੁਮਾਰ, ਲਖਵੀਰ ਰਾਮ, ਕਿਰਨਾ ਮੈਡਮ, ਡੀ ਪੀ ਪਰਮਿੰਦਰ ਸਿੰਘ, ਫਕੀਰ ਚੰਦ, ਦਰਸ਼ਨ ਸਿੰਘ, ਬਲਵੰਤ ਸਿੰਘ, ਸੋਨੀਆ ਚੌਧਰੀ, ਸਮੂਹ ਸਟਾਫ ਹਾਜ਼ਰ ਸੀ। ਸਮੂਹ ਸਟਾਫ ਦੀ ਮੌਜੂਦਗੀ ਵਿੱਚ ਸਕੂਲ ਤੋਂ ਰਵਾਨਾ ਕੀਤਾ ਗਿਆ ਅਤੇ ਅਧਿਆਪਕਾਂ ਦੀ ਦੇਖ-ਰੇਖ ਹੇਠ ਆਯੋਜਿਤ ਕੀਤਾ ਗਿਆ।ਇਸ ਯਾਤਰਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣਾ ਸੀ। ਵਿਦਿਆਰਥੀਆਂ ਨੇ ਸਭ ਤੋਂ ਪਹਿਲਾਂ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰਬਾਣੀ ਕੀਰਤਨ ਸਰਵਣ ਕੀਤਾ। ਵਿਦਿਆਰਥੀਆਂ ਨੇ ਵਿਰਾਸਤ-ਏ-ਖਾਲਸਾ ਅਜਾਇਬ ਘਰ ਦਾ ਦੌਰਾ ਵੀ ਕੀਤਾ, ਜਿੱਥੇ ਉਨ੍ਹਾਂ ਨੇ ਆਧੁਨਿਕ ਤਕਨੀਕ ਰਾਹੀਂ ਪੰਜਾਬ ਅਤੇ ਸਿੱਖੀ ਦੇ ਗੌਰਵਮਈ ਇਤਿਹਾਸ ਨੂੰ ਨੇੜਿਓਂ ਦੇਖਿਆ।ਬੱਚਿਆਂ ਨੇ ਲੰਗਰ ਛਕਿਆ ਅਤੇ ਕੁਝ ਵਿਦਿਆਰਥੀਆਂ ਨੇ ਬਰਤਨ ਸਾਫ ਕਰਨ ਦੀ ਸੇਵਾ ਵੀ ਕੀਤੀ। ਪ੍ਰਿੰਸੀਪਲ ਨੇ ਕਿਹਾ ਕਿ ਅਜਿਹੇ ਟੂਰ ਬੱਚਿਆਂ ਨੂੰ ਆਪਣੀਆਂ ਜੜ੍ਹਾਂ ਅਤੇ ਸੱਭਿਆਚਾਰ ਨਾਲ ਜੋੜਨ ਲਈ ਬਹੁਤ ਜ਼ਰੂਰੀ ਹਨ।



# ਮੋਦੀ ਸਰਕਾਰ ਮਨੂੰਵਾਦੀ ਸੋਚ ਵਾਲਾ ਸੰਵਿਧਾਨ ਲਾਗੂ ਕਰਨ ਲਈ ਯਤਨਸ਼ੀਲ : ਨੂਰਪੁਰੀ

**ਜਲੰਧਰ (ਰਾਜੇਸ਼ ਥਾਪਾ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਮਨੂੰਵਾਦ ਭਜਾਓ ਬੇਗਮਪੁਰਾ ਵਸਾਓ ਦੇ ਸੱਦੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਮੌਕੇ ਪਿੰਡ ਜਮਸ਼ੇਰ ਖਾਸ ਜਲੰਧਰ ਵਿਖੇ ਸਾਥੀ ਸੰਤੋਖ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਤਹਿਸੀਲ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਦੇਸ਼ ਵਿੱਚ ਰਾਜ ਸੱਤਾ ਕਾਬਜ਼ ਮੋਦੀ ਸਰਕਾਰ ਦੇਸ਼ ਦਾ ਸੰਵਿਧਾਨ ਨੂੰ ਬਦਲ ਕੇ ਮਨੂੰਵਾਦੀ ਸੋਚ ਵਾਲਾ ਸੰਵਿਧਾਨ ਲਾਗੂ ਕਰਨ ਲਈ ਯਤਨਸ਼ੀਲ ਹੈ, ਜਿਸ ਕਰਕੇ ਕਈ ਤਰ੍ਹਾਂ ਦੇ ਹਮਲੇ ਕੀਤੇ ਜਾ ਰਹੇ ਹਨ। ਲੋਕਾਂ ਦੇ ਬੁਨਿਆਦੀ ਹੱਕ, ਸੰਘਰਸ਼ਾਂ ਨਾਲ ਬਣਵਾਏ ਕਾਨੂੰਨ ਖ਼ਤਮ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਲੋਕਾਂ ਨੂੰ ਲੁੱਟਣ ਲਈ ਖੁੱਲ੍ਹੀਆਂ ਛੁੱਟੀਆਂ ਦਿੱਤੀਆਂ ਜਾ ਰਹੀਆਂ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਟੀਫ਼ਨ ਵਿਰੇਵਾਲੀ, ਖ਼ੁਸ਼ੀ ਰਾਮ ਐਜੀ, ਜ਼ਿੰਦੇ ਗਿੱਲ, ਬਿੰਦਰ ਮਹਿਮਦ ਪੁਰ, ਜਗਨੈਲ ਸਿੰਘ, ਬਾਬਾ ਬਲਵੀਰ ਬਿੱਲਾ ਹਾਜ਼ਰ ਸਨ।



# ਖੂਨਦਾਨੀਆਂ ਵੱਲੋਂ 75 ਯੂਨਿਟ ਖੂਨ ਦਾਨ



**ਬਲਾਚੌਰ (ਜਸਵਿੰਦਰ ਬੈਂਸ)**- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹੀਦੀ ਨੂੰ 350 ਸਾਲਾ ਸਮਰਪਤ ਸ਼ਹੀਦ ਭਗਤ ਸਿੰਘ ਨਗਰ ਦੀ ਸਭ ਤੋਂ ਵੱਡੀ ਜਨ ਬਲਾਚੌਰ ਨਜ਼ਦੀਕ ਸੰਤ ਗੁਰਮੇਲ ਸਿੰਘ ਮੈਮੋਰੀਅਲ ਹਸਪਤਾਲ ਪਿੰਡ ਗੜ੍ਹੀ ਕਾਨੂੰਗੋਆਂ ਵਿਖੇ ਸੰਤ ਗੁਰਮੇਲ ਸਿੰਘ ਦੀ ਗਿਆਰ੍ਹਵੀਂ ਬਰਸੀ ਮੌਕੇ ਪੰਜਵਾਂ ਵਿਸ਼ਾਲ ਖੂਨ ਦਾਨ ਕੈਂਪ ਲਗਾਇਆ ਗਿਆ। ਜਿਸ ਦੌਰਾਨ ਖੂਨਦਾਨੀਆਂ ਵੱਲੋਂ 75 ਯੂਨਿਟ ਖੂਨ ਦਾਨ ਕੀਤਾ ਗਿਆ। ਸਮੁੱਚੇ ਖੂਨਦਾਨੀਆਂ ਨੂੰ ਡਾਕਟਰ ਪਰਮਜੀਤ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਹਸਪਤਾਲ ਦੇ ਐਮ ਡੀ ਡਾਕਟਰ ਪਰਮਜੀਤ ਸਿੰਘ ਅਤੇ ਡਾਕਟਰ ਸਵੇਤਾ ਨੇ ਕਿਹਾ ਕਿ ਖੂਨਦਾਨ ਨੂੰ ਮਹਾਂ ਦਾਨ ਮੰਨਿਆ ਜਾਂਦਾ ਹੈ ਅਤੇ ਖੂਨਦਾਨੀਆਂ ਵੱਲੋਂ ਦਾਨ ਕੀਤਾ ਹੋਇਆ ਖੂਨ ਲੋੜਵੰਦ ਵਿਅਕਤੀਆਂ ਦੀਆਂ ਕੀਮਤੀ ਜਾਨਾਂ ਬਚਾਅ ਸਕਦਾ ਹੈ। ਇਸ ਮੌਕੇ ਰਜਨੀਸ਼ ਗੁਪਤਾ ਸੀ ਏ, ਜਤਿੰਦਰ ਸਿੰਘ, ਦਲਵੀਰ ਸਿੰਘ, ਸਮਾਜਸੇਵੀ ਪੰਮੀ ਖਟਾਣਾ, ਮਨਦੀਪ ਸਿੰਘ ਕੰਗਗੜ੍ਹ, ਸ੍ਰੀ ਗੁਰੂ ਰਵਿਦਾਸ ਸੈਨਾ ਪੰਜਾਬ ਪ੍ਰਧਾਨ ਦਿਲਬਰ ਸਿੰਘ, ਅਮਨਪ੍ਰੀਤ ਸਿੰਘ, ਸਮੂਹ ਸਟਾਫ ਮੈਂਬਰ ਅਤੇ ਖੂਨਦਾਨੀ ਹਾਜ਼ਰ ਸਨ।

# ਗੁਰਦੁਆਰਾ ਪੰਜ ਤੀਰਥ ਸਾਹਿਬ ਪਾਤਸ਼ਾਹੀ ਛੇਵੀਂ ਜੰਡੂਸਿੰਘਾ ਕਮੇਟੀ ਦੀ ਮੀਟਿੰਗ



**ਆਦਮਪੁਰ (ਪਰਮਜੀਤ ਸਿੰਘ)**- ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਗੁਰਦੁਆਰਾ ਪੰਜ ਤੀਰਥ ਸਾਹਿਬ ਪਾਤਸ਼ਾਹੀ ਛੇਵੀਂ ਜੰਡੂ ਸਿੰਘਾ ਵਿਖੇ ਪ੍ਰਧਾਨ ਭੁਪਿੰਦਰ ਸਿੰਘ ਸਿੰਘ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਫੈਸਲਾ ਲਿਆ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਜੋ ਕਿ 27 ਦਸੰਬਰ ਹੈ। ਇਸੇ ਹੀ ਸਮੇਂ ਫਤਿਹਗੜ੍ਹ ਸਾਹਿਬ (ਸਰਹੰਦ) ਵਿੱਚ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਮਾਗਮ ਵਿੱਚ ਆਉਂਦਾ ਹੈ। ਸ਼ਹੀਦੀ ਸਮਾਗਮ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾਵੇਗਾ। ਮੀਟਿੰਗ ਵਿੱਚ ਇੱਕ ਹੋਰ ਮਤਾ ਪਾਸ ਕੀਤਾ ਗਿਆ। ਨਵੇਂ ਸਾਲ 2026 ਵਿੱਚ ਜੋ ਛੇਵੇਂ ਪਾਤਸ਼ਾਹੀ ਮੀਰੀ ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਜੋ ਕਿ ਜੁਲਾਈ ਮਹੀਨੇ ਦੀ ਚਾਰ ਪੰਜ ਤਰੀਕ ਨੂੰ ਮਨਾਇਆ ਜਾਂਦਾ ਜੀ ਉਸ ਨੂੰ ਹੁਣ 5 ਜੂਨ ਤੋਂ 25 ਜੂਨ 2026 ਤੱਕ ਮਨਾਇਆ ਜਾਵੇਗਾ। ਇਹ ਜੋ ਲਗੀ ਤਰੀਕ ਸੰਗਤਾਂ ਦੀ ਪੁਰ ਜ਼ੋਰ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਬਦਲਿਆ ਗਿਆ ਹੈ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭੁਪਿੰਦਰ ਸਿੰਘ ਸੰਘਾ, ਮੈਂਬਰ ਕਰਨੈਲ ਸਿੰਘ, ਮੈਂਬਰ ਅਮਰਜੀਤ ਸਿੰਘ, ਮੈਂਬਰ ਗੁਰਦੇਵ ਸਿੰਘ, ਮੈਂਬਰ ਰਣਜੀਤ ਸਿੰਘ ਅਤੇ ਕਾਰ ਸੇਵਾ ਕਮੇਟੀ ਮੈਂਬਰ ਕੇਹਰ ਸਿੰਘ ਜੌਹਲ, ਹਰਜਿੰਦਰ ਸਿੰਘ ਸੰਘਾ, ਜਸਪਾਲ ਸਿੰਘ ਗਿੱਲ, ਗੁਰਦਿਆਲ ਸਿੰਘ ਕਪੂਰ ਪਿੰਡ ਅਤੇ ਸਰਬਜੀਤ ਸਾਬੀ ਹਾਜ਼ਰ ਸਨ।

# ਨਵੇਂ ਥਾਣਾ ਮੁਖੀ ਨੇ ਚਾਰਜ ਸੰਭਾਲਿਆ

**ਮਾਹਿਲਪੁਰ (ਸਫ਼ਰੀ)**- ਥਾਣਾ ਮਾਹਿਲਪੁਰ ਦੇ ਨਵੇਂ ਥਾਣਾ ਮੁਖੀ ਮਦਨ ਸਿੰਘ ਸੱਬ ਇੰਸਪੈਕਟਰ ਨੇ ਆਪਣਾ ਚਾਰਜ ਸੰਭਾਲਦਿਆਂ ਸਭ ਤੋਂ ਪਹਿਲਾਂ ਕਾਫੀ ਸਮੇਂ ਤੋਂ ਇਨਸਾਫ ਮੰਗ ਰਹੀਆਂ ਦਰਖਾਸਤਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਦੀ ਸ਼ੁਰੂਆਤ ਕੀਤੀ।ਕਾਫੀ ਸਮੇਂ ਤੋਂ ਟ੍ਰੈਫਿਕ ਸਬੰਧੀ ਚੱਲ ਰਹੀ ਅਹਿਮ ਸਮੱਸਿਆ 'ਤੇ ਤੁਰੰਤ ਐਕਸ਼ਨ ਲੈਂਦਿਆਂ ਮਾਹਿਲਪੁਰ ਦੇ ਮੇਨ ਚੌਂਕ ਵਿੱਚ ਕਰਮਚਾਰੀ ਤਾਇਨਾਤ ਕੀਤੇ ਅਤੇ ਥਾਣਾ ਮਾਹਿਲਪੁਰ ਵਿੱਚ ਥਾਣੇਦਾਰਾਂ ਦੇ ਨਾਂ ਤੇ ਪੈਸੇ ਬਟੋਰਨ ਵਾਲਿਆਂ ਬੀਬੀਆਂ ਨੂੰ ਖਾਸ ਤਾੜਨਾ ਕੀਤੀ ਕਿ ਫੜੇ ਜਾਣ 'ਤੇ ਪੁਲਸ ਵਲੋਂ ਸਖ਼ਤ ਰਵੱਈਆ ਅਪਣਾਇਆ ਜਾਵੇਗਾ। ਉਹਨਾਂ ਕਿਹਾ ਕਿ ਸਕੂਲ, ਕਾਲਜ਼ , ਹਸਪਤਾਲ ਅਤੇ ਬੱਸ ਅੱਡਿਆਂ ਤੇ ਖੜੇ ਭੂੰਡ ਆਸ਼ਕਾਂ ਨੂੰ ਤੁਰੰਤ ਉਹਨਾਂ ਦੀ ਬਣਦੀ ਜਗ੍ਹਾ ਭੇਜਿਆ ਜਾਵੇਗਾ।ਉਹਨਾਂ ਕਿਹਾ ਕਿ ਅਸੀਂ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਇਲਾਕੇ ਨੂੰ ਸਾਫ਼ ਸੁਥਰਾ ਬਣਾ ਸਕਦੇ ਹਾਂ ਇਸ ਲਈ ਹਮੇਸ਼ਾ ਸੱਚੀ ਇਤਲਾਹ ਦਿਓ ਤਾਂ ਕਿ ਹਰ ਇਕ ਵਿਅਕਤੀ ਨੂੰ ਪੂਰਾ ਇਨਸਾਫ ਮਿਲ ਸਕੇ।



# ਡਾ. ਭੀਮ ਰਾਓ ਅੰਬੇਡਕਰ ਆਰਮੀ ਵੱਲੋਂ ਚੇਤਨਾ ਮਾਰਚ



**ਸ਼ਾਹਕੋਟ (ਗਿਆਨ ਸੈਦਪੁਰੀ)** ਡਾ. ਬੀ ਆਰ ਅੰਬੇਡਕਰ ਆਰਮੀ ਦੇ ਪ੍ਰਧਾਨ ਵੀਰ ਕੁਲਵੰਤ ਸਿੰਘ ਢੰਡੋਵਾਲ ਅਤੇ ਨਿਹੰਗ ਸਿੰਘ ਤਰਨਾ ਦਲ ਦੀ ਅਗਵਾਈ ਵਿੱਚ ਚੇਤਨਾ ਮਾਰਚ ਕੱਢਿਆ ਗਿਆ। ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਚੇਤਨਾ ਮਾਰਚ ਮਲਸੀਆਂ ਤੋਂ ਆਰੰਭ ਹੋ ਕੇ ਸ਼ਾਹਕੋਟ ਦੇ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਰਾਮਗੜੀਆ ਚੌਂਕ ਵਿਖੇ ਸਮਾਪਤ ਹੋਇਆ।ਇੱਥੇ ਵੱਖ-ਵੱਖ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਡਾ. ਅੰਬੇਡਕਰ ਦੀ ਉੱਚ ਦੁਮਾਲੜੀ ਸ਼ਖ਼ਸ਼ੀਅਤ, ਦਲਿਤ ਲੋਕਾਂ ਲਈ ਉਨ੍ਹਾਂ ਦੀ ਦੇਣ ਅਤੇ ਸੰਘਰਸ਼ ਬਾਰੇ ਆਪੋ ਆਪਣੇ ਵਿਚਾਰ ਰੱਖੇ।ਆਰਮੀ ਦੇ ਸੂਬਾ ਪ੍ਰਧਾਨ ਵੀਰ ਕੁਲਵੰਤ ਸਿੰਘ ਢੰਡੋਵਾਲ ਨੇ ਉਹਨਾਂ ਦੇ ਵਿਸ਼ੇਸ਼ ਕਥਨ, 'ਵਿਦਿਆ ਸ਼ੇਰਨੀ ਦਾ ਦੁੱਧ ਜੋ ਪੀਏਗਾ, ਉਹੀ ਦਹਾੜੇਗਾ', ਪੜ੍ਹੋ ਜੁੜੋ ਤੇ ਸੰਘਰਸ਼ ਕਰੋ ਆਦਿ ਦੀ ਵਿਆਖਿਆ ਕੀਤੀ ਅਤੇ ਉਹਨਾਂ ਦੇ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।ਮਾਰਕੀਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਬੀਰ ਸਿੰਘ ਢੰਡੋਵਾਲ ਨੇ ਡਾ. ਅੰਬੇਡਕਰ ਦੇ ਫਲਸਫੇ ਨੂੰ ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਜੱਬੋਵਾਲ, ਜਸਵੰਤ ਪੁਰਸ਼ਾਰਥੀ, ਭੂਸ਼ਣ ਸਿੱਧੂ ਨਕੋਦਰ, ਸੁਖਮਿੰਦਰ ਪਾਲ ਠੇਕੇਦਾਰ, ਨਰੇਸ਼ ਰੌਂਤ, ਕਪਿਲ ਚੋਪੜਾ, ਗਗਨ ਦੌਧਰ, ਬਲਦੇਵ ਰਾਜ ਸਰਪੰਚ ਹਾਜੀਪੁਰ, ਦਿਆਲਾ ਗਿੱਲ, ਮੱਖਣ ਯੂ. ਕੇ, ਚਰਨਜੀਤ ਸਲੈਚਾ ਆਦਿ ਮੌਜੂਦ ਸਨ।

# ਸਰਕਾਰੀ ਸਕੂਲ ਦੇ ਬੱਚਿਆਂ ਨੂੰ ਕੋਟੀਆਂ ਵੰਡੀਆਂ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪਥਰਾਲਾ ਦੇ 45 ਵਿਦਿਆਰਥੀਆਂ ਨੂੰ ਸੰਤ ਬਾਬਾ ਗੁਰਮੀਤ ਸਿੰਘ ਡੇਰਾ ਪ੍ਰੀਤਮਪੁਰੀ ਪਿੰਡ ਖੇੜਾ ਵਲੋਂ ਬਾਬਾ ਸੁਰਜੀਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ ਤਹਿਤ ਬੀਬੀ ਊਸ਼ਾ ਰਾਣੀ ਦੀ ਅਗਵਾਈ ਵਿਚ ਗਰਮ ਕੋਟੀਆਂ ਵੰਡੀਆਂ ਗਈਆਂ।ਅਤੇ ਵਧੀਆ ਸੇਵਾਵਾਂ ਲਈ ਸਕੂਲ ਸਟਾਫ ਨੂੰ ਸਿਰੋਪੇ ਦੇਕੇ ਸਨਮਾਨਿਤ ਕੀਤਾ ਗਿਆ ਤੇ ਬੱਚਿਆਂ ਨੂੰ ਫਰੂਟ ਵੰਡਿਆ ਗਿਆ। ਇਸ ਮੌਕੇ ਸਕੂਲ ਇੰਚਾਰਜ ਸੁਖਵਿੰਦਰ ਕੌਰ, ਰਾਜ ਰਾਣੀ, ਮਨਜਿੰਦਰ ਕੌਰ ਸਕੂਲ ਅਧਿਆਪਕ, ਬੀਬੀ ਊਸ਼ਾ ਰਾਣੀ, ਨਰਿੰਦਰ ਕੌਰ, ਪਵਿੱਤਰ ਸਿੰਘ, ਮਲਕੀਤ ਸਿੰਘ , ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।



# ਐੱਲ ਪੀ ਯੂ ਵਿਦਿਆਰਥੀਆਂ ਅੰਤਰਿਕਸ਼ ਨੇ ਯੁਵਾ ਭਾਸ਼ਣ ਨਾਲ ਕੀਤਾ ਪ੍ਰੇਰਿਤ

**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਉਤਸ਼ਾਹ ਨਾਲ ਭਰ ਗਈ ਜਦੋਂ ਭਾਰਤ ਦੇ ਪ੍ਰਸਿੱਧ ਅੰਤਰਿਕਸ਼ ਯਾਤਰੀ, ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਨੇ ਇੱਕ ਮਨਮੋਹਕ ਯੁਵਾ ਭਾਸ਼ਣ ਲਈ ਯੂਨੀਵਰਸਿਟੀ ਦਾ ਦੌਰਾ ਕੀਤਾ।ਪ੍ਰੇਰਨਾ ਅਤੇ ਸ਼ਾਨਦਾਰ ਦ੍ਰਿਸ਼ਟੀ ਨਾਲ ਭਰੇ ਇੱਕ ਪ੍ਰੋਗਰਾਮ ਵਿੱਚ, ਗਰੁੱਪ ਕੈਪਟਨ ਸ਼ੁਕਲਾ ਨੇ ਤਾਰਿਆਂ ਤੱਕ ਆਪਣੀ ਅਸਾਧਾਰਨ ਯਾਤਰਾ ਸਾਂਝੀ ਕੀਤੀ, ਜਿਸ ਨੇ ਹਜ਼ਾਰਾਂ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਨੂੰ ਮੋਹਿਤ ਕੀਤਾ। ਗਰੁੱਪ ਕੈਪਟਨ ਸ਼ੁਕਲਾ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਇੱਕ ਸ਼ਕਤੀਸ਼ਾਲੀ ਵੀਡੀਓ ਦਿਖਾ ਕੇ ਕੀਤੀ ਜਿਸ ਵਿੱਚ ਉਨ੍ਹਾਂ ਦੀ ਸਾਲ ਭਰ ਦੀ ਸਿਖਲਾਈ, ਤਿਆਰੀ ਅਤੇ ਅੰਤਰਿਕਸ਼ ਵਿੱਚ ਲਾਂਚ ਯਾਤਰਾ ਨੂੰ ਪ੍ਰਦਰਸ਼ਿਤ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਦੇ 20 ਦਿਨਾਂ ਦੇ ਅੰਤਰਿਕਸ਼ ਦੇ ਦੁਰਲੱਭ ਫੁਟੇਜ ਸ਼ਾਮਲ ਸਨ। ਰਾਕੇਟ ਇਗਨੀਸ਼ਨ, ਸਪੇਸ ਸਟੇਸ਼ਨ 'ਤੇ ਜੀਵਨ, ਅਤੇ ਪੁਲਾੜ ਤੋਂ ਭਾਰਤ ਅਤੇ ਧਰਤੀ ਦੇ ਸਾਹ ਲੈਣ ਵਾਲੇ ਦ੍ਰਿਸ਼ਾਂ ਨੇ ਦਰਸ਼ਕਾਂ ਨੂੰ ਮੋਹਿਤ ਕਰ ਦਿੱਤਾ।ਉਸਨੇ ਕਿਹਾ, ਜੇਕਰ ਮੇਰੇ ਮਿਸ਼ਨ ਨੇ ਮੈਨੂੰ ਕੁਝ ਸਿਖਾਇਆ ਹੈ, ਤਾਂ ਉਹ ਸਹਿਯੋਗ ਦੀ ਸ਼ਕਤੀ ਹੈ। ਵੱਖ-ਵੱਖ ਦੇਸ਼ਾਂ, ਸੱਭਿਆਚਾਰਾਂ ਅਤੇ ਲੋਕਾਂ ਨੇ ਇੱਕ ਸਾਂਝੇ ਟੀਚੇ ਲਈ ਇਕੱਠੇ ਕੰਮ ਕੀਤਾ।



# ਬਿਜਲੀ ਸੋਧ ਬਿੱਲ 2025 ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ ਦਾ ਧਰਨਾ ਭਲਕੇ

**ਨੰਗਲ (ਸੁਰਜੀਤ ਸਿੰਘ ਢੇਰ)** ਇੱਥੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ, ਕੁੱਲ ਹਿੰਦ ਕਿਸਾਨ ਸਭਾ ਤੇ ਖੇਤ ਮਜ਼ਦੂਰ ਯੂਨੀਅਨ ਦੇ ਆਗੂਆਂ ਦੀ ਸਾਂਝੀ ਮੀਟਿੰਗ ਜਸਵਿੰਦਰ ਸਿੰਘ ਭੰਗਲ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਡਵੀਜ਼ਨ ਦਫਤਰ ਸ੍ਰੀ ਆਨੰਦਪੁਰ ਸਾਹਿਬ ਵਿਖੇ 8 ਦਸੰਬਰ ਨੂੰ 12 ਵਜੇ ਤੋਂ ਸ਼ਾਮ ਤਿੰਨ ਵਜੇ ਤੱਕ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਮੀਟਿੰਗ ਕੇਂਦਰ ਸਰਕਾਰ ਬਿਜਲੀ ਬਿੱਲ 2025 ਲੈ ਕੇ ਆ ਰਹੀ ਹੈ ਜਿਸ ਤਹਿਤ ਕਿਸਾਨਾਂ ਅਤੇ ਗਰੀਬ ਲੋਕਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਖਤਮ ਕੀਤੀ ਜਾਣੀ ਹੈ।ਇਸ ਦੇ ਨਾਲ ਹੀ ਇੱਕ ਬੀਜ ਬਿੱਲ ਵੀ ਲਿਆਂਦਾ ਜਾ ਰਿਹਾ ਹੈ ਜਿਸ ਨਾਲ ਕਿਸਾਨ ਆਪਣੇ ਘਰ ਦਾ ਰੱਖਿਆ ਹੋਇਆ ਬੀਜ ਨਹੀਂ ਬੀਜ ਸਕਣਗੇ ਅਤੇ ਉਹਨਾਂ ਨੂੰ ਬੀਜ ਮਹਿੰਗੇ ਭਾਅ ਤੇ ਕੰਪਨੀਆਂ ਤੋਂ ਖਰੀਦਣੇ ਪੈਣਗੇ।ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਜ਼ਦੂਰ ਸੰਘਰਸ਼ਾਂ ਨੂੰ ਦਬਾਉਣ ਲਈ ਮਜ਼ਦੂਰ ਪੱਖੀ ਕਾਨੂੰਨ ਖ਼ਤਮ ਕਰਕੇ ਚਾਰ ਲੇਬਰ ਕੋਡ ਲਾਗੂ ਕਰ ਰਹੀ ਹੈ।ਇਸ ਲਈ ਸੰਯੁਕਤ ਕਿਸਾਨ ਮੋਰਚਾ ਵੱਲੋਂ ਸੱਦਾ ਦਿੱਤਾ ਗਿਆ ਹੈ ਕਿ 8 ਦਸੰਬਰ ਨੂੰ ਬਿਜਲੀ ਦਫਤਰਾਂ ਮੂਹਰੇ ਬਿਜਲੀ ਬਿੱਲ ਅਤੇ ਬੀਜ ਬਿੱਲ ਦੀਆਂ ਕਾਪੀਆਂ ਫੂਕੀਆਂ ਜਾਣ।ਸੋ ਸਾਰੇ ਸਾਥੀਆਂ ਨੂੰ ਬੇਨਤੀ ਹੈ ਕਿ 8 ਦਸੰਬਰ ਸੋਮਵਾਰ ਨੂੰ ਸਵੇਰੇ 12 ਵਜੇ ਬਿਜਲੀ ਦਫਤਰ ਸ੍ਰੀ ਆਨੰਦਪੁਰ ਸਾਹਿਬ ਅੱਗੇ ਇਕੱਠੇ ਹੋ ਕੇ ਇਸ ਬਿੱਲ ਦੀਆਂ ਕਾਪੀਆਂ ਸਾੜੀਆਂ ਜਾਣ।ਮੀਟਿੰਗ ਵਿੱਚ ਗੁਰਨਾਮ ਸਿੰਘ ਔਲਖ, ਕਾਮਰੇਡ ਸੁਰਜੀਤ ਸਿੰਘ ਢੇਰ, ਦਵਿੰਦਰ ਨੰਗਲੀ, ਬਰਜਿੰਦਰ ਸਿੰਘ ਡੋਡ, ਹਰੀ ਚੰਦ ਗੋਹਲਣੀ, ਸੁਸ਼ੀਲ ਕੁਮਾਰ ਵੀ ਹਾਜ਼ਰ ਸਨ।



# ਆਦਮਪੁਰ ਏਅਰਪੋਰਟ ਦਾ ਨਾਂਅ ਗੁਰੂ ਰਵਿਦਾਸ ਮਹਾਰਾਜ ਦੇ ਨਾਂਅ 'ਤੇ ਰੱਖਿਆ ਜਾਵੇ : ਡਾ. ਚੱਬੇਵਾਲ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )** ਲੋਕ ਸਭਾ ਦੇ ਚੱਲ ਰਹੇ ਸਰਦ ਰੁੱਤ ਦੇ ਸ਼ੈਸ਼ਨ ਦੌਰਾਨ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਅੰਤਰਰਾਜੀ ਏਅਰਪੋਰਟ ਆਦਮਪੁਰ ਦਾ ਨਾਮ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉੱਪਰ ਰੱਖਣ ਦੀ ਮੰਗ ਉਠਾਈ ਗਈ ਅਤੇ ਦੱਸਿਆ ਗਿਆ ਕਿ ਇਸ ਸਬੰਧ ਵਿੱਚ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਪਹਿਲਾ ਹੀ ਪ੍ਰਸਤਾਵ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ ਅਤੇ ਹੁਣ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨੂੰ ਅੱਗੇ ਦੀ ਕਾਰਵਾਈ ਅਮਲ ਵਿੱਚ ਲਿਆਉਣੀ ਚਾਹੀਦੀ ਹੈ।ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਕਿਉਂਕਿ ਸਾਲ 2026 ਤੋਂ 2027 ਤੱਕ ਪੂਰਾ ਸਾਲ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਸੰਗਤਾਂ ਮਨਾਉਣ ਜਾ ਰਹੀਆਂ ਹਨ, ਇਸ ਲਈ ਕੇਂਦਰ ਸਰਕਾਰ ਨੂੰ ਵੀ ਇਨ੍ਹਾਂ ਖੁਸ਼ੀਆਂ ਵਿੱਚ ਵਾਧਾ ਕਰਨ ਲਈ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਿਵੇਂ ਹੀ ਕੇਂਦਰ ਸਰਕਾਰ ਵੱਲੋਂ ਇਸ ਸਬੰਧੀ ਫੈਸਲਾ ਲੈ ਲਿਆ ਜਾਵੇਗਾ, ਉਸ ਉਪਰੰਤ ਸਾਡੇ ਵੱਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨੂੰ ਏਅਰਪੋਰਟ ਵਿਖੇ ਸੋਨੇ ਦੇ ਅੱਖਰਾਂ ਵਿੱਚ ਅੰਕਿਤ ਕਰਕੇ ਸ਼ਰਧਾ ਪ੍ਰਗਟ ਕੀਤੀ ਜਾਵੇਗੀ।ਡਾ. ਰਾਜ ਕੁਮਾਰ ਚੱਬੇਵਾਲ ਨੇ ਇਸਦੇ ਨਾਲ ਹੀ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਆਦਮਪੁਰ ਏਅਰਪੋਰਟ ਨੂੰ ਅੰਤਰਰਾਸ਼ਟਰੀ ਪੱਧਰ ਦਾ ਏਅਰਪੋਰਟ ਬਣਾਇਆ ਜਾਵੇ, ਉਨ੍ਹਾਂ ਤਰਕ ਦਿੰਦਿਆ ਕਿਹਾ ਕਿ ਕਿਉਂਕਿ ਦੋਆਬੇ ਨਾਲ ਸਬੰਧਿਤ ਵੱਡੀ ਗਿਣਤੀ ਵਿੱਚ ਲੋਕ ਵਿਦੇਸ਼ਾਂ ਵਿੱਚ ਵੱਸਦੇ ਹਨ, ਇਸ ਲਈ ਜੇਕਰ ਆਦਮਪੁਰ ਦਾ ਏਅਰਪੋਰਟ ਅੰਤਰਰਾਸ਼ਟਰੀ ਪੱਧਰ ਦਾ ਹੋਵੇਗਾ ਤਾਂ ਐੱਨ.ਆਰ.ਆਈਜ਼ ਨੂੰ ਸਹੂਲਤ ਮਿਲੇਗੀ। ਇਸਦੇ ਨਾਲ ਹੀ ਇਸ ਇਲਾਕੇ ਵਿੱਚ ਛੋਟੀ-ਵੱਡੀ ਇੰਡਸਟਰੀ ਨੂੰ ਵੀ ਅੰਤਰਰਾਸ਼ਟਰੀ ਏਅਰਪੋਰਟ ਦੀ ਜ਼ਰੂਰਤ ਹੈ, ਅੰਤਰਰਾਸ਼ਟਰੀ ਏਅਰਪੋਰਟ ਬਣਨ ਨਾਲ ਜਿੱਥੇ ਲੋਕਾਂ ਨੂੰ ਸਹੂਲਤ ਮਿਲੇਗੀ ਉੱਥੇ ਹੀ ਇਸ ਇਲਾਕੇ ਦੇ ਵਿਕਾਸ ਨੂੰ ਵੀ ਨਵੀਂ ਦਿਸ਼ਾ ਮਿਲੇਗੀ।

# 19ਵਾਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਅੱਜ ਤੋਂ

**ਜਲੰਧਰ (ਸ਼ੈਲੀ ਐਲਬਰਟ)** 19ਵਾਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ (ਅੰਡਰ 19 ਲੜਕੇ) ਫਾਰ ਮਾਤਾ ਪ੍ਰਕਾਸ਼ ਕੌਰ ਕੱਪ 7 ਦਸੰਬਰ ਤੋਂ 14 ਦਸੰਬਰ ਤੱਕ ਜਲੰਧਰ ਦੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਟੂਰਨਾਮੈਂਟ ਕਮੇਟੀ ਦੇ ਪ੍ਰਬੰਧਕ ਹਰਭਜਨ ਸਿੰਘ ਕਪੂਰ ਨੇ ਦੱਸਿਆ ਕਿ ਇਹ ਟੂਰਨਾਮੈਂਟ ਨਾਕ ਆਊਟ ਕਮ ਲੀਗ ਦੇ ਆਧਾਰ 'ਤੇ ਖੇਡਿਆ ਜਾਵੇਗਾ। ਟੂਰਨਾਮੈਂਟ ਦੀ ਜੇਤੂ ਟੀਮ ਨੂੰ 1.50 ਲੱਖ ਰੁਪਏ ਨਗਦ ਅਤੇ ਜੇਤੂ ਕੱਪ ਜਦਕਿ ਉਪ ਜੇਤੂ ਟੀਮ ਨੂੰ ਇਕ ਲੱਖ ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ। ਤੀਜੇ ਸਥਾਨ ਵਾਲੀ ਟੀਮ ਨੂੰ 80000 ਰੁਪਏ ਨਗਦ ਅਤੇ ਚੌਥੇ ਸਥਾਨ ਵਾਲੀ ਟੀਮ ਨੂੰ 60000 ਰੁਪਏ ਨਗਦ ਦਿੱਤੇ ਜਾਣਗੇ।ਟੂਰਨਾਮੈਂਟ ਦੇ ਸਾਰੇ ਮੈਚਾਂ ਦੌਰਾਨ ਬੇਹਤਰੀਨ ਖਿਡਾਰੀ ਐਲਾਨੇ ਜਾਣਗੇ ਉਨ੍ਹਾਂ ਨੂੰ ਬੈਗ, ਬੂਟ ਅਤੇ ਟਰਾਫੀ ਦਿੱਤੀ ਜਾਵੇਗੀ।



# ਗੁ. ਬੁੰਗਾ ਸਾਹਿਬ ਮਾਹਿਲਪੁਰ ਵਿਖੇ ਗੁਰਮਤਿ ਸਮਾਗਮ ਅੱਜ

**ਜੇਜੋਂ ਦੋਆਬਾ ( ਨਿਰਮਲ ਸਿੰਘ ਮੁੱਗੋਵਾਲ)** ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਧੰਨ ਧੰਨ ਬਾਬਾ ਨਗਾਹੀਆ, ਬਾਬਾ ਰਤਨ ਸਿੰਘ ਸ਼ਹੀਦ, ਬ੍ਰਹਮ ਗਿਆਨੀ ਬਾਬਾ ਫਤਿਹ ਸਿੰਘ ਅਤੇ ਸੱਚਖੰਡ ਵਾਸੀ ਸੰਤ ਬਾਬਾ ਪਰਮਜੀਤ ਸਿੰਘ ਮਾਹਿਲਪੁਰ ਬੁੰਗੇ ਵਾਲਿਆਂ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਬੁੰਗਾ ਸਾਹਿਬ ਮਾਹਿਲਪੁਰ ਵਿਖੇ 7 ਦਸੰਬਰ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਤ ਮਾਤਾ ਜਸਪ੍ਰੀਤ ਕੌਰ ਅਤੇ ਸੁਆਮੀ ਬਾਬਾ ਹਰਨਾਮ ਸਿੰਘ ਨੇ ਦੱਸਿਆ ਕਿ 7 ਦਸੰਬਰ ਨੂੰ ਸਭ ਤੋਂ ਪਹਿਲਾਂ ਸ਼੍ਰੀ ਆਖੰਡ ਪਾਠਾਂ ਦੇ ਭੋਗ ਪਾਏ ਜਾਣਗੇ।ਉਸ ਤੋਂ ਬਾਅਦ ਦੁਪਹਿਰ 3 ਵਜੇ ਤੱਕ ਧਾਰਮਿਕ ਦੀਵਾਨ ਸੱਜਣਗੇ।ਇਸ ਮੌਕੇ ਗਿਆਨੀ ਅਤਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਜੋਤੀ ਸਰੂਪ ਸ੍ਰੀ ਫਤਿਹਗੜ੍ਹ ਸਾਹਿਬ, ਭਾਈ ਭੁਪਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਵੀਰ ਜਤਿੰਦਰ ਸਿੰਘ ਮਲਕਪੁਰ ਵਾਲੇ ਅਤੇ ਹਰੀ ਦਰਬਾਰ ਸੰਗੀਤ ਵਿਦਿਆਲੇ ਦੇ ਵਿਦਿਆਰਥੀ (ਅਟਾਰੀ ਵਾਲੇ) ਸੰਗਤਾਂ ਨੂੰ ਕਥਾ ਕੀਰਤਨ ਕਰਨਗੇ। ਸਮਾਗਮ ਦੌਰਾਨ ਲੰਗਰ ਵਰਤਾਉਣ ਦੀ ਸੇਵਾ ਗੁਰਸੇਵਕ ਜਥਾ ਪਿੰਡ ਸਾਹਨੀ ਵੱਲੋਂ ਕੀਤੀ ਜਾਵੇਗੀ।



# ਪ੍ਰਸਿੱਧ ਗੀਤਕਾਰ ਝਲਮਣ ਸਿੰਘ ਢੰਡਾ ਦੀ ਅਚਾਨਕ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਪੰਜਾਬ ਦੇ ਪ੍ਰਸਿੱਧ ਗੀਤਕਾਰ ਝਲਮਣ ਸਿੰਘ ਢੰਡਾ ਦੀ ਬੀਤੇ ਦਿਨੀਂ ਅਚਾਨਕ ਮੌਤ 'ਤੇ ਇੰਟਰਨੈਸ਼ਨਲ ਪੰਜਾਬੀ ਗਾਇਕ ਸੁਖਵਿੰਦਰ ਸਿੰਘ ਪੰਛੀ, ਸੁਖਜਿੰਦਰ ਛਿੰਦਾ, ਜੈਜ਼ੀ ਬੀ, ਕੇ ਐਸ ਮੱਖਣ, ਸੰਦੀਲਾ, ਪੰਮਾ ਡੂਮੇਵਾਲ, ਸੁੱਚਾ ਰੰਗੀਲਾ, ਲੈਂਹਬਰ ਸਿੰਘ ਹੁਸੈਨਪੁਰੀ, ਦੀਪਕ ਹੰਸ, ਗੁਲਜ਼ਾਰ ਲਹੌਰੀਆ, ਸੋਨੂੰ ਸਿੱਧੂ, ਸੋਨੂੰ ਸਹੋਤਾ, ਜੱਸਾ ਫਤਿਹਪੁਰੀਆ, ਜਗਤਾਰ ਤਾਰੀ, ਜਸਵੀਰ ਸੀਰਾ ਆਦਿ ਕਲਾਕਾਰਾਂ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਕਿਹਾ ਜਿਥੇ ਪਰਵਾਰ ਨੂੰ ਨਾ ਪੂਰਾ ਹੋਣ ਘਾਟਾ ਪਿਆ ਉਥੇ ਸੰਗੀਤ ਦੀ ਦੁਨੀਆ ਨੂੰ ਵੀ ਬਹੁਤ ਵੱਡਾ ਘਾਟਾ ਪਿਆ। ਉਨ੍ਹਾਂ ਬਹੁਤ ਸਾਰੇ ਧਾਰਮਿਕ ਗੀਤ ਵੀ ਲਿਖੇ ਜੋ ਨਾਮਵਰ ਕਲਾਕਾਰਾਂ ਨੇ ਗਾਏ ਹਨ। ਉਨ੍ਹਾਂ ਦੀ ਨਮਿਤ ਰੱਖੇ ਗਏ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ 8 ਦਸੰਬਰ ਨੂੰ ਗੁਰਦੁਆਰਾ ਸਿੰਘਾ ਸ਼ਹੀਦਾਂ ਪਿੰਡ ਢੰਡਾ (ਨੇੜੇ ਗੁਰਾਇਆ) ਜ਼ਿਲ੍ਹਾ ਜਲੰਧਰ ਵਿਖੇ ਬਾਅਦ ਦੁਪਹਿਰ 12 ਵਜੇ ਤੋਂ ਲੈ ਕੇ 1 ਵਜੇ ਤੱਕ ਹੋਵੇਗੀ।



# ਸੰਘਵਾਲ 'ਚ ਕੁਸ਼ਤੀ ਦੰਗਲ ਸ਼ਾਨੋ-ਸ਼ੌਕਤ ਨਾਲ ਕਰਵਾਏ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਪਿੰਡ ਸੰਘਵਾਲ ਵਿਖੇ ਉੱਘੇ ਪਹਿਲਵਾਨ ਸਵ. ਰੇਸ਼ਮ ਸਿੰਘ, ਪਹਿਲਵਾਨ ਸਵ. ਜਗੀਰ ਸਿੰਘ ਅਤੇ ਪਹਿਲਵਾਨ ਸਵ. ਸ਼ਿਵ ਸਿੰਘ ਦੀ ਯਾਦ ਵਿੱਚ ਵਿਸ਼ਾਲ ਕੁਸ਼ਤੀ ਦੰਗਲ ਪਹਿਲਵਾਨ ਮਹਿੰਦਰ ਸਿੰਘ ਅਤੇ ਸਮੂਹ ਚਾਹਲ ਪਰਵਾਰ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਾਂਝੇ ਸਹਿਯੋਗ ਨਾਲ ਸ਼ਹੀਦ ਬੰਤਾ ਸਿੰਘ ਅਤੇ ਸ਼ਹੀਦ ਅਰੂੜ ਸਿੰਘ ਖੇਡ ਸੰਘਵਾਲ ਸਟੇਡੀਅਮ ਸੰਘਵਾਲ ਵਿਖੇ ਬਹੁਤ ਹੀ ਸ਼ਾਨੋ ਸ਼ੌਕਤ ਨਾਲ ਕਰਵਾਏ ਗਏ। ਇਸ ਮੌਕੇ ਤੇ ਪ੍ਰਬੰਧਕਾਂ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਅਤੇ ਤੇਲ ਚੁਆਈ ਦੀ ਰਸਮ ਉਪਰੰਤ ਕੁਸ਼ਤੀ ਦੰਗਲਾਂ ਦੀ ਸ਼ੁਰੂਆਤ ਕਰਵਾਈ ਗਈ।ਇਸ ਮੌਕੇ ਵੱਖ-ਵੱਖ ਅਖਾੜਿਆਂ ਦੇ ਪਹਿਲਵਾਨਾਂ ਦੇ ਕੁਸ਼ਤੀ ਦੇ ਦੰਗਲ ਕਰਵਾਏ ਗਏ।ਪਟਕੇ ਦੀ ਕੁਸ਼ਤੀ ਪਹਿਲਵਾਨ ਰਫੀ ਹੁਸ਼ਿਆਰਪੁਰ ਅਤੇ ਮੋਹਿਤ ਪੋਜੇਵਾਲ ਵਿਚਕਾਰ ਹੋਈ, ਜਿਸ ਵਿੱਚ ਰਫੀ ਹੁਸ਼ਿਆਰਪੁਰ ਨੇ ਮੋਹਿਤ ਪੋਜੇਵਾਲ ਨੂੰ ਚਿੱਤ ਕਰਕੇ ਪੱਟਕੇ ਦੀ ਕੁਸ਼ਤੀ ਜਿੱਤੀ।ਇਸ ਮੌਕੇ ਸਾਬਕਾ ਵਿਧਾਇਕ ਅਤੇ ਹਲਕਾ ਆਦਮਪੁਰ (ਆਪ) ਦੇ ਇੰਚਾਰਜ ਪਵਨ ਕੁਮਾਰ ਟੀਨੂੰ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਪਹਿਲਵਾਨਾਂ ਨੂੰ ਆਸ਼ੀਰਵਾਦ ਦਿੱਤਾ।ਇਸ ਮੌਕੇ ਦਲਵੀਰ ਸਿੰਘ ਚਾਹਲ, ਜਸਪ੍ਰੀਤ ਸਿੰਘ ਜੱਸਾ, ਬਲਜੀਤ ਸਿੰਘ ਗਿੱਲ ਯੂ ਐਸ ਏ, ਬਲਵੀਰ ਸਿੰਘ ਘੁੱਗਾਂ, ਰਜਿੰਦਰ ਸਿੰਘ, ਮਹਿੰਦਰ ਸਿੰਘ, ਸਾਬਕਾ ਸਰਪੰਚ ਮਾ. ਭਾਗ ਰਾਮ, ਸਰਵਨ ਸਿੰਘ, ਜਰਮਨ ਸਿੰਘ, ਪਹਿਲਵਾਨ ਹਰਭਜਨ ਸਿੰਘ, ਕਰਨ ਸਿੰਘ ਚਾਹਲ, ਜੁਗਰਾਜ ਸਿੰਘ ਚਾਹਲ, ਗੁਰਤੇਜ ਸਿੰਘ, ਜੋਗੀ ਪਹਿਲਵਾਨ ਆਦਿ ਵੱਲੋਂ ਸਾਂਝੇ ਤੌਰ 'ਤੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ, ਜੇਤੂ ਪਹਿਲਵਾਨਾਂ ਅਤੇ ਆਏ ਹੋਏ ਇਲਾਕੇ ਦੇ ਪਤਵੰਤੇ ਸੱਜਣਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਚੇਅਰਮੈਨ ਰਤਨ ਸਿੰਘ ਟਿਵਾਣਾ ਰਹੀਮਪੁਰ, ਸੁਰਿੰਦਰ ਸਿੰਘ ਛਿੰਦਾ ਚਕਰਾਲਾ, ਚੇਅਰਮੈਨ ਗੁਰਪਾਲ ਸਿੰਘ ਪਾਲਾ, ਸਾਧੂ ਸਿੰਘ ਕੰਗ ਕਨੇਡਾ, ਮੰਗੀ ਚਾਚਾ ਰਹੀਮਪੁਰ, ਗੁਰਪ੍ਰੀਤ ਸਿੰਘ ਗੋਪੀ, ਆਕਾਸ਼ ਕਾਹਲੋਂ, ਅਮਨਦੀਪ ਸਿੰਘ ਅਮਨੀ, ਰਾਜਾ ਚਾਹਲ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਉਕਤ ਕੁਸ਼ਤੀ ਦੰਗਲ ਦੌਰਾਨ ਕੁਮੈਂਟੇਟਰ ਦੀਆਂ ਸੇਵਾਵਾਂ ਜਹੂਰਦੀਨ ਸਨੌਰਾ, ਸੋਡੀ ਟਿੱਬਾ ਤੇ ਮਨਦੀਪ ਚੌਂਹਕਾਂ ਵੱਲੋਂ ਬਾਖੂਬੀ ਨਿਭਾਈਆਂ ਗਈਆਂ।



# ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਨਸ਼ਾ ਛੁਡਾਊ ਤੇ ਮੁੜ-ਵਸੇਬਾ ਕੇਂਦਰ ਦਾ ਕੀਤਾ ਦੌਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਅਤੇ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਨਸ਼ਾ ਛੁਡਾਊ ਕੇਂਦਰ ਤੇ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਦਾ ਦੌਰਾ ਕੀਤਾ। ਇਸ ਦੌਰਾਨ ਕੇਂਦਰ ਵਿੱਚ ਦਾਖ਼ਲ ਮਰੀਜ਼ਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੂੰ ਜਾਣੂ ਕਰਵਾਇਆ ਗਿਆ ਕਿ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ ਏ ਐਸ ਨਗਰ (ਮੁਹਾਲੀ) ਦੇ ਨਿਰਦੇਸ਼ਾਂ ਅਨੁਸਾਰ, 'ਯੂਥ ਅਗੇਂਸਟ ਡਰੱਗਜ਼' ਨਾਮਕ ਇਕ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ 6 ਦਸੰਬਰ ਤੋਂ 6 ਜਨਵਰੀ ਤੱਕ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਾ ਛੱਡਣ ਅਤੇ ਰੋਸ਼ਨ ਭਵਿੱਖ ਵੱਲ ਵਧਣ ਲਈ ਪ੍ਰੇਰਿਤ ਕਰਨਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣਾ ਹੈ। ਇਸ ਨੇਕ ਕਾਰਜ ਵਿੱਚ ਸਾਰੇ ਨਾਗਰਿਕਾਂ ਦੇ ਸਹਿਯੋਗ ਦੀ ਉਮੀਦ ਹੈ, ਤਾਂ ਜੋ ਦੇਸ਼ ਦੇ ਨੌਜਵਾਨ ਜੀਵਨ ਦੀਆਂ ਉਚਾਈਆਂ ਨੂੰ ਛੂਹ ਸਕਣ। ਇਸ ਮੌਕੇ ਚੀਫ਼ ਲੀਗਲ ਏਡ ਡਿਫੈਂਸ ਕੌਂਸਲ ਵਿਸ਼ਾਲ ਕੁਮਾਰ ਨੇ ਕੇਂਦਰ ਦੇ ਮਰੀਜ਼ਾਂ ਨੂੰ ਨਾਲਸਾ ਦੀ 'ਡਰੱਗਜ਼ ਅਵੇਅਰਨੈੱਸ ਐਂਡ ਵੈਲਨੈੱਸ ਨੈਵੀਗੇਸ਼ਨ-ਫਾਰ ਏ ਡਰੱਗ ਫ੍ਰੀ ਇੰਡੀਆ ਯੋਜਨਾ-2025, ਨਸ਼ੇ ਦੇ ਸਿਹਤ, ਪਰਵਾਰਕ ਅਤੇ ਸਮਾਜਿਕ ਜੀਵਨ ਤੇ ਮਾੜੇ ਪ੍ਰਭਾਵਾਂ ਅਤੇ ਐੱਨ ਡੀ ਪੀ ਸੀ ਐਕਟ ਦੇ ਕਾਨੂੰਨੀ ਉਪਬੰਧਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ 13 ਦਸੰਬਰ 2025 ਨੂੰ ਲੱਗਣ ਵਾਲੀ ਰਾਸ਼ਟਰੀ ਲੋਕ ਅਦਾਲਤ ਬਾਰੇ ਦੱਸਿਆ ਗਿਆ ਕਿ ਇਸ ਲੋਕ ਅਦਾਲਤ ਵਿੱਚ ਲੰਬਿਤ ਅਤੇ ਮੁਕੱਦਮੇਬਾਜ਼ੀ ਤੋਂ ਪਹਿਲਾਂ ਦੇ ਮਾਮਲਿਆਂ ਦਾ ਨਿਪਟਾਰਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੀਤਾ ਜਾਂਦਾ ਹੈ। ਲੋਕ ਅਦਾਲਤ ਦੇ ਫ਼ੈਸਲੇ ਵਿਰੁੱਧ ਕੋਈ ਅਪੀਲ ਨਹੀਂ ਹੁੰਦੀ ਅਤੇ ਇਸ ਨਾਲ ਸਮਾਂ ਅਤੇ ਪੈਸਾ ਦੋਵਾਂ ਦੀ ਬੱਚਤ ਹੁੰਦੀ ਹੈ। ਦੌਰੇ ਦੌਰਾਨ ਨਸ਼ਾ ਛੁਡਾਊ ਕੇਂਦਰ ਦੇ ਇੰਚਾਰਜ ਮੈਡੀਕਲ ਅਫ਼ਸਰ ਡਾ. ਜਸਲੀਨ ਕੌਰ, ਮਨੋਵਿਗਿਆਨੀ ਡਾ. ਸਿਮਰਨ ਸੈਣੀ, ਪਰਮਿੰਦਰ ਕੌਰ, ਰਾਜਵਿੰਦਰ ਕੌਰ ਅਤੇ ਮੈਨੇਜਰ ਨਿਸ਼ਾ ਰਾਣੀ ਮੌਜੂਦ ਸਨ।



# ਅਮਿੱਟ ਪੈੜਾਂ ਛੱਡਦੀ ਹੋਈ ਸਮਾਪਤ ਹੋਈ ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ 34ਵੀਂ ਸਪੋਰਟਸ ਮੀਟ

**ਕਾਲਾ ਸੰਘਿਆਂ (ਮਨਜੀਤ ਮਾਨ)** ਸਥਾਨਕ ਕਸਬਾ ਕਾਲਾ ਸੰਘਿਆ ਦੇ ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਕੂਲ ਪ੍ਰਿੰਸੀਪਲ ਮੈਡਮ ਕਰੁਣਾ ਕਟੋਚ, ਸਕੂਲ ਮੈਨੇਜ਼ਮੈਂਟ ਕਮੇਟੀ ਦੇ ਪ੍ਰਧਾਨ ਸ਼ੀਤਲ ਸਿੰਘ ਸੰਘਾ, ਡਾਇਰੈਕਟਰ ਪ੍ਰੋਫੈਸਰ ਰਾਮ ਮੂਰਤੀ, ਸਕੱਤਰ ਸੰਜੀਵ ਕੁਮਾਰ ਹੈਪੀ, ਵਾਇਸ ਪ੍ਰਧਾਨ ਵਿਕਰਮਜੀਤ ਸਿੰਘ ਸੰਘਾ ਤੇ ਗੁਰਦੇਵ ਸਿੰਘ ਸੰਘਾ ਦੀ ਅਗਵਾਈ ਹੇਠ 34ਵੀਂ ਸਪੋਰਟਸ ਮੀਟ ਕਰਵਾਈ ਗਈ ਇਸ ਸਪੋਰਟਸ ਮੀਟ ਵਿੱਚ ਸਕੂਲ ਦੇ ਬੱਚਿਆਂ ਨੇ ਵੱਖ ਵੱਖ ਖੇਡਾਂ ਵਿੱਚ ਭਾਗ ਲਿਆ ਤੇ ਬੱਚਿਆਂ ਨੇ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਜਿਸ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਨੇ ਓਵਰ ਆਲ ਟਰਾਫ਼ੀ ਜਿੱਤੀ, ਰੱਸਾਕਸ਼ੀ ਦੇ ਮੁਕਾਬਲਿਆਂ ਵਿੱਚ ਲੜਕੇ ਤੇ ਲੜਕੀਆਂ ਦੇ ਦੋਵੇਂ ਮੁਕਾਬਲਿਆਂ ਚ ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਦਾ ਕਬਜ਼ਾ ਰਿਹਾ, ਰਨਰਅੱਪ ਹਾਊਸ ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ 6 ਅੰਕਾਂ ਤੋਂ ਪਿੱਛੇ ਰਿਹਾ, ਇਸ ਮੌਕੇ ਬਾਬਾ ਅਜੀਤ ਸਿੰਘ ਹਾਊਸ ਬੈਸਟ ਅਥਲੀਟ ਬਲਵੀਰ ਸਿੰਘ ਸਾਹ ਨੂੰ ਐਲਾਨਿਆ ਗਿਆ, ਬਾਬਾ ਜੁਝਾਰ ਸਿੰਘ ਹਾਊਸ ਦੀ ਬੈਸਟ ਅਥਲੀਟ ਗੁਰਸ਼ਰਨ ਕੌਰ ਨੂੰ ਐਲਾਨਿਆ ਗਿਆ ਇਸ ਸਪੋਰਟਸ ਮੀਟ ਦੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮੈਡਮ ਬਲਜਿੰਦਰ ਕੌਰ ਪੰਜਾਬੀ ਅਧਿਆਪਕਾਂ ਤੇ ਮੈਡਮ ਪ੍ਰਿਮਲ ਵੱਲੋਂ ਸਾਂਝੇ ਤੌਰ 'ਤੇ ਬਾਖੂਬੀ ਨਿਭਾਈ ਗਈ। ਇਸ ਮੌਕੇ ਡੀ ਪੀ ਗੁਰਪ੍ਰੀਤ ਸਿੰਘ, ਮਾਸਟਰ ਪਵਨ ਮੱਟੂ, ਸਿਮਰਤ ਸਿੰਘ, ਨਵਤੇਜ ਸਿੰਘ, ਮਾਸਟਰ ਸੁਖਜਿੰਦਰ ਸਿੰਘ ਭੂਪਾਲ, ਮਾਸਟਰ ਕਮਲਜੀਤ ਸਿੰਘ ਲੱਲੀਆ ਨੇ ਆਪੋਂ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ, ਸਕੋਰ ਦੀ ਜ਼ਿੰਮੇਵਾਰੀ ਮੈਡਮ ਬਲਜੀਤ ਕੌਰ ਤੇ ਮੈਡਮ ਰਾਜਵੀਰ ਕੌਰ, ਮੈਡਮ ਹਰਜੀਤ ਕੌਰ, ਤਰਨਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸਰਕਾਰੀ ਕੰਨਿਆਂ ਹਾਈ ਸਕੂਲ ਦੇ ਮੈਡਮ ਸਰਬਜੀਤ ਕੌਰ ਸੰਘਾ ਵੱਲੋਂ ਬੱਚਿਆਂ ਦੇ ਰੱਸਾਕਸ਼ੀ ਦੇ ਮੁਕਾਬਲਿਆਂ ਦੀ ਰੈਫਰੀ ਦੀ ਜ਼ਿੰਮੇਵਾਰੀ ਨਿਭਾਈ ਗਈ। ਮੁੱਖ ਮਹਿਮਾਨ ਤੇ ਇਨਾਮਾਂ ਦੀ ਵੰਡ ਕਰਨ ਲਈ ਪ੍ਰਸਿੱਧ ਸਾਹਿਤਕਾਰ ਸੁਰਿੰਦਰ ਸਿੰਘ ਸੁਨੜ ਨੇ ਸ਼ਿਰਕਤ ਕੀਤੀ। ਰਾਮੇਸ਼ ਕੁਮਾਰ ਚੱਢਾ, ਪਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਕਾਲਾ ਸੰਘਿਆਂ, ਗ਼ਦਰੀ ਬਾਬਾ ਹਰਨਾਮ ਸਿੰਘ ਪੀ ਐਮ ਸ੍ਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਦੇ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ, ਸਰਕਾਰੀ ਕੰਨਿਆਂ ਹਾਈ ਸਕੂਲ ਕਾਲਾ ਸੰਘਿਆਂ ਦੇ ਅਧਿਆਪਕਾਂ ਮੈਡਮ ਸਰਬਜੀਤ ਕੌਰ ਸੰਘਾ, ਗੁਰੂ ਨਾਨਕ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਦੇ ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ, ਸਰਕਾਰੀ ਹਾਈ ਸਕੂਲ ਸੰਧੂ ਚੱਠਾ ਦੇ ਅਧਿਆਪਕ ਮਾਸਟਰ ਅਮਰਜੀਤ ਸਿੰਘ, ਪੱਤਰਕਾਰ ਅਮਰਜੀਤ ਸਿੰਘ ਨਿੱਝਰ, ਪੱਤਰਕਾਰ ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ, ਬਾਬਾ ਸੁਰਿੰਦਰ ਸਿੰਘ ਸੰਘਾ, ਪੱਤਰਕਾਰ ਬਲਜੀਤ ਸਿੰਘ ਸੰਘਾ, ਪੱਤਰਕਾਰ ਸੁਖਵਿੰਦਰ ਸਿੱਧੂ, ਪ੍ਰਧਾਨ ਸਾਬੀ ਰਸੂਲਪੁਰੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਕਰੁਣਾ ਕਟੋਚ ਤੇ ਸਕੂਲ ਡਾਇਰੈਕਟਰ ਰਾਮ ਮੂਰਤੀ ਪ੍ਰਧਾਨ ਸ਼ੀਤਲ ਸਿੰਘ ਸੰਘਾ ਵੱਲੋਂ ਜੇਤੂ ਬੱਚਿਆਂ ਤੇ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਦਾ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।



# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਨੇ ਹੜ੍ਹ ਪੀੜਤ ਸਕੂਲੀ ਬੱਚਿਆਂ ਨੂੰ ਵਰਦੀਆਂ ਵੰਡੀਆਂ

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ/ਫਿਲੌਰ ਵਲੋਂ ਸਮੂਹ ਪੈਨਸ਼ਨਰ ਮੈਂਬਰਾਂ ਵਲੋਂ ਦਿੱਤੇ ਗਏ ਆਰਥਿਕ ਸਹਿਯੋਗ ਨਾਲ ਇਕੱਠੇ ਕੀਤੇ ਗਏ ਹੜ੍ਹ ਪੀੜਤ ਸਹਾਇਤਾ ਫੰਡ ਵਿੱਚੋਂ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ/ਫਿਲੌਰ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ, ਪ੍ਰਧਾਨ ਮੋਹਣ ਸਿੰਘ ਭੱਟੀ ਅਤੇ ਬਲਵਿੰਦਰ ਕੁਮਾਰ ਅਤੇ ਸੁਖਚੈਨ ਸਿੰਘ ਬੱਧਣ ਪ੍ਰਧਾਨ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ, ਜ਼ਿਲ੍ਹਾ ਕਪੂਰਥਲਾ ਦੀ ਅਗਵਾਈ ਵਿੱਚ ਸੁਲਤਾਨਪੁਰ ਲੋਧੀ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਹਾਈ ਸਕੂਲ ਬਾਊਪੁਰ ਜਦੀਦ, ਕੰਮੇਵਾਲ, ਅਲੂਵਾਲ ਅਤੇ ਚਰਾਗਵਾਲਾ ਵੱਖ ਵੱਖ ਸਕੂਲਾਂ ਦੇ 105 ਬੱਚਿਆਂ ਨੂੰ 105000/- ਰੁਪਏ ਦੀ ਕੀਮਤ ਦੀਆਂ ਵਰਦੀਆਂ ਵੰਡੀਆਂ ਗਈਆਂ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ ਨੇ ਦੱਸਿਆ ਕਿ ਜਦੋਂ ਪਿਛਲੇ ਸਮੇਂ ਪੰਜਾਬ ਵਿੱਚ ਹੜ੍ਹ ਆਏ ਸਨ,ਉਸ ਸਮੇਂ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਲਈ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਸਹਿਯੋਗ ਦੇਣ ਲਈ ਕੀਤੀ ਗਈ ਬੇਨਤੀ 'ਤੇ ਪੈਨਸ਼ਨਰਾਂ ਨੇ ਆਪਣੀ ਸਵੈ ਇੱਛਾ ਅਨੁਸਾਰ ਭਰਪੂਰ ਯੋਗਦਾਨ ਪਾਇਆ ਸੀ। ਹੜ੍ਹ ਪੀੜਤ ਸਹਾਇਤਾ ਫੰਡ ਵਿੱਚੋਂ ਪਹਿਲੇ ਦੌਰ ਵਿੱਚ ਸੁਲਤਾਨਪੁਰ ਹਲਕੇ ਵਿੱਚ ਆਰਜ਼ੀ ਧੁੱਸੀ ਬੰਨ੍ਹ ਦੀ ਕੀਤੀ ਜਾ ਰਹੀ ਉਸਾਰੀ ਵਿੱਚ 53200/- ਰੁਪਏ ਅਤੇ ਭਾਰੀ ਮੀਹਾਂ ਨਾਲ ਪੰਜ ਗਰੀਬ ਮਜ਼ਦੂਰ ਪਰਵਾਰ ਦੇ ਘਰਾਂ ਦੀਆਂ ਡਿੱਗੀਆਂ ਛੱਤਾਂ ਦੀ ਮੁਰੰਮਤ ਕਰਵਾਉਣ ਲਈ 73000/- ਰੁਪਏ ਦੀ ਸਹਾਇਤਾ ਵੰਡੀ ਗਈ ਸੀ।ਹੁਣ ਦੂਜੇ ਦੌਰ ਵਿੱਚ ਸੁਲਤਾਨਪੁਰ ਲੋਧੀ ਹਲਕੇ ਦੇ ਹੜ੍ਹ ਪ੍ਰਭਾਵਿਤ ਸਕੂਲਾਂ ਦੇ 105 ਬੱਚਿਆਂ ਨੂੰ 105000/- ਰੁਪਏ ਦੀ ਲਾਗਤ ਦੀਆਂ ਵਰਦੀਆਂ ਵੰਡੀਆਂ ਗਈਆਂ ਹਨ।ਇਸ ਮੌਕੇ ਜਸਲੀਨ ਕੌਰ ਸਪੁੱਤਰੀ ਕੇਵਲ ਸਿੰਘ/ਦਲਜੀਤ ਕੌਰ ਲੁਧਿਆਣਾ ਵਲੋਂ ਬੱਚਿਆਂ ਦੀਆਂ ਵਰਦੀਆਂ ਵਿੱਚ ਯੋਗਦਾਨ ਪਾਉਣ ਲਈ ਭੇਜੇ 5000/- ਰੁਪਏ ਵੀ ਸਕੂਲ ਮੁੱਖ ਅਧਿਆਪਕ ਅਮਰਜੀਤ ਸਿੰਘ ਨੂੰ ਸੌਂਪੇ ਗਏ।ਉਪਰੋਕਤ 231200/- ਰੁਪਏ ਦੇ ਸਮੁੱਚੇ ਹੜ੍ਹ ਪੀੜਤ ਸਹਾਇਤਾ ਫੰਡ ਵਿੱਚ ਵੱਧ ਚੜ੍ਹਕੇ ਸਹਿਯੋਗ ਦੇਣ ਵਾਲੇ ਸਮੂਹ ਮੈਂਬਰਾਂ ਦਾ ਐਸੋਸੀਏਸ਼ਨ ਤਹਿ ਦਿਲੋਂ ਬਹੁਤ -ਬਹੁਤ ਧੰਨਵਾਦ ਕਰਦੇ ਹੋਏ ਸਮੂਹ ਮੈਂਬਰਾਂ ਤੋਂ ਉਮੀਦ ਕਰਦੀ ਹੈ ਕਿ ਭਵਿੱਖ ਵਿੱਚ ਵੀ ਸਮੂਹ ਮੈਂਬਰ ਸਾਹਿਬਾਨ ਜ਼ਰੂਰਤ ਪੈਣ ਤੇ ਇਸੇ ਤਰ੍ਹਾਂ ਹੀ ਭਰਵਾਂ ਸਹਿਯੋਗ ਦਿੰਦੇ ਰਹਿਣਗੇ। ਵਰਦੀਆਂ ਵੰਡਣ ਸਮੇਂ ਪੰਜਾਬ ਪੈਨਸ਼ਨਰ ਐਸੋਸੀਏਸ਼ਨ ਫ਼ਗਵਾੜਾ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ, ਪ੍ਰਧਾਨ ਮੋਹਣ ਸਿੰਘ ਭੱਟੀ ਅਤੇ ਬਲਵਿੰਦਰ ਕੁਮਾਰ, ਸੀਨੀਅਰ ਮੀਤ ਪ੍ਰਧਾਨ ਤਾਰਾ ਸਿੰਘ ਬੀਕਾ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ, ਰਤਨ ਸਿੰਘ ਗੁਰਾਇਆ, ਹਰਭਜਨ ਲਾਲ ਕੌਲ, ਰਵਿੰਦਰ ਪਾਲ ਕੌਰ ਸੰਧੂ, ਰਣਜੀਤ ਕੌਰ, ਕੁਲਵਿੰਦਰ ਕੌਰ ਆਦਿ ਤੋਂ ਇਲਾਵਾ ਅਮਨਦੀਪ ਸਿੰਘ ਅਤੇ ਕੁਲਵਿੰਦਰ ਸਿੰਘ ਸਕੂਲ ਮੁੱਖੀ ਅਰੁਨ ਕੁਮਾਰ, ਅਨੀਤਾ, ਸੁਖਜੀਤ ਕੌਰ ਅਤੇ ਜੀ ਟੀ ਯੂ ਦੇ ਆਗੂ ਬਲਜੀਤ ਸਿੰਘ ਆਦਿ ਹਾਜ਼ਰ ਹੋਏ।



7- DEC - Page -7-Advt-25.qxd 12/6/2025 9:43 PM Page 1




## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਨੰ.:– 196-2025-26-ADEN-I-ASR ਤਰੀਕ : 05.12.2025

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 29.12.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈੱਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈੱਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 04.12.2025 | 15.12.2025 | 29.12.2025 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 196-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ – ਫਸਟ ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਯਾਰਡ ਵਿਚ ਸੈਂਟ੍ਰਲ ਨਾਲੀਆਂ ਦੀ ਮੁਰੰਮਤ ਅਤੇ ਨਾਲੀ ਦੇ ਕਵਰ ਦਾ ਪ੍ਰਾਵਧਾਨ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 10515344.51 | 202600.00 | 60 ਦਿਨ | 06 ਮਹੀਨੇ |
| | ਸਮਾਨ ਨੇਚਰ ਦਾ ਕੰਮ: ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 3790/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁ. ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 29.12.2025 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਸਿੰਗਲ ਪੈਕੇਟ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 03.12.2025 | ਬੋਲੀ ਸ਼ੁਰੂ ਦੀ ਮਿਤੀ | 15.12.2025 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 29.12.2025/ 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 177-2025-26-DEN-HQ-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਟ੍ਰੈਕ ਦੀ ਸੁਰੱਖਿਆ ਅਤੇ ਨਜਾਇਜ ਕਬਜੇ ਤੋਂ ਬਚਣ ਦੇ ਲਈ ਉਪਾਅ ਦੇ ਰੂਪ ਵਿਚ ਸੀਨੀਅਰ ਅਨੁਭਾਗੀ ਇੰਜੀਨੀਅਰ/ਕੰਮ/ਕੋਟਕਪੂਰਾ ਦੇ ਅਨੁਭਾਗ ਵਿਚ ਐਮਕੇਐਸ ਯਾਰਡ ਵਿਚ ਚਾਰਦੀਵਾਰੀ ਪ੍ਰਦਾਨ ਕਰਕੇ ਨਜਾਇਜ ਕਬਜਿਆਂ ਵਾਲੀਆਂ ਥਾਵਾਂ ਨੂੰ ਰੋਕਣਾ ਅਤੇ ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜਪੁਰ ਦੇ ਅਨੁਭਾਗ ਵਿਚ ਟ੍ਰੈਕ ਦੀ ਸੁਰੱਖਿਆ ਅਤੇ ਨਜਾਇਜ ਕਬਜੇ ਤੋਂ ਬਚਣ ਦੇ ਉਪਾਅ ਦੇ ਰੂਪ ਵਿਚ ਚਾਰਦੀਵਾਰੀ ਪ੍ਰਦਾਨ ਕਰਕੇ ਨਜਾਇਜ ਕਬਜੇ ਵਾਲੀ ਥਾਂਵਾਂ ਨੂੰ ਰੋਕਣਾ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | ₹1,59,96,094.42 | ₹2,30,000/- | 60 ਦਿਨ | 06 ਮਹੀਨੇ |
| 2. | 193-2025-26-ADEN-2-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਜਲਾਲਾਬਾਦ, ਫਿਰੋਜਪੁਰ ਸ਼ਹਿਰ, ਫਾਜਿਲਕਾ, ਲੋਹਿਯਾਂ ਖਾਸ, ਮਕਖੂ, ਸੁਲਤਾਨਪੁਰ ਲੋਧੀ ਅਤੇ ਮਲਲਾਂਵਲਾ ਖਾਸ ਵਿਚ ਰੇਲਵੇ ਕਲੋਨੀਆਂ ਵਿਚ ਪਾਈਪਲਾਈਨ, ਪੰਪ ਹਾਊਸ ਅਤੇ ਹੋਰ ਸਬੰਧ ਕੰਮਾਂ ਦੁਆਰਾ ਪਾਣੀ ਸਪਲਾਈ ਵਿਚ ਸੁਧਾਰ | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | ₹3,05,22,823.61 | ₹3,02,600/- | 60 ਦਿਨ | 06 ਮਹੀਨੇ |
| | ਸਮਾਨ ਨੇਚਰ ਦਾ ਕੰਮ: ''ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''। | | | |
| 3. | 194-2025-26-ADEN-2-FZR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜਪੁਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਕੰਮ/ ਲੋਹਿਯਾਂ ਖਾਸ ਦੇ ਸੈਕਸ਼ਨ ਵਿਚ ਪੰਪ ਹਾਊਸ ਅਤੇ ਮੌਜੂਦਾ ਟੈਂਕਾਂ ਦੇ ਲਈ ਪਾਣੀ ਸਪਲਾਈ ਕਨੇਕਸ਼ਨ ਦੇ ਨਾਲ ਲੋਹਿਯਾਂ ਖਾਸ, ਮਕਖੂ ਅਤੇ ਕਪੂਰਥਲਾ ਵਿਚ 3 ਟਯੂਬਵੇਲ ਦੀ ਮੁਰੰਮਤ/ਪ੍ਰਤੀਸਥਾਪਨ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | ₹74,92,552.96 | ₹1,49,900/- | 60 ਦਿਨ | 06 ਮਹੀਨੇ |
| | ਸਮਾਨ ਨੇਚਰ ਦਾ ਕੰਮ: ''ਡੂੰਘੇ ਟਯੂਬਵੇਲ/ਰੈਨੀ ਖੂਹਾਂ ਦੀ ਉਸਾਰੀ/ਬੋਰਿੰਗ''। | | | |
| 4. | 195-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਅਨੁਭਾਗ ਵਿਚ ਸੜਕ ਦੀ ਸਤਹਾ, ਸਪੀਡ ਬ੍ਰੇਕਰ ਸਮੇਤ ਲੇਵਲ ਕ੍ਰਾਸਿੰਗ ਦੀ ਮੁਰੰਮਤ ਅਤੇ ਰਖਰਖਾਅ ਅਤੇ ਵਖ-ਵਖ ਐਲ-ਅਕਿਸੰਗ ਤੇ ਪਖਾਨਿਆਂ, ਪਾਣੀ ਸਪਲਾਈ, ਸਟੋਰੇਜ ਟੈਂਕ, ਸੁਰੱਖਿਆ ਪਿੰਜਰਿਆਂ ਅਤੇ ਡਯੂਟੀ ਹਟਸ ਦੀ ਮੁਰੰਮਤ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | ₹1,03,59,778.71 | ₹2,01,800/- | 60 ਦਿਨ | 06 ਮਹੀਨੇ |
| | ਸਮਾਨ ਨੇਚਰ ਦਾ ਕੰਮ: ''ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਨੰਬਰ:–177-2025-26-DEN-HQ-FZR & 193, 194-2025-26-ADEN-2-FZR & 195-2025-26-ADEN-I-FZR ਤਾਰੀਕ: 05.12.2025 3782/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਸ਼ਰੇਆਮ ਚਲਦੀਆਂ ਜੁਗਾੜੂ ਰੇਹੜੀਆਂ ਦੇ ਰਹੀਆਂ ਹਾਦਸਿਆਂ ਨੂੰ ਸੱਦਾ : ਬੁੱਧੀਜੀਵੀ



ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)-ਬੀਤੇ ਦਿਨੀਂ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ ਜੁਗਾੜੂ ਰੇਹੜੀਆਂ ਅਤੇ ਮੋਡੀਫਾਈ ਕੀਤੇ ਵਹੀਕਲਾਂ ਖਿਲਾਫ ਕਾਰਵਾਈ ਨਾ ਕਰਨ 'ਤੇ ਪੰਜਾਬ ਦੇ 3 ਸੀਨੀਅਰ ਆਈਏਐੱਸ ਅਫਸਰਾਂ ਸਮੇਤ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੂੰ 2 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਸੀ ਪਰ ਪੁਲਸ ਪ੍ਰਸ਼ਾਸਨ ਵੱਲੋਂ ਇਸ ਦੇ ਸੰਬੰਧ ਵਿੱਚ ਕੋਈ ਢੁੱਕਵਾਂ ਕਦਮ ਨਹੀਂ ਚੁੱਕਿਆ ਗਿਆ ਅਤੇ ਟ੍ਰੈਫਿਕ ਦੀ ਮਾੜੀ ਸਥਿਤੀ ਕਾਰਨ ਆਏ ਦਿਨ ਹਾਦਸੇ ਵਾਪਰ ਰਹੇ ਹਨ।ਜਿਕਰਯੋਗ ਹੈ ਕਿ ਦਿਹਾਤੀ ਇਲਾਕਿਆਂ ਵਿੱਚ ਜੁਗਾੜੂ ਰੇਹੜੀਆਂ ਅਤੇ ਘੜੁੱਕੇ ਆਮ ਚੱਲ ਰਹੇ ਹਨ ਅਤੇ ਹਾਦਸਿਆਂ ਦਾ ਕਾਰਨ ਬਣ ਰਹੇ ਹਨ।ਇਸ ਤੋਂ ਇਲਾਵਾ ਰੇਤਾ ਨਾਲ ਓਵਰਲੋਡ ਟਰੱਕ ਬਿਨਾਂ ਨੰਬਰ ਪਲੇਟਾਂ ਸ਼ਰੇਆਮ ਸੜਕਾਂ 'ਤੇ ਚੱਲ ਰਹੇ ਹਨ।ਇਸ ਸਬੰਧੀ ਪੁਲਸ ਥਾਣਾ ਕੱਥੂਨੰਗਲ ਦੇ ਐੱਸਐੱਚਓ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਾਡੇ ਵੱਲੋਂ ਆਏ ਦਿਨ ਇਨ੍ਹਾਂ ਜੁਗਾੜੂ ਰੇਹੜੀਆਂ ਅਤੇ ਮੋਡੀਫਾਈ ਵਹੀਕਲਾਂ ਖਿਲਾਫ ਕਾਰਵਾਈ ਕੀਤੀ ਗਈ ਹੈ ਪਰ ਜਦ ਉਨ੍ਹਾਂ ਪਾਸੋਂ ਇਹ ਪੁੱਛਿਆ ਕਿ ਪਿਛਲੇ 2-3 ਦਿਨਾਂ ਤੋਂ ਤੁਹਾਡੇ ਵੱਲੋਂ ਕਿੰਨੇ ਚਲਾਨ ਕੀਤੇ ਗਏ ਹਨ ਤਾਂ ਉਨ੍ਹਾਂ ਕਿਹਾ ਕਿ ਮੈਂ ਅੱਜ ਬਾਹਰ ਡਿਊਟੀ 'ਤੇ ਆਇਆ ਹਾਂ ਅਤੇ ਸਵੇਰੇ ਸਪੈਸ਼ਲ ਨਾਕੇ ਲਗਾ ਕੇ ਅਜਿਹੇ ਵਹੀਕਲਾਂ ਨੂੰ ਬੰਦ ਕੀਤਾ ਜਾਵੇਗਾ ਅਤੇ ਭਾਰੀ ਜੁਰਮਾਨੇ ਵਸੂਲ ਕੀਤੇ ਜਾਣਗੇ।ਇਸ ਮੌਕੇ ਸਮਾਜਸੇਵੀ ਅਤੇ ਬੁੱਧੀਜੀਵੀ ਸੰਸਥਾਵਾਂ ਨੇ ਵੀ ਪ੍ਰਸ਼ਾਸਨ ਦੀ ਇਸ ਲਾਪਰਵਾਹੀ ਦਾ ਗੰਭੀਰ ਨੋਟਿਸ ਲਿਆ ਅਤੇ ਕਿਹਾ ਕਿ ਆਏ ਦਿਨ ਹੋ ਰਹੇ ਹਾਦਸੇ ਟ੍ਰੈਫਿਕ ਨਿਯਮਾਂ ਦੀ ਅਣਗਹਿਲੀ ਅਤੇ ਪ੍ਰਸ਼ਾਸਨ ਦੀ ਲਾਪਰਵਾਹੀ ਦਾ ਨਤੀਜਾ ਹੈ।ਉਨ੍ਹਾਂ ਐੱਸਐੱਸਪੀ ਦਿਹਾਤੀ ਪਾਸੋਂ ਮੰਗ ਕੀਤੀ ਕਿ ਦਿਹਾਤੀ ਇਲਾਕਿਆਂ ਵਿੱਚ ਮੋਟਰਸਾਈਕਲ ਸਵਾਰ ਹੁੱਲੜਬਾਜ਼ਾਂ ਨੇ ਸਾਈਲੈਂਸਰਾਂ ਦੇ ਪਟਾਕੇ ਮਾਰ ਕੇ ਲੋਕਾਂ ਦਾ ਜੀਣਾ ਹਰਾਮ ਕੀਤਾ ਹੋਇਆ ਹੈ ਪਰ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਅਜਿਹੇ ਵਹੀਕਲਾਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਆਪਣੀਆਂ ਜੇਬਾਂ ਭਰਨ ਵੱਲ ਧਿਆਨ ਜ਼ਿਆਦਾ ਦਿੱਤਾ ਜਾਂਦਾ ਹੈ।ਇਸ ਸੰਬੰਧੀ ਡੀ ਐੱਸ ਪੀ ਮਜੀਠਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਸੰਪਰਕ ਨਹੀਂ ਹੋ ਸਕਿਆ।

# ਕਾਰ ਵੱਲੋਂ ਸਕੂਟਰੀ ਸਵਾਰ ਨੂੰ ਟੱਕਰ ਮਾਰਨ 'ਤੇ ਸਕੂਟਰੀ ਸਵਾਰ ਦੀ ਮੌਤ

ਗੁਰਦਾਸਪੁਰ (ਜਨਕ ਮਹਾਜਨ)- ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਲੱਖਣ ਸਿੰਘ ਪੁੱਤਰ ਵੱਸਣ ਸਿੰਘ ਵਾਸੀ ਨੈਨੇਕੋਟ ਨੇ ਦੱਸਿਆ ਕਿ 5 ਦਸੰਬਰ ਉਹ ਅਤੇ ਉਸ ਦਾ ਪਿਤਾ ਵੱਸਣ ਸਿੰਘ ਉਮਰ 90 ਸਾਲ ਆਪਣੀ ਸਕੂਟਰੀ ਐਕਟਿਵਾ ਨੰਬਰ ਪੀਬੀ-06-ਵਾਈ-7192 'ਤੇ ਸਵਾਰ ਹੋ ਕੇ ਨਿੱਜੀ ਕੰਮ ਲਈ ਪਿੰਡ ਵਡੈਚ ਨੂੰ ਜਾ ਰਹੇ ਸਨ ਕਿ ਸਮਾਂ ਸਵੇਰੇ 11 ਵਜੇ ਦੇ ਕਰੀਬ ਜਦ ਉਹ ਮੋੜ ਅੱਡਾ ਨੈਨੇਕੋਟ ਪੁੱਜੇ ਤਾਂ ਪਿੱਛੋਂ ਗੁਰਦਾਸਪੁਰ ਸਾਇਡ ਤੋਂ ਉਕਤ ਕਾਰ ਤੇਜ਼ ਰਫਤਾਰ ਨਾਲ ਆਈ ਜਿਸ ਨੂੰ ਨਾ-ਮਾਲੂਮ ਵਿਅਕਤੀ ਚਲਾ ਰਿਹਾ ਸੀ ਅਤੇ ਉਸ ਨੇ ਪਿੱਛੇ ਤੋਂ ਲਿਆ ਕੇ ਮੇਰੇ ਪਿਤਾ ਦੀ ਸਕੂਟਰੀ ਵਿਚ ਮਾਰ ਦਿੱਤੀ ਜਿਸ ਨਾਲ ਉਨ੍ਹਾਂ ਦੇ ਸਿਰ ਅਤੇ ਹੋਰ ਸਰੀਰ 'ਤੇ ਗੰਭੀਰ ਸੱਟਾਂ ਲੱਗਣ ਕਰਕੇ ਉਨ੍ਹਾਂ ਦੀ ਮੌਤ ਹੋ ਗਈ।

ਐਕਸੀਡੈਂਟ ਕਰਨ ਵਾਲੀ ਕਾਰ ਦੀ ਨੰਬਰ ਪਲੇਟ ਮੌਕੇ 'ਤੇ ਡਿੱਗ ਪਈ ਅਤੇ ਕਾਰ ਚਾਲਕ ਆਪਣੀ ਕਾਰ ਨੂੰ ਤੁਗਲਵਾਲ ਸਾਇਡ ਨੂੰ ਭਜਾ ਕੇ ਲੈ ਗਿਆ। ਥਾਣਾ ਕਾਹਨੂੰਵਾਨ ਪੁਲਸ ਨੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਡੀ ਟੀ ਐੱਫ ਗੁਰਦਾਸਪੁਰ ਵੱਲੋਂ ਹੜ੍ਹ ਪ੍ਰਭਾਵਿਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਰਦੀਆਂ ਤਕਸੀਮ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ): ਡੈਮੋਕਰੇਟਿਕ ਟੀਚਰ ਫਰੰਟ (ਡੀਟੀਐੱਫ) ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਦੇ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਵੰਡਣ ਦਾ ਇੱਕ ਅਹਿਮ ਉਪਰਾਲਾ ਕੀਤਾ ਗਿਆ।ਇਸ ਮੌਕੇ ਅਧਿਆਪਕਾਂ ਵੱਲੋਂ ਸਰਕਾਰੀ ਮਿਡਲ ਸਕੂਲ ਖੰਦੇ ਬੇਟ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਖੰਦੇ ਬੇਟ ਵਿਖੇ ਸਕੂਲ ਦੇ ਵਿਦਿਆਰਥੀਆਂ ਨੂੰ ਗਰਮ ਕੋਟੀਆਂ ਦਿੱਤੀਆਂ ਗਈਆਂ।

ਇਸ ਮੁਹਿੰਮ ਦਾ ਮੁੱਖ ਉਦੇਸ਼ ਸਮਾਜਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸੰਬੰਧਤ ਵਿਦਿਆਰਥੀਆਂ ਦੀ ਮਦਦ ਕਰਨਾ ਅਤੇ ਉਨ੍ਹਾਂ ਨੂੰ ਸਿੱਖਿਆ ਪ੍ਰਤੀ ਉਤਸ਼ਾਹਿਤ ਕਰਨਾ ਸੀ।ਬਲਾਕ ਪ੍ਰਧਾਨ ਰਮੇਸ਼ ਅਵਸਥੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਜਥੇਬੰਦੀ ਸਮਾਜਿਕ ਜ਼ਿੰਮੇਵਾਰੀ ਨੂੰ ਸਮਝਦਿਆਂ ਸਿੱਖਿਆ ਦੇ ਖੇਤਰ ਵਿੱਚ ਹਮੇਸ਼ਾ ਅਜਿਹੇ ਕਾਰਜ ਕਰਦੀ ਰਹੇਗੀ।ਉਨ੍ਹਾਂ ਕਿਹਾ ਕਿ ਵਰਦੀਆਂ ਵੰਡਣ ਨਾਲ ਜਿੱਥੇ ਵਿਦਿਆਰਥੀਆਂ ਵਿੱਚ ਇੱਕਸਾਰਤਾ ਦੀ ਭਾਵਨਾ ਪੈਦਾ ਹੁੰਦੀ ਹੈ, ਉੱਥੇ ਹੀ ਉਨ੍ਹਾਂ ਦਾ ਆਤਮ-ਵਿਸ਼ਵਾਸ ਵੀ ਵਧਦਾ ਹੈ।ਇਸ ਮੌਕੇ ਅਧਿਆਪਕ ਸੁਭਾ ਸਿੰਘ ਨੇ ਜਥੇਬੰਦੀ ਦੇ ਮੈਂਬਰ ਵਜੋਂ ਹਾਜ਼ਰੀ ਭਰੀ ਅਤੇ ਇਸ ਨੇਕ ਕਾਰਜ ਵਿੱਚ ਆਪਣਾ ਯੋਗਦਾਨ ਪਾਇਆ।ਇਸ ਮੌਕੇ ਡੀਟੀਐੱਫ ਗੁਰਦਾਸਪੁਰ ਨੇ ਔਖੇ ਵੇਲੇ ਵਿੱਚ ਲੋੜਵੰਦ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕਰਦੇ ਰਹਿਣ ਦਾ ਅਹਿਦ ਲਿਆ।ਇਸ ਮੌਕੇ ਹੈੱਡਮਾਸਟਰ ਦਲਜੀਤ ਸਿੰਘ ਖਾਲਸਾ, ਹੈੱਡਮਾਸਟਰ ਸੁਖਦੀਪ ਸਿੰਘ, ਹੈੱਡਮਾਸਟਰ ਹਰਭਜਨ ਲਾਲ, ਮਿਡਲ ਸਕੂਲ ਮੁੱਖ ਅਧਿਆਪਿਕਾ ਮੈਡਮ ਜਸਵਿੰਦਰ ਕੌਰ, ਮੈਡਮ ਹਰਪ੍ਰੀਤ ਕੌਰ, ਮੈਡਮ ਬਲਜੀਤ ਕੌਰ, ਮੈਡਮ ਸੁਮਨ ਬਾਲਾ, ਰਾਜਨ ਐੱਸ. ਐੱਸ. ਮਾਸਟਰ ਅਤੇ ਮੈਡਮ ਬਲਜੀਤ ਕੌਰ ਹਾਜ਼ਰ ਸਨ।

# ਮੁੱਖ ਮੰਤਰੀ ਸੈਣੀ ਨੇ ਡਾ. ਭੀਮ ਰਾਓ ਅੰਬੇਡਕਰ ਦੇ ਮਹਾ-ਪ੍ਰੀਨਿਰਵਾਣ ਦਿਵਸ 'ਤੇ ਕੀਤਾ ਨਮਨ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਨੀਵਾਰ ਸੰਵਿਧਾਨ ਨਿਰਮਾਤਾ ਅਤੇ ਆਧੁਨਿਕ ਭਾਰਤ ਦੇ ਸ਼ਿਲਪੀ ਡਾ. ਭੀਮ ਰਾਓ ਅੰਬੇਡਕਰ ਦੇ ਮਹਾ-ਪ੍ਰੀਨਿਰਵਾਣ ਦਿਵਸ 'ਤੇ ਉਨ੍ਹਾਂ ਦੀ ਫੋਟੋ 'ਤੇ ਫੁੱਲਾਂ ਦੀ ਮਾਲਾ ਭੇਟ ਕਰਕੇ ਉਨ੍ਹਾਂ ਨੂੰ ਨਮਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਸਾਹਿਬ ਦੇ ਵਿਚਾਰ, ਸਿਧਾਂਤ ਅਤੇ ਸੰਘਰਸ਼ ਨਾ ਸਿਰਫ਼ ਭਾਰਤੀ ਸਮਾਜ ਸਗੋਂ ਪੂਰੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਦੇ ਜੀਵਨ ਦਾ ਹਰ ਅਧਿਆਏ ਸਾਨੂੰ ਇਹ ਸਿੱਖਿਆ ਦਿੰਦਾ ਹੈ ਕਿ ਮੁਸ਼ਕਲ ਹਾਲਾਤ ਵਿੱਚ ਵੀ ਦ੍ਰਿੜ੍ਹ ਇੱਛਾ-ਸ਼ਕਤੀ, ਸਿੱਖਿਆ ਅਤੇ ਸਮਾਨਤਾ ਪ੍ਰਤੀ ਸਮਰਪਣ ਨਾਲ ਸਮਾਜ ਵਿੱਚ ਸਰਗਰਮ ਪਰਿਵਰਤਨ ਲਿਆਇਆ ਜਾ ਸਕਦਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਡਾ. ਅੰਬੇਡਕਰ ਨੇ ਭਾਰਤ ਦੇ ਸੰਵਿਧਾਨ ਵਿੱਚ ਨਾ ਸਿਰਫ਼ ਲੋਕਤਾਂਤਰਿਕ ਮੁੱਲਾਂ ਨੂੰ ਸਥਾਪਿਤ ਕੀਤਾ ਸਗੋਂ ਸਮਾਜ ਦੇ ਹਰ ਵਰਗ ਨੂੰ ਬਰਾਬਰ ਅਧਿਕਾਰ ਅਤੇ ਨਿਆਂ ਯਕੀਨੀ ਕਰਨ ਦੀ ਨੀਂਹ ਰੱਖੀ। ਉਨ੍ਹਾਂ ਨੇ ਸਮਾਜਿਕ ਭੇਦਭਾਵ ਵਿਰੁੱਧ ਲਗਾਤਾਰ ਸੰਘਰਸ਼ ਕੀਤਾ ਅਤੇ ਸਿੱਖਿਆ ਨੂੰ ਸਮਾਜਿਕ ਤਰੱਕੀ ਦਾ ਸਭ ਤੋਂ ਪ੍ਰਭਾਵੀ ਮੀਡੀਅਮ ਦੱਸਿਆ।ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਦੀ ਸਿੱਖਿਆਵਾਂ ਅਤੇ ਉਨ੍ਹਾਂ ਦੇ ਵਿਚਾਰ ਸਮਾਜ ਨੂੰ ਸਦਾ ਪ੍ਰੇਰਿਤ ਕਰਦੇ ਰਹਿਣਗੇ। ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਡਾ. ਅੰਬੇਡਕਰ ਦੇ ਆਦਰਸ਼ਾਂ 'ਤੇ ਚਲਦੇ ਹੋਏ ਸਮਾਜ ਦੇ ਵਾਂਝੇ, ਆਰਥਿਕ ਤੌਰ 'ਤੇ ਕਮਜ਼ੋਰ ਅਤੇ ਪਿਛੜੇ ਵਰਗਾਂ ਨੂੰ ਮੁੱਖ ਧਾਰਾ ਨਾਲ ਜੋੜਨ ਲਈ ਵਚਨਬੱਧ ਹੈ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਲ.ਨੰ.: — 60-2025-26-BDGM-DRM-JAT ਮਿਤੀ: 06.12.2025

Sr. DEN-I/JAT ਭਾਰਤ ਦੇਰਾਸ਼ਟਰਪਤੀ ਦੇ ਵਲੋਂ ਤੋਂ ਕੰਮ ਕਰਦੇ ਹੋਏ ਹੇਠਾਂ ਦਿਤੇ ਗਏ ਨਿਵਿਦਾਵਾਂ ਦੇ ਲਈ ਖੁਲ੍ਹੀਆਂ ਨਿਵਿਦਾਵਾਂ (ਈ-ਨਿਵਿਦਾਵਾਂ) ਮੰਗ ਕਰਦੇ ਹਨ ਅਤੇ ਸਮਾਪਨ ਮਿਤੀ ਦੇ ਨਾਲ www.ireps.gov.in 'ਤੇ ਉਪਲਬਧ ਹਨ 26.12.2025 ਤਕ 15:00 ਘੰਟੇ।ਬੋਲੀਦਾਤਾ ਆਪਣੇ ਮੂਲ/ਸੰਸ਼ੋਧਿਤ ਬੋਲੀਆਂ ਅੰਤਮ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਣਗੇ। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਇਸ ਨਿਵਿਦਾ ਦੇ ਲਈ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ ਲਾਗਆਨ ਕਰੋ www.ireps.gov.in.

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਹੋਣ ਦੀ ਮਿਤੀ | ਨਿਵਿਦਾ ਬੰਦ ਦੀ ਮਿਤੀ/ਸਮਾਂ |
| 04.12.2025 | 12.12.2025 | 26.12.2025 |

| ਲ.ਨੰ. | ਟੈਂਡਰ ਨੰ. | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 60-2025-26-BDGM-DRM-JAT | ADEN/BDGM ਦੇ ਤਹਿਤ BAHL-BRML ਸੈਕਸ਼ਨ ਵਿਚ RUB/LHS 'ਤੇ ਉਚਾਈ ਗੇਜਾਂ ਦੀ ਮੁਰੰਮਤ ਅਤੇ ਪੇਂਟਿੰਗ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 4493751.26 | 89900 | 60 ਦਿਨ | 12 ਮਹੀਨੇ |
| | ਕੰਮ ਦੀ ਸਮਾਨ ਨੇਚਰ:– ਕੁਝ ਨਹੀਂ। | | | |

ਨੋਟ : 1. ਬੋਲੀ ਲਗਾਉਣ ਤੋਂ ਪਹਿਲਾਂ, ਬੋਲੀ ਲਗਾਉਣ ਵਾਲਿਆਂ ਨੂੰ ਜਾਂਚ ਕਰਨੀ ਹੋਵੇਗੀ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸ਼ੁਧੀਪੱਤਰ ਦੇ ਲਈ।
2. ਜੇਕਰ ਹਿੰਦੀ ਅਤੇ ਅੰਗ੍ਰੇਜ਼ੀ ਸੰਸਕਰਨ ਦੇ ਵਿਚ ਅਰਥ ਵਿਚ ਕੋਈ ਗਲਤੀ ਹੈ, ਤਾਂ ਅੰਗ੍ਰੇਜ਼ੀ ਸੰਸਕਰਨ ਨੂੰ ਸਹੀ ਅਤੇ ਅੰਤਮ ਮੰਨਿਆ ਜਾਵੇਗਾ। 3794/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਟੀਚਰ ਫੈਸਟ ਨਾਲ ਅਧਿਆਪਕਾਂ ਦੀ ਪ੍ਰਤਿਭਾ 'ਚ ਹੋਰ ਨਿਖਾਰ ਹੁੰਦੈ : ਅਨੀਤਾ ਸ਼ਰਮਾ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਸਿੱਖਿਆ ਵਿਭਾਗ ਵਲੋਂ ਕਰਵਾਏ ਜਾ ਰਹੇ ਟੀਚਰ ਫੈਸਟ ਮੁਕਾਬਲੇ ਤਹਿਤ ਜ਼ਿਲ੍ਹਾ ਪੱਧਰੀ ਟੀਚਰ ਫੈਸਟ ਮੁਕਾਬਲੇ ਚੌਧਰੀ ਮੇਲਾ ਰਾਮ ਭੂੰਬਲਾ ਸ.ਸ.ਸ.ਸ. ਮਾਲੇਵਾਲ ਵਿਖੇ ਅਨੀਤਾ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ, ਲਖਵੀਰ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ, ਗੁਰਪ੍ਰੀਤ ਸੈਂਪਲਾ ਬਲਾਕ ਨੋਡਲ ਅਫਸਰ ਅਤੇ ਪ੍ਰਿੰਸੀਪਲ ਪਰਮਿੰਦਰ ਸਿੰਘ ਭਾਟੀਆ ਦੀ ਅਗਵਾਈ ਵਿਚ ਲੱਗਿਆ।ਇਸ ਮੁਕਾਬਲੇ ਵਿੱਚ ਵੱਖ ਵੱਖ ਬਲਾਕਾਂ ਵਿੱਚੋਂ ਪਹਿਲੇ ਦੋ ਸਥਾਨਾਂ ਤੇ ਰਹਿਣ ਵਾਲੇ ਅਪਰ ਪ੍ਰਾਇਮਰੀ ਸਕੂਲਾਂ ਦੇ ਵੱਖ ਵੱਖ ਵਿਸ਼ਿਆਂ ਦੇ ਅਧਿਆਪਕ ਭਾਗ ਲਿਆ। ਇਸ ਜ਼ਿਲ੍ਹਾ ਪੱਧਰੀ ਮੁਕਾਬਲੇ ਦੌਰਾਨ ਜੇਤੂ ਅਧਿਆਪਕਾ ਦਾ ਸਨਮਾਨ ਅਨੀਤਾ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ, ਲਖਵੀਰ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ, ਵਰਿੰਦਰ ਬੰਗਾ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਅਤੇ ਗੁਰਪ੍ਰੀਤ ਸਿੰਘ ਸੈਂਪਲਾ ਬਲਾਕ ਨੋਡਲ ਅਫਸਰ ਨੇ ਕੀਤਾ।

ਇਸ ਟੀਚਰ ਫੈਸਟ ਦੌਰਾਨ ਮਾਡਲ /ਟੀਚਿੰਗ ਏਡ ਥੀਮ ਵਿੱਚ ਪਰਵੀਨ ਭੱਟੀ ਸਸਸਸ ਜਾਡਲਾ ਨੇ ਪਹਿਲਾਂ, ਹਰਦੀਪ ਰਾਏ ਸਸਸਸ ਗੋਬਿੰਦਪੁਰ ਨੇ ਦੂਸਰਾ, ਹਰਵਿੰਦਰ ਮਾਨ ਸਸਸਸ ਫਰਾਲਾ ਨੇ ਤੀਸਰਾ, ਲਰਨਿੰਗ ਐਪ ਮੁਕਬਾਲੇ ਵਿੱਚ ਵਿਜੇ ਕੁਮਾਰ ਸਹਸ ਸੇਖੂਪੁਰ ਨੇ ਪਹਿਲਾ, ਜਸਕਰਨ ਸਿੰਘ ਸਸਸਸ ਸਿੰਬਲ ਮਜਾਰਾ ਨੇ ਦੂਸਰਾ, ਆਈ.ਟੀ ਟੂਲ ਅਤੇ ਟੈਕਨਾਲੋਜੀ ਇਨ ਟੀਚਿੰਗ ਥੀਮ ਵਿੱਚ ਫਤਿਹ ਸਿਮਘ ਸਸਸਸ ਭਾਰਟਾਂ ਕਲਾਂ ਨੇ ਪਹਿਲਾ, ਨਵਜੋਤ ਕੁਮਾਰ ਸਮਿਸ ਬੱਲੋਵਾਲ ਨੇ ਦੂਸਰਾ, ਦਲਜੀਤ ਸਿੰਘ ਸਸਸਸ ਗੋਬਿੰਦਪੁਰ ਨੇ ਤੀਸਰਾ, ਸਪੈਸਲਾਈਜ਼ ਕਿੱਟ ਥੀਮ ਵਿੱਚ ਰੁਪਿੰਦਰ ਕੌਰ ਤੇ ਲਵਪ੍ਰੀਤ ਕੌਰ ਸਹਸ ਪਨਿਆਲੀ ਕਲਾਂ ਨੇ ਪਹਿਲਾ, ਅਰਵਿੰਦਰ ਕੌਰ ਸਹਸ ਸੈਦਪੁਰ ਕਲਾਂ ਨੇ ਦੂਸਰਾ, ਸਤਵਿੰਦਰ ਸਿੰਘ ਸੋਂਹਬੀ ਸਹਸ ਛਦੌੜੀ ਨੇ ਤੀਸਰਾ, ਵਨ ਐਕਟ ਪਲੇ ਥੀਮ ਵਿੱਚ ਮਨਿੰਦਰ ਕੌਰ ਸਮਿਸ ਟੌਂਸਾ ਨੇ ਪਹਿਲਾ, ਪਿੰਕੀ ਸਸਸਸ ਰੱਤੇਵਾਲ ਨੇ ਦੂਸਰਾ, ਸੁੰਦਰ ਲਿਖਾਈ ਅਤੇ ਕੈਲੇਗਰਾਫੀ ਥੀਮ ਵਿੱਚ ਗੁਰਜੀਤ ਸਸਸਸ ਮਾਹਿਲ ਗਹਿਲਾਂ ਨੇ ਪਹਿਲਾ, ਪ੍ਰਵੀਨ ਕੁਮਾਰੀ ਸਸਸਸ ਸੂਰਾਪੁਰ ਨੇ ਦੂਸਰਾ, ਸਤਨਾਮ ਸਿੰਘ ਸਸਸਸ ਭੱਦੀ ਨੇ ਤੀਸਰਾ, ਰੀਲ ਲਾਈਫ ਐਪਲੀਕੇਸ਼ਨ ਥੀਮ ਵਿੱਚ ਸੁਖਵਿੰਦਰ ਲਾਲ ਸਸਸਸ ਲੰਗੜੋਆ ਨੇ ਪਹਿਲਾ, ਨਰੇਸ਼ ਕੁਮਾਰ ਸਹਸ ਭਾਰਟਾਂ ਕਲਾਂ ਨੇ ਦੂਸਰਾ, ਸਪਨਾ ਦੇਵੀ ਸਮਿਸ ਫਤਿਹਪੁਰ ਨੇ ਤੀਸਰਾ, ਮੈਨੂਅਲ ਗੇਮ ਅਤੇ ਵੀਡੀਓ ਗੇਮ ਥੀਮ ਵਿੱਚ ਜਤਿੰਦਰ ਸਿੰਘ ਪਾਬਲਾ ਸਹਸ ਝੰਡੇਰ ਕਲਾਂ ਨੇ ਪਹਿਲਾ, ਅਮਨਪ੍ਰੀਤ ਕੌਰ ਸਹਸ ਸਰਹਾਲਾਂ ਰਾਣੂਆਂ ਨੇ ਦੂਸਰਾ, ਇੰਦਰਜੀਤ ਲੰਗੜੋਆ ਨੇ ਤੀਸਰਾ, ਰੀਕਰੇਸ਼ਨਲ ਐਕਟੇਵਿਟੀ ਥੀਮ ਵਿੱਚ ਸਰਬਜੀਤ ਕੌਰ ਸਹਸ ਚਾਂਦਪੁਰ ਰੁੜਕੀ ਨੇ ਪਹਿਲਾ, ਮੀਨਾ ਰਾਣੀ ਸਸਸਸ ਲੰਗੜੋਆ ਨੇ ਦੂਸਰਾ ਅਤੇ ਜਸਪਾਲ ਕੌਰ ਸਸਸਸ ਬਛੌੜੀ ਨੇ ਤੀਸਰਾ, ਮਾਈਕਰੋ ਟੀਚਿੰਗ ਮੁਕਾਬਲੇ ਵਿੱਚ ਨਰਿੰਦਰ ਕੁਮਾਰ ਸਸਸਸ ਬਹਿਲੂਰ ਕਲਾਂ ਨੇ ਪਹਿਲਾ, ਲਾਜ ਕੁਮਾਰ ਐਸ.ਓ.ਸੀ ਨਵਾਂਸ਼ਹਿਰ ਨੇ ਦੂਸਰਾ, ਸੋਨਾ ਸ਼ਰਮਾ ਸਸਸਸ ਰਾਹੋਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਮੰਚ ਸੰਚਾਲਨ ਮਾਸਟਰ ਰਾਕੇਸ਼ ਕੁਮਾਰ ਨੇ ਕੀਤਾ।

# ਪੀ ਸੀ ਐੱਸ ਦੀ ਮੁਢਲੀ ਪ੍ਰੀਖਿਆ ਅੱਜ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਤਿਆਰੀਆਂ ਮੁਕੰਮਲ

## 85182 ਉਮੀਦਵਾਰਾਂ ਲਈ 6 ਜ਼ਿਲ੍ਹਿਆਂ ਵਿਖੇ 165 ਸੈਂਟਰ ਬਣਾਏ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀਪੀਐਸਸੀ)ਵੱਲੋਂ ਪੰਜਾਬ ਰਾਜ ਸਿਵਲ ਸੇਵਾਵਾਂ (ਪੀ.ਸੀ.ਐਸ) ਦੀ 7 ਦਸੰਬਰ ਨੂੰ ਲਈ ਜਾਣ ਵਾਲੀ ਸਾਂਝੀ ਪ੍ਰਤੀਯੋਗੀ ਪ੍ਰੀਖਿਆ (ਪ੍ਰੀਲਿਮਨਰੀ) ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪੀਪੀਐਸਸੀ ਦੇ ਚੇਅਰਮੈਨ, ਮੇਜਰ ਜਨਰਲ ਵਿਨਾਇਕ ਸੈਣੀ (ਸੇਵਾਮੁਕਤ), ਨੇ ਦੱਸਿਆ ਕਿ ਇਸ ਪ੍ਰੀਖਿਆ ਲਈ 85192 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ।

ਚੇਅਰਮੈਨ ਨੇ ਕਿਹਾ ਕਿ ਕਮਿਸ਼ਨ ਨੇ ਉਮੀਦਵਾਰਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਪ੍ਰੀਖਿਆ ਕਰਵਾਉਣ ਲਈ ਚੰਡੀਗੜ੍ਹ ਸਮੇਤ ਪੰਜਾਬ ਦੇ 5 ਜ਼ਿਲ੍ਹਿਆਂ ਵਿੱਚ 165 ਪ੍ਰੀਖਿਆ ਕੇਂਦਰ ਸਥਾਪਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ, ਲੁਧਿਆਣਾ, ਫ਼ਤਹਿਗੜ੍ਹ ਸਾਹਿਬ ਅਤੇ ਸੰਗਰੂਰ ਵਿਖੇ ਬਣਾਏ ਗਏ ਇਨ੍ਹਾਂ ਸੈਂਟਰਾਂ ਨੂੰ 222 ਬਲਾਕਾਂ ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰੀਖਿਆ ਕੇਂਦਰਾਂ ਦੀ ਨਿਗਰਾਨੀ ਲਈ ਪੰਜਾਬ ਸਰਕਾਰ ਵੱਲੋਂ ਸਕੱਤਰ ਪੱਧਰ ਦੇ ਅਧਿਕਾਰੀਆਂ ਨੂੰ ਹਰੇਕ ਜ਼ਿਲ੍ਹੇ ਦਾ ਇੰਚਾਰਜ-ਨਿਗਰਾਨ ਨਿਯੁਕਤ ਕੀਤਾ ਗਿਆ ਹੈ ਅਤੇ ਆਬਜ਼ਰਵਰ ਵੱਖਰੇ ਤੌਰ ਉਤੇ ਲਗਾਏ ਗਏ ਹਨ।

ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਸਕੱਤਰ, ਚਰਨਜੀਤ ਸਿੰਘ ਨੇ ਦੱਸਿਆ ਕਿ ਪਹਿਲਾਂ ਜਾਰੀ ਸ਼ਡਿਊਲ ਅਨੁਸਾਰ ਇਹ ਪ੍ਰੀਖਿਆ ਦੋ ਸੈਸ਼ਨਾਂ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਅਤੇ ਸ਼ਾਮ 3 ਵਜੇ ਤੋਂ 5 ਵਜੇ ਤੱਕ ਲਈ ਜਾਵੇਗੀ।ਉਨ੍ਹਾਂ ਦੱਸਿਆ ਕਿ ਪਹਿਲਾ ਪੇਪਰ ਜਨਰਲ ਸਟੱਡੀਜ਼ ਦਾ ਹੋਵੇਗਾ ਅਤੇ ਦੂਸਰਾ ਪੇਪਰ ਸਿਵਲ ਸਰਵਿਸਿਜ ਐਪਟੀਚਿਊਡ ਟੈਸਟ ਦਾ ਹੈ। ਉਨ੍ਹਾਂ ਕਿਹਾ ਕਿ ਸੀਸੈਟ ਦਾ ਪੇਪਰ ਕੁਆਲੀਫਾਇੰਗ ਹੀ ਹੋਵੇਗਾ ਅਤੇ ਇਸ ਵਿੱਚ ਉਮੀਦਵਾਰਾਂ ਨੇ ਕੇਵਲ 40 ਫੀਸਦੀ ਪਾਸ ਅੰਕ ਹਾਸਲ ਕਰਨੇ ਹਨ।

ਚਰਨਜੀਤ ਸਿੰਘ ਨੇ ਦੱਸਿਆ ਕਿ ਪ੍ਰੀਖਿਆ ਕੇਂਦਰਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ, ਵੀਡੀਓਗ੍ਰਾਫ਼ੀ, ਬਾਇਓਮੀਟ੍ਰਿਕ, ਜੈਮਰਾਂ ਸਮੇਤ ਪੂਰੇ ਸੁਰੱਖਿਆ ਬੰਦੋਬਸਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਉਮੀਦਵਾਰਾਂ ਦੀ ਸਹੂਲਤ ਲਈ ਇਸ ਪ੍ਰੀਖਿਆ ਲਈ ਦਾਖਲਾ ਕਾਰਡ ਤੇ ਹਦਾਇਤਾਂ ਪ੍ਰੀਖਿਆ ਦੀ ਮਿਤੀ ਤੋਂ ਲਗਭਗ ਦਸ ਦਿਨ ਪਹਿਲਾਂ ਕਮਿਸ਼ਨ ਦੀ ਵੈੱਬਸਾਈਟ 'ਤੇ ਅਪਲੋਡ ਕਰ ਦਿੱਤੇ ਗਏ ਸਨ।

# ਪਤਨੀ ਦੀ ਕੁੱਟਮਾਰ ਕਰਨ 'ਤੇ ਪਤੀ ਤੇ ਸੱਸ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਦੀਨਾਨਗਰ ਪੁਲਸ ਨੇ ਪਤਨੀ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਦੇ ਦੋਸ਼ਾਂ ਹੇਠ ਪਤੀ ਅਤੇ ਉਸ ਦੀ ਸੱਸ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਤਾਨੀਆ ਪਤਨੀ ਮੁਨੀਸ਼ ਭਰਦਵਾਜ ਵਾਸੀ ਮੇਨ ਬਾਜ਼ਾਰ ਦੀਨਾਨਗਰ ਦਾ ਵਿਆਹ ਸਾਲ 2018 ਵਿੱਚ ਮੁਨੀਸ਼ ਭਰਦਵਾਜ ਨਾਲ ਹੋਇਆ ਸੀ।

ਵਿਆਹ ਤੋਂ ਬਾਅਦ ਪਤੀ-ਪਤਨੀ ਦੀ ਆਪਸ ਵਿੱਚ ਅਣਬਣ ਰਹਿੰਦੀ ਸੀ, 23 ਨਵੰਬਰ ਨੂੰ ਪੀੜਤ ਦੇ ਪਤੀ ਨੇ ਆਪਣੀ ਮਾਤਾ ਨਾਲ ਮਿਲ ਕੇ ਉਸ ਦੇ ਸਿਰ ਉਪਰ ਇੱਟ ਮਾਰੀ ਅਤੇ ਰਾਡ ਨਾਲ ਸੱਟਾਂ ਮਾਰ ਕੇ ਜ਼ਖ਼ਮੀ ਕਰ ਦਿੱਤਾ। ਪੁਲਸ ਨੇ ਪਤੀ ਅਤੇ ਸੱਸ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।


## ਅਦਾਲਤੀ ਇਸ਼ਤਿਹਾਰ

ਨਾਇਬ-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਮਾਹਿਲਪੁਰ (ਹੁਸ਼ਿਆਰਪੁਰ)

ਸ੍ਰੀ ਹਰਮੇਜਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਰੂਪੋਵਾਲ, ਡਾਕਖਾਨਾ ਸਰਹਾਲ ਕਲਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਇੱਕ ਦਰਖਾਸਤ ਇਸ ਦਫਤਰ ਵਿੱਚ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਵਾਕਿਆ ਰਕਬਾ ਪਿੰਡ ਰੂਪੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਉਹ ਖੁਦ ਬਤੌਰ ਹਿੱਸੇਦਾਰ ਮਾਲਕ ਕਾਬਜ਼ ਹੈ। ਮਾਲ ਰਿਕਾਰਡ ਵਾਕਿਆ ਰਕਬਾ ਵਿੱਚ ਉਸ ਦਾ ਨਾਂਅ ਮੇਜਰ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਨਾਮਾ ਦਰਜ ਹੈ, ਜਦਕਿ ਉਸ ਦੇ ਬਾਕੀ ਦਸਤਾਵੇਜ਼ਾਂ, ਜਿਵੇਂ ਅਧਾਰ ਕਾਰਡ, ਮੈਟ੍ਰਿਕ ਸਰਟੀਫਿਕੇਟ ਅਤੇ ਵੋਟਰ ਕਾਰਡ 'ਤੇ ਉਸ ਦਾ ਨਾਂਅ ਹਰਮੇਜਰ ਸਿੰਘ ਪੁੱਤਰ ਦਰਸ਼ਨ ਸਿੰਘ ਦਰਜ ਹੈ। ਪ੍ਰਾਰਥੀ ਵੱਲੋਂ ਅਧਾਰ ਕਾਰਡ, ਮੈਟ੍ਰਿਕ ਸਰਟੀਫਿਕੇਟ ਅਤੇ ਵੋਟਰ ਕਾਰਡ ਦੀ ਕਾਪੀ ਦਰਖਾਸਤ ਨਾਲ ਨੱਥੀ ਕੀਤੀ ਗਈ ਹੈ।

ਦਰਖਾਸਤ ਕਰਤਾ ਦੀ ਦਰਖਾਸਤ ਨੂੰ ਵਾਚਿਆ ਗਿਆ। ਪੰਜਾਬ ਸਰਕਾਰ, ਮਾਲ ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ, (ਭੌਂ ਮਾਲੀਆ ਸ਼ਾਖਾ), ਚੰਡੀਗੜ੍ਹ ਵੱਲੋਂ ਮੀਮੋ ਨੰਬਰ 25/78/2012-8, ਮ-2/12445-71 ਚੰਡੀਗੜ੍ਹ, ਮਿਤੀ 26.07.13 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ ਮਾਲ ਰਿਕਾਰਡ ਵਿੱਚ ਦਰਜ ਆਪਣੇ ਜਾਂ ਆਪਣੇ ਪਿਤਾ ਦੇ ਨਾਂਅ ਦੀ ਤਬਦੀਲੀ ਉਸ ਸੂਰਤ ਵਿੱਚ ਕਰਵਾਈ ਜਾ ਸਕਦੀ ਹੈ, ਜੇਕਰ ਉਸ ਦੇ ਪਿਤਾ ਨੇ ਪੰਜਾਬ ਰਾਜ ਵਿੱਚ ਸਥਿਤ ਜ਼ਮੀਨ ਵਾਲੇ ਏਰੀਏ ਵਿੱਚ ਸਰਕੁਲੇਟ ਹੋ ਰਹੇ 02 ਅਖਬਾਰਾਂ, ਜਿਨ੍ਹਾਂ ਵਿੱਚੋਂ ਇੱਕ ਅਖਬਾਰ ਘੱਟੋ-ਘੱਟ ਪੰਜਾਬੀ ਭਾਸ਼ਾ ਦਾ ਹੋਵੇ, ਵਿੱਚ ਆਪਣੇ ਨਾਂਅ ਦੀ ਤਬਦੀਲੀ ਸੰਬੰਧੀ ਨੋਟਿਸ ਦਿੱਤਾ ਹੋਵੇ।

ਇਸ ਲਈ ਉਕਤ ਹਦਾਇਤਾਂ ਦੇ ਮੱਦੇਨਜ਼ਰ ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਪਿੰਡ ਰੂਪੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪ੍ਰਾਰਥੀ ਦੇ ਨਾਂਅ ਦੀ ਦਰੁਸਤੀ ਮੇਜਰ ਸਿੰਘ ਉਰਫ ਹਰਮੇਜਰ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਨਾਮਾ ਦਰਜ ਹੋਣ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਆਪਣਾ ਪੱਖ/ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਕਿਸੇ ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਪ੍ਰਾਰਥੀ ਦਾ ਨਾਂਅ ਮਾਲ ਰਿਕਾਰਡ ਵਿੱਚ ਦਰੁਸਤ ਕਰ ਦਿੱਤਾ ਜਾਵੇਗਾ।

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਮਾਹਿਲਪੁਰ

(ਨੰਬਰ : ਰੀਡਰ/29 ਮਿਤੀ 04/12/2025)

## Capital Small Finance Bank

Capital Small Finance Bank Limited
H.O: MIDAS Corporate Park, 3rd Floor, 37 G.T. Road, Jalandhar City

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਬਿਰਗੁਨ ਸਾਹਨੀ ਪੁੱਤਰ ਸਵਾਰੂ ਸਾਹਨੀ ਵਾਸੀ ਮਕਾਨ ਨੰ. 337, ਗਲੀ ਨੰ. 03, ਰਾਹੋਂ ਰੋਡ, ਕੱਕਾ ਧੌਲਾ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007, 2. ਸ੍ਰੀਮਤੀ ਸ਼ਿਆਮ ਦੁਲਾਰੀ ਪਤਨੀ ਬਿਰਗੁਨ ਸਾਹਨੀ ਵਾਸੀ ਮਕਾਨ ਨੰ. 337, ਗਲੀ ਨੰ. 03, ਰਾਹੋਂ ਰੋਡ, ਕੱਕਾ ਧੌਲਾ, ਬਸਤੀ ਜੋਧੇਵਾਲ ਲੁਧਿਆਣਾ, ਪੰਜਾਬ-141007 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਰਾਜੂ ਪੁੱਤਰ ਰਾਜ ਕੁਮਾਰ ਵਾਸੀ ਮਕਾਨ ਨੰ. 64, ਗਲੀ ਨੰ. 2, ਬਾਲਾ ਜੀ ਕਲੋਨੀ, ਜਹਾਂਗੀਰਪੁਰ ਉਰਫ ਜਗੀਰਪੁਰ, ਡਾਕ. ਬਸਤੀ ਜੋਧੇਵਾਲ, ਜ਼ਿਲ੍ਹਾ ਲੁਧਿਆਣਾ, ਪੰਜਾਬ-141007 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਐੱਚ ਐੱਲ/013611001636 'ਚ ਰੁਪਏ 5,26,356.20/- ਦੀ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ 'ਚ ਮੋੜਨ ਲਈ ਮਿਤੀ 29.08.2025 ਨੂੰ ਡਿਮਾਂਡ ਨੋਟਿਸ ਜ਼ਰੂਰੀ ਕੀਤਾ ਸੀ। ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਐੱਚ ਐੱਲ/013611001636 'ਚ ਬਕਾਇਆ ਰਕਮ ਰੁਪਏ 5,26,356.20/- ਸਮੇਤ 31.07.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

### ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2021-22/106/1/17359 ਮਿਤੀ 25-01-2022 ਅਨੁਸਾਰ ਸ੍ਰੀਮਤੀ ਸ਼ਿਆਮ ਦੁਲਾਰੀ ਪਤਨੀ ਬਿਰਗੁਨ ਦੀ ਮਲਕੀਅਤ ਜਾਇਦਾਦ ਰਕਬਾ 50 ਵਰਗ ਗਜ਼, ਪਿੰਡ ਢੋਲਾ 'ਚ ਸਥਿਤ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਹੱਦਬਸਤ ਨੰ. 67 ਨਾਲ ਸੰਬੰਧਤ ਸਭ ਕੁਝ।

ਸਥਾਨ : ਪਿੰਡ ਧੌਲਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਮਿਤੀ : 05.12.2025 ਸਹੀ/-ਅਧਿਕਾਰਤ ਅਫਸਰ

## AXIS BANK

Retail Asset Centre: AXIS Bank Ltd., 2nd Floor, Property # 7-E, Municipal 3903/1142/16, Malhar Road, Sarabha Nagar, Ludhiana-141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai- 400025
Registered Office: 'Trishul', 3rd Floor, opposite Samartheswar Temple, Law garden, Ellisbridge, Ahmadabad- 380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ ਦਾ ਨਾਂਅ/ਪਤਾ | ਡਿਮਾਂਡ ਨੋਟਿਸ ਦੀ ਮਿਤੀ/ ਐੱਨ ਪੀ ਏ ਮਿਤੀ / ਕਬਜ਼ੇ ਦੀ ਮਿਤੀ / ਬਕਾਇਆ ਰਕਮ |
|---|---|---|
| 1. | 1. ਮੈਸਰਜ਼ ਸਤਗੁਰੂ ਪੇਂਟ ਸਟੋਰ ਰਾਹੀਂ ਇਸ ਦੇ ਭਾਈਵਾਲ ਸਮਾਧਾਂ ਰੋਡ, ਨੇੜੇ ਗੁਰਦੁਆਰਾ ਭਾਈ ਸੁੱਖਾ ਜੀ, ਪਿੰਡ ਤੇ ਡਾਕ. ਰਮਦਾਸ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143603 2. ਸ੍ਰੀ ਜਗਤਾਰ ਸਿੰਘ ਪੁੱਤਰ ਭੁਪਿੰਦਰ ਸਿੰਘ ਨੇੜੇ ਚੌੜਾ ਖੂਹ, ਰਮਦਾਸ (ਦਿਹਾਤੀ) ਰਮਦਾਸ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143603 3. ਸ੍ਰੀ ਭੁਪਿੰਦਰ ਸਿੰਘ ਪੁੱਤਰ ਰਸ਼ਪਾਲ ਸਿੰਘ ਨੇੜੇ ਚੌੜਾ ਖੂਹ, ਰਮਦਾਸ (ਦਿਹਾਤੀ), ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143603 | 07-July-2025/ 16-April-2025 / 04-Dec-2025 / ਰੁਪਏ 9,60,798/- (ਨੌਂ ਲੱਖ ਸੱਠ ਸੱਤ ਸੌ ਅਠਾਨਵੇਂ ਰੁਪਏ ਕੇਵਲ) |

ਅਚੱਲ ਜਾਇਦਾਦ ਦਾ ਵੇਰਵਾ :- ਸ੍ਰੀ ਭੁਪਿੰਦਰ ਸਿੰਘ ਪੁੱਤਰ ਰਸ਼ਪਾਲ ਸਿੰਘ ਦੇ ਨਾਂਅ ਇਮਾਰਤ ਅਤੇ ਇਸ 'ਤੇ ਨਿਰਮਤ ਢਾਂਚਾ ਦੋਵੇਂ ਜਾਇਦਾਦ 1 ਮਰਲਾ 5 ਸਰਸਾਈ (46.67 ਵਰਗ ਗਜ਼) ਜੋ ਕਿ 5 ਕਨਾਲ 18 ਮਰਲਾ ਦਾ 1/932 ਹਿੱਸਾ, ਖੇਵਟ ਖਤੌਨੀ ਨੰ. 750/1/2051/2, ਖਸਰਾ ਨੰ. 54/22/1(2-2), 22/2(3-16), ਹੱਦਬਸਤ ਨੰ. 84 ਪਿੰਡ ਰਮਦਾਸ ਵਿਖੇ ਸਥਿਤ, ਸਬ-ਤਹਿਸੀਲ ਰਮਦਾਸ, ਜ਼ਿਲ੍ਹਾ ਅੰਮ੍ਰਿਤਸਰ, ਜਮ੍ਹਾਂਬੰਦੀ 2012-13 ਨਾਲ ਸੰਬੰਧਤ ਸਭ ਕੁੱਝ। ਹੱਦਾਂ :- ਉੱਤਰ : ਮੇਨ ਬਜ਼ਾਰ ਰਮਦਾਸ (15'-0''), ਪੂਰਬ : ਦੁਕਾਨ (28'-0''), ਪੱਛਮ : ਦੁਕਾਨ (28'-0''), ਦੱਖਣ : ਹੋਰ ਦੀ ਜਾਇਦਾਦ (15'-0'')

ਮਿਤੀ : 07.12.2025 ਸਥਾਨ : ਅੰਮ੍ਰਿਤਸਰ ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

## St. Soldier Law College

Invites online applications on **(stsoldierlawcollege@rediffmail.com)** for post of **Principal** on **regular basis. (https://stsoldierlawcollege.in.)** Qualification and Grade as per UGC/BCI/Punjab Govt. /GNDU norms. Reservation Policy will be as per Punjab Govt. rules. Candidates must submit online application within 21 days from the date of publication of advertisement. A copy of the application alongwith a demand draft of Rs. 1180/- (non-refundable) in favour of **Registrar, Guru Nanak Dev University, Amritsar** may also be sent to **Dean, CDC, Guru Nanak Dev University, Amritsar** within stipulated time through Registered Post. Candidate must send the required documents alongwith the application as per the list available for Unaided Colleges in the CDC Portal on University website **(www.gndu.ac.in).** Incomplete application (without the required documents) 'or' the application received after due date will not be entertained. **Chairman**

## Capital Small Finance Bank

Capital Small Finance Bank Limited
H.O: MIDAS Corporate Park, 3rd Floor, 37 G.T. Road, Jalandhar City

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਸ੍ਰੀ ਪਵਨ ਕੁਮਾਰ ਪੁੱਤਰ ਮੁਲਖ ਰਾਜ ਵਾਸੀ ਵਾਰਡ ਨੰ. 12, ਨੰਦਪੁਰ, ਸਾਹਨੇਵਾਲ, ਲੁਧਿਆਣਾ, ਪੰਜਾਬ-141120 2. ਸ੍ਰੀਮਤੀ ਵੀਨਾ ਰਾਣੀ ਪਤਨੀ ਪਵਨ ਕੁਮਾਰ ਵਾਸੀ ਵਾਰਡ ਨੰ. 12, ਨੰਦਪੁਰ, ਸਾਹਨੇਵਾਲ, ਲੁਧਿਆਣਾ, ਪੰਜਾਬ-141120 3. ਸ੍ਰੀ ਅਮਨ ਕੁਮਾਰ ਪੁੱਤਰ ਪਵਨ ਕੁਮਾਰ ਵਾਸੀ ਵਾਰਡ ਨੰ. 12, ਨੰਦਪੁਰ, ਸਾਹਨੇਵਾਲ, ਲੁਧਿਆਣਾ, ਪੰਜਾਬ-141120 ( ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 4. ਸ੍ਰੀ ਸੁੰਦਰ ਪੁੱਤਰ ਬਾਂਸੀ ਲਾਲ ਵਾਸੀ ਨੇੜੇ ਕੇਸਰ ਕਾ ਢਾਬਾ, ਡੇਹਲੋਂ ਰੋਡ, ਸਾਹਨੇਵਾਲ, ਲੁਧਿਆਣਾ, ਪੰਜਾਬ-141120 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਡਬਲਯੂ ਸੀ ਟੀ ਐੱਲ/013612001003 'ਚ ਬਕਾਇਆ ਰਕਮ ਰੁਪਏ 6,92,146.16/- ਦੀ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ 'ਚ ਮੋੜਨ ਲਈ ਮਿਤੀ 13.08.2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਡਬਲਯੂ ਸੀ ਟੀ ਐੱਲ/013612001003 'ਚ ਬਕਾਇਆ ਰਕਮ ਰੁਪਏ 6,92,146.16/- ਸਮੇਤ 01.08.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

### ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 1291 ਮਿਤੀ 29.06.2017 ਅਨੁਸਾਰ ਸ੍ਰੀਮਤੀ ਵੀਨਾ ਰਾਣੀ ਪਤਨੀ ਪਵਨ ਕੁਮਾਰ ਦੀ ਮਲਕੀਅਤ ਜਾਇਦਾਦ ਰਕਬਾ 100 ਵਰਗ ਗਜ਼, ਪਿੰਡ ਨੰਦਪੁਰ, ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਹੱਦਬਸਤ ਨੰ. 233, ਨਾਲ ਸੰਬੰਧਤ ਸਭ ਕੁੱਝ।

ਸਥਾਨ : ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ ਮਿਤੀ : 05-12-2025 ਸਹੀ/- ਅਧਿਕਾਰਤ ਅਫਸਰ

## AXIS BANK

Axis Bank Limited Retail Asset Centre, 2nd Floor, Property # 7-E, Municipal 3903/1142/16, Malhar Road, Sarabha Nagar, Ludhiana - 141001 Registered Office: "Trishul" – 3rd Floor Opp. Samartheswar Temple, Near Law Garden, Ellisbridge, Ahmedabad – 380006

### [ਰੂਲ-8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਰੀਕੰਸਟ੍ਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਅਧੀਨ ਅਤੇ ਸਕਿਉਰਟੀ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 12 ਜੁਲਾਈ 2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਗਰਗ ਫੀਡ ਸਟੋਰ ਰਾਹੀਂ ਇਸ ਦੇ ਮਾਲਕ ਸ੍ਰੀ ਆਸ਼ੂ ਮਿੱਤਲ ਪੁੱਤਰ ਸ੍ਰੀ ਸਤੀਸ਼ ਕੁਮਾਰ ਨੂੰ ਨੋਟਿਸ 'ਚ ਦਰਸਾਈ ਰਕਮ ਰੁਪਏ 3,67,96,390.89/- (ਤਿੰਨ ਕਰੋੜ ਸਤਾਹਠ ਲੱਖ ਛਿਅੰਨਵੇਂ ਹਜ਼ਾਰ ਤਿੰਨ ਸੌ ਨੱਬੇ ਰੁਪਏ ਅਤੇ ਉਨੰਨਵੇਂ ਪੈਸੇ ਕੇਵਲ) ਇਸ ਰਕਮ 'ਚ 04 ਜੁਲਾਈ 2025 ਤੱਕ ਲਾਗੂ ਵਿਆਜ ਸ਼ਾਮਲ ਅਤੇ ਹੋਰ ਅਣਲਾਗੂਯੋਗ ਵਿਆਜ ਅਤੇ ਲਾਗਤ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ ਕਿਹਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਉਕਤ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 5 ਦਸੰਬਰ 2025 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਸੰਬੰਧੀ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਰਕਮ ਰੁਪਏ 3,67,96,390.89/- (ਤਿੰਨ ਕਰੋੜ ਸਤਾਹਠ ਲੱਖ ਛਿਅੰਨਵੇਂ ਹਜ਼ਾਰ ਤਿੰਨ ਸੌ ਨੱਬੇ ਰੁਪਏ ਅਤੇ ਉਨੰਨਵੇਂ ਪੈਸੇ ਕੇਵਲ) ਇਸ ਰਕਮ 'ਚ 04 ਜੁਲਾਈ 2025 ਤੱਕ ਲਾਗੂ ਵਿਆਜ ਸ਼ਾਮਲ ਅਤੇ ਇਸ 'ਤੇ ਵਿਆਜ ਦੀ ਠੇਕਾ ਦਰ 'ਤੇ ਅਦਾਇਗੀ ਦੀ ਮਿਤੀ ਤੱਕ ਹੋਰ ਵਿਆਜ ਅਤੇ ਖਰਚੇ ਦੇਣ ਦੇ ਪਾਬੰਦ ਹੋਣਗੇ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਦਾ ਧਿਆਨ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਸੰਬੰਧ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦੀ ਮਾਲਕੀ ਦਾ ਵੇਰਵਾ

(1) ਬੈਨਾਮਾ ਵਸੀਕਾ ਨੰ. 4454, ਮਿਤੀ 26-12-2000 ਅਨੁਸਾਰ ਸਤੀਸ਼ ਕੁਮਾਰ ਪੁੱਤਰ ਸ੍ਰੀ ਮਾਮ ਚੰਦ ਦੇ ਨਾਂਅ ਰਜਿਸਟਰਡ ਜਾਇਦਾਦ ਇਮਾਰਤ ਰਕਬਾ 0-3-1/6, ਖੱਤਾ ਨੰ. 99/2025, ਖਸਰਾ ਨੰ. 254//8/1/2 ਮਿਨ (0-3-1/6) ਸੁਨਾਮ ਵਿਖੇ ਸਥਿਤ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ, ਜਮ੍ਹਾਂਬੰਦੀ ਸਾਲ 2009-2010 ਨਾਲ ਸੰਬੰਧਤ ਸਭ ਕੁਝ। ਹੱਦਾਂ ਬੈਨਾਮੇ ਅਨੁਸਾਰ : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ।

(2) ਬੈਨਾਮਾ ਨੰ. 1650 ਮਿਤੀ 27-11-2015 ਅਨੁਸਾਰ ਵੀਨਾ ਰਾਣੀ ਪਤਨੀ ਸਤੀਸ਼ ਕੁਮਾਰ ਦੇ ਨਾਂਅ ਰਜਿਸਟਰਡ ਜਾਇਦਾਦ ਇਮਾਰਤ, ਜਿਸ 'ਚ ਵਪਾਰਕ ਦੁਕਾਨ, ਰਕਬਾ 27.22 ਵਰਗ ਗਜ਼, ਮਿਊਂਸਪਲ ਕੌਂਸਲ ਜਾਇਦਾਦ ਨੰ. ਬੀ-II-533, ਪੁਰਾਣੀ ਦਾਣਾ ਮੰਡੀ ਵਿਖੇ ਸਥਿਤ, ਸੁਨਾਮ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਭ ਕੁਝ। ਹੱਦਾਂ ਬੈਨਾਮੇ ਅਨੁਸਾਰ : ਪੂਰਬ : ਮੰਡੀ ਫੜ੍ਹ ਅਤੇ ਸੜਕ ਬਾਹੀ 7'-0'', ਪੱਛਮ : ਮਾਲਕ ਬ੍ਰਿਜ ਮੋਹਨ ਦਾ ਮਕਾਨ ਬਾਹੀ 7'-0'', ਉੱਤਰ : ਰਿਤੂ ਰਾਣੀ, ਬਾਹੀ 35'-0'' ਦੱਖਣ : ਪਵਨ ਕੁਮਾਰ, ਬਾਹੀ 35'-0''

(3) ਬੈਨਾਮਾ ਨੰ. 370 ਮਿਤੀ 10-05-2012 ਅਨੁਸਾਰ ਸ੍ਰੀਮਤੀ ਨਿਰਮਲ ਕੌਰ ਪਤਨੀ ਬਲਜੀਤ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਪਲਾਟ ਰਕਬਾ 209.47 ਵਰਗ ਗਜ਼, ਮਕਾਨ ਨੰ. 346, ਸੁਨਾਮ ਐੱਸ ਯੂ ਐੱਸ ਰੋਡ, ਨੇੜੇ ਵੱਡਾ ਗੁਰਦੁਆਰਾ ਸਾਹਿਬ, ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਭ ਕੁਝ। ਹੱਦਾਂ ਬੈਨਾਮੇ ਅਨੁਸਾਰ : ਪੂਰਬ : 19 ਫੁੱਟ 3 ਇੰਚ ਛੋਟਾ ਸਿੰਘ ਅਤੇ 15 ਫੁੱਟ 6 ਇੰਚ, ਪੱਛਮ : 0 ਫੁੱਟ 9 ਇੰਚ ਬਲਜੀਤ ਸਿੰਘ ਅਤੇ 36' 9'', ਉੱਤਰ : 52' 9'' ਮਕਾਨ ਕਰਤਾਰ ਸਿੰਘ, ਦੱਖਣ : 45 ਫੁੱਟ 0 ਇੰਚ ਅਤੇ 9 ਫੁੱਟ 0 ਇੰਚ ਬਲਜੀਤ ਸਿੰਘ।

ਮਿਤੀ : 07 ਦਸੰਬਰ 2025, ਸਥਾਨ : ਸੁਨਾਮ ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ




### ਕੰਨਿਆ ਦੀ ਲੋੜ

ਬ੍ਰਾਹਮਣ ਲੜਕਾ, ਉਮਰ 27 ਸਾਲ, ਹਾਈਟ 5'-5'', ਸਿੱਖਿਆ : ਐੱਲ ਐੱਲ ਬੀ ਲਈ ਬ੍ਰਾਹਮਣ ਲੜਕੀ ਦੀ ਲੋੜ ਹੈ। ਸੰਪਰਕ-98557-83340

### ਆਮ ਸੂਚਨਾ

ਇਕ ਟਿਊਬਵੈਲ ਕੁਨੈਕਸ਼ਨ ਜਿਸਦਾ ਖਾਤਾ ਨੰਬਰ ਟੀ.ਪੀ-387, A32AP160387N, 5 ਹਾਰਸ ਪਾਵਰ ਜੋ ਕਿ ਰਾਜਵੰਤੀ ਪਤਨੀ ਮੁਖਤਾਰ ਸਿੰਘ ਦੇ ਨਾਮ ਤੇ ਚਲ ਰਿਹਾ ਹੈ ਨੂੰ ਦਵਿੰਦਰ ਸਿੰਘ ਪੁੱਤਰ ਮੁਖਤਾਰ ਸਿੰਘ ਵਾਸੀ ਚੋਗਾਵਾਂ ਤਹਿਸੀਲ ਲੋਪੋਕੇ ਜਿਲਾ ਅੰਮ੍ਰਿਤਸਰ ਨੇ ਆਪਣੇ ਨਾਮ ਤੇ ਕਰਨ ਦੀ ਅਰਜੀ ਦਿਤੀ ਹੈ ਜੇ ਕਰ ਕਿਸੇ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਅੰਦਰ ਉਪ ਮੰਡਲ ਚੋਗਾਵਾਂ ਵਿਖੇ ਆਪਣਾ ਇਤਰਾਜ ਪੇਸ਼ ਕਰ ਸਕਦਾ ਹੈ ਨਹੀਂ ਤਾਂ ਤਬਦੀਲੀ ਕਰ ਦਿਤੀ ਜਾਵੇਗੀ ਪੀ.ਐਸ.ਪੀ.ਸੀ.ਐਲ

ਮੈ ਵਰਿੰਦਰ ਕੁਮਾਰ ਪੁੱਤਰ ਸ੍ਰੀ ਰਾਮ ਰਤਨ ਵਾਸੀ ਈ-7/4311, ਭੱਲਾ ਕਾਲੋਨੀ, ਨਜਦੀਕ ਰਾਧਾ ਸਵਾਮੀ ਡੇਰਾ, ਚੱਕੀ ਵਾਲੀ ਗਲੀ, ਅੰਮ੍ਰਿਤਸਰ ਦਾ ਹਾਂ। ਇਹ ਕਿ ਇਕ ਜਗ੍ਹਾਂ ਜਿਸਦਾ ਕੁਲ ਰਕਬਾ 154 ਵਰਗ ਗਜ, ਜਿਸਦਾ ਖਸਰਾ ਨੰਬਰ 293 ਮਿੰਨ, ਖਾਤਾ ਨੰਬਰ 635/624, ਖਤੋਨੀ ਨੰਬਰ 1072, ਜਮਾਂਬੰਦੀ ਸਾਲ 2021/2022, ਹਦਬਸਤ ਨੰਬਰ 381 ਵਾਕਿਆ ਰਕਬਾ ਕਾਲਾ ਘਨੂੰਪੁਰ ਅਰਬਨ ਅਬਾਦੀ ਭੱਲਾ ਕਾਲੋਨੀ ਤਹਿਸੀਲ ਜਿਲਾ ਅੰਮ੍ਰਿਤਸਰ ਜਿਸਦਾ ਦਸਤਾਵੇਜ਼ ਨੰਬਰ 11905 ਜਿਲਦ ਨੰ: 6619 ਮਿਤੀ 8-10-1993 ਦੀ ਰਜਿਸਟਰੀ ਗੁੰਮ ਹੋ ਗਈ ਸੀ। ਜੇਕਰ ਕਿਸੇ ਨੂੰ ਉਕਤ ਅਸਲ ਰਜਿਸਟਰੀ ਮਿਲ ਜਾਵੇ, ਤਾਂ ਉਹ ਮੈਨੂੰ ਈ-7/4311, ਭੱਲਾ ਕਾਲੋਨੀ, ਨਜ਼ਦੀਕ ਰਾਧਾ ਸਵਾਮੀ ਡੇਰਾ, ਚੱਕੀ ਵਾਲੀ ਗਲੀ, ਅੰਮ੍ਰਿਤਸਰ ਦੇ ਪਤੇ ਤੇ ਦੇ ਦੇਵੇ।

ਸਤਮਿੰਦਰ ਕੌਰ ਪੁੱਤਰੀ ਰਣਜੀਤ ਸਿੰਘ ਵਾਸੀ ਗੁਰਬਖ਼ਸ਼ਪੁਰਾ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਜੀ.ਆਰ 275 ਏ.ਪੀ. (20 ਹਾਰਸਪਾਵਰ) ਨੂੰ ਜਤਿੰਦਰ ਕੌਰ ਪਤਨੀ ਤੀਰਥ ਸਿੰਘ, ਵਾਸੀ ਅਲੂਣਾ ਪੱਲਾ (ਲੁਧਿਆਣਾ) ਖੇਵਟਦਾਰ ਗੁਰਬਖ਼ਸ਼ਪੁਰਾ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਸ਼ੇਰਪੁਰ-2 ਦੇ ਇਤਰਾਜ ਪੇਸ਼ ਕਰੇ।

ਮੈਂ ਮਨਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਮਕਾਨ ਨੰ. 117-ਸੀ, ਗਲੀ ਨੰ.3, ਗੁਰਲਾਲ ਬਜ਼ਾਰ, ਨਿਊ ਪ੍ਰਤਾਪ ਨਗਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਸਾਲਾ ਮਨਿੰਦਰਪਾਲ ਸਿੰਘ ਉਰਫ ਸ਼ਾਲਾ, ਜੋ ਕਿ ਮੇਰੇ ਕਹਿਣੇ-ਸੁਣਨੇ ਤੋਂ ਬਾਹਰ ਹੈ, ਲੜਾਈ ਝਗੜੇ ਕਰਨ ਦਾ ਆਦੀ ਹੈ, ਆਪਣੀਆਂ ਮਨਮਰਜ਼ੀਆਂ ਕਰਦਾ ਹੈ। ਮੈਂ ਆਪਣੇ ਸਾਲੇ ਨੂੰ ਆਪਣੇ ਸਾਰੇ ਰਿਸ਼ਤੇ-ਨਾਤਿਆਂ ਤੋਂ ਬੇਦਖਲ ਕਰਦਾ ਹਾਂ ਅਤੇ ਉਸ ਨਾਲ ਸਾਰੇ ਸੰਬੰਧ ਖਤਮ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੈ।

### ਬੇਦਖਲੀ ਨੋਟਿਸ

ਮੈਂ, ਅਮਰਜੀਤ ਲਾਲ ਪੁੱਤਰ ਹਰੀ ਰਾਮ ਵਾਸੀ ਪਿੰਡ ਉਦੋਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਰੁਣ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕੁਲਵਿੰਦਰ ਕੌਰ ਪਤਨੀ ਲੇਟ ਗਿਆਨ ਚੰਦ ਵਾਸੀ ਪਿੰਡ ਲਾਲੇ ਲੱਧੇਵਾਲੀ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਮ ਲਾਲ ਅਤੇ ਉਸ ਦੀ ਪਤਨੀ ਅਨੂ ਬਾਲਾ ਅਤੇ ਉਨ੍ਹਾਂ ਦੇ ਬੱਚੇ ਹਰਸਿਮਰਨ ਕੌਰ (ਚੈਰੀ) ਅਤੇ ਹਰਮਨ ਕੌਰ (ਮੈਰੀ) ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੇਲ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਮੱਲੇਆਣਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਗੁਰਮੇਲ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ, ਕੁਲਵੰਤ ਸਿੰਘ ਅਤੇ ਉਸ ਦੀ ਪਤਨੀ ਸੁਖਦੀਪ ਕੌਰ, ਗੁਰਜੰਟ ਸਿੰਘ ਅਤੇ ਉਸ ਦੀ ਪਤਨੀ ਜਸਵਿੰਦਰ ਕੌਰ ਅਤੇ ਉਨ੍ਹਾਂ ਦੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਜਸਵੰਤ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਵਾਰਡ ਨੰ. 7, ਨਜ਼ਦੀਕ ਬਿਜਲੀ ਘਰ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ ਪ੍ਰਤਿਭਾ ਪਤਲੇ ਸਪੁੱਤਰੀ ਮੋਹਨ ਲਾਲ ਐਡਰੈੱਸ ਗਲੀ ਨੰ: 4-1/2, ਸੰਤੋਖ ਨਗਰ ਲੁਧਿਆਣਾ-141008 ਬਿਆਨ ਕਰਦੀ ਹਾਂ ਕਿ ਮੈਂ ਆਪਣਾ ਨਾਮ ਪ੍ਰਤਿਭਾ ਤੋ ਬਦਲ ਕੇ ਪ੍ਰਤਿਭਾ ਪਤਲੇ ਰੱਖ ਲਿਆ ਹੈ। ਸਾਰੇ ਸਕੇ ਸੰਬੰਧੀ ਨੋਟ ਕਰਨ।

ਮੈਂ, ਯੋਗੇਸ਼ ਬੰਗੜ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਸ਼ਹਿਬਾਜ਼ਪੁਰ, ਡਾਕਖਾਨਾ ਉੜਮੁੜ, ਤਹਿਸੀਲ ਟਾਂਡਾ/ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ-144204, ਨੇ ਆਪਣਾ ਨਾਂਅ ਯੁਗੇਸ਼ ਤੋਂ ਬਦਲ ਕੇ ਯੋਗੇਸ਼ ਬੰਗੜ ਰੱਖ ਲਿਆ ਹੈ।

### CHANGE OF NAME

I, Bhupinder Kaur w/o Jasvir Singh r/o Patti Takhar, Vill. Shankar, Tehsil Nakodar, Distt. Jalandhar, Punjab declare that Given name as Bhupinder & Surname as Kaur.

I, hitherto Known as Amarjeet Singh son of Inder Singh residing at Village Valtoha Tehsil Patti District Tarn Taran-143416 Punjab have changed my name and Shall hereafter be known as Amarjit Singh

I, Manpreet Singh S/o Balkar Singh R/o Village Rakh Manawala PO Manawala Tehsil and District Amritsar have declare that Manpreet is my Given name and Singh is my Surname

I, Gurdial Singh and Gura Singh S/o Labh Singh R/o Village Jauns Tehsil Rajasansi District Amritsar have declare that above both names are mine one and same person

I, Malika W/o Surinder Arjun R/o H.No.51-B, Court Road, Amritsar have changed my name from Malika to Kiran Arjun

I, Kalwant Kaur W/o Kuldeep Singh R/o Village Jahangir Distt Tarn Taran have changed my name from Kalwant Kaur to Kulwant Kaur

I, Sunali D/o Satish Kumar resident of H. No. 376, 4, Funland Public School, Guru Nanak Pura, Jalandhar-I, PO: Chogitti, District Jalandhar have changed my name from Sunali to Sunali Arora. All concerned may please note.

I, Ankush Sharma S/o Lakhwinder Sharma R/o H.No. 81, Street No. 3, Gokul Vihar, Amritsar, have changed the name of my minor Son from Reehan Sharma to Kridhey Sharma. Concerned note.

I, Kura Ram S/o Rakha Ram R/o V.P.O. Talwandi Dadian, P.S. Tanda, Distt. Hoshiarpur, Punjab, India, have changed my name to Kurha Ram. All concerned please note.

### CHANGE OF NAME

I Sunyana D/o Mulkh Raj W/o Joginder Pal Angural R/o 34, Uttam Nagar, Vill Sagarpura, Batala, Distt. Gurdaspur. I have changed my name Sunyana to Sunyana Angural. Please concerned note.

I, Kuldip Kaur W/o Tarsem Singh R/o Guru Teg Bahadur Colony, VPO Tanda Ram Sahai, Tehsil Mukerian District Hoshiarpu -144214 Punjab declare that my name is Kuldip Kaur. My surname is Kaur and my given name is Kuldip. Concerned note.

I, Jasvir Singh s/o Sucha Singh r/o Patti Takhar, Vill. Shankar, Tehsil Nakodar, Distt. Jalandhar, Punjab declare that Given name as Jasvir & Surname as Singh.


### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

7 Dec Page 8.qxd 12/6/2025 10:39 PM Page 1



## ਜਨਮ ਦਿਨ ਮੁਬਾਰਕ



ਕੁੰਵਰਪ੍ਰਤਾਪ ਸਿੰਘ ਰਿਆੜ ਗੁਰਦਾਸਪੁਰ

## ਵਰ੍ਹੇਗੰਢ ਮੁਬਾਰਕ



ਮਨਜਿੰਦਰ ਸਿੰਘ ਅਤੇ ਸਰਬਜੀਤ ਕੌਰ ਵਾਸੀ ਝਬਾਲ ਨੂੰ ਵਿਆਹ ਦੀ 24ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

## ਜੀ ਟੀ ਯੂ ਵੱਲੋਂ ਚੋਣ ਡਿਊਟੀਆਂ ਦੂਰ ਦੁਰਾਡੇ ਲਗਾਉਣ ਦਾ ਸਖ਼ਤ ਵਿਰੋਧ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਅਧਿਆਪਕਾਂ ਦੀਆਂ ਡਿਊਟੀਆਂ ਦੂਰ ਦੁਰਾਡੇ ਲਗਾਉਣ ਦਾ ਸਖ਼ਤ ਵਿਰੋਧ ਕੀਤਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਅਤੇ ਪ੍ਰੈਸ ਸਕੱਤਰ ਧਰਮਿੰਦਰ ਸਿੰਘ ਭੰਗੂ ਨੇ ਕਿਹਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਨੇ ਜਥੇਬੰਦੀ ਨੂੰ ਭਰੋਸਾ ਦਿਵਾਇਆ ਸੀ ਕਿ ਚੋਣਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਉਨ੍ਹਾਂ ਦੇ ਪਿਤਰੀ ਬਲਾਕ ਵਿੱਚ ਲਗਾਈਆਂ ਜਾਣਗੀਆਂ ਅਤੇ ਪੰਚਾਇਤੀ ਚੋਣਾਂ ਅਤੇ ਪਾਰਲੀਮੈਂਟ ਚੋਣਾਂ ਵਿੱਚ ਅਜਿਹਾ ਵਾਪਰਿਆ ਵੀ, ਪਰ ਹੁਣ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਚੋਣ ਡਿਊਟੀਆਂ ਦੂਰ ਦੁਰਾਡੇ ਲਗਾ ਕੇ ਅਧਿਆਪਕਾਂ ਨੂੰ ਪ੍ਰੇਸ਼ਾਨ ਕਰਨਾ ਅਤਿ ਨਿੰਦਣਯੋਗ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਸਰਦੀ ਦਾ ਮੌਸਮ ਹੈ ਅਤੇ ਮਹਿਲਾ ਅਧਿਆਪਕਾਂ ਨੂੰ ਦੂਰ ਦੁਰਾਡੇ ਲਗਾਈਆਂ ਡਿਊਟੀਆਂ ਕਰਨ ਅਨੇਕਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਬੀ ਐਲ ਓਜ਼ ਦੀ ਡਿਊਟੀ ਕਰ ਰਹੇ ਅਧਿਆਪਕਾਂ ਨੂੰ ਚੋਣ ਡਿਊਟੀ ਤੋਂ ਛੋਟ ਦੇਣ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ 8 ਦਸੰਬਰ ਨੂੰ ਸਾਂਝੇ ਅਧਿਆਪਕ ਮੋਰਚੇ ਦਾ ਇੱਕ ਵਫ਼ਦ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਮਿਲ ਕੇ ਆਪਣਾ ਵਿਰੋਧ ਦਰਜ ਕਰਵਾਏਗਾ ਅਤੇ ਡਿਊਟੀਆਂ ਪਿਤਰੀ ਬਲਾਕਾਂ ਵਿੱਚ ਲਗਾਉਣ ਲਈ ਮੰਗ ਕਰੇਗਾ। ਅਧਿਆਪਕ ਆਗੂਆਂ ਨੇ ਚੋਣ ਕਮਿਸ਼ਨ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਸੰਬੰਧੀ ਪਹਿਲ ਕਦਮੀ ਕਰਕੇ ਚੋਣ ਡਿਊਟੀਆਂ ਅਧਿਆਪਕਾਂ ਦੇ ਪਿਤਰੀ ਬਲਾਕ ਵਿੱਚ ਲਗਾਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਕੁਲਵੀਰ ਸਿੰਘ ਕੰਧੋਲਾ, ਅਵਨੀਤ ਚੱਢਾ, ਗੁਰਚਰਨ ਆਲੋਵਾਲ, ਗੁਰਪ੍ਰੀਤ ਸਿੰਘ ਹੀਰਾ, ਕੁਲਦੀਪ ਸਿੰਘ ਗਿੱਲ, ਅਵਤਾਰ ਸਿੰਘ, ਦਵਿੰਦਰ ਸਿੰਘ ਸਮਾਣਾ ਅਤੇ ਗੁਰਦੀਪ ਸਿੰਘ ਆਦਿ ਹਾਜ਼ਰ ਸਨ।



## ਕੋਟ ਫਤੂਹੀ ਬਲਾਕ ਦਾ ਕੁਇੱਜ਼ ਮੁਕਾਬਲਾ ਕਰਵਾਇਆ



**ਮਹਿਟਿਆਣਾ (ਜਗਤਾਰ ਸਿੰਘ ਭੁੰਗਰਨੀ)** ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੋਟ ਫਤੂਹੀ ਬਲਾਕ ਦੇ ਸਕੂਲਾਂ ਦਾ ਕੁਇਜ਼ ਮੁਕਾਬਲਾ ਬਲਾਕ ਨੋਡਲ ਅਫਸਰ ਪ੍ਰਿੰਸੀਪਲ ਜਰਨੈਲ ਸਿੰਘ ਦੀ ਅਗਵਾਈ ਅਤੇ ਸਕੂਲ ਮੁਖੀ ਲੈਕਚਰਾਰ ਪਰਮਿੰਦਰ ਕੁਮਾਰ ਦੀ ਦੇਖਰੇਖ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਫਤੂਹੀ ਵਿਖੇ ਕਰਵਾਇਆ ਗਿਆ।ਇਸ ਕੁਇਜ ਮੁਕਬਲੇ ਵਿੱਚ 6ਵੀਂ ਤੋਂ 10ਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ।ਬਲਾਕ ਰਿਸੋਰਸ ਕੋਆਰਡੀਨੇਟਰ ਹਰਪਾਲ ਸਹੋਤਾ ਇਸ ਕੁਇਜ ਮੁਕਾਬਲੇ ਵਿੱਚ ਵਿਸ਼ੇਸ਼ ਤੌਰ ਤੇ ਹਾਜਰ ਹੋਏ।ਇਸ ਕੁਇਜ ਮੁਕਾਬਲੇ ਵਿੱਚ ਮਿਡਲ ਵਿੰਗ ਦੇ ਸਰਕਾਰੀ ਹਾਈ ਸਕੂਲ ਬਿੰਜੋ ਦੇ ਵਿਦਿਆਰਥੀਆਂ ਗੌਰਵ ਕਰੜਾ, ਰਾਜਾ ਕੁਮਾਰ ਅਤੇ ਵਨੀਤਾ ਨੇ ਪਹਿਲਾ ਸਥਾਨ ਅਤੇ ਮੈਟ੍ਰਿਕ ਵਿੰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਫਤੂਹੀ ਦੇ ਵਿਦਿਆਰਥੀਆਂ ਪਵਨਦੀਪ ਸਿੰਘ ਅਤੇ ਨਿਖਿਲ ਸਿੰਘ ਨੇ ਹਾਸਿਲ ਕੀਤਾ।ਮਿਡਲ ਵਿੰਗ ਦੇ ਦੂਜੇ ਸਥਾਨ ਵਿੱਚ ਸਰਕਾਰੀ ਹਾਈ ਸਕੂਲ ਪੋਸੀ ਦੇ ਵਿਦਿਆਰਥੀਆਂ ਗੀਤਾਂਜਲੀ ਜੱਸਲ, ਅਨੰਨਿਆ ਭਨੋਟ ਅਤੇ ਦਿਵਿਆਂਸ਼ ਭਾਟੀਆ ਅਤੇ ਮੈਟ੍ਰਿਕ ਵਿੰਗ ਵਿੱਚ ਸਰਕਾਰੀ ਹਾਈ ਸਕੂਲ ਬਿੰਜੋ ਦੇ ਵਿਦਿਆਰਥੀਆਂ ਜਸਪ੍ਰੀਤ ਅਤੇ ਹਰਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਮਿਡਲ ਵਿੰਗ ਦੇ ਤੀਜੇ ਸਥਾਨ ਵਿੱਚ ਸਰਕਾਰੀ ਹਾਈ ਸਕੂਲ ਹਾਰਟਾ ਦੇ ਵਿਦਿਆਰਥੀਆਂ ਹਰਜੋਤ ਸਿੰਘ, ਭਰਵਦੀਪ ਬੱਧਣ ਅਤੇ ਤਰੁਣ ਅਤੇ ਮੈਟ੍ਰਿਕ ਵਿੰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੂੰਗਰਨੀ ਦੇ ਵਿਦਿਆਰਥੀਆਂ ਸੰਜਨਾ ਸਿੰਘ ਅਤੇ ਮਨਦੀਪ ਨੇ ਤੀਜਾ ਸਥਾਨ ਹਾਸਲ ਕੀਤਾ।

## ਸ੍ਰੀ ਗਣਪਤੀ ਮਹਾਰਾਜ ਦੀ ਮੂਰਤੀ ਸਥਾਪਨਾ ਭਲਕੇ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਮਾਤਾ ਵੈਸ਼ਨੋ ਦੇਵੀ ਮੰਦਰ ਦੀਪ ਕਾਲੋਨੀ ਗੜ੍ਹਸ਼ੰਕਰ ਵੱਲੋਂ ਸ੍ਰੀ ਗਣਪਤੀ ਮਹਾਰਾਜ (ਸ੍ਰੀ ਗਣੇਸ਼ ਭਗਵਾਨ) ਦੀ ਮੂਰਤੀ ਸਥਾਪਨਾ 8 ਦਸੰਬਰ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਕੀਤੀ ਜਾ ਰਹੀ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਵੇਦ ਪ੍ਰਕਾਸ਼ ਕਿਰਪਾਲ ਅਤੇ ਸਮੂਹ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 6 ਦਸੰਬਰ ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਲੰਗਰ ਲਗਾਇਆ ਗਿਆ ਅਤੇ ਸ਼ੋਭਾ ਯਾਤਰਾ ਦਾ ਆਰੰਭ ਕੀਤਾ ਗਿਆ।8 ਦਸੰਬਰ 2025 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਮੂਰਤੀ ਸਥਾਪਨਾ ਅਤੇ ਭਜਨ ਕੀਰਤਨ ਹੋਵੇਗਾ।ਦੁਪਹਿਰ 1 ਵਜੇ ਲੰਗਰ ਹੋਵੇਗਾ।ਇਸ ਮੌਕੇ ਪ੍ਰਧਾਨ ਸਾਹਿਬ ਵੇਦ ਪ੍ਰਕਾਸ਼ ਕਿਰਪਾਲ ਅਤੇ ਮਾਤਾ ਵੈਸ਼ਨੋ ਦੇਵੀ ਪ੍ਰਬੰਧਕ ਕਮੇਟੀ ਦੀਪ ਕਾਲੋਨੀ ਦੇ ਸਮੂਹ ਮੈਂਬਰਾਂ ਨੇ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ।

## ਠੋਸ ਰਹਿੰਦ-ਖੂੰਹਦ ਪ੍ਰਬੰਧਨ ਬਾਰੇ ਜਾਗਰੂਕਤਾ ਸੈਸ਼ਨ



**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫ਼ਤਰ ਕਪੂਰਥਲਾ ਵੱਲੋਂ ਨਗਰ ਪੰਚਾਇਤ ਬਿਲਗਾ, ਨਗਰ ਪੰਚਾਇਤ ਲੋਹੀਆਂ ਖਾਸ, ਨਗਰ ਪੰਚਾਇਤ ਮਹਿਤਪੁਰ ਅਤੇ ਨਗਰ ਕੌਂਸਲ, ਸੁਲਤਾਨਪੁਰ ਲੋਧੀ ਦੇ ਸਹਿਯੋਗ ਨਾਲ ਸਫਾਈ ਸੇਵਕਾਂ ਅਤੇ ਫੀਲਡ ਸਟਾਫ਼ ਲਈ ਕੂੜੇ ਨੂੰ ਸਾੜਨ ਦੀ ਰੋਕਥਾਮ ਅਤੇ ਰਹਿੰਦ-ਖੂੰਹਦ ਨੂੰ ਵੱਖ-ਵੱਖ ਕਰਨ ਦੇ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਜਾਗਰੁਕਤਾ-ਕਮ-ਸਿਖਲਾਈ ਸੈਸ਼ਨ ਕਰਵਾਇਆ ਗਿਆ। ਇਸ ਸੈਸ਼ਨ ਵਿੱਚ ਲਗਭਗ 120 ਭਾਗੀਦਾਰਾਂ ਨੇ ਸ਼ਿਰਕਤ ਕੀਤੀ। ਸੈਸ਼ਨ ਦੌਰਾਨ ਭਾਗੀਦਾਰਾਂ ਨੂੰ ਕੂੜਾ ਸਾੜਨ ਨਾਲ ਸਿਹਤ ਅਤੇ ਵਾਤਾਵਰਣ 'ਤੇ ਪੈਣ ਵਾਲੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਸਰੋਤ 'ਤੇ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ ਕਰਨ ਦੀ ਮਹੱਤਤਾ ਬਾਰੇ ਸਿੱਖਿਅਤ ਕੀਤਾ ਗਿਆ। ਸੈਸ਼ਨ ਦੌਰਾਨ, ਸਾਰੇ ਭਾਗੀਦਾਰਾਂ ਨੇ ਕੂੜੇ ਨੂੰ ਸਾੜਨ ਤੋਂ ਗੁਰੇਜ਼ ਕਰਨ, ਰਹਿੰਦ-ਖੂੰਹਦ ਨੂੰ ਵੱਖ-ਵੱਖ ਕਰਨ ਨੂੰ ਯਕੀਨੀ ਬਣਾਉਣ ਅਤੇ ਵਸਨੀਕਾਂ ਨੂੰ ਸਾਫ਼, ਸਿਹਤਮੰਦ ਅਤੇ ਪ੍ਰਦੂਸ਼ਣ-ਮੁਕਤ ਵਾਤਾਵਰਣ ਵਿੱਚ ਯੋਗਦਾਨ ਪਾਉਣ ਲਈ ਇਨ੍ਹਾਂ ਅਭਿਆਸਾਂ ਨੂੰ ਅਪਣਾਉਣ ਲਈ ਸਰਗਰਮੀ ਨਾਲ ਪ੍ਰੇਰਿਤ ਕਰਨ ਦਾ ਪ੍ਰਣ ਲਿਆ।

## ਆਦਿਵਾਸੀਆਂ ਦੇ ਕਤਲੇਆਮ ਵਿਰੁੱਧ ਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਕਨਵੈਨਸ਼ਨ ਤੇ ਮੁਜ਼ਾਹਰਾ ਅੱਜ

**ਜਲੰਧਰ** : ਉਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਸੂਬਾ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ .ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ ਪਾਲ ਨੇ ਦੱਸਿਆ ਕਿ ਫਰੰਟ ਵੱਲੋਂ 7 ਦਸੰਬਰ ਨੂੰ ਸਵੇਰੇ 10.30 ਵਜੇ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਸੂਬਾਈ ਕਨਵੈਨਸ਼ਨ ਤੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ।ਜਿਸ ਵਿਚ ਮੁੱਖ ਵਕਤਾ ਐਸੋਸੀਏਸ਼ਨ ਆਫ ਪ੍ਰੋਟੈਕਸ਼ਨ ਫਾਰ ਸਿਵਲ ਰਾਈਟਸ ਦੇ ਕੌਮੀ ਸਕੱਤਰ ਅਤੇ ਯੂਨਾਈਟਿਡ ਅਗੇਂਸਟ ਹੇਟ ਲਹਿਰ ਦੇ ਬਾਨੀ ਨਦੀਮ ਖ਼ਾਨ, ਲੋਕਪੱਖੀ ਪੱਤਰਕਾਰ ਅਤੇ ਜਮਹੂਰੀ ਕਾਰਕੁਨ ਪ੍ਰਸ਼ਾਂਤ ਰਾਹੀ, ਮਨੁੱਖੀ ਤੇ ਜਮਹੂਰੀ ਹੱਕਾਂ ਦੀ ਬੁਲੰਦ ਆਵਾਜ਼ ਡਾ. ਨਵਸ਼ਰਨ ਹੋਣਗੇ।ਪੰਜਾਬ ਦੀਆਂ ਜਨਤਕ ਜਮਹੂਰੀ ਤਾਕਤਾਂ ਦਾ ਇਹ ਇਕੱਠ ਭਾਰਤੀ ਰਾਜ ਵੱਲੋਂ ਕਤਲੇਆਮ, ਜੇਲ੍ਹਬੰਦੀ ਅਤੇ ਝੂਠੇ ਕੇਸਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦਾ ਕਰੂਰਤਾ ਨਾਲ ਘਾਣ ਕਰਨ ਦਾ ਗੰਭੀਰ ਨੋਟਿਸ ਲੈਂਦੇ ਹੋਏ ਇਸ ਵਿਰੁੱਧ ਜਨਤਕ ਜਮਹੂਰੀ ਆਵਾਜ਼ ਬੁਲੰਦ ਕਰਨ ਦਾ ਸੱਦਾ ਦੇਵੇਗਾ।ਇਹ ਇਕੱਠ ਜਿੱਥੇ ਜਲ, ਜੰਗਲ, ਜਮੀਨ ਦੀ ਰਾਖੀ ਲਈ ਜੂਝਦੇ ਆਦਿਵਾਸੀਆਂ ਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਦਾ ਵਿਰੋਧ ਕਰਦੇ ਹੋਏ ਓਪਰੇਸ਼ਨ ਕਗਾਰ ਅਤੇ ਹੋਰ ਨੀਮ-ਫ਼ੌਜੀ ਓਪਰੇਸ਼ਨ ਬੰਦ ਕਰਨ ਦੀ ਮੰਗ ਕਰੇਗਾ। ਉੱਥੇ ਨਾਲ ਹੀ 'ਸ਼ਹਿਰੀ ਨਕਸਲੀ' ਅਤੇ ਹੋਰ ਝੂਠੇ ਬਿਰਤਾਂਤਾਂ ਦੇ ਆਧਾਰ 'ਤੇ ਜੇਲ੍ਹਾਂ ਵਿਚ ਡੱਕੇ ਉਮਰ ਖ਼ਾਲਿਦ, ਗੁਲਫ਼ਿਸ਼ਾਂ ਫ਼ਾਤਿਮਾ ਸਮੇਤ ਸਮੂਹ ਲੋਕ-ਪੱਖੀ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਅਤੇ ਪੂਰੇ ਦੇਸ਼ ਵਿਚ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੀ ਪੁਰਜ਼ੋਰ ਮੰਗ ਕਰੇਗਾ।

## ਸੰਤ ਤਰਲੋਕ ਸਿੰਘ ਦੀ ਬਰਸੀ 'ਤੇ ਪ੍ਰਾਰਥਨਾ ਸਭਾ



**ਗੁਰਾਇਆ (ਬਿੰਦਰ ਸੁੰਮਨ)**

ਪ੍ਰਾਰਥਨਾ ਸਭਾ ਵਿੱਚ ਮੰਚ ਦਾ ਸੰਚਾਲਨ ਚੌਥੀ ਸੀ ਦੇ ਵਿਦਿਆਰਥੀਆਂ ਸਵਰੀਨ ਕੌਰ ਤੇ ਬੋਬੀ ਮਹਿੰਮੀ ਦੇ ਦੁਆਰਾ ਕੀਤਾ ਗਿਆ। ਅੱਜ ਦਾ ਵਿਚਾਰ ਪ੍ਰੀਨੀਤ ਕੌਰ ਦੁਆਰਾ ਕੀਤਾ ਗਿਆ। ਸਾਹਿਬਜੀਤ ਕੌਰ ਨੇ ਨਵਾਂ ਸ਼ਬਦ ਦੱਸ ਕੇ ਸਾਡੇ ਗਿਆਨ ਭੰਡਾਰ ਵਿੱਚ ਵਾਧਾ ਕੀਤਾ। ਅੱਜ ਦੀਆਂ ਸੁਰਖੀਆਂ ਜਸਨੂਰ ਸਿੰਘ ਦੁਆਰਾ ਬਟੋਰੀਆ ਗਈਆਂ। ਸੰਤ ਤਰਲੋਕ ਸਿੰਘ ਦੀ ਬਰਸੀ ਤੇ ਬਹੁਤ ਹੀ ਖ਼ੂਬਸੂਰਤ ਕਵਿਤਾ ਸਵਰੀਨ ਕੌਰ ਦੁਆਰਾ ਪੇਸ਼ ਕੀਤੀ ਗਈ। ਸੰਤ ਤਰਲੋਕ ਸਿੰਘ ਦੀ ਬਰਸੀ ਤੇ ਸ਼ਬਦ ਦਾ ਉਚਾਰਨ ਚੌਥੀ ਸੀ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤਾ ਗਿਆ। ਉਸ ਤੋਂ ਪਿੱਛੋਂ ਬਹੁਤ ਹੀ ਜਾਣਕਾਰੀ ਭਰਭੂਰ ਐਸ ਡੀ ਜੀ ਗੋਲ ਚੌਥੀ ਸੀ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਜੋ ਕਿ ਸੰਤ ਤਰਲੋਕ ਸਿੰਘ ਦੀ ਦੀਆਂ ਸਿੱਖਿਆਵਾਂ ਤੇ ਬਹੁਤ ਹੀ ਢੁਕਵੇ ਸਨ। ਇਹ ਸਾਰੀ ਸਭਾ ਦੀ ਅਗਵਾਈ ਜਮਾਤ ਇੰਚਾਰਜ ਜਸਲੀਨ ਕੌਰ ਦੁਆਰਾ ਕੀਤੀ ਗਈ। ਸਕੂਲ ਦੇ ਪ੍ਰਿੰਸੀਪਲ ਪ੍ਰਭਜੋਤ ਕੌਰ ਗਿੱਲ ਦੁਆਰਾ ਬੱਚਿਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਗਈ ਤੇ ਉਨ੍ਹਾਂ ਨੇ ਕਿਹਾ ਕਿ ਸੰਤ ਤਰਲੋਕ ਸਿੰਘ ਦੀਆਂ ਸਿੱਖਿਆਵਾਂ ਬਹੁਤ ਮਹੱਤਵਪੂਰਨ ਹਨ।

## ਕੈਬਨਿਟ ਮੰਤਰੀ ਨੇ ਦੋ ਸੜਕੀ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ

**ਜਲੰਧਰ (ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗਬਾਨੀ ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸ਼ਹਿਰ ਦੇ ਚੱਲ ਰਹੇ ਵਿਕਾਸ ਕਾਰਜਾਂ ਦੀ ਮੁਹਿੰਮ ਵਿੱਚ ਇਕ ਹੋਰ ਮੀਲ ਪੱਥਰ ਸਥਾਪਤ ਕਰਦਿਆਂ 59 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਦੋ ਸੜਕੀ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ। ਕੈਬਨਿਟ ਮੰਤਰੀ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਵਿੱਚ ਸੜਕੀ ਨੈੱਟਵਰਕ ਨੂੰ ਹੋਰ ਮਜ਼ਬੂਤ ਕਰਨ ਲਈ ਰਾਜਾ ਗਾਰਡਨ ਅਤੇ ਗਣੇਸ਼ ਨਗਰ ਇਲਾਕਿਆਂ ਵਿੱਚ 59 ਲੱਖ ਰੁਪਏ (19 ਲੱਖ ਅਤੇ 40 ਲੱਖ ਰੁਪਏ) ਦੀ ਲਾਗਤ ਨਾਲ ਦੋ ਮੁੱਖ ਸੜਕ ਨਿਰਮਾਣ ਕਾਰਜ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ ਨਾਲ ਜਲੰਧਰ ਪੱਛਮੀ ਵਿਧਾਨ ਸਭਾ ਖੇਤਰ ਦੇ ਵਸਨੀਕਾਂ ਦੀਆਂ ਮੁੱਖ ਮੰਗਾਂ ਪੂਰੀਆਂ ਹੋਣ ਨਾਲ ਇਲਾਕਾ ਵਾਸੀਆਂ ਨੂੰ ਰਾਹਤ ਮਿਲੇਗੀ। ਸ਼੍ਰੀ ਭਗਤ, ਜਿਨ੍ਹਾਂ ਨਾਲ ਮੇਅਰ ਵਿਨੀਤ ਧੀਰ ਵੀ ਮੌਜੂਦ ਸਨ, ਨੇ ਕਿਹਾ ਕਿ ਇਸ ਪਹਿਲਕਦਮੀ ਨਾਲ ਇਲਾਕੇ ਵਿੱਚ ਆਵਾਜਾਈ ਆਸਾਨ ਹੋ ਜਾਵੇਗੀ ਅਤੇ ਸੜਕ ਸੁਰੱਖਿਆ ਵੀ ਵਧੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਚਨਬੱਧ ਹੈ। ਦੋਵਾਂ ਇਲਾਕਿਆਂ ਦੇ ਵਸਨੀਕਾਂ ਨੇ ਇਸ ਪ੍ਰਾਜੈਕਟ ਲਈ ਰਾਜ ਸਰਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਸੜਕੀ ਸੰਪਰਕ ਵਿੱਚ ਕਾਫੀ ਸੁਧਾਰ ਹੋਵੇਗਾ ਅਤੇ ਇਨ੍ਹਾਂ ਸੜਕਾਂ ਤੋਂ ਰੋਜ਼ਾਨਾ ਆਉਣ-ਜਾਣ ਵਾਲੇ ਲੋਕਾਂ ਨੂੰ ਰਾਹਤ ਮਿਲੇਗੀ।



## ਪੰਜਾਬ ਨੇ ਅਧਿਆਪਕਾਂ ਨੂੰ ਕੈਰੀਅਰ ਮੈਂਟਰ ਵਜੋਂ ਸਿਖਲਾਈ ਦੇਣ ਲਈ ਆਈ ਆਈ ਟੀ ਮਦਰਾਸ ਨਾਲ ਹੱਥ ਮਿਲਾਇਆ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਈ ਆਈ ਟੀ ਮਦਰਾਸ ਪ੍ਰਵਰਤਕ ਨਾਲ ਭਾਈਵਾਲੀ ਕਰਕੇ ਸੂਬਾ ਪੱਧਰ ਉੱਤੇ ਕਰੀਅਰ ਗਾਈਡੈਂਸ ਪ੍ਰੋਗਰਾਮ ਸ਼ੁਰੂ ਕਰਨ ਵਾਲਾ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਗਿਆ ਹੈ। ਇਸ ਪ੍ਰੋਗਰਾਮ ਤਹਿਤ ਹਰੇਕ ਅਧਿਆਪਕ ਨੂੰ ਇੱਕ ਟਰੇਂਡ ਕਰੀਅਰ ਮੈਂਟਰ ਬਣਾਉਣ ਲਈ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਜਾਵੇਗਾ।ਇੱਥੇ ਇਹ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਸ ਅਹਿਮ ਪ੍ਰੋਗਰਾਮ ਤਹਿਤ 5,000 ਤੋਂ ਵੱਧ ਅਧਿਆਪਕਾਂ ਨੂੰ ਸਿਖਲਾਈ ਯਕੀਨੀ ਬਣਾਈ ਜਾਵੇਗੀ ਤਾਂ ਜੋ ਉਹ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨ, ਕਰੀਅਰ ਬਾਰੇ ਵਿਕਲਪਾਂ ਸਬੰਧੀ ਸਟੀਕ ਜਾਣਕਾਰੀ ਦੇਣ ਅਤੇ ਕਰੀਅਰ ਦੀ ਚੋਣ ਬਾਰੇ ਮਾਰਗਦਰਸ਼ਨ ਕਰ ਸਕਣ। ਬੈਂਸ ਨੇ ਕਿਹਾ ਕਿ ਇਹ ਪ੍ਰੋਗਰਾਮ ਅਧਿਆਪਕਾਂ ਨੂੰ ਬੁਨਿਆਦੀ ਕਰੀਅਰ ਕਾਊਂਸਲਿੰਗ, ਕਲਾਸਰੂਮ ਸੈਸ਼ਨਾਂ ਲਈ ਹੁਨਰ ਅਤੇ ਵਨ-ਟੂ-ਵਨ ਗਾਈਡੈਂਸ ਤਹਿਤ ਮੁਫਤ ਔਨਲਾਈਨ ਸਿਖਲਾਈ ਦਿੱਤੀ ਜਾਵੇਗੀ। ਇਸ ਪ੍ਰੋਗਰਾਮ ਤਹਿਤ ਅਧਿਆਪਕ ਟੌਪ 100 ਉੱਚ-ਮੰਗ ਵਾਲੇ ਕਰੀਅਰਾਂ, ਢਾਂਚਾਗਤ ਮੁਲਾਂਕਣ ਸਾਧਨਾਂ ਅਤੇ ਕੌਮੀ ਅਤੇ ਆਲਮੀ ਪੱਧਰ 'ਤੇ ਉੱਭਰ ਰਹੇ ਕਰੀਅਰ ਰੁਝਾਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ। ਆਈ ਆਈ ਟੀ ਮਦਰਾਸ ਪ੍ਰਵਰਤਕ ਨਿਰੰਤਰ ਅਕਾਦਮਿਕ ਸਹਾਇਤਾ ਅਤੇ ਡਿਜੀਟਲ ਸਰੋਤ ਪ੍ਰਦਾਨ ਕਰੇਗਾ।

## ਵਿਸ਼ਵ ਏਡਜ਼ ਦਿਵਸ ਮਨਾਇਆ




**ਗੁਰਾਇਆ (ਬਿੰਦਰ ਸੁੰਮਨ)**

ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਅਤੇ ਡੀ ਏ ਵੀ ਕਾਲਜ ਵੱਲੋਂ ਵਿਸ਼ਵ ਏਡਜ਼ ਦਿਵਸ ਦੇ ਸਬੰਧ ਵਿੱਚ ਜਾਗਰੂਕਤਾ ਪ੍ਰੋਗਰਾਮ ਅਤੇ ਪੋਸਟਰ ਮੁਕਾਬਲਾ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਅਗਵਾਈ ਸੀਨੀਅਰ ਸੈਕੰਡਰੀ ਮੈਡੀਕਲ ਅਫ਼ਸਰ ਡਾ. ਪਰਮਜੀਤ ਸਿੰਘ ਨੇ ਕੀਤੀ। ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਪੀੜ੍ਹੀ ਵਿੱਚ ਏਡਜ਼ ਬਾਰੇ ਸਹੀ ਜਾਣਕਾਰੀ ਫੈਲਾਉਣਾ ਸੀ। ਪ੍ਰਿੰਸੀਪਲ ਸੁਰਿੰਦਰ ਮਿੱਡਾ ਨੇ ਕਿਹਾ ਕਿ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਪੋਸਟਰ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਉਨ੍ਹਾਂ ਨੇ ਕਿਹਾ ਕਿ ਬਚਾਅ, ਸੁਰੱਖਿਆ ਅਤੇ ਸਮੇਂ ਸਿਰ ਜਾਂਚ ਹੀ ਏਡਜ਼ ਤੋਂ ਬਚਣ ਦੇ ਸਭ ਤੋਂ ਪ੍ਰਭਾਵਸ਼ਾਲੀ ਢੰਗ ਹਨ। ਉਨਾਂ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਨੌਜਵਾਨਾਂ ਨੂੰ ਸਹੀ ਦਿਸ਼ਾ ਦਿੰਦੇ ਹਨ। ਬਲਾਕ ਐਜੂਕੇਟਰ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਏਡਜ਼ ਦਾ ਮੁੱਖ ਕਾਰਨ ਐੱਚ ਆਈ ਵੀ ਵਾਇਰਸ ਹੈ ਜੋ ਸਰੀਰ ਦੀ ਰੋਗ-ਰੋਕੂ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ। ਇਹ ਵਾਇਰਸ ਬਿਨਾ ਸੁਰੱਖਿਆ ਵਾਲੇ ਸੰਬੰਧਾਂ, ਸਾਂਝੀਆਂ ਸੂਈਆਂ ਦੇ ਇਸਤੇਮਾਲ, ਗਰਭ ਅਵਸਥਾ ਜਾਂ ਜਨਮ ਸਮੇਂ ਮਾਂ ਤੋਂ ਬੱਚੇ ਵਿੱਚ, ਅਤੇ ਦੂਸ਼ਿਤ ਖ਼ੂਨ ਦੇ ਰਾਹੀਂ ਫੈਲਦਾ ਹੈ। ਏਡਜ਼ ਤੋਂ ਬਚਾਅ ਲਈ ਸੁਰੱਖਿਅਤ ਸੰਬੰਧ ਬਣਾਉਣਾ, ਸੂਈਆਂ ਜਾਂ ਬਲੇਡ ਸਾਂਝੇ ਨਾ ਕਰਨਾ, ਹਮੇਸ਼ਾ ਜਾਂਚਿਆ ਹੋਇਆ ਸੁਰੱਖਿਅਤ ਖ਼ੂਨ ਲਗਵਾਉਣਾ, ਅਤੇ ਸਮੇਂ-ਸਿਰ ਐਚ ਆਈ ਵੀ ਦੀ ਜਾਂਚ ਕਰਵਾਉਣਾ ਬਹੁਤ ਜ਼ਰੂਰੀ ਹੈ। ਗਰਭਵਤੀ ਮਹਿਲਾਵਾਂ ਨੂੰ ਵੀ ਟੈਸਟ ਕਰਵਾਉਣਾ ਚਾਹੀਦਾ ਹੈ ਤਾਂ ਜੋ ਬੱਚੇ ਨੂੰ ਸੰਕਰਮਣ ਤੋਂ ਬਚਾਇਆ ਜਾ ਸਕੇ। ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

## ਬਾਬਾ ਸੈਣ ਭਗਤ ਦਾ ਪ੍ਰਕਾਸ਼ ਪੁਰਬ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਬਾਬਾ ਸੇਣ ਭਗਤ ਵੈਲਫੇਅਰ ਐਸੋਸੀਏਸ਼ਨ ਨਵਾਂਸ਼ਹਿਰ ਵਲੋਂ ਬਾਬਾ ਸੈਣ ਭਗਤ ਜੀ ਦਾ 683 ਵਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ ਸਹਿਤ ਸਥਾਨਕ ਗੁਰੂ ਦੁਆਰਾ ਬਾਬਾ ਸੇਣ ਭਗਤ ਜੀ ਗੜਸ਼ੰਕਰ ਰੋੜ ਨਵਾਂਸ਼ਹਿਰ ਵਿਖੇ ਮਨਾਇਆ ਗਿਆ। ਇਸ ਮੌਕੇ ਤੇ 7 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਏ ਗਏ ਉਪਰੰਤ ਰਾਗੀ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ।ਦੋਆਬਾ ਸੋਸ਼ਲ ਵੈਲਫੇਅਰ ਸੋਸਾਇਟੀ ਰਜਿ ਵਲੋਂ 144 ਵਾ ਮੁਫਤ ਮੈਡੀਕਲ ਚੈੱਕਅੱਪ ਕੈਂਪ ਨਰਿੰਦਰ ਸਿੰਘ ਰਠੋਰ ਪ੍ਰਧਾਨ ਦੀ ਰਹਿਨੁਮਾਈ ਵਿੱਚ ਲਗਾਇਆ। ਇਸ ਮੋਕੇ ਡਾ. ਰੰਜੀਵ ਸੀਟੀ ਹਸਪਤਾਲ ਨਵਾਂਸ਼ਹਿਰ ਵਲੋਂ 185 ਦੇ ਕਰੀਬ ਮਰੀਜ਼ਾਂ ਦੀ ਜਾਂਚ ਕੀਤੀ ਗਈ। ਸੋਸਾਇਟੀ ਵਲੋਂ ਜ਼ਰੂਰਤਮੰਦਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ ਅਤੇ ਕੁਦਰਤੀ ਇਲਾਜ਼ ਪ੍ਰਣਾਲੀ ਰੇਕੀ ਰਾਹੀਂ ਨਰਿੰਦਰ ਰਾਠੌਰ ਵਲੋ ਮਰੀਜ਼ਾਂ ਦੀ ਜਾਂਚ ਕੀਤਾ। ਇਸ ਕੈਂਪ ਦਾ ਉਦਘਾਟਨ ਬਾਬਾ ਜਸਵੀਰ ਸਿੰਘ ਖਾਲਸਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਸਤਰ , ਪਰਮ ਸਿੰਘ ਖਾਲਸਾ ਐਮ ਸੀ, ਸਟੇਜ ਜੋਗਾ ਸਿੰਘ ਕਟਾ ਨੇ ਸਾਂਝੇ ਤੌਰ ਤੇ ਕੀਤਾ ਨੇ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੇ ਮਠਿਆਈਆਂ ਅਤੇ ਚਾਹ ਦਾ ਲੰਗਰ ਅਤੁੱਟ ਵਰਤਿਆ ।ਇਸ ਮੌਕੇ ਪਵਨ ਕੁਮਾਰ ਚਾਂਦਲਾ ਪ੍ਰਧਾਨ ਬਾਬਾ ਸੈਣ ਭਗਤ ਵੈਲਫੇਅਰ ਐਸੋਸੀਏਸ਼ਨ, ਸੁਖਵਿੰਦਰ ਸਿੰਘ ਭੰਗੂ ਜਰਨਲ ਸਕਤਰ, ਕੈਪਟਨ ਹਰਭਜਨ ਸਿੰਘ, ਨਰਿੰਦਰ ਸਿੰਘ ਰਠੌਰ, ਵਾਸਦੇਵ ਪਰਦੇਸੀ, ਕੁਲਦੀਪ ਸਿੰਘ ਸੈਂਭੀ,ਇੰਜੀ ਜੋਤਦੀਪ ਸਿੰਘ ਰਾਠੌਰ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਬੀਬੀ ਕੁਲਵਿੰਦਰ ਕੌਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ,ਦੇਸ ਰਾਜ ਬਾਲੀ, ਦਿਲਦਾਰ ਸਿੰਘ ਸੋਨਾ, ਅਮਰਜੀਤ ਸਿੰਘ ਖਾਲਸਾ,ਜਥੇਦਾਰ ਰੇਸ਼ਮ ਸਿੰਘ ,ਨਿਰਮਲ ਸਿੰਘ ਮਹਿਤਪੁਰ, ਪੁਜਾ ਰਾਣੀ ਮਾਨ, ਬਲਬੀਰ ਸਿੰਘ ਆਦਿ ਹਾਜ਼ਰ ਸਨ।



## ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦੀ ਲੜੀ ਸੰਪੂਰਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਗੁਰਸ਼ਬਦ ਪ੍ਰਕਾਸ਼ ਕੀਰਤਨ ਕੌਂਸਲ ਦੇ ਜਥਿਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵੱਖ ਵੱਖ ਪਿੰਡਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਧੀਨ ਕਰਵਾਏ ਜਾ ਰਹੇ ਗਿਆਰਾਂ ਰੋਜ਼ਾ ਗੁਰਮਤਿ ਸਮਾਗਮਾਂ ਦੀ ਚੜ੍ਹਦੀਕਲਾ ਵਿੱਚ ਸੰਪੂਰਨਤਾ ਹੋਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕੀਰਤਨ ਕੌਂਸਲ ਦੇ ਪ੍ਰਧਾਨ ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ ਅਤੇ ਚੇਅਰਮੈਨ ਭਾਈ ਗੁਰਮੁਖ ਸਿੰਘ ਕੰਧਾਲਾ ਜੱਟਾਂ ਨੇ ਦੱਸਿਆ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿੱਚ ਗੁਰਸ਼ਬਦ ਪ੍ਰਕਾਸ਼ ਕੀਰਤਨ ਕੌਂਸਲ ਗੜ੍ਹਦੀਵਾਲਾ ਵਲੋਂ ਰੋਜ਼ਾਨਾਂ ਪਿੰਡ ਮਿਰਜ਼ਾਪੁਰ (ਧਾਲੀਵਾਲ), ਪਿੰਡ ਨੌਸ਼ਹਿਰਾ, ਪਿੰਡ ਕੋਟਲੀ ਬਾਵਾ ਦਾਸ, ਪਿੰਡ ਲਾਂਬੜਾ, ਬੁਲੋਵਾਲ, ਗੁਰਦੁਆਰਾ ਸਿੰਘ ਸਭਾ ਮਿਆਣੀ ਰੋਡ ਦਸੂਹਾ, ਪਿੰਡ ਮਾਂਗਾ, ਪਿੰਡ ਮਿਰਜ਼ਾਪੁਰ ਜੰਡੇ, ਪਿੰਡ ਭਟੋਲੀਆਂ (ਸਵੇਰੇ ਅਮ੍ਰਿਤਵੇਲੇ) ਅਤੇ ਆਖਰੀ ਸਮਾਗਮ ਗੁਰਦੁਆਰਾ ਸਿੰਘ ਸਭਾ ਭਾਈ ਵੀਰ ਸਿੰਘ ਪਿੰਡ ਨੰਗਲ ਈਸ਼ਰ ਵਿਖੇ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਭਾਈ ਜਸਵਿੰਦਰ ਸਿੰਘ ਦਸੂਹਾ ਵਾਲੇ, ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ ਵਾਲੇ, ਭਾਈ ਗੁਰਮੁਖ ਸਿੰਘ ਕੰਧਾਲਾ ਜੱਟਾਂ, ਭਾਈ ਜਸਵੀਰ ਸਿੰਘ ਭਟੋਲੀਆਂ ਵਾਲੇ, ਭਾਈ ਜਸਪ੍ਰੀਤ ਸਿੰਘ ਬਾਬਕ, ਭਾਈ ਹਰਵਿੰਦਰ ਸਿੰਘ ਨੰਗਲ ਈਸ਼ਰ, ਭਾਈ ਅਮਰੀਕ ਸਿੰਘ ਕਬੀਰਪੁਰ, ਭਾਈ ਦਲਜੀਤ ਸਿੰਘ ਕੰਧਾਲਾ ਜੱਟਾਂ ਦੇ ਜਥਿਆਂ ਨੇ ਕਥਾ-ਕੀਰਤਨ ਰਾਂਹੀ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਰੋਜ਼ਾਨਾਂ ਗੁਰਦੁਆਰਾ ਪ੍ਰਬੰਧਕਾਂ ਵਲੋਂ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ ਨੇ ਅਕਾਲ ਪੁਰਖ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।




## ਗੁਰਨੀਤ ਕੌਰ ਨੇ ਪ੍ਰੇਰਣਾ ਪ੍ਰੋਗਰਾਮ 'ਚ ਹਿੱਸਾ ਲੈ ਕੇ ਆਪਣੇ ਸਕੂਲ ਦਾ ਨਾਂਅ ਕੀਤਾ ਰੌਸ਼ਨ




**ਬਲਾਚੌਰ (ਜਸਵਿੰਦਰ ਬੈਂਸ)**

ਬਲਾਚੌਰ ਸਕੂਲ ਆਫ਼ ਐਮੀਨੈਂਸ ਮਹਿੰਦੀਪੁਰ ਦੀ 11ਵੀਂ ਜਮਾਤ ਦੀ ਨਾਨ-ਮੈਡੀਕਲ ਦੀ ਵਿਦਿਆਰਥਣ ਗੁਰਪ੍ਰੀਤ ਗੁਰਨੀਤ ਕੌਰ ਨੇ ਪ੍ਰੇਰਣਾ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਆਪਣੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਇਹ ਪ੍ਰੋਗਰਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੱਦੀ ਪਿੰਡ, ਗੁਜਰਾਤ ਦੇ ਵਡ ਨਗਰ ਵਿੱਚ ਆਯੋਜਿਤ ਕੀਤਾ ਗਿਆ ਸੀ। ਇਸ ਪ੍ਰੇਰਣਾ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ, ਇੱਕ ਔਨਲਾਈਨ ਮੁਕਾਬਲਾ ਆਯੋਜਿਤ ਕੀਤਾ ਗਿਆ ਸੀ ਜਿਸ ਵਿੱਚ ਪੂਰੇ ਭਾਰਤ ਵਿੱਚੋਂ ਸਿਰਫ਼ 20 ਵਿਦਿਆਰਥੀਆਂ ਦੀ ਚੋਣ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ 10 ਲੜਕੇ ਤੇ 10 ਲੜਕੀਆਂ ਸਨ। ਇਸ ਪ੍ਰੋਗਰਾਮ ਲਈ ਪੂਰੇ ਪੰਜਾਬ ਵਿੱਚੋਂ ਨਵਾਂਸ਼ਹਿਰ ਜ਼ਿਲ੍ਹੇ ਦੇ ਸਿਰਫ਼ ਦੋ ਵਿਦਿਆਰਥੀਆਂ ਦੀ ਚੋਣ ਕੀਤੀ ਗਈ ਸੀ। ਇਸ ਪ੍ਰੇਰਣਾ ਪ੍ਰੋਗਰਾਮ ਵਿੱਚ, ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੂੰ ਵਿਗਿਆਨ, ਸੱਭਿਆਚਾਰ ਅਤੇ ਵਿਸ਼ਿਆਂ ਬਾਰੇ ਸਿਖਾਇਆ ਗਿਆ ਸੀ। ਇਸ ਪ੍ਰੋਗਰਾਮ ਲਈ ਗੁਰਨੀਤ ਕੌਰ ਦੀ ਸਲਾਹਕਾਰ ਅਧਿਆਪਕਾ ਸੁਦੇਸ਼ ਰਾਣੀ ਸਨ ਤੇ ਜ਼ਿਲ੍ਹਾ ਨੋਡਲ ਅਫ਼ਸਰ ਜਵਾਹਰ ਨਵੋਦਿਆ, ਪੋਜੇਵਾਲ ਦੇ ਪ੍ਰਿੰਸੀਪਲ ਸਨ। ਹਫ਼ਤੇ ਭਰ ਚੱਲਣ ਵਾਲੇ ਪ੍ਰੇਰਕ ਪ੍ਰੋਗਰਾਮ ਦੇ ਸਮਾਪਤੀ 'ਤੇ ਜਦੋਂ ਵਿਦਿਆਰਥੀ ਸਕੂਲ ਵਾਪਸ ਆਏ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਪਾਲ ਬੈਂਸ ਅਤੇ ਸਕੂਲ ਪ੍ਰਿੰਸੀਪਲ ਜਗਮੋਹਨ ਸਿੰਘ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਹਰਿਆਣਾ ਖੇਡ ਮਾਡਲ ਵਿਸ਼ਵ ਅਗਵਾਈ ਦਾ ਬਣੇਗਾ ਆਧਾਰ : ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਖੇਡ ਯੂਨੀਵਰਸਿਟੀ ਰਾਈ ਵਿੱਚ ਆਯੋਜਿਤ ਆਧੁਨਿਕ ਖੇਡ ਪ੍ਰਬੰਧਨ ਦਾ ਭਾਰਤੀ ਮਾਡਲ ਕਾਨਫ੍ਰੈਂਸ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਖੇਡ ਅੱਜ ਸਿਰਫ ਖਿਡਾਰੀਆਂ ਤੱਕ ਸੀਮਤ ਵਿਸ਼ਾ ਨਹੀਂ ਰਹਿ ਗਿਆ, ਸਗੋ ਇਹ ਇੱਕ ਵਿਸ਼ਾਲ ਰੁਜ਼ਗਾਰ, ਨਵਾਚਾਰ ਅਤੇ ਵਿਗਿਆਨ-ਅਧਾਰਿਤ ਖੇਤਰ ਬਣ ਚੁੱਕਾ ਹੈ। ਉਨ੍ਹਾਂ ਨੇ ਦੇਸ਼ ਭਰ ਤੋਂ ਆਏ ਸਿਖਿਆ ਸ਼ਾਸਤਰੀ, ਮਾਹਰਾਂ ਅਤੇ ਖੇਡ ਪ੍ਰੇਮੀਆਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਕਾਨਫ੍ਰੈਂਸ ਆਉਣ ਵਾਲੀ ਪੀੜ੍ਹੀਆਂ ਲਈ ਭਾਰਤ ਦੇ ਖੇਡ ਖੇਤਰ ਦਾ ਇੱਕ ਮਜਬੂਤ ਰੋਡਮੈਪ ਤਿਆਰ ਕਰੇਗੀ।ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਸਾਲ 2047 ਤੱਕ ਵਿਕਸਿਤ ਰਾਸ਼ਟਰ ਬਨਣ ਦੇ ਸੰਕਲਪ ਦੇ ਨਾਲ ਅੱਗੇ ਵੱਧ ਰਿਹਾ ਹੈ ਅਤੇ ਇਸ ਟੀਚੇ ਵਿੱਚ ਖੇਡ ਖੇਤਰ ਦੀ ਭੂਮਿਕਾ ਬਹੁਤ ਮਹਤੱਵਪੂਰਣ ਹੈ। ਹਰਿਆਣਾ ਦੇ ਖਿਡਾਰੀਆਂ ਨੇ ਵਿਸ਼ਵ ਪੱਧਰ 'ਤੇ ਰਾਜ ਦੀ ਪਹਿਚਾਣ ਨੂੰ ਨਵੀਂ ਉਚਾਈਆਂ ਦਿੱਤੀਆਂ ਹਨ। ਓਲੰਪਿਕ, ਏਸ਼ਿਅਨ ਗੇਮਸ, ਕਾਮਨਵੈਲਥ ਗੇਮਸ ਅਤੇ ਯੂਨੀਵਰਸਿਟੀ ਗੇਮਸ ਵਰਗੇ ਕੌਮਾਂਤਰੀ ਮੰਚਾਂ 'ਤੇ ਖਿਡਾਰੀਆਂ ਨੇ ਦੇਸ਼ ਦਾ ਪਰਚਮ ਲਹਿਰਾਇਆ ਹੈ।

## ਠੋਸ ਕੂੜੇ ਦੀ ਅੱਗ ਤੋਂ ਰੋਕਥਾਮ ਲਈ ਸ.ਫਾਈ ਸੇਵਕਾਂ ਲਈ ਸਿਖਲਾਈ ਸੈਸ਼ਨ



**ਮੋਹਾਲੀ, (ਗੁਰਜੀਤ ਬਿੱਲਾ)**

ਠੋਸ ਕੂੜੇ ਨੂੰ ਅੱਗ ਲਾਉਣ ਦੀ ਗਤੀਵਿਧੀਆਂ ਨੂੰ ਪੂਰੀ ਤਰ੍ਹਾਂ ਰੋਕਣ ਅਤੇ ਵਾਤਾਵਰਣ-ਅਨੁਕੂਲ ਕੂੜਾ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਪੰਜਾਬ ਪ੍ਰਦੂਸ਼ਣ ਨਿਯੰਤਰਣ ਬੋਰਡ (ਪੀ ਪੀ ਸੀ ਬੀ), ਖ਼ੇਤਰੀ ਦਫ਼ਤਰ ਮੋਹਾਲੀ ਅਤੇ ਮਿਉਂਸਪਲ ਕਾਰਪੋਰੇਸ਼ਨ ਮੋਹਾਲੀ ਵੱਲੋਂ ਸਾਂਝੇ ਤੌਰ 'ਤੇ ਇੱਕ ਸਿਖਲਾਈ ਸੈਸ਼ਨ ਮਿਉਂਸਪਲ ਕਾਰਪੋਰੇਸ਼ਨ ਦਫ਼ਤਰ ਦੇ ਕਾਨਫਰੰਸ ਹਾਲ ਵਿੱਚ ਆਯੋਜਿਤ ਕੀਤਾ ਗਿਆ। ਪੀ ਪੀ ਸੀ ਬੀ ਮੋਹਾਲੀ ਦੇ ਕਾਰਜਕਾਰੀ ਇੰਜੀਨੀਅਰ ਨਵਤੇਸ਼ ਸਿੰਗਲਾ ਅਤੇ ਰੀਸੋਰਸ ਪਰਸਨ ਮਿਸ ਸਵਾਤੀ ਨੇ ਭਾਗੀਦਾਰਾਂ ਨੂੰ ਠੋਸ ਕੂੜੇ ਨੂੰ ਸਾੜਨ ਨਾਲ ਪੈਦਾ ਹੋਣ ਵਾਲੇ ਗੰਭੀਰ, ਵਾਤਾਵਰਣ ਅਤੇ ਸਿਹਤ ਸੰਬੰਧੀ ਖਤਰਨਾਕ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਕੂੜੇ ਨੂੰ ਸਾੜਨਾ ਹਵਾ ਦੀ ਗੁਣਵੱਤਾ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਅਤੇ ਇਸ ਤੋਂ ਬਚਣਾ ਬਹੁਤ ਜ਼ਰੂਰੀ ਹੈ।

## ਪੰਜਾਬ ਚੋਣ ਕਮਿਸ਼ਨ ਅਮਲੇ ਦੀ ਸੁਰੱਖਿਆ ਯਕੀਨੀ ਬਣਾਏ : ਡੀ ਟੀ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਦੀਆਂ ਚੋਣਾਂ ਦਾ ਅਮਲ ਸ਼ੁਰੂ ਹੋ ਚੁੱਕਾ ਹੈ ਅਤੇ ਇਸ ਦੇ ਨਾਲ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਅਧਿਆਪਕਾਂ ਨੂੰ ਚੋਣ ਡਿਊਟੀਆਂ ਲਈ ਸੱਦਿਆ ਗਿਆ ਹੈ। ਇਸ ਸਬੰਧੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਪੰਜਾਬ ਭਰ ਵਿੱਚ ਵੱਖ ਵੱਖ ਜ਼ਿਲ੍ਹਾ ਪ੍ਰਸ਼ਾਸਨਾਂ ਵੱਲੋਂ ਵੱਡੀ ਗਿਣਤੀ ਵਿੱਚ ਅਧਿਆਪਕਾਂ ਨੂੰ ਚੋਣ ਡਿਊਟੀਆਂ ਲਈ ਸੱਦਣ ਮੌਕੇ ਸਿੱਖਿਆ ਵਿਭਾਗ ਤੋਂ ਇਲਾਵਾ ਹੋਰਨਾਂ ਵਿਭਾਗਾਂ ਤੋਂ ਅਨੁਪਾਤਕ ਗਿਣਤੀ ਵਿੱਚ ਮੁਲਾਜ਼ਮ ਨਹੀਂ ਲਏ ਗਏ, ਇੱਥੋਂ ਤੱਕ ਕਿ ਪਹਿਲਾਂ ਹੀ ਬੀ ਐੱਲ ਓ ਵਜੋਂ ਕੰਮ ਕਰ ਰਹੇ ਅਧਿਆਪਕਾਂ ਦੀਆਂ ਚੋਣ ਡਿਊਟੀਆਂ ਵੀ ਲਗਾਈਆਂ ਗਈਆਂ ਹਨ ਜਿਸ ਕਾਰਣ ਅਧਿਆਪਕਾਂ ਦੀ ਘਾਟ ਨਾਲ ਜੂਝ ਰਹੇ ਸਕੂਲਾਂ ਵਿਚਲਾ ਵਿੱਦਿਅਕ ਮਾਹੌਲ ਡਗਮਗਾ ਗਿਆ ਹੈ। ਆਗੂਆਂ ਨੇ ਮੰਗ ਕੀਤੀ ਕਿ ਅਧਿਆਪਕਾਂ ਦੀ ਡਿਊਟੀ ਬਾਕੀ ਵਿਭਾਗਾਂ ਦੇ ਮੁਲਾਜ਼ਮਾਂ ਦੇ ਅਨੁਪਾਤ ਵਿੱਚ ਹੀ ਲਗਾਈ ਜਾਵੇ। ਸਾਰਾ ਸਾਲ ਚੱਲਣ ਵਾਲਾ ਕੰਮ ਹੋਣ ਦੇ ਮੱਦੇਨਜ਼ਰ ਬੀ ਐੱਲ ਓਜ਼ ਨੂੰ ਪੋਲਿੰਗ ਸਟਾਫ ਵਜੋਂ ਚੋਣ ਡਿਊਟੀ ਦੇਣ ਤੋਂ ਪੂਰਨ ਛੋਟ ਦਿੱਤੀ ਜਾਵੇ।ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਵਿੱਚੋਂ ਬੀ ਐੱਲ ਓਜ਼ ਵਜੋਂ ਵੱਖਰੀ ਪੱਕੀ ਭਰਤੀ ਕੀਤੀ ਜਾਵੇ ਅਤੇ ਕੰਪਿਊਟਰ ਅਧਿਆਪਕਾਂ ਅਤੇ ਹੋਰ ਅਧਿਆਪਕਾਂ ਨੂੰ ਲੰਬਾਂ ਸਮਾਂ ਦਫਤਰਾਂ ਵਿੱਚ ਚੋਣ ਡਿਊਟੀ ਅਧੀਨ ਉਲਝਾ ਕੇ ਰੱਖਣ ਦਾ ਗੈਰ ਵਾਜਿਬ ਚਲਣ ਬੰਦ ਕੀਤਾ ਜਾਵੇ । ਡੀ ਟੀ ਐੱਫ ਆਗੂਆਂ ਨੇ ਵੱਖ-ਵੱਖ ਜ਼ਿਲ੍ਹਿਆਂ ਤੋਂ ਨਾਮਜ਼ਦਗੀ ਦੀ ਆਖਰੀ ਮਿਤੀ ਵਾਲੇ ਦਿਨ ਤੱਕ ਵੱਖ-ਵੱਖ ਥਾਵਾਂ ਤੇ ਹਿੰਸਕ ਘਟਨਾਵਾਂ ਅਤੇ ਪਿਛਲੀਆਂ ਪੰਚਾਇਤੀ ਚੋਣਾਂ ਦੌਰਾਨ ਕਈ ਥਾਵਾਂ 'ਤੇ ਚੋਣ ਅਮਲੇ ਦੀ ਸੁਰੱਖਿਆ ਖਤਰੇ ਵਿੱਚ ਪੈਣ ਦੇ ਮੱਦੇ ਨਜ਼ਰ ਪੰਜਾਬ ਚੋਣ ਕਮਿਸ਼ਨ ਪਾਸੋਂ ਮੰਗ ਕੀਤੀ ਕਿ ਉਹ ਇਹਨਾਂ ਚੋਣਾਂ ਦੌਰਾਨ ਚੋਣ ਅਮਲੇ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹਰ ਸੰਭਵ ਪ੍ਰਬੰਧ ਕਰੇ।ਹਰੇਕ ਵੋਟਿੰਗ ਕੇਂਦਰ 'ਤੇ ਢੁੱਕਵੀਂ ਗਿਣਤੀ ਵਿੱਚ ਸੁਰੱਖਿਆ ਕਰਮੀ ਲਗਾਏ ਜਾਣ ਤਾਂ ਜੋ ਡਿਊਟੀ ਮੁਲਾਜ਼ਮਾਂ ਦੀ ਸੁਰੱਖਿਆ ਦੇ ਨਾਲ ਨਾਲ ਨਿਰਪੱਖ ਚੋਣ ਯਕੀਨੀ ਹੋ ਸਕੇ।

## ਜਿੰਪਾ ਨੇ ਸਮਰਪਿਤ ਕੀਤੀਆਂ ਅਤਿ-ਆਧੁਨਿਕ ਸਟਰੀਟ ਲਾਈਟਾਂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿਚ ਲਗਾਤਾਰ ਵਿਕਾਸ ਦੀ ਲੜੀ ਵਿਚ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸੂਚ ਹਸਪਤਾਲ (ਭੰਗੀ ਪੁਲ) ਤੋਂ ਟਾਂਡਾ ਬਾਈਪਾਸ ਤੱਕ ਅਤਿ-ਆਧੁਨਿਕ ਹਾਈ-ਮਾਸਟ ਅਤੇ ਸਟ੍ਰੀਟ ਐਲ.ਡੀ.ਡੀ ਲਾਈਟਾਂ ਇਲਾਕਾ ਵਾਸੀਆਂ ਨੂੰ ਸਮਰਪਿਤ ਕੀਤੀਆਂ। ਇਹ ਪ੍ਰੋਜੈਕਟ ਇਲਾਕੇ ਦੀ ਲੰਬੇ ਸਮੇਂ ਤੋਂ ਮੰਗ ਸੀ, ਜਿਸ ਨੂੰ 21.70 ਲੱਖ ਰੁਪਏ ਦੀ ਲਾਗਤ ਨਾਲ ਪੂਰਾ ਕੀਤਾ ਗਿਆ ਹੈ। ਕੁੱਲ 41 ਅਤਿ-ਆਧੁਨਿਕ ਐੱਲ ਈ ਡੀ ਲਾਈਟਾਂ ਲਗਾਈਆਂ ਗਈਆਂ ਹਨ, ਜੋ ਰਾਤ ਨੂੰ ਪੂਰੇ ਰਸਤੇ ਨੂੰ ਪੂਰੀ ਤਰ੍ਹਾਂ ਰੋਸ਼ਨ ਕਰਨਗੀਆਂ। ਇਨ੍ਹਾਂ ਲਾਈਟਾਂ ਦੀ ਸਥਾਪਨਾ ਨਾਲ ਨਾ ਸਿਰਫ਼ ਸੜਕ ਸੁਰੱਖਿਆ ਵਿੱਚ ਕਾਫ਼ੀ ਸੁਧਾਰ ਹੋਵੇਗਾ, ਸਗੋਂ ਰਾਤ ਦੀ ਆਵਾਜਾਈ ਨੂੰ ਸੁਚਾਰੂ ਅਤੇ ਸੁਰੱਖਿਅਤ ਵੀ ਬਣਾਇਆ ਜਾਵੇਗਾ, ਦੁਰਘਟਨਾਵਾਂ ਨੂੰ ਘਟਾਇਆ ਜਾਵੇਗਾ ਅਤੇ ਪੂਰੇ ਇਲਾਕੇ ਦੀ ਸੁੰਦਰਤਾ ਵਿੱਚ ਵਾਧਾ ਹੋਵੇਗਾ।

## ਵਰਦੀ 'ਚ ਡਾਂਸ, ਭੰਗੜਾ ਜਾਂ ਮਨੋਰੰਜਨ ਸਮਗਰੀ ਦਰਸਾਉਂਦੀਆਂ ਵੀਡੀਓ ਬਣਾਉਣ 'ਤੇ ਤੁਰੰਤ ਪਾਬੰਦੀ

**ਜਲੰਧਰ (ਸੁਰਿੰਦਰ ਕੁਮਾਰ)**- ਡੀ ਜੀ ਪੀ ਪੰਜਾਬ ਪੁਲਸ ਨੇ ਵਰਦੀ ਵਿੱਚ ਸੋਸ਼ਲ ਮੀਡੀਆ 'ਤੇ ਮਨੋਰੰਜਕ ਵੀਡੀਓ ਪੋਸਟ ਕਰਨ ਵਾਲੇ ਕਰਮਚਾਰੀਆਂ 'ਤੇ ਸਖ਼ਤੀ ਵਧਾ ਦਿੱਤੀ ਹੈ। ਡੀ ਜੀ ਪੀ ਦਫ਼ਤਰ ਨੇ ਇੱਕ ਨਵਾਂ ਹੁਕਮ ਜਾਰੀ ਕੀਤਾ ਹੈ, ਜਿਸ ਵਿੱਚ ਵਰਦੀ ਵਿੱਚ ਡਾਂਸ, ਭੰਗੜਾ ਜਾਂ ਮਨੋਰੰਜਨ ਸਮੱਗਰੀ ਦਰਸਾਉਂਦੀਆਂ ਵੀਡੀਓ ਬਣਾਉਣ 'ਤੇ ਤੁਰੰਤ ਪਾਬੰਦੀ ਲਗਾਈ ਗਈ ਹੈ। ਵਿਭਾਗ ਦਾ ਕਹਿਣਾ ਹੈ ਕਿ ਅਜਿਹੀਆਂ ਗਤੀਵਿਧੀਆਂ ਪੁਲਸ ਦੇ ਅਕਸ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਅਤੇ ਹੁਣ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।ਡੀ ਜੀ ਪੀ ਦਫ਼ਤਰ ਨੇ ਸਾਰੇ ਰੇਂਜ ਆਈ ਜੀ, ਡੀ ਆਈ ਜੀ, ਪੁਲਸ ਕਮਿਸ਼ਨਰਾਂ ਅਤੇ ਜ਼ਿਲ੍ਹਾ ਐੱਸ ਐੱਸ ਪੀ ਨੂੰ ਅਜਿਹੀਆਂ ਘਟਨਾਵਾਂ 'ਤੇ ਨੇੜਿਓਂ ਨਜ਼ਰ ਰੱਖਣ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਸਟੇਟ ਸਾਈਬਰ ਕ੍ਰਾਈਮ ਵਿੰਗ ਨੂੰ ਇਸ ਮਾਮਲੇ ਵਿੱਚ ਨੋਡਲ ਏਜੰਸੀ ਵਜੋਂ ਨਿਯੁਕਤ ਕੀਤਾ ਗਿਆ ਹੈ। ਇਹ ਵਿੰਗ ਸ਼ੱਕੀ ਸੋਸ਼ਲ ਮੀਡੀਆ ਗਤੀਵਿਧੀਆਂ 'ਤੇ ਇੱਕ ਰਿਪੋਰਟ ਤਿਆਰ ਕਰੇਗਾ ਅਤੇ ਇਸ ਨੂੰ ਡੀਜੀਪੀ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਮੀਟਿੰਗ ਵਿੱਚ ਪੇਸ਼ ਕਰੇਗਾ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਨਿਯਮਾਂ ਦੀ ਉਲੰਘਣਾ ਦਾ ਪੁਲਸ ਮੁਲਾਜ਼ਮਾਂ ਦੀ ਸਾਲਾਨਾ ਗੁਪਤ ਰਿਪੋਰਟ (ਏ ਸੀ ਆਰ) 'ਤੇ ਮਾੜਾ ਪ੍ਰਭਾਵ ਪਵੇਗਾ। ਇਸ ਨਾਲ ਉਨ੍ਹਾਂ ਦੀਆਂ ਤਰੱਕੀਆਂ ਵੀ ਰੁਕ ਸਕਦੀਆਂ ਹਨ। ਹਾਲ ਹੀ ਦੇ ਮਹੀਨਿਆਂ ਵਿੱਚ ਸੋਸ਼ਲ ਮੀਡੀਆ ਨਾਲ ਸਬੰਧਤ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿਸ ਕਾਰਨ ਇਹ ਫੈਸਲਾ ਲਿਆ ਗਿਆ ਹੈ। ਇਨ੍ਹਾਂ ਵਿੱਚ ਬਠਿੰਡਾ ਵਿੱਚ ਇੱਕ ਮਹਿਲਾ ਕਾਂਸਟੇਬਲ ਦਾ ਮਨੋਰੰਜਕ ਰੀਲ ਬਣਾਉਣ ਅਤੇ ਬਾਅਦ ਵਿੱਚ ਇੱਕ ਡਰੱਗ ਕੇਸ ਵਿੱਚ ਗ੍ਰਿਫ਼ਤਾਰੀ, ਮੋਹਾਲੀ ਵਿੱਚ ਕਾਰ ਧੋਣ ਦੌਰਾਨ ਹੈਰੋਇਨ ਜ਼ਬਤ ਕੀਤੇ ਜਾਣ ਦਾ ਵਾਇਰਲ ਵੀਡੀਓ ਸ਼ਾਮਲ ਹੈ। ਇਨ੍ਹਾਂ ਘਟਨਾਵਾਂ ਨੇ ਵਿਭਾਗ ਦੀ ਛਵੀ ਨੂੰ ਢਾਹ ਲਗਾਈ, ਜਿਸ ਕਾਰਨ ਡੀ ਜੀਪ ੀ ਗੌਰਵ ਯਾਦਵ ਨੂੰ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਨ ਅਤੇ ਗ੍ਰਹਿ ਵਿਭਾਗ ਦੀ ਪ੍ਰਵਾਨਗੀ ਨਾਲ ਨਵੇਂ ਨਿਯਮਾਂ ਨੂੰ ਲਾਗੂ ਕਰਨ ਲਈ ਪ੍ਰੇਰਿਤ ਕੀਤਾ।



## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ 'ਆਪ' ਬਹੁਮਤ ਨਾਲ ਜਿੱਤ ਪ੍ਰਾਪਤ ਕਰੇਗੀ : ਡਾ. ਸੁੱਖੀ

**ਬੰਗਾ (ਅਵਤਾਰ ਕਲੇਰ)** ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਨੇ ਵੱਡਾ ਦਮਦਾਰ ਕਦਮ ਚੁੱਕਦਿਆਂ ਆਪਣੇ ਹਲਕੇ ਦੀਆਂ ਸਾਰੀਆਂ ਸੀਟਾਂ 'ਤੇ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਰਸਮੀ ਤੌਰ 'ਤੇ ਦਾਖ਼ਲ ਕਰ ਦਿੱਤੀਆਂ ਹਨ।ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਖੁਸ਼ ਹਨ।ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਆਮ ਆਦਮੀ ਪਾਰਟੀ ਬਹੁਮਤ ਨਾਲ ਜਿੱਤ ਪ੍ਰਾਪਤ ਕਰੇਗੀ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੰਗਾ ਵਿਖੇ ਬਲਾਕ ਸੰਮਤੀ ਜੋਨ ਮੇਹਲੀ ਤੋਂ ਬੀਬੀ ਅਵਤਾਰ ਕੌਰ ਦੇ ਨਾਮਜ਼ਦਗੀ ਪੇਪਰ ਦਾਖਲ ਕਰਾਉਣ ਉਪਰੰਤ ਹਲਕਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਪੱਤਰਕਾਰਾਂ ਨਾਲ ਕੀਤਾ। ਉਹਨਾਂ ਕਿਹਾ ਕਿ ਆਪ ਸਰਕਾਰ ਆਉਣ ਨਾਲ ਨਸ਼ੇ ਖਤਮ ਹੋਏ ਅਤੇ ਭ੍ਰਿਸ਼ਟਾਚਾਰ ਖਤਮ ਹੋਇਆ ਹੈ।ਸੂਬਾ ਸਕੱਤਰ ਮਹਿਲਾ ਵਿੰਗ ਮੈਡਮ ਹਰਜੋਤ ਕੌਰ ਲੋਹਟੀਆ ਅਤੇ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਆਪ ਦੀ ਲਹਿਰ ਹਵਾ ਨਹੀਂ ਸੱਚਾਈ ਤੇ ਚੰਗੇ ਕੰਮਾਂ ਦਾ ਪ੍ਰਭਾਵ ਹੈ।ਕਰੱਪਸ਼ਨ-ਮੁਕਤ ਪ੍ਰਸ਼ਾਸਨ, ਸਕੂਲਾਂ-ਹਸਪਤਾਲਾਂ ਵਿੱਚ ਬਦਲਾਅ ਅਤੇ ਭਾਈਚਾਰੇ ਦੀ ਭਲਾਈ ਲਈ ਕੀਤੀਆਂ ਪਾਲਿਸੀਆਂ ਨੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਈ ਹੈ। ਇਸ ਵਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਜਿੱਤ ਆਮ ਆਦਮੀ ਪਾਰਟੀ ਦੀ ਹੋਵੇਗੀ।ਇਸ ਮੌਕੇ ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਕੁਲਜੀਤ ਸਿੰਘ ਸਰਹਾਲ, ਹਰਜੋਤ ਕੌਰ ਲੋਹਟੀਆ, ਹਲਕਾ ਸੰਗਠਨ ਇੰਚਾਰਜ ਪਵਨਜੀਤ ਸਿੰਘ ਸਿੱਧੂ, ਰੌਬੀ ਕੰਗ, ਕਮਲਜੀਤ ਸਿੰਘ ਮੇਹਲੀ, ਅਵਤਾਰ ਕੌਰ, ਸੋਮ ਨਾਥ ਬਿੱਟੂ, ਅਵਤਾਰ ਰਾਮ ਤਾਰਾ ਆਦਿ ਹਾਜ਼ਰ ਸਨ।



## ਬੱਚਿਆਂ ਨੂੰ ਕੋਟੀਆਂ ਵੰਡੀਆਂ



**ਕਾਲਾ ਸੰਘਿਆਂ (ਮਨਜੀਤ ਮਾਨ)** ਸਰਕਾਰੀ ਕੰਨਿਆਂ ਹਾਈ ਸਕੂਲ ਕਾਲਾ ਸੰਘਿਆਂ ਜ਼ਿਲ੍ਹਾ ਦੁਆਬਾ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ. ਬਲਾਕ ਕਾਲਾ ਸੰਘਿਆਂ ਜ਼ਿਲ੍ਹਾ ਪ੍ਰਧਾਨ ਰਾਜੀਵ ਸ਼ਰਮਾ ਦੀ ਅਗਵਾਈ ਹੇਠ 150 ਦੇ ਕਰੀਬ ਛੋਟੇ ਬੱਚਿਆਂ ਨੂੰ ਗਰਮ ਕੋਟੀਆਂ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਰਵਿੰਦਰ ਕੌਰ ਤੇ ਹੈੱਡ ਟੀਚਰ ਵਿਪਨ ਜੋਸ਼ੀ ਦੀ ਅਗਵਾਈ ਹੇਠ ਵੰਡੀਆਂ ਗਈਆਂ। ਇਸ ਮੌਕੇ ਉਨ੍ਹਾਂ ਦੀ ਸੰਸਥਾ ਵੱਲੋਂ ਹਰ ਸਾਲ ਇਹੋ ਜਿਹੇ ਛੋਟੇ ਛੋਟੇ ਭਲਾਈ ਦੇ ਉਪਰਾਲੇ ਕੀਤੇ ਜਾਂਦੇ ਹਨ ਉਨ੍ਹਾਂ ਹੋਰ ਕਿਹਾ ਇਸ ਸੰਸਥਾ ਵੱਲੋਂ ਇਹੋ ਜਿਹੇ ਉਪਰਾਲਿਆਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਦੁਆਬਾ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਸਮੁੱਚੀ ਟੀਮ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਕਾਲਾ ਸੰਘਿਆਂ ਦੇ ਬਲਾਕ ਪ੍ਰਧਾਨ ਬਲੌਰ ਖਾਨ, ਸਾਬਕਾ ਪ੍ਰਧਾਨ ਬਲਕਾਰ ਸਿੰਘ ਲਾਲਕਾ, ਜ਼ਿਲ੍ਹਾ ਸਕੱਤਰ ਡਾਕਟਰ ਸੁਰਜੀਤ ਸਿੰਘ ਖੁਸਰੋਪੁਰ, ਡਾਕਟਰ ਸਤਪਾਲ ਸਿੰਘ, ਡਾਕਟਰ ਸੁਸ਼ੀਲ ਵਰਮਾ, ਡਾਕਟਰ ਸੁਖਜਿੰਦਰ ਮੱਟੂ, ਡਾਕਟਰ ਬਲਵੀਰ ਥਾਪਰ, ਡਾਕਟਰ ਬਲਵੀਰ ਸਿੰਘ, ਡਾਕਟਰ ਸੋਮਨਾਥ, ਡਾਕਟਰ ਪਲਵਿੰਦਰ ਸਿੰਘ, ਡਾਕਟਰ ਸਰਬਨ ਸਿੰਘ, ਡਾਕਟਰ ਰਜਨੀ ਸਰੋਏ, ਡਾਕਟਰ ਮੁਨੀਸ਼ ਸ਼ਰਮਾ ਅਤੇ ਸਮੂਹ ਸਟਾਫ ਸਟਾਫ਼ ਵੀ ਇਸ ਮੌਕੇ ਹਾਜਰ ਸੀ।

# ਨਵਾਂ ਜ਼ਮਾਨਾ ਐਤਵਾਰਤਾ



ਧਰਮ ਸਿੰਘ ਗੁਰਾਇਆ ਨਾਲ ਮੁਲਾਕਾਤ
(ਆਖਰੀ ਸਫੇ 'ਤੇ)

ਜਿਨ੍ਹਾਂ ਨੇ ਆਪਣਾ ਰੰਗ ਘੋਲ
ਦਿੱਤਾ ਸੰਘਣੀ ਛਾਂ ਵਿੱਚ,
ਉਨ੍ਹਾਂ ਹੀ ਜ਼ਰਦ ਪੱਤਿਆਂ ਨੂੰ
ਦਰੱਖ਼ਤਾਂ ਨੇ ਗਿਰਾ ਦਿੱਤਾ।
- ਸਿਮਰਜੋਤ ਮਾਨ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 7 ਦਸੰਬਰ 2025 | www.nawanzamana.in | ਕੀਮਤ 5.00 ਰੁਪਏ


1939 ਵਿੱਚ ਮਦਰਾਸ ਪੁਲਸ ਵੱਲੋਂ ਇੱਕ ਇਸ਼ਤਿਹਾਰ ਵਿੱਚ ਸੀ.ਐੱਸ ਸੁਬਰਾਮਨੀਅਮ ਨੂੰ ਨੁੰਗਮਬੱਕਮ (ਮਦਰਾਸ) ਦਾ ਨਿਵਾਸੀ, ਸੀ. ਐੱਸ. ਅਈਅਰ, ਸੇਵਾਮੁਕਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਦਾ ਪੁੱਤਰ, 30 ਤੋਂ 40 ਸਾਲ ਦੀ ਉਮਰ, 5 ਫੁੱਟ 7 ਇੰਚ ਲੰਮਾ, ਪਤਲਾ, ਗੋਲ ਚਿਹਰਾ, ਕਣਕਵੰਨਾ ਰੰਗ, ਸਾਫ਼-ਸੁਥਰੇ ਕੰਘੀ ਕੀਤੇ ਵਾਲਾਂ ਦੇ ਤੌਰ 'ਤੇ ਦਰਸਾਇਆ ਗਿਆ ਸੀ। ਸੀ.ਐੱਸ. ਵਜੋਂ ਜਾਣੇ ਜਾਂਦੇ ਉਹ ਇੱਕ ਜਨਤਾ ਵਿੱਚ ਚਰਚਿਤ ਮਹਾਨ ਕਮਿਊਨਿਸਟ ਅਤੇ ਇੱਕ ਆਜ਼ਾਦੀ ਘੁਲਾਟੀਏ ਸਨ।

ਉਨ੍ਹਾਂ ਦੇ ਅਤੇ ਐੱਸ. ਮੋਹਨ ਕੁਮਾਰਮੰਗਲਮ, ਪੀ. ਰਾਮਾਮੂਰਤੀ ਅਤੇ ਐੱਮ.ਆਰ. ਵੈਂਟਾਕਰਮਨ ਦੇ ਟਿਕਾਣੇ ਦਾ ਪਤਾ ਲਗਾਉਣ ਲਈ 100 ਰੁਪਏ ਦੇ ਇਨਾਮ ਦਾ ਐਲਾਨ ਵੀ ਕੀਤਾ ਗਿਆ ਸੀ।

# ਸੀ ਐੱਸ ਸੁਬਰਾਮਨੀਅਮ : ਦੱਖਣ 'ਚ ਕਮਿਊਨਿਸਟ ਲਹਿਰ ਦੇ ਸੰਸਥਾਪਕਾਂ 'ਚੋਂ


ਅਨਿਲ ਰਾਜੀਮਵਾਲੇ

**ਅਨੁਵਾਦ : ਐੱਮ ਐੱਸ ਭਾਟੀਆ**


ਸੀ.ਐੱਸ. ਸੁਬਰਾਮਨੀਅਮ ਦੱਖਣ ਵਿੱਚ ਕਮਿਊਨਿਸਟ ਲਹਿਰ ਦੇ ਸੰਸਥਾਪਕਾਂ ਵਿੱਚੋਂ ਇੱਕ ਸਨ।ਉਹ 16 ਜੁਲਾਈ, 1910 ਨੂੰ ਮਦਰਾਸ ਦੇ ਨੇੜੇ ਸੈਦਾਪੇਟ ਵਿਖੇ ਜਨਮੇ, ਤੰਜਾਵੂਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁੰਦਰਮ ਅਈਅਰ ਦੇ ਪਹਿਲੇ ਬੱਚੇ ਸਨ। ਉਨ੍ਹਾਂ ਦਾ ਪਰਵਾਰ ਅਣਵੰਡੇ ਤੰਜਾਵੂਰ ਜ਼ਿਲ੍ਹੇ ਦੇ ਮਯੀਲਾਦੁਥੁਰਾਈ ਦੇ ਨੇੜੇ ਦੇ ਪਿੰਡ ਕੋਮਲ ਤੋਂ ਸੀ। ਸੀ.ਐੱਸ. ਦੇ ਪਿਤਾ ਦਾ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਵਿੱਚ ਤਬਾਦਲਾ ਹੁੰਦਾ ਰਹਿੰਦਾ ਸੀ, ਇਸ ਲਈ ਉਨ੍ਹਾਂ ਨੇ ਕਈ ਸੰਸਥਾਵਾਂ ਵਿੱਚ ਪੜ੍ਹਾਈ ਕੀਤੀ-ਵੇਲੋਰ ਦੇ ਵੂਰਹੀਸ ਕਾਲਜ ਵਿੱਚ ਪੜ੍ਹਾਈ ਕੀਤੀ ਅਤੇ ਫਿਰ ਮਦਰਾਸ ਪ੍ਰੈਜ਼ੀਡੈਂਸੀ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਪ੍ਰੈਜ਼ੀਡੈਂਸੀ ਵਿੱਚ ਆਪਣੇ ਵਿਦਿਆਰਥੀ ਦਿਨਾਂ ਦੌਰਾਨ ਉਹ 1928 ਵਿੱਚ ਸੀਨੀਅਰ ਇੰਟਰਮੀਡੀਏਟ ਕਲਾਸ ਵਿੱਚ, ਮਸ਼ਹੂਰ ਕਮਿਊਨਿਸਟ ਨੇਤਾ ਪੀ.ਰਾਮਾਮੂਰਤੀ ਨੂੰ ਮਿਲੇ। ਸਾਈਮਨ ਕਮਿਸ਼ਨ ਦੀ ਆਮਦ ਦੌਰਾਨ, ਕਾਲਜ ਦੇ ਵਿਦਿਆਰਥੀ 'ਸਾਈਮਨ ਕਮਿਸ਼ਨ, ਵਾਪਸ ਜਾਓ!' ਅੰਦੋਲਨ ਵਿੱਚ ਸ਼ਾਮਲ ਹੋ ਗਏ, ਉਨ੍ਹਾਂ ਨੇ ਕਲਾਸ ਦਾ ਬਾਈਕਾਟ ਕੀਤਾ।ਐੱਚ. ਵੀ. ਕਾਮਥ ਅੰਦੋਲਨਕਾਰੀ ਵਿਦਿਆਰਥੀਆਂ ਵਿੱਚੋਂ ਇੱਕ ਸਨ।

ਸੀ.ਐੱਸ 1930 ਵਿੱਚ ਕੀਤੇ ਗਏ ਨਮਕ ਸੱਤਿਆਗ੍ਰਹਿ ਨਾਲ ਹਮਦਰਦੀ ਰੱਖਦੇ ਸਨ, ਪਰ ਜਲਦੀ ਹੀ ਉਨ੍ਹਾਂ ਦੇ ਮਤਭੇਦ ਪੈਦਾ ਹੋ ਗਏ ਅਤੇ ਉਨ੍ਹਾਂ ਨੇ ਗਾਂਧੀ-ਇਰਵਿਨ ਪੈਕਟ (1931) ਦੇ ਸਿੱਟਿਆਂ ਨੂੰ ਪਸੰਦ ਨਹੀਂ ਕੀਤਾ।

**ਇੰਗਲੈਂਡ ਵਿੱਚ**

ਸੀ.ਐੱਸ. ਨੂੰ 1930 ਵਿੱਚ ਉੱਚ ਸਿੱਖਿਆ ਲਈ ਇੰਗਲੈਂਡ ਭੇਜਿਆ ਗਿਆ, ਕਿਉਂਕਿ ਪਿਤਾ ਉਮੀਦ ਕਰਦੇ ਸਨ ਕਿ ਉਹ ਇਨ੍ਹਾਂ 'ਮੁਸੀਬਤਾਂ' ਤੋਂ ਦੂਰ ਰਹਿਣਗੇ ਅਤੇ ਬ੍ਰਿਟਿਸ਼ ਸੇਵਾ ਵਿੱਚ ਇੱਕ ਨੌਕਰੀ ਕਰਨਗੇ, ਪਰ ਹੋਇਆ ਇਸ ਦੇ ਉਲਟ। ਉਨ੍ਹਾਂ ਨੇ ਬਾਲੀਓਲ ਕਾਲਜ, ਆਕਸਫੋਰਡ ਤੋਂ ਪੜ੍ਹਾਈ ਕੀਤੀ ਅਤੇ ਇਤਿਹਾਸ ਦੀ ਐੱਮ ਏ ਵਿੱਚ ਡਿਗਰੀ ਪ੍ਰਾਪਤ ਕੀਤੀ। ਉਹ ਜਲਦੀ ਹੀ ਗਾਂਧੀਵਾਦ ਅਤੇ ਮਾਰਕਸਵਾਦ ਦੇ ਪ੍ਰਭਾਵ ਹੇਠ ਆ ਗਏ। ਨਤੀਜੇ ਵਜੋਂ ਉਨ੍ਹਾਂ ਨੇ ਬ੍ਰਿਟਿਸ਼ ਰਾਜ ਦੀ ਸੇਵਾ ਨਾ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਆਈ.ਸੀ.ਐੱਸ ਵਿੱਚ ਆਪਣੇ ਲਿਖਤੀ ਟੈਸਟ ਸਫਲਤਾਪੂਰਵਕ ਪੂਰੇ ਕੀਤੇ, ਪਰ ਸ੍ਰੀ ਅਰਬਿੰਦੋ ਦੀ ਰੀਸ ਕਰਦੇ ਹੋਏ, ਉਨ੍ਹਾਂ ਨੇ ਜਾਣਬੁੱਝ ਕੇ ਆਪਣੇ-ਆਪ ਨੂੰ ਅਯੋਗ ਠਹਿਰਾਉਣ ਲਈ ਘੋੜਸਵਾਰੀ ਵਿੱਚ ਹਿੱਸਾ ਲੈਣ ਤੋਂ ਇਨਕਾਰ ਕੀਤਾ, ਭਾਵੇਂ ਕਿ ਉਨ੍ਹਾਂ ਨੇ ਹੋਰ ਸਾਰੀਆਂ ਪ੍ਰੀਖਿਆਵਾਂ ਪਾਸ ਕਰ ਲਈਆਂ ਸਨ।

ਆਕਸਫੋਰਡ ਵਿੱਚ, ਸੀ.ਐੱਸ ਕਮਿਊਨਿਸਟ ਵਿਦਿਆਰਥੀਆਂ ਦੇ ਅਕਤੂਬਰ ਕਲੱਬ ਦੇ ਮੈਂਬਰ ਬਣ ਗਏ ਅਤੇ ਸਵੈ-ਇੱਛਾ ਨਾਲ ਸੀ.ਪੀ.ਜੀ.ਬੀ (ਕਮਿਊਨਿਸਟ ਪਾਰਟੀ ਆਫ ਗ੍ਰੇਟ ਬ੍ਰਿਟੇਨ) ਦੇ ਅਖ਼ਬਾਰ 'ਡੇਲੀ ਵਰਕਰ' ਲਈ ਕੰਮ ਕਰਨ ਲੱਗੇ। ਉਹ ਆਰ.ਪੀ ਦੱਤ, ਕਲੇਮੇਂਸ ਦੱਤ ਅਤੇ ਅਨੇਕਾਂ ਸੀ.ਪੀ.ਜੀ.ਬੀ ਆਗੂਆਂ ਦੇ ਸੰਪਰਕ ਵਿੱਚ ਆਏ। ਉਸ ਸਮੇਂ ਯੂਰਪ ਵਿੱਚ ਫਾਸ਼ੀਵਾਦ ਵਧ ਰਿਹਾ ਸੀ ਅਤੇ ਸੀ.ਪੀ.ਜੀ.ਬੀ ਫਾਸ਼ੀਵਾਦ ਵਿਰੋਧੀ ਅਤੇ ਨਾਜ਼ੀਵਾਦ ਵਿਰੋਧੀ ਲਹਿਰ ਦੀ ਮੋਹਰੀ ਸੀ।

ਗਾਂਧੀ ਜੀ ਗੋਲਮੇਜ਼ ਕਾਨਫਰੰਸ ਲਈ ਲੰਡਨ ਵਿੱਚ ਸਨ। ਸੀ.ਐੱਸ. ਦਲੇਰੀ ਨਾਲ ਉਨ੍ਹਾਂ ਨੂੰ ਭਾਰਤੀ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਯੂਨੀਵਰਸਿਟੀ ਕੈਂਪਸ ਲੈ ਗਏ। ਉਨ੍ਹਾਂ ਨੇ ਗਾਂਧੀ ਜੀ ਪ੍ਰਤੀ ਉੱਚ ਸਤਿਕਾਰ ਬਣਾਈ ਰੱਖਿਆ। ਗਾਂਧੀ ਜੀ ਦੀ ਹੱਤਿਆ ਨੇ ਉਨ੍ਹਾਂ ਦੇ ਮਨ 'ਤੇ ਇੱਕ ਅਮਿੱਟ ਪ੍ਰਭਾਵ ਛੱਡਿਆ। ਇਸ ਤੋਂ ਬਾਅਦ ਉਨ੍ਹਾਂ ਨੇ ਨਹਿਰੂ ਅਤੇ ਸੁਭਾਸ਼ ਬੋਸ ਨਾਲ ਨੇੜਲੇ ਸੰਪਰਕ ਬਣਾਏ।

**ਭਾਰਤ ਵਾਪਸੀ**

1933 ਵਿੱਚ ਭਾਰਤ ਵਾਪਸ ਆ ਕੇ ਉਨ੍ਹਾਂ ਨੇ ਆਰੀਆ ਭਾਸ਼ਿਆਮ, ਐੱਮ. ਸਿੰਗਾਰਾਵੇਲੂ, ਚੱਕਰਾਈ ਚੇਟੀਆਰ, ਕੇ. ਮੁਰੂਗੇਸਨ ਅਤੇ ਹੋਰਾਂ ਨਾਲ ਮਿਲ ਕੇ ਕੰਮ ਕੀਤਾ।

ਜੁਲਾਈ 1934 ਵਿੱਚ, ਉਹ ਗੁਪਤ ਰੂਪ ਵਿੱਚ ਅਮੀਰ ਹੈਦਰ ਖਾਨ ਨੂੰ ਮਿਲੇ, ਜਿਨ੍ਹਾਂ ਨੂੰ ਹਾਲ ਹੀ ਵਿੱਚ ਰਿਹਾਅ ਕੀਤਾ ਗਿਆ ਸੀ, ਪਰ ਉਹ ਅਜੇ ਵੀ ਭੂਮੀਗਤ ਸਨ। ਉਨ੍ਹਾਂ ਨੇ ਹੋਰਨਾਂ ਨਾਲ ਮਿਲ ਕੇ ਮਦਰਾਸ ਵਿੱਚ ਕਮਿਊਨਿਸਟ ਲਹਿਰ ਦੇ ਗਠਨ ਬਾਰੇ ਚਰਚਾ ਕੀਤੀ। ਸਵੈ-ਮਾਣ ਅੰਦੋਲਨ ਦੇ ਰਾਜਾ ਵਾਡੀਵੇਲੂ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਏ, ਜੋ ਬਾਅਦ ਵਿੱਚ ਕਮਿਊਨਿਸਟ ਬਣ ਗਏ। ਉਨ੍ਹਾਂ ਨੇ ਆਪਣੇ ਮਾਸਿਕ ਅਖ਼ਬਾਰ ਦਾ ਦ੍ਰਿਸ਼ਟੀਕੋਣ ਬਦਲ ਕੇ ਕਮਿਊਨਿਜ਼ਮ ਪੱਖੀ ਕਰ ਦਿੱਤਾ।

ਪੁਲਸ ਰਿਪੋਰਟਾਂ ਅਨੁਸਾਰ, ਦੱਖਣੀ ਭਾਰਤ ਵਿੱਚ ਬੋਲਸ਼ੇਵਿਕ ਪ੍ਰਚਾਰ ਕਰਨ ਵਾਲਾ ਇੱਕੋ ਇੱਕ ਸੰਗਠਨ ਪੇਰੀਆਰ (ਈ.ਵੀ. ਰਾਮਾਸਵਾਮੀ ਨਾਇਕਰ) ਦਾ ਸਵੈ-ਮਾਣ ਅੰਦੋਲਨ ਸੀ, ਜੋ ਜਲਦੀ ਹੀ ਉੱਭਰ ਰਹੇ ਕਮਿਊਨਿਸਟ ਅੰਦੋਲਨ ਦੇ ਸੰਪਰਕ ਵਿੱਚ ਆਇਆ ਅਤੇ ਸਵੈ-ਮਾਣ ਅੰਦੋਲਨ ਦੇ ਬਹੁਤ ਸਾਰੇ ਮੈਂਬਰ ਅਤੇ ਨੇਤਾ ਕਮਿਊਨਿਸਟ ਬਣ ਗਏ।

**ਮਦਰਾਸ ਪ੍ਰਾਂਤ ਵਿੱਚ ਕਮਿਊਨਿਸਟ ਪਾਰਟੀ ਬਣਾਉਣਾ**

1986 ਵਿੱਚ ਆਈ. ਮਲਿਕਾਰੁਜਨ ਸ਼ਰਮਾ ਨੂੰ ਦਿੱਤੇ ਇੰਟਰਵਿਊ ਵਿੱਚ ਸੀ.ਐੱਸ. ਕਹਿੰਦੇ ਹਨ : '1934-37 ਦੇ ਸਮੇਂ ਨੇ ਮਦਰਾਸ ਵਿੱਚ ਕਮਿਊਨਿਸਟ ਅੰਦੋਲਨ ਦੇ ਨਿਰਮਾਣ ਦੀ ਪ੍ਰਕਿਰਿਆ ਨੂੰ ਦੇਖਿਆ ਹੈ।' ਉਨ੍ਹਾਂ ਨੇ ਅਤੇ ਹੋਰਨਾਂ ਨੇ ਉਨ੍ਹਾਂ ਸਾਰੇ ਲੋਕਾਂ ਨੂੰ ਅੰਦੋਲਨ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜੋ ਕਮਿਊਨਿਜ਼ਮ ਨੂੰ ਸਮਝਦੇ ਸਨ ਅਤੇ ਉਸ ਲਈ ਕੰਮ ਕਰਦੇ ਸਨ। 1937 ਵਿੱਚ ਉਹ ਆਪਣਾ ਅਖ਼ਬਾਰ ਪ੍ਰਕਾਸ਼ਿਤ ਕਰਨ ਦੇ ਯੋਗ ਹੋ ਗਏ। ਉਹਨਾਂ ਨੇ ਗਰੁੱਪ ਬਹਿਸਾਂ ਅਤੇ ਅਧਿਐਨ ਸਰਕਲਾਂ ਦਾ ਆਯੋਜਨ ਕੀਤਾ ਅਤੇ ਹੋਰਨਾਂ ਨਾਲ ਮਿਲ ਕੇ ਵਰਕਰਾਂ ਅਤੇ ਵਿਦਿਆਰਥੀਆਂ 'ਚੋਂ ਰੈੱਡ ਵਾਲੰਟੀਅਰ ਕੋਰ ਖੜ੍ਹਾ ਕੀਤਾ। ਸੀ.ਐੱਸ ਨੇ ਸੀ.ਐੱਸ.ਪੀ (ਕਾਂਗਰਸ ਸੋਸ਼ਲਿਸਟ ਪਾਰਟੀ) ਨੂੰ ਸੰਗਠਿਤ ਕਰਨ ਵਿੱਚ ਵੀ ਮਦਦ ਕੀਤੀ, ਹਾਲਾਂਕਿ ਉਹ ਕਦੇ ਵੀ ਇਸ ਵਿੱਚ ਜਾਂ ਕਾਂਗਰਸ ਵਿੱਚ ਰਸਮੀ ਤੌਰ 'ਤੇ ਸ਼ਾਮਲ ਨਹੀਂ ਹੋਏ। 'ਸਵੈ-ਮਾਣ' ਵਾਲੇ ਸਮਾਜਵਾਦੀਆਂ ਦੀ ਪੂਰੀ ਸੰਸਥਾ ਸੀ.ਐੱਸ.ਪੀ ਵਿੱਚ ਸ਼ਾਮਲ ਹੋ ਗਈ। ਸੂਬਾਈ ਸੀ.ਐੱਸ.ਪੀ ਦੀ ਪਹਿਲੀ ਕਾਨਫਰੰਸ 1936 ਵਿੱਚ ਸਲੇਮ ਵਿੱਚ ਹੋਈ।

ਜਨਸ਼ਕਤੀ ਅਖ਼ਬਾਰ ਦੀ ਸਥਾਪਨਾ ਨਵੰਬਰ 1937 ਵਿੱਚ ਪੀ. ਜੀਵਨੰਦਮ ਦੁਆਰਾ ਸੀ.ਐੱਸ.ਪੀ ਦੇ ਇੱਕ ਬੁਲਾਰੇ ਵਜੋਂ ਕੀਤੀ ਗਈ ਅਤੇ ਜਲਦੀ ਹੀ ਇਹ ਸੀ.ਪੀ.ਆਈ ਦਾ ਅਧਿਕਾਰਤ ਪਰਚਾ ਬਣ ਗਿਆ। ਸੀ.ਐੱਸ ਨੂੰ ਇਸ ਦਾ ਪ੍ਰਬੰਧਨ ਸੌਂਪਿਆ ਗਿਆ। ਉਹ ਪਾਰਟੀ ਦਫ਼ਤਰ ਵੀ ਚਲਾਉਂਦੇ ਸਨ। ਸੀ.ਪੀ.ਆਈ ਦੀ ਇਕਾਈ ਦੀ ਸਥਾਪਨਾ 1934 ਵਿੱਚ ਹੀ ਕਰ ਦਿੱਤੀ ਗਈ ਸੀ, ਹਾਲਾਂਕਿ ਇਸ ਨੂੰ ਭੂਮੀਗਤ ਤੌਰ 'ਤੇ ਕੰਮ ਕਰਨਾ ਪਿਆ। ਪ੍ਰਾਂਤ ਵਿੱਚ ਕਮਿਊਨਿਸਟ ਲਹਿਰ ਦਾ ਕੇਂਦਰ ਐੱਮ. ਸਿੰਗਾਰਾਵੇਲੂ, ਅਮੀਰ ਹੈਦਰ ਖਾਨ, ਸੀ.ਐੱਸ, ਕੇ.ਭਸ਼ਿਆਮ, 'ਰੂਸ' ਮਾਨਿਕਮ, ਕਾਮਮਪਤੀ ਸਤਿਆਨਾਰਾਇਣ, ਵੀ.ਸੁਬੱਈਆ ਅਤੇ ਕੁਝ ਹੋਰਨਾਂ ਦੁਆਰਾ ਬਣਾਇਆ ਗਿਆ ਸੀ।

ਸੀ.ਐੱਸ ਦੂਜੇ ਵਿਸ਼ਵ ਯੁੱਧ ਦੇ ਪਹਿਲੇ ਕੁਝ ਮਹੀਨਿਆਂ ਤੱਕ ਪਾਰਟੀ ਸਕੱਤਰ ਰਹੇ।

ਆਰ.ਪੀ. ਦੱਤ ਅਤੇ ਬੇਨ ਬ੍ਰੈਡਲੀ ਨੇ 1936 ਵਿੱਚ ਵਧ ਰਹੇ ਫਾਸ਼ੀਵਾਦ ਵਿਰੋਧੀ ਸੰਘਰਸ਼ ਦੀ ਪਿੱਠਭੂਮੀ ਵਿੱਚ 'ਦੱਤ-ਬ੍ਰੈਡਲੀ ਥੀਸਿਸ' ਵਜੋਂ ਜਾਣਿਆ ਜਾਂਦਾ ਇੱਕ ਦਸਤਾਵੇਜ਼ ਤਿਆਰ ਕੀਤਾ।ਇਸ ਵਿੱਚ ਭਾਰਤੀ ਕਮਿਊਨਿਸਟਾਂ ਨੂੰ ਆਮ ਤੌਰ 'ਤੇ ਸਾਮਰਾਜਵਾਦ ਅਤੇ ਖਾਸ ਤੌਰ 'ਤੇ ਬ੍ਰਿਟਿਸ਼ ਸਾਮਰਾਜਵਾਦ, ਜਿਸ ਵਿੱਚ ਰਾਸ਼ਟਰਵਾਦੀ ਵੀ ਸ਼ਾਮਲ ਹਨ, ਵਿਰੁੱਧ ਸੰਯੁਕਤ ਮੋਰਚਾ ਬਣਾਉਣ ਲਈ ਕਿਹਾ ਗਿਆ। ਦੱਤ-ਬ੍ਰੈਡਲੀ ਥੀਸਿਸ ਨੇ ਸੀ.ਪੀ.ਆਈ ਦੀ ਬਹੁਤ ਮਦਦ ਕੀਤੀ।

**ਮਦਰਾਸ ਸਾਜ਼ਿਸ਼ ਕੇਸ**

ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਦੇ ਨਾਲ ਸਰਕਾਰ ਨੇ ਵੱਡੀ ਗਿਣਤੀ ਵਿੱਚ ਕਮਿਊਨਿਸਟਾਂ ਨੂੰ ਗ੍ਰਿਫ਼ਤਾਰ ਕਰਨ ਲਈ ਕਈ ਮੁਹਿੰਮਾਂ ਚਲਾਈਆਂ। ਬਹੁਤ ਸਾਰਿਆਂ ਨੂੰ ਉਨ੍ਹਾਂ ਦੇ ਪਿੰਡਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਕਮਿਊਨਿਸਟਾਂ ਵਿਰੁੱਧ 'ਕਾਨੂੰਨ ਦੁਆਰਾ ਸਥਾਪਤ ਸ਼ਾਸਨ ਨੂੰ ਉਲਟਾਉਣ ਦੀ



ਸਾਜ਼ਿਸ਼' ਦੇ ਤਿੰਨ ਮਾਮਲੇ ਸਨ। ਉਨ੍ਹਾਂ ਵਿੱਚੋਂ ਪ੍ਰਮੁੱਖ 1940 ਦਾ ਮਦਰਾਸ ਸਾਜ਼ਿਸ਼ ਕੇਸ ਸੀ। ਇਸ ਤੋਂ ਪਹਿਲਾਂ ਦੋਸ਼ੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਇਨਾਮ ਦਾ ਐਲਾਨ ਵੀ ਕੀਤਾ ਗਿਆ ਸੀ। ਮੁਕੁੰਦਲਾਲ ਸਰਕਾਰ, ਸੀ.ਐੱਸ, ਮੋਹਨ ਕੁਮਾਰਮੰਗਲਮ, ਪੀ.ਰਾਮਾਮੂਰਤੀ, ਐੱਸ. ਸੁਬਰਾਮਨੀਅਮ ਸ਼ਰਮਾ, ਕੇਰਲੇਯਨ, ਆਰ.ਉਮਾਨਾਥ ਆਦਿ ਵਰਗੇ ਪ੍ਰਮੁੱਖ ਨੇਤਾ ਮੁੱਖ ਦੋਸ਼ੀ ਸਨ, ਜਿਨ੍ਹਾਂ 'ਤੇ ਬ੍ਰਿਟਿਸ਼ ਅਧਿਕਾਰੀਆਂ ਦੇ ਕਤਲ ਅਤੇ ਖਜ਼ਾਨੇ ਨੂੰ ਲੁੱਟਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਸੀ। ਜਗਨਨਾਥ ਦਾਸ ਚੇਅਰਮੈਨ ਅਤੇ ਪੀ ਰਾਮਾਮੂਰਤੀ ਸਕੱਤਰ ਦੇ ਰੂਪ ਵਿੱਚ ਇੱਕ ਕਾਨੂੰਨੀ ਸਹਾਇਤਾ ਕਮੇਟੀ ਬਣਾਈ ਗਈ। ਕੇ. ਭਸ਼ਿਆਮ ਅਯੰਗਰ ਕਾਨੂੰਨੀ ਕਮੇਟੀ ਦੀ ਅਗਵਾਈ ਕਰ ਰਹੇ ਸਨ। ਸੁਭਾਸ਼ ਚੰਦਰ ਬੋਸ ਸਰਗਰਮੀ ਨਾਲ ਇਸ ਵਿੱਚ ਸ਼ਾਮਲ ਸਨ। ਇਸ ਤੋਂ ਇਲਾਵਾ ਤਿਰੂਨੇਲਵਾਲੀ ਸਾਜ਼ਿਸ਼ ਕੇਸ ਵੀ ਸੀ। ਸੀ.ਐੱਸ ਅਤੇ ਹੋਰਾਂ ਨੂੰ ਜੁਲਾਈ 1942 ਵਿੱਚ ਹੀ ਰਿਹਾਅ ਕੀਤਾ ਗਿਆ।

ਰਿਹਾਈ ਉਪਰੰਤ ਸੀ.ਐੱਸ ਨੂੰ ਭਾਰਤ ਛੱਡੋ ਅੰਦੋਲਨ 'ਤੇ ਪਾਰਟੀ ਦੇ ਸਟੈਂਡ ਨੂੰ ਸਮਝਾਉਣ ਵਿੱਚ ਮੁਸ਼ਕਲ ਆ ਰਹੀ ਸੀ। ਉਹ ਪਾਰਟੀ ਦੀ ਲਾਈਨ 'ਤੇ ਸ਼ੱਕ ਕਰਨ ਵਾਲਿਆਂ ਬੀ. ਸ੍ਰੀਨਿਵਾਸ ਰਾਓ ਅਤੇ ਪੀ.ਰਾਮਾਮੂਰਤੀ ਨਾਲ ਸ਼ਾਮਲ ਹੋ ਗਏ। (ਸੀ ਐੱਸ: 'ਤਾਮਿਲਨਾਡੂ ਵਿੱਚ ਸਾਡੀ ਪਾਰਟੀ ਦਾ ਵਿਕਾਸ')

ਪਾਰਟੀ ਆਪਣੇ ਵੱਡੇ ਪੱਧਰ 'ਤੇ ਕੰਮ ਕਰਨ ਸਦਕਾ, ਮਿੱਟੀ ਦਾ ਤੇਲ, ਭੋਜਨ ਆਦਿ ਵੰਡਣ, ਕਾਲਾਬਾਜ਼ਾਰੀ ਕਰਨ ਵਾਲਿਆਂ ਨਾਲ ਲੜਨ, ਬ੍ਰਿਟਿਸ਼ ਸਰਕਾਰ ਦਾ ਵਿਰੋਧ ਕਰਨ ਅਤੇ ਲਾਠੀਚਾਰਜ ਅਤੇ ਗੋਲੀਬਾਰੀ ਦਾ ਸਾਹਮਣਾ ਕਰਨ ਅਤੇ 1943 ਦੇ ਮਹਾਨ ਬੰਗਾਲ ਅਕਾਲ ਤੋਂ ਪ੍ਰਭਾਵਿਤ ਲੋਕਾਂ ਦਾ ਸਮਰਥਨ ਕਰਨ ਕਾਰਨ ਪ੍ਰਤੀਕੂਲ ਸਥਿਤੀ ਦਾ ਮੁਕਾਬਲਾ ਕਰ ਸਕਦੀ ਸੀ। ਇਸ ਸਭ ਵਿੱਚ ਸੀ.ਐੱਸ ਨੂੰ ਹਰ ਥਾਂ ਦੇਖਿਆ ਜਾ ਸਕਦਾ ਸੀ।

ਸੀ.ਐੱਸ ਨੇ 1946 ਦੇ ਰੋਇਲ ਇੰਡੀਅਨ ਨੇਵੀ ਵਿਦਰੋਹ ਦੌਰਾਨ ਦਮਨ ਦਾ ਵਿਰੋਧ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਈ। ਇਸ ਤੋਂ ਪਹਿਲਾਂ, ਜਨਵਰੀ ਅਤੇ ਫਰਵਰੀ 1946 ਵਿੱਚ ਹਵਾਈ ਸੈਨਾ ਨੇ ਵੀ ਹੜਤਾਲ ਕੀਤੀ ਸੀ। ਮਦਰਾਸ ਸੈਂਟਰਲ ਸਟੇਸ਼ਨ ਦੇ ਨੇੜੇ ਮੈਮੋਰੀਅਲ ਹਾਲ ਵਿਖੇ ਪ੍ਰੈੱਸ ਲੇਬਰ ਯੂਨੀਅਨ ਦੀ ਇੱਕ ਕਾਨਫਰੰਸ ਨੇ ਬੰਬਈ ਵਿੱਚ ਬੇਰਹਿਮ ਪੁਲਸ ਗੋਲੀਬਾਰੀ ਦਾ ਵਿਰੋਧ ਕੀਤਾ ਅਤੇ ਪੀ. ਜੀਵਨੰਦਮ ਅਤੇ ਹੋਰਾਂ ਦੀ ਅਗਵਾਈ ਵਿੱਚ ਨੇਪੀਅਰ ਪਾਰਕ, ??ਚਿੰਤਾਦਰੀਪੇਟ ਤੱਕ ਇੱਕ ਜਲੂਸ ਕੱਢਿਆ। ਉਸੇ ਰਾਤ ਮਦਰਾਸ ਪ੍ਰੋਵਿੰਸ਼ੀਅਲ ਟ੍ਰੇਡ ਯੂਨੀਅਨ ਕੌਂਸਲ ਨੇ ਆਮ ਹੜਤਾਲ ਦਾ ਸੱਦਾ ਦਿੱਤਾ, ਜੋ ਕਿ ਪੂਰੀ ਤਰ੍ਹਾਂ ਸਫ਼ਲ ਰਿਹਾ, ਇੱਕ ਵੀ ਟਰਾਮ ਸ਼ੈੱਡਾਂ ਤੋਂ ਬਾਹਰ ਨਹੀਂ ਨਿਕਲੀ, ਬੱਸਾਂ ਸੜਕਾਂ ਤੋਂ ਉੱਤਰ ਗਈਆਂ ਅਤੇ ਦੁਕਾਨਾਂ ਪੂਰੀ ਤਰ੍ਹਾਂ ਬੰਦ ਹੋ ਗਈਆਂ। ਟ੍ਰਿਪਲੀਕੇਨ, ਜਾਰਜ ਟਾਊਨ, ਮਾਈਲਾਪੁਰ ਅਤੇ ਹੋਰ ਥਾਵਾਂ ਤੋਂ ਵੱਡੇ ਜਲੂਸ ਨਿਕਲੇ ਅਤੇ ਪੁਲਸ ਨੇ ਪੇਰਾਮਬੁਰ ਵਿੱਚ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਬੀ ਐਂਡ ਸੀ ਮਿੱਲ ਵਰਕਰ ਅਤੇ ਹੋਰਾਂ ਨੇ ਵੀ ਹੜਤਾਲ ਦਾ ਸਮਰਥਨ ਕੀਤਾ। ਸੀ.ਐੱਸ ਅਤੇ ਹੋਰ ਸਾਥੀ ਇਨ੍ਹਾਂ ਗਤੀਵਿਧੀਆਂ ਵਿੱਚ ਮੋਹਰੀ ਸਨ। ਜਨਸ਼ਕਤੀ ਪ੍ਰੈੱਸ ਨੇ ਹਜ਼ਾਰਾਂ ਹੈਂਡਬਿੱਲ ਛਾਪੇ, ਜੋ ਸਵੇਰ ਵੇਲੇ ਵੰਡੇ ਜਾਂਦੇ ਸਨ।

**ਬੀ.ਟੀ.ਆਰ ਪੀਰੀਅਡ ਅਤੇ ਬਾਅਦ ਵਿੱਚ**

ਬੀ.ਟੀ.ਆਰ ਪੀਰੀਅਡ (1948-50) ਦੁਆਰਾ ਕੀਤੇ ਗਏ ਨੁਕਸਾਨ ਨਾਲ ਪਾਰਟੀ ਸਾਥੀਆਂ ਵਿੱਚ ਆਪਸੀ ਵਿਸ਼ਵਾਸ ਦੀ ਕਮੀ ਅਤੇ ਸ਼ੱਕ ਦਾ ਮਾਹੌਲ ਪੈਦਾ ਕਰਨਾ ਸ਼ਾਮਲ ਸੀ। ਸੀ.ਐੱਸ ਸੁਬਰਾਮਨੀਅਮ ਬੀ.ਟੀ.ਆਰ ਲਾਈਨ ਨਾਲ ਸਹਿਮਤ ਨਹੀਂ ਸਨ ਅਤੇ ਅਜਿਹਾ ਕਰਨ ਲਈ ਉਨ੍ਹਾਂ ਨੂੰ ਦੁੱਖ ਵੀ ਝੱਲਣਾ ਪਿਆ। 1952 ਵਿੱਚ ਉਨ੍ਹਾਂ ਨੂੰ ਸਖਤੀ ਨਾਲ ਨਿੱਜੀ ਆਧਾਰ 'ਤੇ ਪਾਰਟੀ 'ਚੋਂ ਕੱਢ ਦਿੱਤਾ ਗਿਆ, ਪਰ ਅਸਲ ਵਿੱਚ ਉਨ੍ਹਾਂ ਨੇ ਕਦੇ ਵੀ ਪਾਰਟੀ ਨਹੀਂ ਛੱਡੀ! ਉਨ੍ਹਾਂ ਨੇ ਐੱਸ. ਸੁਗਾਨਾ ਨਾਲ ਵਿਆਹ ਕੀਤਾ, ਜੋ ਕਿ ਇੱਕ ਵਿਵਾਦਪੂਰਨ ਮੁੱਦਾ ਬਣ ਗਿਆ। ਸੁਗਾਨਾ ਬਾਅਦ ਵਿੱਚ ਆਪਣੇ ਡਾਕਟਰੀ ਪੇਸ਼ੇ ਵਿੱਚ ਕੰਮ ਕਰਨ ਲੱਗੀ।ਕੱਢੇ ਜਾਣ ਤੋਂ ਬਾਅਦ ਸੀ.ਐੱਸ ਗੋਬੀਚੇਟੀਪਲਯਮ ਚਲੇ ਗਏ।

**ਕੇ. ਮੁਰੂਗੇਸਨ ਨਾਲ ਸਹਿਯੋਗ ਅਤੇ ਮੁੱਖ ਕੰਮ**

ਸੀ.ਐੱਸ ਨੇ ਆਪਣੇ-ਆਪ ਨੂੰ ਵਿਆਪਕ ਅਧਿਐਨ ਅਤੇ ਖੋਜ ਕਾਰਜ ਵਿੱਚ ਲਾ ਲਿਆ। 1980 ਦੇ ਦਹਾਕੇ ਦੇ ਸ਼ੁਰੂ ਵਿੱਚ ਸੀ.ਐੱਸ ਨੇ ਸੀ ਪੀ ਆਈ ਅਤੇ ਐੱਨ ਸੀ ਬੀ ਐੱਚ (ਨਿਊ ਸੈਂਚੁਰੀ ਬੁੱਕ ਹਾਊਸ) ਦੇ ਅਧੀਨ ਇੰਸਟੀਚਿਊਟ ਆਫ਼ ਸਾਊਥ ਇੰਡੀਅਨ ਸਟੱਡੀਜ਼ (ਆਈ ਐੱਸ ਆਈ ਐੱਸ) ਦੀ ਸਥਾਪਨਾ ਕੀਤੀ।

ਸੀ.ਐੱਸ ਮਦਰਾਸ ਅਤੇ ਦੱਖਣੀ ਭਾਰਤ ਦੇ ਇੱਕ ਪ੍ਰਮੁੱਖ ਕਮਿਊਨਿਸਟ ਕੇ. ਮੁਰੂਗੇਸਨ ਦੇ ਨਜ਼ਦੀਕੀ ਸਹਿਯੋਗੀ ਸਨ। ਉਨ੍ਹਾਂ ਦੀ ਦੋਸਤੀ 1930 ਦੇ ਦਹਾਕੇ ਤੋਂ ਸੀ। ਉਨ੍ਹਾਂ ਨੇ ਇਕੱਠੇ ਕੰਮ ਕੀਤਾ ਅਤੇ ਕਈ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚ ਮਸ਼ਹੂਰ 'ਸਿੰਗਾਰਾਵੇਲੂ : ਫਸਟ ਕਮਿਊਨਿਸਟ ਇਨ ਸਾਊਥ ਇੰਡੀਆ' (ਅੰਗਰੇਜ਼ੀ) ਸ਼ਾਮਲ ਹੈ, ਜੋ ਕਿ ਪੀ ਪੀ ਐੱਚ ਦੁਆਰਾ 1975 ਵਿੱਚ ਪ੍ਰਕਾਸ਼ਿਤ ਕੀਤੀ ਗਈ। ਉਨ੍ਹਾਂ ਨੇ ਕਈ ਹੋਰ ਕਿਤਾਬਾਂ ਅਤੇ ਲੇਖ ਵੀ ਲਿਖੇ।

ਸੀ.ਐੱਸ ਦੁਆਰਾ ਇੱਕ ਹੋਰ ਪ੍ਰਮੁੱਖ ਕੰਮ ਸੀ: 'ਐੱਮ ਪੀ ਟੀ ਆਚਾਰੀਆ : ਹਿਜ਼ ਲਾਈਫ ਐਂਡ ਟਾਈਮਜ਼' ਅੰਗਰੇਜ਼ੀ ਵਿੱਚ। ਆਚਾਰੀਆ ਇੱਕ ਪ੍ਰਮੁੱਖ ਇਨਕਲਾਬੀ ਸਨ, ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਬਹੁਤ ਕੰਮ ਕੀਤਾ। ਸੀ.ਐੱਸ ਨੂੰ ਆਈ.ਸੀ.ਐੱਸ.ਐੱਸ.ਆਰ ਤੋਂ ਇੱਕ ਛੋਟੀ ਜਿਹੀ ਗ੍ਰਾਂਟ ਮਿਲੀ ਅਤੇ 'ਤਾਸ਼ਕੰਦ ਸੀ ਪੀ ਆਈ' ਵਿੱਚ ਆਪਣੀ ਭੂਮਿਕਾ ਸਮੇਤ ਆਚਾਰੀਆ ਦਾ ਪੂਰਾ ਅਧਿਐਨ ਸ਼ੁਰੂ ਕੀਤਾ। ਉਨ੍ਹਾਂ ਨੇ ਟੀ.ਐੱਨ. ਆਰਕਾਈਵਜ਼, ਐੱਨ.ਏ.ਆਈ, ਨਹਿਰੂ ਮੈਮੋਰੀਅਲ (ਤੀਨ ਮੂਰਤੀ) ਲਾਇਬ੍ਰੇਰੀ, ਪੀ.ਸੀ. ਜੋਸ਼ੀ ਆਰਕਾਈਵਜ਼ ਅਤੇ ਪੁਣੇ ਦੀ ਕੇਸਰੀ-ਮਹਿਰੱਤਾ ਲਾਇਬ੍ਰੇਰੀ ਆਦਿ ਨਾਲ ਸਲਾਹ-ਮਸ਼ਵਰਾ ਕੀਤਾ। ਉਨ੍ਹਾਂ ਨੇ ਦੁਰਲੱਭ ਪਰਵਾਰਕ ਯਾਦਾਂ ਅਤੇ ਪੱਤਰਾਂ ਦਾ ਪਤਾ ਲਗਾਇਆ, ਜੋ 1995 ਵਿੱਚ ਪ੍ਰਕਾਸ਼ਿਤ ਹੋਇਆ ਸੀ।

ਸੀ.ਐੱਸ ਨੇ ਅਮੀਰ ਹੈਦਰ ਖ਼ਾਨ ਦੇ 'ਡਿਸਕਵਰੀ ਆਫ਼ ਸਾਊਥ ਇੰਡੀਆ' ਦੇ ਤਾਮਿਲ ਸੰਸਕਰਣ ਨੂੰ ਵੀ ਸੰਪਾਦਿਤ ਕੀਤਾ। ਉਨ੍ਹਾਂ ਨੇ ਤਾਮਿਲ ਜਰਨਲ 'ਇੰਡੀਆ' ਵਿੱਚ ਸੁਬਰਾਮਨੀਅਮ ਭਾਰਤੀ ਦੇ ਲੇਖਾਂ ਨੂੰ ਸੰਕਲਿਤ ਕੀਤਾ। ਸੀ.ਐੱਸ ਨੇ ਵੀ. ਸੁਬੀਆ ਨਾਲ ਆਪਣੇ ਸੰਪਰਕਾਂ ਰਾਹੀਂ, ਭਾਰਤੀ ਦੇ 'ਇੰਡੀਆ' ਦੇ 1908-09 ਦੇ ਖੰਡ ਨੂੰ ਅਨੁਭਵੀ ਤਮਿਲ ਲੇਖਕ ਪੀ. ਕੋਠੰਡਰਮਨ ਤੱਕ ਪਹੁੰਚਾਇਆ, ਜੋ ਪਾਂਡੀਚੇਰੀ ਵਿੱਚ ਰਹਿੰਦੇ ਸਨ। ਸੀ.ਐੱਸ ਨੇ ਦੋ-ਖੰਡਾਂ ਵਾਲੇ 'ਭਾਰਤੀ ਦਰੀਸਨਮ' ਨੂੰ ਸੰਪਾਦਿਤ ਕੀਤਾ, ਜੋ ਕਿ ਮਦਰਾਸ ਪ੍ਰਾਂਤ ਵਿੱਚ ਸਵਦੇਸ਼ੀ ਅੰਦੋਲਨ ਦਾ ਇੱਕ ਮੁੱਖ ਸਰੋਤ ਸੀ।

ਸੀ.ਐੱਸ ਨੇ ਤਾਮਿਲਨਾਡੂ ਵਿੱਚ ਸੀ ਪੀ ਆਈ ਇਤਿਹਾਸ ਦਾ ਇੱਕ ਸੰਖੇਪ ਸਕੈੱਚ ਲਿਖਿਆ, ਜਿਸ ਦਾ ਸਿਰਲੇਖ 'ਸਾਡੀ ਪਾਰਟੀ ਦਾ ਤਾਮਿਲਨਾਡੂ ਵਿੱਚ ਵਾਧਾ' ਹੈ, ਜੋ ਕਿ 1998 ਵਿੱਚ ਮਦਰਾਸ (ਚੇਨਈ) ਵਿੱਚ ਸੀ ਪੀ ਆਈ ਕਾਂਗਰਸ ਦੇ ਮੌਕੇ 'ਤੇ ਟੀ.ਐੱਨ ਸਟੇਟ ਕੌਂਸਲ ਦੁਆਰਾ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਉਨ੍ਹਾਂ ਨੇ ਮਸ਼ਹੂਰ ਵਿਦਵਾਨ ਵੀ.ਵੀ.ਐੱਸ. ਅਈਅਰ ਦੀ ਵਿਚਾਰਧਾਰਾ 'ਤੇ ਲੇਖ ਵੀ ਲਿਖੇ। ਉਨ੍ਹਾਂ ਨੇ ਵੀ.ਵੀ.ਐੱਸ. ਦੁਆਰਾ ਅੰਗਰੇਜ਼ੀ ਵਿੱਚ ਇੱਕ ਛੋਟੀ ਕਹਾਣੀ ਅਤੇ 'ਸ਼ੇਰਮਦੇਵੀ ਗੁਰੂਕੁਲਮ' ਵੱਲੋਂ ਇੱਕ ਅਪੀਲ ਲਿਖੀ, ਜੋ ਕਿ ਇਸ ਖੰਡ ਨਾਲ ਜੋੜੀਆਂ ਗਈਆਂ ਸਨ। ਇਹ 'ਸਵਧਰਮ' ਵਿੱਚ ਲੱਭੀਆਂ ਗਈਆਂ ਸਨ, ਜੋ ਕਿ




ਸ਼ਾਇਦ ਮਜ਼ਦੂਰਾਂ ਦੇ ਮੁੱਦਿਆਂ ਨੂੰ ਸਮਰਪਿਤ ਪਹਿਲਾ ਭਾਰਤੀ (ਅੰਗਰੇਜ਼ੀ) ਹਫ਼ਤਾਵਾਰੀ ਸੀ।

ਉਨ੍ਹਾਂ ਨੇ ਹਰ ਕਮਿਊਨਿਸਟ ਨੂੰ ਕਮਿਊਨਿਸਟ ਮੈਨੀਫੈਸਟੋ ਪੜ੍ਹਨ 'ਤੇ ਜ਼ੋਰ ਦਿੱਤਾ।

**ਸੀ ਪੀ ਆਈ ਦੇ ਸੀਨੀਅਰ ਨੇਤਾ ਆਰ.** ਨੱਲਕੰਨੂ ਦੇ ਅਨੁਸਾਰ, ਕੱਟੜਪੰਥੀ ਕਾਂਗਰਸੀ ਅਤੇ ਟਰੇਡ ਯੂਨੀਅਨ ਨੇਤਾ ਥਿਰੂ ਵੀ. ਕਲਿਆਣਸੁੰਦਰਮ ਨੇ ਆਪਣੇ ਸਮੇਂ ਦੇ ਕਮਿਊਨਿਸਟਾਂ ਨੂੰ 'ਲੌਕਿਕਾ ਸੰਨਿਆਸੀ' ਜਾਂ ਭੌਤਿਕਵਾਦੀ ਤਪੱਸਵੀ ਦੱਸਿਆ। ਨੱਲਕੰਨੂ ਨੇ ਟਿੱਪਣੀ ਕੀਤੀ। ਇਹ ਵਰਣਨ ਸੀ.ਐੱਸ ਨੂੰ ਪੂਰੀ ਤਰ੍ਹਾਂ ਫਿੱਟ ਬੈਠਦਾ ਸੀ।

1980 ਦੇ ਦਹਾਕੇ ਦੇ ਅਖੀਰ ਵਿੱਚ ਸੋਵੀਅਤ ਯੂਨੀਅਨ ਵਿੱਚ ਗਲਾਸਨੋਸਟ ਦੇ ਮਾਹੌਲ ਵਿੱਚ, ਸੀ.ਐੱਸ ਨੂੰ ਪਾਰਟੀ ਵਿੱਚ ਵਾਪਸੀ ਦੀ ਬੇਨਤੀ ਕਰਨ ਲਈ ਇੱਕ ਪੱਤਰ ਦੇਣ ਲਈ ਕਿਹਾ ਗਿਆ। ਸੀ.ਐੱਸ ਨੇ ਪਾਰਟੀ ਨੂੰ ਪੁੱਛਿਆ ਕਿ ਕੀ ਉਸ ਨੂੰ ਕੱਢਣ ਦੇ ਮਤੇ ਨੂੰ ਰੱਦ ਕਰਨਾ ਉਚਿੱਤ ਨਹੀਂ ਹੋਵੇਗਾ!

ਆਪਣੀ ਪਤਨੀ ਦੀ ਮੌਤ ਤੋਂ ਬਾਅਦ ਸੀ.ਐੱਸ ਨੁੰਗਮਬੱਕਮ ਵਿੱਚ ਜੋਸੀਅਰ ਸਟਰੀਟ 'ਤੇ ਸਥਿਤ ਆਪਣੇ ਪਰਵਾਰਕ ਘਰ ਵਿੱਚ ਚਲੇ ਗਏ। ਉਨ੍ਹਾਂ ਦੀ ਵੱਡੀ ਭੈਣ ਉਹਨਾਂ ਕੋਲ ਰਹਿਣ ਲੱਗੀ। ਸੀ.ਐੱਸ ਇੱਕ ਸਾਦਾ ਆਦਮੀ ਸਨ, ਆਪਣਾ ਖਾਣਾ ਖੁਦ ਪਕਾਉਂਦੇ ਸਨ ਅਤੇ ਆਪਣੇ ਕੱਪੜੇ ਖੁਦ ਧੋਂਦੇ ਸਨ। ਜਦੋਂ ਡਾ. ਸੁਗਨਾ ਪਾਰਕਿੰਸਨਸ ਨਾਲ ਬਿਮਾਰ ਹੋ ਗਈ, ਤਾਂ ਸੀ.ਐੱਸ ਨੇ ਦੂਜਿਆਂ ਦੀ ਮਦਦ ਲਏ ਬਿਨਾਂ ਉਸ ਦੀ ਦੇਖਭਾਲ ਖੁਦ ਕੀਤੀ। ਸੀ ਪੀ ਆਈ ਵਿੱਚ ਫੁੱਟ ਤੋਂ ਬਾਅਦ, ਸੀ.ਐੱਸ ਪਾਰਟੀ ਦੇ ਨਾਲ ਰਹੇ।ਡਾ. ਅਧਿਕਾਰੀ ਦੀ ਬੇਨਤੀ 'ਤੇ ਸੀ.ਐੱਸ ਨੇ ਦੱਖਣੀ ਭਾਰਤ ਵਿੱਚ ਕਮਿਊਨਿਸਟ ਲਹਿਰ ਦੇ ਇਤਿਹਾਸ ਨੂੰ ਸੰਕਲਿਤ ਕਰਨ ਦਾ ਕੰਮ ਕੀਤਾ।

ਉਹ ਆਪਣੀ ਪਤਨੀ ਨਾਲ ਕਾਰ ਚਲਾਉਂਦੇ ਹੋਏ ਇਰੋਡ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਲਗਾਏ ਗਏ ਮੈਡੀਕਲ ਕੈਂਪਾਂ ਵਿੱਚ ਵਿਆਪਕ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਨੇ ਗੋਬੀਚੇਟੀਪਲਯਮ ਵਿੱਚ ਆਪਣਾ ਘਰ ਅਤੇ ਜਗ੍ਹਾ ਦਾਨ ਕੀਤੀ, ਜਿਸ ਦੀ ਕੀਮਤ ਤਿੰਨ ਕਰੋੜ ਰੁਪਏ ਹੈ। ਤਾਮਿਲਨਾਡੂ ਸੀ ਪੀ ਆਈ ਨੇ 'ਸੀ.ਐੱਸ.ਐੱਸ ਮੈਮੋਰੀਅਲ ਪਾਰਟੀ ਸਕੂਲ' ਨਾਮਕ ਜਗ੍ਹਾ 'ਤੇ ਇੱਕ 3 ਮੰਜ਼ਲਾ ਇਮਾਰਤ ਬਣਾਈ ਹੈ।

ਸੀ.ਐੱਸ ਸੁਬਰਾਮਨੀਅਮ ਦਾ ਦੇਹਾਂਤ 18 ਸਤੰਬਰ, 2011 ਨੂੰ 101 ਸਾਲ ਦੀ ਉਮਰ ਵਿੱਚ ਹੋਇਆ। ਜੋ ਉਨ੍ਹਾਂ ਨੂੰ ਜਾਣਦੇ ਸਨ, ਉਨ੍ਹਾਂ ਨੂੰ ਗੰਭੀਰਤਾ ਨਾਲ ਯਾਦ ਕਰਦੇ ਹਨ।


**ਸੰਪਰਕ : 9988-49102**


# ਭੁਚਾਲ ਸਿਟੀ


ਹਰਜੀਤ ਸਿੰਘ


ਅੱਜ ਭਾਵੇਂ ਇਨਸਾਨ ਸਪੇਸ ਦੀ ਯਾਤਰਾ ਕਰਨ ਵਿੱਚ ਕਾਮਯਾਬ ਹੋ ਚੁੱਕਾ ਹੈ।ਫਿਰ ਵੀ ਅਜੇ ਤੱਕ ਕੁਦਰਤ ਅੱਗੇ ਬੇਵੱਸ ਹੈ। ਕੁਝ ਸੈਕਿੰਡਾਂ ਦੇ ਝਟਕੇ ਸਭ ਕੁੱਝ ਤਹਿਸ-ਨਹਿਸ ਕਰ ਦੇਂਦੇ ਹਨ।

ਨਿਊਜ਼ੀਲੈਂਡ ਦੇ ਸ਼ਹਿਰ ਕਰਾਈਸਟਚਰਚ ਵਿਖੇ ਇੱਕ ਪਰਵਾਰਕ ਪ੍ਰੋਗਰਾਮ ਦੌਰਾਨ ਇੱਕ ਲੜਕੇ ਨੇ ਦੱਸਿਆ ਕਿ ਉਹ 2010 ਵਿੱਚ ਸਟੱਡੀ ਵੀਜ਼ੇ 'ਤੇ ਇੱਥੇ ਆਇਆ ਸੀ। ਫਰਵਰੀ 2011 ਨੂੰ ਇਕ ਜ਼ਬਰਦਸਤ ਭੁਚਾਲ ਆਇਆ। ਮੇਰੇ ਵੇਖਦਿਆਂ-ਵੇਖਦਿਆਂ ਇਮਾਰਤਾਂ ਤਾਸ਼ ਦੇ ਪੱਤਿਆਂ ਵਾਂਗ ਡਿੱਗ ਕੇ ਮਲਬੇ ਦਾ ਰੂਪ ਧਾਰਨ ਕਰ ਗਈਆਂ। ਇਹ ਦ੍ਰਿਸ਼ ਕਿਸੇ ਡਰਾਉਣੀ ਫਿਲਮ ਤੋਂ ਘੱਟ ਨਹੀਂ ਸੀ। ਸੜਕਾਂ ਪਾਟ ਗਈਆਂ। ਬਿਜਲੀ ਸਪਲਾਈ ਬੰਦ ਹੋ ਗਈ।ਕਰਾਈਸਟਚਰਚ ਦਾ ਦੁਨੀਆ ਨਾਲੋਂ ਸੰਪਰਕ ਟੁੱਟ ਗਿਆ।ਤਿੰਨ ਦਿਨਾਂ ਬਾਅਦ ਸਰਕਾਰ ਨੇ ਲੋਕਾਂ ਨੂੰ ਪਾਣੀ, ਦੁੱਧ ਅਤੇ ਬਰੈੱਡਾਂ ਪਹੁੰਚਾਈਆਂ।6.3 ਦੀ ਤੀਬਰਤਾ ਵਾਲੇ ਇਸ ਭੁਚਾਲ ਵਿੱਚ 185 ਵਿਅਕਤੀ ਮਾਰੇ ਗਏ ਅਤੇ ਹਜ਼ਾਰਾਂ ਹੀ ਜ਼ਖਮੀ ਹੋਏ।ਦੁਪਹਿਰ ਦਾ ਸਮਾਂ ਸੀ।ਅੱਜ ਵੀ ਸਮੇਂ-ਸਮੇਂ ਸਰਕਾਰ ਲੋਕਾਂ ਨੂੰ ਅਜਿਹੀ ਕੁਦਰਤੀ ਆਫਤ ਨਾਲ ਨਜਿੱਠਣ ਲਈ ਟਰੇਨਿੰਗ ਦਿੰਦੀ ਰਹਿੰਦੀ ਹੈ ਅਤੇ ਲੋਕਾਂ ਨੂੰ ਇੱਕ ਹਫਤੇ ਦਾ ਰਾਸ਼ਨ-ਪਾਣੀ ਜਮ੍ਹਾਂ ਰੱਖਣ ਦੀ ਤਾਕੀਦ ਕਰਦੀ ਹੈ।

ਸਾਇੰਸ ਮੁਤਾਬਿਕ ਧਰਤੀ ਵਿਚਲੀਆਂ ਟੈਕਟੋਨਿਕ ਪਲੇਟਾਂ ਆਪਸ ਵਿੱਚ ਟਕਰਾਉਂਦੀਆਂ ਜਾਂ ਖਿਸਕਦੀਆਂ ਹਨ ਤਾਂ ਅਚਾਨਕ ਬਹੁਤ ਜ਼ਿਆਦਾ ਊਰਜਾ ਪੈਦਾ ਹੁੰਦੀ ਹੈ ਅਤੇ ਜਦੋਂ ਇਹ ਊਰਜਾ ਰਿਲੀਜ਼ ਹੁੰਦੀ ਹੈ ਤਾਂ ਧਰਤੀ ਹਿੱਲਦੀ ਹੈ ਅਤੇ ਭੁਚਾਲ ਆਉਂਦੇ ਹਨ।ਇਹ ਨਾ ਸਮਝਣਾ ਕਿ ਇਸ ਲਈ ਕੁਦਰਤ ਹੀ ਜ਼ਿੰਮੇਵਾਰ ਹੈ।ਇਨਸਾਨ ਵੱਲੋਂ ਬਣਾਏ ਗਏ ਡੈਮ, ਮਾਈਨਿੰਗ ਅਤੇ ਤੇਲ ਗੈਸ ਕੱਢਣਾ ਵੀ ਜ਼ਿੰਮੇਵਾਰ ਹੈ।

ਨਿਊਜ਼ੀਲੈਂਡ ਦੇ ਅਸਲ ਬਸ਼ਿੰਦੇ ਮਾਉਰੀ ਹਨ ਅਤੇ ਦੰਦ ਕਥਾ ਮੁਤਾਬਿਕ ਇਹ ਸੰਸਾਰ-ਅਸਮਾਨ (ਪਿਤਾ ਰੰਗੂ) ਅਤੇ ਧਰਤੀ ਮਾਂ (ਪਾਪਾਤੁਆਨੂਕੋ) ਨੂੰ ਇੱਕ-ਦੂਜੇ ਤੋਂ ਵੱਖ ਕਰਨ 'ਤੇ ਹੋਂਦ ਵਿੱਚ ਆਇਆ।ਉਸ ਵੇਲੇ ਇਹਨਾਂ ਦਾ ਇੱਕ ਬੱਚਾ ਰਾਊਮੋਕੋ, ਅਜੇ ਮਾਂ ਦੇ ਗਰਭ ਵਿੱਚ ਹੀ ਸੀ। ਮਾਂ ਉਸ ਨੂੰ ਧਰਤੀ ਦੇ ਹੇਠਾਂ (ਅੰਡਰ ਵਰਲਡ) ਵਿੱਚ ਲੈ ਗਈ, ਜਿੱਥੇ ਉਹ ਅਜੇ ਵੀ ਹੈ ਅਤੇ ਉਸ ਬੱਚੇ ਦੀਆਂ ਹਰਕਤਾਂ ਜਿਵੇਂ ਲੱਤਾਂ ਮਾਰਨਾ ਅਤੇ ਫਿਰ ਸ਼ਾਂਤ ਹੋ ਜਾਣ ਕਾਰਨ ਧਰਤੀ ਹਿੱਲਦੀ ਹੈ ਅਤੇ ਭੁਚਾਲ ਆਉਂਦੇ ਹਨ।

ਨਿਊਜ਼ੀਲੈਂਡ ਵਿੱਚ ਭੁਚਾਲ ਆਉਂਦੇ ਰਹਿੰਦੇ ਹਨ।ਅੰਦਾਜ਼ਨ ਹਰ ਸਾਲ ਬਾਅਦ 7 ਦੀ ਤੀਬਰਤਾ ਵਾਲਾ ਭੁਚਾਲ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿੱਚ ਆਉਂਦਾ ਹੈ।ਆਮ ਤੌਰ 'ਤੇ ਵੱਡੇ ਭੁਚਾਲ ਤੋਂ ਬਾਅਦ ਨਿੱਕੇ-ਨਿੱਕੇ ਭੁਚਾਲ ਮਹੀਨਿਆਂਬੱਧੀ ਅਤੇ ਕਈ ਵਾਰ ਸਾਲਾਂ ਤੱਕ ਆਉਂਦੇ ਰਹਿੰਦੇ ਹਨ। ਇਸ ਤੋਂ ਪਹਿਲਾਂ ਸਤੰਬਰ 2010 ਨੂੰ ਵੀ ਵੱਡਾ ਭੁਚਾਲ ਆਇਆ ਸੀ। 4 ਸਤੰਬਰ ਤੋਂ ਬਾਅਦ 11800 ਝਟਕੇ ਮਹਿਸੂਸ ਕੀਤੇ ਗਏ। ਇਹਨਾਂ ਵਿੱਚੋਂ ਕੁਝ ਤਾਂ ਏਨੇ ਘੱਟ ਤੀਬਰਤਾ ਦੇ ਸਨ ਕਿ ਲੋਕਾਂ ਨੂੰ ਇਹਨਾਂ ਦਾ ਪਤਾ ਹੀ ਨਹੀਂ ਲੱਗਾ। ਇਹਨਾਂ ਵਿੱਚੋਂ 3600 ਤਿੰਨ ਤੋਂ ਵੱਧ ਤੀਬਰਤਾ ਦੇ ਸਨ।

ਮੈਨੂੰ ਪਤਾ ਲੱਗਾ ਕਿ ਸ਼ਹਿਰ ਵਿੱਚ ਇੱਕ ਕੁਏਕ (ਭੁਚਾਲ) ਸਿਟੀ ਹੈ।ਜਿੱਥੇ ਤਸਵੀਰਾਂ ਅਤੇ ਵੀਡੀਓ ਰਾਹੀਂ ਭੁਚਾਲ ਦਾ ਪੂਰਾ ਵੇਰਵਾ ਦਿੱਤਾ ਹੈ।ਮੈਂ ਉੱਥੇ ਪਹੁੰਚ ਗਿਆ।ਟਿਕਟ ਕਾਊਂਟਰ 'ਤੇ ਟਿਕਟ ਦਾ ਰੇਟ 20 ਡਾਲਰ ਸੀ, ਪਰ ਸੀਨੀਅਰ ਸਿਟੀਜ਼ਨ ਲਈ 16 ਡਾਲਰ ਸੀ।ਵਿਦਿਆਰਥੀਆਂ ਦੀ ਟਿਕਟ ਵੀ 16 ਡਾਲਰ ਸੀ।ਇੱਥੇ ਸੀਨੀਅਰ ਸਿਟੀਜ਼ਨ 65 ਸਾਲ ਦੀ ਉਮਰ ਹੋਣ 'ਤੇ ਮੰਨਿਆ ਜਾਂਦਾ ਹੈ।ਵ੍ਹਾਈਟ ਲੋਕ ਤੁਹਾਡੇ 'ਤੇ ਵਿਸ਼ਵਾਸ ਕਰਦੇ ਹਨ।ਮੈਂ ਆਖਿਆ ਕਿ ਮੈਂ ਸੀਨੀਅਰ ਸਿਟੀਜ਼ਨ ਹਾਂ ਪਰ ਇਸ ਵੇਲੇ ਮੇਰੇ ਕੋਲ ਇਸ ਦਾ ਕੋਈ ਸਬੂਤ ਨਹੀਂ ਹੈ।ਉਸ ਨੇ ਬਿਨਾਂ ਕੁਝ ਕਹੇ 16 ਡਾਲਰ ਦੀ ਟਿਕਟ ਮੇਰੇ ਹੱਥ ਫੜਾਈ।ਇੰਡੀਆ ਵਿੱਚ ਮੈਂ ਵੇਖਿਆ ਕਿ ਵਿਦੇਸ਼ੀਆਂ ਅਤੇ ਭਾਰਤੀਆਂ ਲਈ ਟਿਕਟਾਂ ਦੇ ਰੇਟ ਵੱਖਰੇ ਹਨ। ਮਿਸਾਲ ਦੇ ਤੌਰ 'ਤੇ ਤਾਜ ਮਹੱਲ ਦੇਖਣ ਲਈ ਭਾਰਤੀਆਂ ਦੀ ਟਿਕਟ ਅੰਦਾਜ਼ਨ 50 ਰੁਪਏ ਵਿਚ ਹੈ। ਵਿਦੇਸ਼ੀਆਂ ਦੀ ਡਾਲਰਾਂ ਵਿੱਚ।ਜਦੋਂ ਡਾਲਰਾਂ ਨੂੰ ਰੁਪਏ ਵਿੱਚ ਜਮ੍ਹਾਂ-ਘਟਾਓ ਕਰਕੇ ਵੇਖੋ ਤਾਂ ਵਿਦੇਸ਼ੀਆਂ ਦੀ ਟਿਕਟ ਦਾ ਰੇਟ 1100 ਰੁਪਏ ਬਣਦਾ ਹੈ, ਜਦੋਂਕਿ ਇੱਥੇ ਟਿਕਟ ਸਾਰਿਆਂ ਲਈ ਇੱਕਸਾਰ ਸੀ।

ਅੰਦਰ ਵੜਦਿਆਂ ਹੀ ਤਸਵੀਰਾਂ ਰਾਹੀਂ ਅਤੇ ਆਡੀਓ-ਵੀਡੀਓ ਰਾਹੀਂ ਭੁਚਾਲ ਦੀ ਤਬਾਹੀ ਦੇ ਦ੍ਰਿਸ਼ ਬਿਆਨ ਕੀਤੇ ਗਏ ਸਨ।ਇਕ ਕਮਰੇ ਵਿੱਚ ਇੱਕ ਸਕਰੀਨ 'ਤੇ ਲੋਕ ਉਸ ਸਮੇਂ ਵੇਖੇ ਹਾਲਾਤ ਨੂੰ ਬਿਆਨ ਕਰ ਰਹੇ ਸਨ। ਇੱਕ ਥਾਂ 'ਤੇ ਭੁਚਾਲ ਮਾਪਣ ਲਈ ਯੰਤਰ ਲਗਾਇਆ ਹੋਇਆ। ਉਸ ਦੇ ਸਾਹਮਣੇ ਖਲੋਣ ਲਈ ਜ਼ਮੀਨ 'ਤੇ ਦੋ ਪੈਰ ਬਣਾਏ ਹੋਏ ਸਨ। ਤੁਸੀਂ ਉਹਨਾਂ ਪੈਰਾਂ 'ਤੇ ਖਲੋ ਕੇ ਜ਼ੋਰ ਦੀ ਪੈਰ ਜ਼ਮੀਨ 'ਤੇ ਮਾਰੋ, ਸਕਰੀਨ 'ਤੇ ਭੁਚਾਲ ਦੀ ਤੀਬਰਤਾ ਦਿਖਾਈ ਦੇਂਦੀ ਹੈ।

ਸ਼ਹਿਰ ਵਿੱਚ ਬਿਜਲੀ, ਪਾਣੀ, ਸੀਵਰੇਜ, ਸੜਕਾਂ ਅਤੇ ਬਿਲਡਿੰਗਾਂ ਦਾ ਭਾਰੀ ਨੁਕਸਾਨ ਹੋਇਆ ।ਸਿਟੀ ਕੌਂਸਲ ਦੇ ਮੁਤਾਬਿਕ 1021 ਕਿਲੋਮੀਟਰ ਸੜਕਾਂ ਦਾ ਨੁਕਸਾਨ ਹੋਇਆ। 124 ਕਿਲੋਮੀਟਰ ਪਾਣੀ ਸਪਲਾਈ ਕਰਨ ਵਾਲੀਆਂ ਪਾਈਪਾਂ ਦਾ ਨੁਕਸਾਨ ਹੋਇਆ।ਸਰਕਾਰ ਨੇ ਭਾਵੇਂ ਹਫਤੇ ਵਿਚ ਹੀ ਸਾਰੇ ਘਰਾਂ ਨੂੰ ਪਾਣੀ ਸਪਲਾਈ ਕਰ ਦਿੱਤਾ ਸੀ, ਪਰ ਪੂਰੀ ਤਰ੍ਹਾਂ ਪਾਣੀ ਸਪਲਾਈ ਬਹਾਲ ਕਰਨ ਨੂੰ ਮਹੀਨਾਂ ਲੱਗ ਗਿਆ। 300 ਕਿਲੋਮੀਟਰ ਤੋਂ ਵੱਧ ਸੀਵਰੇਜ ਪਾਈਪਾਂ ਦਾ ਨੁਕਸਾਨ ਹੋਇਆ। 190000 (ਘਰਾਂ ਅਤੇ ਬਿਜ਼ਨੈਸ ਘਰ) ਵਿਚੋਂ 50 ਪ੍ਰਤੀਸ਼ਤ ਬਿਜਲੀ ਤੋਂ ਵਿਰਵੇ ਹੋ ਗਏ।ਅੰਦਾਜ਼ਨ ਮਹੀਨੇ ਦੇ ਅੰਦਰ ਸਾਰਿਆਂ ਨੂੰ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਗਈ।

ਜਦੋਂ ਹੁਣ ਪੰਜਾਬ ਵਿੱਚ ਹੜ੍ਹ ਆਏ ਤਾਂ ਅਣਗਿਣਤ ਹੱਥ, ਪੀੜਤਾਂ ਦੀ ਮਦਦ ਲਈ ਅੱਗੇ ਆਏ।ਇਹ ਜਜ਼ਬਾ ਵੀ ਇੱਥੇ ਵੇਖਣ ਨੂੰ ਮਿਲਿਆ। ਚੀਨ, ਰੂਸ, ਇੰਗਲੈਂਡ, ਆਸਟਰੇਲੀਆ, ਅਮਰੀਕਾ, ਜਪਾਨ, ਸਿੰਘਾਪੁਰ ਅਤੇ ਕਈ ਹੋਰ ਦੇਸ਼ਾਂ ਦੇ ਐਕਸਪਰਟ ਪੀੜਤਾਂ ਦੀ ਮਦਦ ਲਈ ਨਿਊਜ਼ੀਲੈਂਡ ਪਹੁੰਚ ਗਏ।ਫਾਇਰ ਬ੍ਰਿਗੇਡ ਕੋਲ 166 ਮੁਲਾਜ਼ਮ ਸਨ ਅਤੇ ਵਲੰਟੀਅਰ 400 ਸਨ।ਦਸ ਹਫਤਿਆਂ ਲਈ ਨੈਸ਼ਨਲ ਸਟੇਟ ਐਮਰਜੰਸੀ ਲਾਗੂ ਕਰ ਦਿੱਤੀ ਗਈ। ਇੰਜੀਨੀਅਰ, ਫੌਜ ਦੇ ਸਿਪਾਹੀ, ਠੇਕੇਦਾਰ ਅਤੇ ਹੋਰ ਸਪੈਸ਼ਲਿਸਟ ਮਰ ਚੁੱਕੇ ਅਤੇ ਮਲਬੇ ਵਿਚ ਫਸੇ ਲੋਕਾਂ ਦੀ ਭਾਲ ਵਿੱਚ ਨਿਕਲ ਤੁਰੇ।ਸ਼ਹਿਰ ਵਿੱਚ ਯੂ ਐੱਸ ਏ ਆਰ ਟੀਮ ਦੇ ਨਾਂਅ ਲਿਖੇ ਹਨ, ਕਦੋਂ ਕੰਮ ਸ਼ੁਰੂ ਕੀਤਾ ਤੇ ਕਦੋਂ ਖਤਮ ਕੀਤਾ ਆਦਿ ਵੇਰਵਾ ਲਿਖਿਆ ਹੈ।ਸਪੈਸ਼ਲ ਸਿਖਲਾਈ ਯਾਫਤਾ ਕੁੱਤਿਆਂ ਨੇ ਵੀ ਮਲਬੇ ਹੇਠ ਦੱਬੇ ਜ਼ਖਮੀਆਂ ਅਤੇ ਮ੍ਰਿਤਕਾਂ ਨੂੰ ਲੱਭਣ ਵਿੱਚ ਆਪਣਾ ਯੋਗਦਾਨ ਪਾਇਆ।

ਮੰਨ ਲਿਆ ਕਿ ਕੁਦਰਤ ਇੱਕ ਬੇਪਨਾਹ ਤਾਕਤ ਹੈ, ਪਰ ਜੇਕਰ ਇਸ ਧਰਤੀ ਦੇ ਬਸ਼ਿੰਦੇ ਲੱਕ ਬੰਨ੍ਹ ਕੇ ਤੁਰ ਪੈਣ ਤਾਂ ਕੁਦਰਤ ਨੂੰ ਜੇਕਰ ਹਰਾ ਨਹੀਂ ਸਕਦੇ ਤਾਂ ਮੁਕਾਬਲਾ ਜ਼ਰੂਰ ਕਰ ਸਕਦੇ ਹਨ। ਇੱਕ ਕੰਧ 'ਤੇ ਲਿਖਿਆ ਸੀ ਕਿ ਇਸ ਸਾਈਕਲ ਨੂੰ ਚਲਾਓ ਅਤੇ ਉਸ ਸਮੇਂ ਦੀ ਤਰਾਸਦੀ ਨਾਲ ਸੰਬੰਧਤ ਇੱਕ ਛੋਟੀ ਜਿਹੀ ਫਿਲਮ ਦੇਖੋ। ਜਦੋਂ ਮੈਂ ਇਸ ਸਾਈਕਲ ਨੂੰ ਚਲਾਇਆ ਤਾਂ ਵੇਖਿਆ ਕਿ ਟੀ ਵੀ 'ਤੇ ਕੁਝ ਲੋਕ ਸਾਈਕਲ




ਚਲਾਉਂਦੇ ਦਿਖਾਈ ਦਿੱਤੇ। ਇਹ ਲੋਕ ਉਸ ਸਮੇਂ ਇੱਕ ਥੀਏਟਰ ਦੇ ਬਾਹਰ ਬਣੇ ਸਾਈਕਲ ਸਟੈਂਡ 'ਤੇ ਸਾਈਕਲ ਚਲਾ ਰਹੇ ਸਨ ਤਾਂ ਜੋ ਇਸ ਤਰਾਸਦੀ ਨਾਲ ਸੰਬੰਧਤ ਇੱਕ ਫਿਲਮ ਜੋ 2 ਮਿੰਟ ਅਤੇ 18 ਸੈਕਿੰਡ ਦੀ ਸੀ, ਦੇਖ ਸਕਣ। ਭੁਚਾਲ ਕਾਰਨ ਥੀਏਟਰ ਦੀ ਬਿਜਲੀ ਬੰਦ ਹੋ ਗਈ ਸੀ, ਜਿਸ ਕਾਰਨ ਥੀਏਟਰ ਦੀਆਂ ਬੈਟਰੀਆਂ ਚਾਰਜ ਨਹੀਂ ਹੋ ਰਹੀਆਂ ਸਨ।ਥੀਏਟਰ ਦੀਆਂ ਬੈਟਰੀਆਂ ਨੂੰ ਸਾਈਕਲ ਚਲਾਉਣ ਨਾਲ ਪੈਦਾ ਹੁੰਦੀ ਊਰਜਾ ਨਾਲ ਜੋੜ ਦਿੱਤਾ। ਲੋਕਾਂ ਨੇ ਸਾਈਕਲਾਂ ਨੂੰ ਚਲਾ ਕੇ ਏਨੀ ਬਿਜਲੀ ਪੈਦਾ ਕਰ ਦਿੱਤੀ ਕਿ ਥੀਏਟਰ ਦਾ ਪ੍ਰੋਜੈਕਟਰ ਅਤੇ ਆਵਾਜ਼ ਸਿਸਟਮ ਦੀਆਂ ਬੈਟਰੀਆਂ ਚਾਰਜ ਕਰ ਦਿੱਤੀਆਂ। ਲੋਕ, ਮੇਰੇ ਵਾਂਗ ਅੱਜ ਵੀ ਸਾਈਕਲ ਚਲਾ ਕੇ ਉਹ ਫਿਲਮ ਦੇਖ ਸਕਦੇ ਹਨ। ਸਾਡੇ ਪੰਜਾਬ ਵਿੱਚ ਅਜੇ ਘਰਾਂ ਦਾ ਬੀਮਾ ਕਰਵਾਉਣ ਦਾ ਰਿਵਾਜ ਨਹੀਂ ਹੈ ਜਾਂ ਕਹਿ ਲਓ ਇਸ ਦੀ ਜ਼ਰੂਰਤ ਨਹੀਂ ਸਮਝੀ ਜਾਂਦੀ, ਪਰ ਨਿਊਜ਼ੀਲੈਂਡ ਵਿੱਚ ਘਰਾਂ ਦਾ ਬੀਮਾ ਕਰਾਉਣਾ ਜ਼ਰੂਰੀ ਹੈ। ਭੁਚਾਲ ਨਾਲ ਘਰਾਂ ਦਾ ਵੱਡੀ ਪੱਧਰ 'ਤੇ ਨੁਕਸਾਨ ਹੋਇਆ, ਜਿਸ ਦੀ ਭਰਪਾਈ ਬੀਮਾ ਕੰਪਨੀਆਂ ਨੇ ਕਰਨੀ ਸੀ।ਨਿਊਜ਼ੀਲੈਂਡ ਦੇ ਕੁਦਰਤੀ ਆਫਤ ਕਮਿਸ਼ਨ ਨੇ ਪ੍ਰਾਈਵੇਟ ਬੀਮਾ ਕੰਪਨੀਆਂ ਰਾਹੀਂ ਲੋਕਾਂ ਨੂੰ ਰਾਹਤ ਦਿੱਤੀ। ਇਸ ਸੰਸਥਾ ਕੋਲ 2010 ਤੱਕ ਸਿਰਫ 22 ਪੱਕੇ ਮੁਲਾਜ਼ਮ ਸਨ। ਦੋ ਸਾਲਾਂ ਬਾਅਦ ਇਹ ਗਿਣਤੀ 1800 ਤੱਕ ਪਹੁੰਚ ਗਈ। ਲੱਗਭੱਗ 470000 ਲੋਕਾਂ ਨੇ ਬੀਮਾ ਕਲੇਮ ਦੀਆਂ ਦਰਖਾਸਤਾਂ ਦਿੱਤੀਆਂ ਅਤੇ ਲੋਕਾਂ ਨੂੰ ਰਿਪੇਅਰ ਅਤੇ ਨਕਦ ਸੈਟਲਮੈਂਟ ਅਧੀਨ 9,8 ਬਿਲੀਅਨ ਡਾਲਰਾਂ ਦੀ ਅਦਾਇਗੀ ਕੀਤੀ।ਅੱਜ ਵੀ ਜਦੋਂ ਤੁਸੀਂ ਘਰ ਖਰੀਦਦੇ ਹੋ ਤਾਂ ਘਰ ਨੂੰ ਭੁਚਾਲ ਕਾਰਨ ਹੋਏ ਨੁਕਸਾਨ, ਬੀਮਾ ਕੰਪਨੀ ਨੇ ਦਿੱਤਾ ਕਲੇਮ ਅਤੇ ਘਰ ਦੀ ਰਿਪੇਅਰ ਆਦਿ ਬਾਰੇ ਰਿਪੋਰਟ ਜਿਸ ਨੂੰ ਈ ਸੀ ਕਿਊ ਕਿਹਾ ਜਾਂਦਾ ਹੈ, ਪੇਸ਼ ਕਰਨੀ ਲਾਜ਼ਮੀ ਹੁੰਦੀ ਹੈ ਤਾਂ ਜੋ ਖਰੀਦਦਾਰ ਨੂੰ ਘਰ ਬਾਰੇ ਪੂਰੀ ਜਾਣਕਾਰੀ ਹੋਵੇ। ਕੌਂਸਲ ਵੱਲੋਂ ਇਹ ਰਿਪੋਰਟ ਸਰਕਾਰੀ ਫੀਸ ਲੈ ਕੇ ਜਾਰੀ ਕੀਤੀ ਜਾਂਦੀ ਹੈ।

ਸ਼ਹਿਰ ਦੇ ਬਹੁ-ਮੰਜ਼ਲਾ ਹੋਟਲ ਗ੍ਰਾਂਡ ਚਾਂਸਲਰ ਦਾ ਕਾਫੀ ਨੁਕਸਾਨ ਹੋਇਆ। ਇਹ ਬਿਲਡਿੰਗ ਇੱਕ ਮੀਟਰ ਇੱਕ ਪਾਸੇ ਝੁਕ ਗਈ।ਆਮ ਤੌਰ 'ਤੇ ਅਜਿਹੀਆਂ ਬਿਲਡਿੰਗਾਂ ਨੂੰ ਢਾਹੁਣ ਲਈ ਇੱਕ ਹੀ ਝਟਕੇ ਨਾਲ ਧਮਾਕਾ ਕਰਕੇ ਢਾਹ ਦਿੱਤਾ ਜਾਂਦਾ ਹੈ, ਪਰ ਇਸ ਬਿਲਡਿੰਗ ਨੂੰ ਢਾਹੁਣ ਲਈ ਛੇ ਮਹੀਨੇ ਲੱਗੇ। ਇੱਕ ਮੰਜ਼ਲ ਇੱਕ ਵਾਰੀ ਢਾਹੀ ਜਾਂਦੀ ਸੀ।ਇਹ ਸਾਰਾ ਕੰਮ ਮਈ 2012 ਤੱਕ ਮੁਕੰਮਲ ਹੋਇਆ, ਕਿਉਂਕਿ ਇੱਥੋਂ ਹਰ ਚੀਜ਼ ਜੋ ਵਰਤੀ ਜਾ ਸਕਦੀ ਸੀ, ਉਤਾਰ ਲਈ ਗਈ।ਇਸ ਕਰਕੇ ਜ਼ਿਆਦਾ ਸਮਾਂ ਲੱਗਿਆ। ਸ਼ਹਿਰ ਦੀਆਂ ਲੱਗਭੱਗ 80 ਪ੍ਰਤੀਸ਼ਤ ਬਿਲਡਿੰਗਾਂ ਨੂੰ ਢਾਹੁਣਾ ਪਿਆ।ਕੰਮ ਚਲਾਉਣ ਲਈ ਸਿਪਿੰਗ ਕੰਟੇਨਰਾਂ ਦੀ ਵਰਤੋਂ, ਸਾਮਾਨ ਰੱਖਣ ਲਈ ਦੁਕਾਨਾਂ ਆਦਿ ਕਈ ਹੋਰ ਕੰਮਾਂ ਲਈ ਕੀਤੀ ਗਈ।ਇੱਕ ਚਰਚ ਦਾ ਭਾਰੀ ਨੁਕਸਾਨ ਹੋਇਆ। ਇਸ ਦੇ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਅੰਦਰ ਜਾਣਾ ਖਤਰੇ ਤੋਂ ਖਾਲੀ ਨਹੀਂ ਸੀ। ਇਸ ਲਈ ਇੱਕ ਡਰੋਨ ਅੰਦਰ ਭੇਜਿਆ ਗਿਆ ਤਾਂ ਜੋ ਬਿਲਡਿੰਗ ਦੀ ਸੁਰੱਖਿਆ ਦਾ ਅੰਦਾਜ਼ਾ ਲਗਾਇਆ ਜਾ ਸਕੇ।ਡਰੋਨ ਨੇ ਇਹ ਕੰਮ ਬਾਖੂਬੀ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਭਾਰਤੀ ਲੋਕਤੰਤਰ ਵਿੱਚ ਅਦਾਲਤਾਂ ਦੇ ਫੈਸਲੇ ਵੀ ਆਮ ਨਾਗਰਿਕ ਲਈ ਸੁਖਾਵੇਂ ਨਹੀਂ ਜਾਪਦੇ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਹਿੰਦੀ ਦੀ ਕਹਾਵਤ ਬਹੁਤ ਲੋਕਾਂ ਨੇ ਸੁਣੀ ਹੋਵੇਗੀ : 'ਤੂ ਡਾਲ-ਡਾਲ, ਮੈਂ ਪਾਤ-ਪਾਤ।' ਕਹਿਣ ਦਾ ਭਾਵ ਇਹ ਹੈ ਕਿ ਜਿਹੜੀ ਟਾਹਣੀ ਤੱਕ ਤੂੰ ਜਾਵੇਂਗਾ, ਮੈਂ ਉਸ ਤੋਂ ਅੱਗੇ ਵਧ ਕੇ ਪੱਤੇ-ਪੱਤੇ ਤੱਕ ਚਲਾ ਜਾਵਾਂਗਾ, ਪਰ ਤੇਰਾ ਪਿੱਛਾ ਕਦੀ ਨਹੀਂ ਛੱਡਾਂਗਾ, ਬਲਕਿ ਕੋਈ ਵੀ ਦਾਅ ਲੜਾਉਣਾ ਪਵੇ, ਮਰਜ਼ੀ ਮੈਂ ਆਪਣੀ ਹੀ ਪੁਗਾਵਾਂਗਾ। ਇਹ ਕੁਝ ਅੱਜਕੱਲ੍ਹ ਭਾਰਤ ਦੇ ਲੋਕਤੰਤਰ ਵਿੱਚ ਆਮ ਵੇਖਣ ਨੂੰ ਮਿਲਦਾ ਹੈ। ਸਰਕਾਰ ਇੱਕ ਫੈਸਲਾ ਕਰਦੀ ਹੈ। ਇਸ ਦੇ ਵਿਰੋਧ ਵਿੱਚ ਜਦੋਂ ਕਿਧਰੇ ਕੋਈ ਕਿਸੇ ਅਦਾਲਤ ਦਾ ਦਰ ਖੜਕਾਉਂਦਾ ਹੈ ਤਾਂ ਅਦਾਲਤ ਉਸ ਦੇ ਕਹੇ ਮੁਤਾਬਕ ਕਦੀ ਨੋਟਿਸ ਜਾਰੀ ਕਰਦੀ ਤੇ ਕਦੀ ਜਲਦੀ ਸੁਣਵਾਈ ਕਰ ਕੇ ਕੋਈ ਨਿਰਣਾ ਤੱਕ ਕਰਨ ਲੱਗਦੀ ਹੈ ਤਾਂ ਸਰਕਾਰ ਚੁੱਪ ਨਹੀਂ ਬੈਠਦੀ, ਉਸ ਅਦਾਲਤੀ ਨਿਰਣੇ ਨੂੰ ਆਪਣੇ ਪੱਖ ਵਿੱਚ ਬਦਲਣ ਦਾ ਹਰ ਦਾਅ ਵਰਤਦੀ ਅਤੇ ਬਹੁਤੀ ਵਾਰ ਫੈਸਲਾ ਬਦਲ ਵੀ ਲੈਂਦੀ ਹੈ। ਇਸ ਵਿਹਾਰ ਦੀ ਮਾਰ ਇਸ ਹੱਦ ਤੱਕ ਵਧ ਗਈ ਹੈ ਕਿ ਰਾਜ ਸਰਕਾਰਾਂ ਵੀ ਏਦਾਂ ਦੇ ਦਾਅ ਵਰਤਣ ਲੱਗ ਪਈਆਂ ਹਨ।

ਅਸੀਂ ਉਨ੍ਹਾਂ ਕੇਸਾਂ ਬਾਰੇ ਗੱਲ ਨਹੀਂ ਕਰਨਾ ਚਾਹੁੰਦੇ, ਜਿਹੜੇ ਦੇਸ਼ ਦੀ ਰਾਜਧਾਨੀ ਦਿੱਲੀ ਜਾਂ ਗੁਜਰਾਤ ਵਿੱਚ ਹੋਏ ਦੰਗਿਆਂ ਦੇ ਸੰਬੰਧ ਵਿੱਚ ਦਰਜ ਕਰਨੇ ਪਏ, ਪਰ ਪੀੜਤਾਂ ਦੀ ਪੈਰਵੀ ਵਾਸਤੇ ਸਰਕਾਰੀ ਵਕੀਲ ਵੀ ਦੋਸ਼ੀਆਂ ਦੀ ਮਦਦ ਕਰਨ ਲਈ ਚੁਣ ਕੇ ਉਸੇ ਪੱਖ ਦੇ ਨਿਯੁਕਤ ਕਰ ਦਿੱਤੇ ਗਏ ਸਨ। ਫਿਰ ਨਤੀਜਾ ਜੋ ਨਿਕਲਣਾ ਸੀ, ਉਹ ਹੀ ਨਿਕਲਦਾ ਰਿਹਾ ਅਤੇ ਸਾਰੇ ਦੋਸ਼ੀ ਵਾਰੀ-ਵਾਰੀ ਛੁੱਟਦੇ ਗਏ। ਗੁਜਰਾਤ ਵਿੱਚ ਤਾਂ ਦੋਹਰੀ ਮਾਰ ਪਈ ਕਿ ਇੱਕ ਪੱਖ ਵਾਲੇ ਦੋਸ਼ੀ ਵੀ ਛੁੱਟ ਗਏ ਤੇ ਦੂਸਰੇ ਪਾਸੇ ਕਈ ਪੀੜਤਾਂ ਨੂੰ ਬੁਰੀ ਤਰ੍ਹਾਂ ਫਸਾ ਦੇਣ ਦੀਆਂ ਗੱਲਾਂ ਸੁਣੀਆਂ ਸਨ। ਇਹੀ ਨਹੀਂ, ਅਯੁੱਧਿਆ ਦੇ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਦੇ ਕੇਸ ਵੀ ਪਹਿਲਾਂ ਹਾਈ ਕੋਰਟ ਤੱਕ ਜਿਨ੍ਹਾਂ ਪੜਾਵਾਂ ਵਿੱਚੋਂ ਲੰਘਿਆ ਤੇ ਫਿਰ ਸੁਪਰੀਮ ਕੋਰਟ ਵਿੱਚ ਜਿੱਦਾਂ ਉਹ ਸਿਰੇ ਲੱਗਾ ਸੀ, ਸਭ ਨੂੰ ਪਤਾ ਹੈ। ਉਨ੍ਹਾਂ ਪੁਰਾਣੇ ਮੁੱਦਿਆਂ ਦੀ ਚਰਚਾ ਕਰਨ ਦੀ ਇਸ ਵੇਲੇ ਇਸ ਲਈ ਲੋੜ ਨਹੀਂ ਕਿ ਬਾਅਦ ਵਿੱਚ ਏਦਾਂ ਦੇ ਕਈ ਫੈਸਲੇ ਪਿਛਲੇ ਸਮੇਂ ਵਿੱਚ ਆਉਂਦੇ ਗਏ ਸਨ, ਜਿਨ੍ਹਾਂ ਨਾਲ ਲੋਕਤੰਤਰ ਦੀ ਮੁੱਢਲੀ ਭੂਮਿਕਾ ਅਤੇ ਇਸ ਦੇ ਹਕੀਕੀ ਅਰਥ ਹੀ ਬਦਲਦੇ ਨਜ਼ਰ ਆਉਂਦੇ ਹਨ।

ਉਂਜ ਕਰਨ ਵਾਲੀ ਚਰਚਾ ਇਹ ਵੀ ਹੈ ਕਿ ਅਦਾਲਤਾਂ ਦੇ ਫੈਸਲੇ ਇੱਕ ਸਾਰ ਨਹੀਂ ਹੁੰਦੇ ਅਤੇ ਇੱਕ ਅਦਾਲਤ ਦਾ ਫੈਸਲਾ ਕਈ ਵਾਰ ਦੂਸਰੀ ਅਦਾਲਤ ਦੇ ਫੈਸਲੇ ਦੇ ਐਨ ਉਲਟ ਪੜ੍ਹਨ ਨੂੰ ਮਿਲ ਜਾਂਦਾ ਹੈ। ਹਾਈ ਕੋਰਟਾਂ ਦੇ ਫੈਸਲੇ ਜਦੋਂ ਇਸ ਤਰ੍ਹਾਂ ਇੱਕ-ਦੂਸਰੇ ਤੋਂ ਉਲਟ ਪ੍ਰਭਾਵ ਵਾਲੇ ਹੁੰਦੇ ਹਨ ਅਤੇ ਕਿਸੇ ਕੇਸ ਵਿੱਚ ਇੱਕ ਵਕੀਲ ਕਿਸੇ ਕੋਰਟ ਵੱਲੋਂ ਦਿੱਤੇ ਇੱਕ ਹੁਕਮ ਦਾ ਹਵਾਲਾ ਦੇਂਦਾ ਅਤੇ ਦੂਸਰਾ ਵਕੀਲ ਕਿਸੇ ਦੂਸਰੀ ਕੋਰਟ ਤੋਂ ਜਾਰੀ ਹੋਏ ਹੁਕਮ ਪੇਸ਼ ਕਰ ਦੇਂਦਾ ਹੈ ਤਾਂ ਸਥਿਤੀ ਉਲਝਣ ਵਾਲੀ ਬਣਦੀ ਅਤੇ ਲੋਕਾਂ ਦੇ ਵਿਸ਼ਵਾਸ ਨੂੰ ਸੱਟ ਵੱਜਦੀ ਹੈ। ਹੱਦ ਤਾਂ ਇਹ ਕਿ ਕਈ ਵਾਰੀ ਵੱਖ-ਵੱਖ ਅਦਾਲਤਾਂ ਵਿੱਚ ਹੀ ਨਹੀਂ, ਭਾਰਤ ਦੀ ਸਿਖਰਲੀ ਅਦਾਲਤ ਵਿੱਚੋਂ ਵੀ ਅਦਾਲਤੀ ਹੁਕਮ ਇੱਕ ਵਾਰੀ ਇੱਕ ਤਰ੍ਹਾਂ ਹੁੰਦਾ ਤੇ ਦੂਸਰੀ ਵਾਰ ਓਦਾਂ ਦੇ ਕੇਸ ਵਿੱਚ ਉਲਟ ਹੁਕਮ ਕਰ ਕੇ ਪਿਛਲੇ ਫੈਸਲੇ ਦੇ ਨੁਕਸ ਗਿਣਾ ਦਿੱਤੇ ਜਾਂਦੇ ਹਨ। ਪਿਛਲੇ ਸਮੇਂ ਵਿੱਚ ਇਹੋ ਜਿਹੀ ਸਥਿਤੀ ਕਈ ਵਾਰੀ ਬਣ ਚੁੱਕੀ ਹੈ। ਇੱਕ ਜੱਜ ਸਾਹਿਬ ਨੇ ਇੱਕ ਏਦਾਂ ਦਾ ਪੁਰਾਣਾ ਹੁਕਮ ਵੀ ਪਲਟ ਦਿੱਤਾ ਸੀ, ਜਿਹੜਾ ਜਾਰੀ ਕਰਨ ਵਾਲੇ ਬੈਂਚ ਵਿੱਚ ਖੁਦ ਉਨ੍ਹਾ ਦੇ ਪਿਤਾ ਜੱਜ ਸ਼ਾਮਲ ਸਨ। ਦਲੀਲ ਇਹ ਵਰਤੀ ਗਈ ਕਿ ਉਹ ਫੈਸਲਾ ਉਸ ਵਕਤ ਦੇ ਲਈ ਠੀਕ ਹੋਵੇਗਾ, ਅੱਜ ਸਥਿਤੀਆਂ ਪਹਿਲਾਂ ਤੋਂ ਬਹੁਤ ਬਦਲ ਚੁੱਕੀਆਂ ਹਨ।

ਅਦਾਲਤੀ ਹੁਕਮ ਨਾਲ ਜੇਲ੍ਹ ਵਿੱਚ ਬੰਦਾ ਕੀਤਾ ਕੋਈ ਵਿਅਕਤੀ ਅਦਾਲਤ ਵਿੱਚ ਜਾਂਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਨਾਗਰਿਕ ਵਜੋਂ ਇਸ ਦੀ ਆਜ਼ਾਦੀ ਨੂੰ ਰੋਕਾਂ ਨਹੀਂ ਲਾਈਆਂ ਜਾ ਸਕਦੀਆਂ, ਪਰ ਓਹੋ ਜਿਹਾ ਕੋਈ ਹੋਰ ਕੇਸ ਚਲਾ ਜਾਵੇ ਤਾਂ ਕਹਿੰਦੇ ਹਨ ਕਿ ਕੇਸ ਮਿਲਦਾ ਹੋਣ ਦੇ ਬਾਵਜੂਦ ਇਸ ਵਿੱਚ ਛੋਟ ਨਹੀਂ ਮਿਲ ਸਕਦੀ। ਅਦਾਲਤਾਂ ਦੇ ਰੁਖ ਤੋਂ ਲੋਕਾਂ ਦੇ ਮਨਾਂ ਵਿੱਚ ਇਹ ਰੋਸ ਵੀ ਕਈ ਵਾਰੀ ਪੈਦਾ ਹੁੰਦਾ ਹੈ ਕਿ ਵੱਡੇ ਲੋਕਾਂ ਦੇ ਕੇਸ ਸੁਣਨ ਲਈ ਰਾਤ ਵੇਲੇ ਵੀ ਜੱਜ ਬੈਠ ਜਾਂਦੇ ਹਨ, ਪਰ ਆਮ ਲੋਕਾਂ ਲਈ ਏਦਾਂ ਨਹੀਂ ਹੁੰਦਾ ਤੇ ਉਹ ਸਾਲਾਂ-ਬੱਧੀ ਨਿਆਂ ਦੀ ਆਸ ਵਿੱਚ ਖੱਜਲ-ਖੁਆਰ ਹੁੰਦੇ ਰਹਿੰਦੇ ਹਨ। ਬੀਤੇ ਹਫਤੇ ਸੁਪਰੀਮ ਕੋਰਟ ਵਿੱਚ ਇੱਕ ਇਹੋ ਜਿਹੀ ਕੁੜੀ ਦੀ ਫਰਿਆਦ ਵੀ ਪਹੁੰਚੀ ਹੈ, ਜਿਸ ਉੱਤੇ 2009 ਵਿੱਚ ਇੱਕ ਸਮਾਜ ਵਿਰੋਧੀ ਅਨਸਰ ਨੇ ਤੇਜ਼ਾਬ ਸੁੱਟਿਆ ਸੀ ਅਤੇ ਸੋਲਾਂ ਸਾਲ ਲੰਘਾ ਕੇ ਵੀ ਕੁੜੀ ਵਿਚਾਰੀ ਅਦਾਲਤਾਂ ਦੇ ਗੇੜੇ ਕੱਢਦੀ ਫਿਰਦੀ ਹੈ। ਏਸੇ ਦੇਸ਼ ਵਿੱਚ ਇੱਕ ਵਾਰੀ ਸਰਕਾਰ ਦੇ ਨੇੜਲੇ ਇੱਕ ਪੱਤਰਕਾਰ ਦਾ ਕੇਸ ਸੁਣਨ ਲਈ ਅੱਧੀ ਰਾਤ ਵੇਲੇ ਅਦਾਲਤ ਨੇ ਸੁਣਵਾਈ ਕੀਤੀ ਸੀ, ਕਿਉਂਕਿ ਉਹ ਇਸ ਦੇਸ਼ ਵਿੱਚ ਖਾਸ ਹੈਸੀਅਤ ਵਾਲਾ ਵਿਅਕਤੀ ਸੀ।

ਗੱਲ ਫੈਸਲਿਆਂ ਅਤੇ ਜ਼ੋਰਾਵਰਾਂ ਵੱਲੋਂ ਉਨ੍ਹਾਂ ਨੂੰ ਆਪਣੇ ਪੱਖ ਵਿੱਚ ਕਰਵਾਉਣ ਲਈ ਦਾਅ ਖੇਡਣ ਦੇ ਯਤਨਾਂ ਦੀ ਚੱਲਦੀ ਸੀ। ਥੋੜ੍ਹੇ ਦਿਨ ਹੋਏ ਹਨ, ਗੁਜਰਾਤ ਨਾਲ ਸੰਬੰਧਤ ਇੱਕ ਕਾਰੋਬਾਰੀ ਪਰਵਾਰ ਦੇ ਖਿਲਾਫ ਬੈਂਕਾਂ ਨਾਲ ਫਰਾਡ ਦਾ ਕੇਸ ਖਬਰਾਂ ਵਿੱਚ ਆਇਆ ਹੈ। ਉਨ੍ਹਾਂ ਬੈਂਕਾਂ ਦੇ ਬਾਰਾਂ ਹਜ਼ਾਰ ਕਰੋੜ ਰੁਪਏ ਹੜੱਪ ਲਏ ਸਨ ਅਤੇ ਜਦੋਂ ਵੇਖਿਆ ਕਿ ਕੋਈ ਪੇਸ਼ ਨਹੀਂ ਜਾਂਦੀ ਤਾਂ ਬੈਂਕਾਂ ਨੇ ਵੰਨ-ਟਾਈਮ ਸੈਟਲਮੈਂਟ (ਇੱਕੋ ਵਾਰ ਨਿਪਟਾਰਾ ਕਰਨ) ਦੀ ਨੀਤੀ ਮੁਤਾਬਕ ਉਨ੍ਹਾਂ ਨੂੰ ਪੰਜ ਹਜ਼ਾਰ ਕਰੋੜ ਤੋਂ ਵੱਧ ਦੀ ਛੋਟ ਆਪਣੇ ਆਪ ਦੇ ਦਿੱਤੀ। ਫਿਰ ਉਹ ਹੋਰ ਅੱਗੇ ਸੁਪਰੀਮ ਕੋਰਟ ਜਾ ਪਹੁੰਚੇ ਅਤੇ ਅਦਾਲਤ ਦੇ ਹੁਕਮ ਨਾਲ ਉਨ੍ਹਾਂ ਨੂੰ ਬਾਰਾਂ ਸੌ ਕਰੋੜ ਰੁਪਏ ਤੋਂ ਵੱਧ ਦੀ ਹੋਰ ਛੋਟ ਮਿਲਣ ਨਾਲ ਮੌਜਾਂ ਲੱਗ ਗਈਆਂ, ਪਰ ਏਦਾਂ ਦੀ ਛੋਟ ਕਦੇ ਕਿਸੇ ਛੋਟੇ ਦੁਕਾਨਦਾਰ ਜਾਂ ਕਿਸਾਨ ਨੂੰ ਦੇਣ ਵਾਸਤੇ ਕਿਸੇ ਜੱਜ ਨੇ ਦਰਿਆ-ਦਿਲੀ ਨਹੀਂ ਦਿਖਾਈ। ਹਜ਼ਾਰਾਂ ਲੋਕਾਂ ਦੀ ਮੌਤ ਵਾਲੇ ਭੋਪਾਲ ਗੈਸ ਕਾਂਡ ਦਾ ਕੇਸ ਜਦੋਂ ਸੁਪਰੀਮ ਕੋਰਟ ਵਿੱਚ ਨਿਬੇੜੇ ਨੇੜੇ ਪਹੁੰਚ ਗਿਆ, ਓਦੋਂ ਨਿਰਣਾ ਕਰਨ ਵਾਲੇ ਜੱਜ ਨੇ ਕਹਿ ਦਿੱਤਾ ਕਿ ਇਹ ਓਦਾਂ ਦਾ ਕੇਸ ਹੈ ਕਿ ਕੋਈ ਟਰੱਕ ਵਾਲਾ ਜਾਂਦਾ ਸੀ ਅਤੇ ਟਰੱਕ ਜ਼ਰਾ ਕੁ ਸੰਤੁਲਨ ਵਿਗੜ ਕੇ ਸੜਕ ਕੰਢੇ ਖੜੇ ਲੋਕਾਂ ਉੱਤੇ ਜਾ ਚੜ੍ਹਿਆ ਸੀ। ਕੰਪਨੀ ਪ੍ਰਬੰਧਕਾਂ ਦੀ ਖਲਾਸੀ ਕਰਨ ਵਾਲਾ ਇਹ ਫੈਸਲਾ ਦੇਣ ਪਿੱਛੋਂ ਰਿਟਾਇਰ ਹੁੰਦੇ ਸਾਰ ਉਸ ਜੱਜ ਨੂੰ ਦੋਸ਼ੀ ਕੰਪਨੀ ਵੱਲੋਂ ਗੈਸ ਪੀੜਤਾਂ ਲਈ ਬਣਵਾਏ ਗਏ ਮੈਡੀਕਲ ਇੰਸਟੀਚਿਊਟ ਦੇ ਮੁਖੀ ਦੀ ਪਦਵੀ ਮਿਲ ਗਈ, ਜਿਸ ਨਾਲ ਸੁਪਰੀਮ ਕੋਰਟ ਦੇ ਜੱਜ ਜਿੰਨੀ ਤਨਖਾਹ ਤੇ ਬਹੁਤ ਸਾਰੀਆਂ ਹੋਰ ਸਹੂਲਤਾਂ ਮਿਲਦੀਆਂ ਸਨ। ਜਦੋਂ ਇਸ ਬਾਰੇ ਰੌਲਾ ਪਿਆ ਤਾਂ ਸਾਬਕਾ ਜੱਜ ਨੂੰ ਅਹੁਦਾ ਛੱਡਣ ਪਿਆ ਤੇ ਉਸ ਪਿੱਛੋਂ ਉਹ ਜੱਜ ਅੱਜ ਤੱਕ ਕਦੀ ਚਰਚਾ ਵਿੱਚ ਨਹੀਂ ਆਇਆ, ਪਰ ਕੰਪਨੀ ਵੱਲੋਂ ਘਾਟੇ ਵਿੱਚ ਉਹ ਨਹੀਂ ਰਿਹਾ ਹੋਵੇਗਾ।

ਪਿਛਲੇ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਨੂੰ ਬੈਂਕ ਬਾਂਡ ਰਾਹੀਂ ਫੰਡ ਦੇਣ ਦੇ ਕੇਸ ਦੀ ਜਦੋਂ ਸੁਣਵਾਈ ਹੋਈ ਤਾਂ ਸੁਪਰੀਮ ਕੋਰਟ ਬਹੁਤ ਸਖਤੀ ਵਰਤ ਰਹੀ ਸੀ। ਬੈਂਕ ਕੋਈ ਰਿਕਾਰਡ ਪੇਸ਼ ਕਰਨ ਦੀ ਬਜਾਏ ਇਹ ਢੁੱਚਰ ਡਾਹੁੰਦੀ ਰਹੀ ਕਿ ਇਸ ਕੰਮ ਵਾਸਤੇ ਦੋ ਮਹੀਨੇ ਚਾਹੀਦੇ ਹਨ, ਪਰ ਸੁਪਰੀਮ ਕੋਰਟ ਨੇ ਜਦੋਂ ਕਿਹਾ ਕਿ ਚੌਵੀ ਘੰਟੇ ਵਿੱਚ ਪੇਸ਼ ਕਰਨਾ ਪਵੇਗਾ ਤਾਂ ਸਟੇਟ ਬੈਂਕ ਨੇ ਅਗਲਾ ਦਿਨ ਵੀ ਨਹੀਂ ਉਡੀਕਿਆ ਅਤੇ ਕੁਝ ਘੰਟਿਆਂ ਵਿੱਚ ਹੀ ਅਦਾਲਤ ਅੱਗੇ ਸਾਰਾ ਚਿੱਠਾ ਪੇਸ਼ ਕਰ ਦਿੱਤਾ ਅਤੇ ਸਾਈਟ ਉੱਤੇ ਵੀ ਚਾੜ੍ਹ ਦਿੱਤਾ ਸੀ। ਇਸ ਨਾਲ ਸਾਰੀ ਖੇਡ ਜ਼ਾਹਰ ਹੋ ਗਈ ਕਿ ਜਾਂਚ ਏਜੰਸੀਆਂ ਰਾਹੀਂ ਬੰਦੇ ਗ੍ਰਿਫਤਾਰ ਕਰਵਾ ਕੇ ਉਨ੍ਹਾਂ ਕੋਲੋਂ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਦੇ ਲਈ ਫੰਡ ਵਸੂਲੇ ਜਾਂਦੇ ਸਨ। ਫਿਰ ਜਦੋਂ ਇਸ ਖੇਡ ਦੇ ਪਿਆਦਿਆਂ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਸੀ, ਓਦੋਂ ਸੁਪਰੀਮ ਕੋਰਟ ਨੇ ਅਚਾਨਕ ਇਸ ਬਾਰੇ ਨਰਮੀ ਧਾਰਨ ਕਰ ਲਈ ਅਤੇ ਕਿਸੇ ਦੋਸ਼ੀ ਵਿਰੁੱਧ ਕਾਰਵਾਈ ਨਹੀਂ ਸੀ ਕੀਤੀ। ਸਿਰਫ ਏਨਾ ਫਰਕ ਪਿਆ ਕਿ ਓਦੋਂ ਹਾਕਮ ਧਿਰ ਨੂੰ ਜਿੰਨੇ ਫੰਡ ਮਿਲਦੇ ਜ਼ਾਹਰ ਹੋਏ ਸਨ, ਵਿਰੋਧ ਦੀਆਂ ਸਾਰੀਆਂ ਪਾਰਟੀਆਂ ਦੇ ਫੰਡ ਮਿਲਾ ਕੇ ਉਸ ਦਾ ਮਸਾਂ ਸੱਤਵਾਂ ਹਿੱਸਾ ਬਣੇ ਸਨ। ਇਸ ਵਾਰ ਉਹ ਗੱਲ ਨਹੀਂ ਹੋਈ, ਹਾਕਮ ਪਾਰਟੀ ਨੂੰ ਜਿੰਨੇ ਫੰਡ ਮਿਲੇ ਹਨ, ਵਿਰੋਧ ਦੀ ਮੁੱਖ ਪਾਰਟੀ ਇਕੱਲੀ ਨੂੰ ਉਸ ਦੇ ਤੀਜੇ ਹਿੱਸੇ ਜਿੰਨੇ ਮਿਲ ਗਏ ਹਨ। ਸੁਪਰੀਮ ਕੋਰਟ ਦਾ ਪਿਛਲੇ ਸਾਲ ਵਾਲਾ ਸਖਤ ਹੁਕਮ ਨਾ ਆਉਂਦਾ ਤਾਂ ਇਹ ਨਹੀਂ ਸੀ ਹੋਣਾ, ਪਰ ਸੁਪਰੀਮ ਕੋਰਟ ਨੂੰ ਹੋਰ ਅੱਗੇ ਵਧਣਾ ਚਾਹੀਦਾ ਸੀ।

ਬਿਲਕੁਲ ਤਾਜ਼ਾ ਅਤੇ ਚਰਚਾ ਦੇ ਕਾਬਲ ਮਾਮਲਾ ਗਵਰਨਰਾਂ ਵੱਲੋਂ ਕੋਈ ਕਾਰਨ ਦੱਸੇ ਬਿਨਾਂ ਰਾਜ ਸਰਕਾਰਾਂ ਦੇ ਬਿੱਲਾਂ ਦੀਆਂ ਫਾਈਲਾਂ ਰੋਕਣ ਦਾ ਹੈ। ਸੁਪਰੀਮ ਕੋਰਟ ਨੇ ਪਹਿਲਾਂ ਹੁਕਮ ਕਰ ਕੇ ਗਵਰਨਰਾਂ ਨੂੰ ਫਾਈਲਾਂ ਕੱਢਣ ਲਈ ਸਮਾਂ-ਬੱਧ ਕਰ ਦਿੱਤਾ ਅਤੇ ਫਿਰ ਅੱਗੇ ਵਧ ਕੇ ਰਾਸ਼ਟਰਪਤੀ ਬਾਰੇ ਸਮਾਂ ਤੈਅ ਕਰ ਦਿੱਤਾ, ਜਿਸ ਵਿੱਚ ਫਾਈਲ ਰੱਦ ਜਾਂ ਸਵੀਕਾਰ ਕਰਨੀ ਜਾਂ ਰਾਜ ਸਰਕਾਰ ਨੂੰ ਵਾਪਸ ਭੇਜਣੀ ਜ਼ਰੂਰੀ ਹੋਵੇਗੀ। ਰਾਸ਼ਟਰਪਤੀ ਨੇ ਚਿੱਠੀ ਭੇਜ ਕੇ ਕੁਝ ਨੁਕਤੇ ਸਪੱਸ਼ਟ ਕਰਨ ਲਈ ਕਿਹਾ ਤਾਂ ਸੁਪਰੀਮ ਕੋਰਟ ਨੇ ਸਮਾਂ-ਬੱਧ ਕਰਨ ਵਾਲੀ ਗੱਲ ਕੱਟ ਦਿੱਤੀ ਅਤੇ ਇਸ ਦੀ ਥਾਂ ਹੁਕਮ ਕਰ ਦਿੱਤਾ ਕਿ ਇਨ੍ਹਾਂ ਦੋਵਾਂ ਪਦਵੀਆਂ ਨੂੰ ਸਮਾਂ-ਬੱਧ ਕੀਤਾ ਜਾਣਾ ਠੀਕ ਨਹੀਂ, ਉਂਜ ਇਨ੍ਹਾਂ ਕੰਮਾਂ ਵਿੱਚ ਦੇਰੀ ਨਹੀਂ ਹੋਣੀ ਚਾਹੀਦੀ। ਇਹ ਫੈਸਲਾ ਅਸਲ ਵਿੱਚ ਪਿਛਲੇ ਫੈਸਲੇ ਉੱਤੇ ਪਾਣੀ ਫੇਰਨ ਵਾਲਾ ਸੀ, ਜਿਸ ਸਦਕਾ ਰਾਸ਼ਟਰਪਤੀ ਦੇ ਨਾਲ ਗਵਰਨਰ ਵੀ ਮਰਜ਼ੀ ਕਰਨ ਲਈ ਆਜ਼ਾਦ ਹੋ ਗਏ ਤੇ ਰਾਜ ਸਰਕਾਰਾਂ ਦੀ ਖੱਜਲ-ਖੁਆਰੀ ਕਰਨ ਲਈ ਉਨ੍ਹਾਂ ਨੂੰ ਇੱਕ ਅਦਾਲਤੀ ਫਤਵਾ ਮਿਲ ਗਿਆ। ਸੁਪਰੀਮ ਕੋਰਟ ਨੂੰ ਕੌਣ ਦੱਸੇ ਕਿ ਪੰਜਾਬ ਦੀ ਅਮਰਿੰਦਰ ਸਿੰਘ ਸਰਕਾਰ ਦੇ ਸਮੇਂ ਰਾਜ ਸਰਕਾਰ ਨੇ ਇੱਕ ਬਿੱਲ 2018 ਵਿੱਚ ਪਾਸ ਕੀਤਾ ਅਤੇ ਗਵਰਨਰ ਨੂੰ ਭੇਜਿਆ ਸੀ, ਓਥੋਂ ਰਾਸ਼ਟਰਪਤੀ ਨੂੰ ਭੇਜ ਦਿੱਤਾ ਗਿਆ ਤੇ ਰਾਸ਼ਟਰਪਤੀ ਦਫਤਰ ਤੋਂ ਇਹ ਬਿੱਲ ਸੱਤ ਸਾਲਾਂ ਪਿੱਛੋਂ ਬੀਤੇ ਹਫਤੇ ਪਾਸ ਹੋ ਕੇ ਰਾਜ ਸਰਕਾਰ ਕੋਲ ਵਾਪਸ ਪੁੱਜਾ ਹੈ! ਰਾਜ ਸਰਕਾਰ ਦਾ ਪਾਸ ਕੀਤਾ ਬਿੱਲ ਸੱਤ ਸਾਲ ਕਿਸ ਖੂੰਜੇ ਲੱਗਾ ਰਿਹਾ ਤੇ ਕਿਸ ਨੇ ਲਾਈ ਰੱਖਿਆ ਸੀ, ਇਹ ਪੁੱਛਣ ਦੀ ਕਿਸੇ ਦੀ ਤਾਕਤ ਨਹੀਂ, ਕਿਉਂਕਿ ਸੁਪਰੀਮ ਕੋਰਟ ਨੇ ਕਹਿ ਦਿੱਤਾ ਹੈ ਕਿ ਗਵਰਨਰਾਂ ਦੇ ਕੰਮ ਨੂੰ ਵਕਤ ਦੀ ਮਿਣਤੀ ਨਾਲ ਨਹੀਂ ਬੰਨ੍ਹਿਆ ਜਾ ਸਕਦਾ, ਜਿਸ ਦਾ ਮਤਲਬ ਹੈ ਕਿ ਉਹ ਲੋਕਤੰਤਰ ਵਿੱਚ ਪੁਰਾਤਨ ਰਾਜਿਆਂ ਦੇ ਬਰਾਬਰ ਜਾਂ ਉਸ ਤੋਂ ਵੀ ਵੱਧ ਅਧਿਕਾਰਾਂ ਦੇ ਮਾਲਕ ਬਣਾ ਦਿੱਤੇ ਗਏ ਹਨ। ਸਮਾਂ-ਬੱਧ ਕਰਨ ਦਾ ਫੈਸਲਾ ਵੀ ਭਾਰਤ ਦੀ ਸੁਪਰੀਮ ਕੋਰਟ ਨੇ ਕੁਝ ਮਹੀਨੇ ਖੁਦ ਦਿੱਤਾ ਸੀ ਤੇ ਸਮੇਂ ਦੀ ਪਾਬੰਦੀ ਦੀ ਗੱਲ ਕੱਟਣ ਦਾ ਪਹਿਲੇ ਫੈਸਲਾ ਨੂੰ ਮੂਲੋਂ-ਮੁੱਢੋਂ ਬੇਲੋੜਾ ਕਰਨ ਦਾ ਫੈਸਲਾ ਵੀ ਓਸੇ ਸੁਪਰੀਮ ਕੋਰਟ ਨੇ ਦੇ ਦਿੱਤਾ ਹੈ। ਇਸ ਨਾਲ ਸੁਪਰੀਮ ਕੋਰਟ ਦੀ ਦਿੱਖ ਲੋਕਾਂ ਵਿੱਚ ਕਿੱਦਾਂ ਦੀ ਬਣ ਰਹੀ ਹੋਵੇਗੀ, ਇਹ ਦੱਸਣਾ ਵੀ ਕਿਸੇ ਨੂੰ ਕੋਈ ਫਾਇਦਾ ਨਜ਼ਰ ਨਹੀਂ ਆ ਰਿਹਾ ਹੋਵੇਗਾ।

ਸਾਫ ਗੱਲ ਹੈ ਕਿ 'ਤੂ ਡਾਲ-ਡਾਲ, ਮੈਂ ਪਾਤ-ਪਾਤ' ਦੀ ਕਹਾਵਤ ਵਾਂਗ ਦੇਸ਼ ਦੀ ਸਰਕਾਰ ਜਾਂ ਮਰਜ਼ੀ ਪੁਗਾਉਣ ਲਈ ਬਜ਼ਿਦ ਤੇ ਪਹੁੰਚ ਵਾਲੀਆਂ ਧਿਰਾਂ ਅਦਾਲਤੀ ਹੁਕਮਾਂ ਦੀ ਪ੍ਰਵਾਹ ਨਹੀਂ ਕਰਦੀਆਂ, ਕਿਉਂਕਿ ਉਹ ਇਨ੍ਹਾਂ ਫੈਸਲਿਆਂ ਨੂੰ ਪਲਟਣ ਦੇ ਹਰਬੇ ਵਰਤਣਾ ਜਾਣਦੀਆਂ ਹਨ। ਭਾਰਤ ਦੇ ਲੋਕਤੰਤਰ ਲਈ ਇਹ ਕਿਹੜੇ ਉੱਚ ਪੱਧਰ ਦੀ ਨਾਖੁਸ਼ਗਵਾਰ ਸਥਿਤੀ ਕਹੀ ਜਾ ਸਕਦੀ ਹੈ, ਇਸ ਬਾਰੇ ਵਿਸ਼ਲੇਸ਼ਣ ਕਰਤਿਆਂ ਨੂੰ ਵੀ ਸੋਚਣਾ ਸ਼ਾਇਦ ਡਾਢਾ ਔਖਾ ਹੋ ਸਕਦਾ ਹੈ।

# ਹੱਥੀਂ ਪਾਲ਼ ਫੁੱਲਾਂ ਨੂੰ ਰਾਖੇ, ਲੁੱਟ ਲੈਂਦੇ ਖੁਸ਼ਬੋ

'ਜਿਸ ਬਾਗ ਦੇ ਰਾਖੇ ਫੁੱਲਾਂ ਨੂੰ ਹੱਥੀਂ ਪਾਲ਼ ਕੇ ਖੁਸ਼ਬੂ ਨੂੰ ਖੁਦ ਹੀ ਲੁੱਟ ਲੈਂਦੇ ਹੋਣ, ਉਨ੍ਹਾਂ ਨੂੰ ਕੀ ਕਹੋਗੇ ਛੋਟੇ ਭਾਈ' ਸੱਚ ਪੁੱਛੋਂ ਤਾਂ ਬਾਈ ਦਲੇਰ ਸਿੰਘ ਦੇ ਇਸ ਸਵਾਲ ਨੂੰ ਸੁਣ ਮੈਂ ਸੱਚਮੁੱਚ ਬੌਂਦਲ ਜਿਹਾ ਗਿਆ ਹਾਂ। ਬੇਸ਼ੱਕ ਉਨ੍ਹਾਂ ਮੇਰੇ ਗੀਤ ਦੇ ਅਰਥ ਕਰਦਿਆਂ ਵਿਅੰਗਮਈ ਲਹਿਜ਼ੇ ਵਿੱਚ, ਸਵਾਲ ਵਜੋਂ ਇਹ ਵਾਕ ਸਹਿਜ-ਭਾਅ ਮੇਰੇ ਲਈ ਹੀ ਦੁਹਿਰਾਇਆ ਹੈ, ਫਿਰ ਵੀ ਮੈਨੂੰ ਉਸ ਤੋਂ ਅਜਿਹੀ ਖੁਰਦਬੀਨੀ ਉਮੀਦ ਨਹੀਂ ਸੀ। ਸੋਚਦਾ ਹਾਂ ਕੋਈ ਕਵੀ, ਗੀਤਕਾਰ ਜਾਂ ਲੇਖਕ ਕਿਸੇ ਖਾਸ ਅਵਸਥਾ ਵਿੱਚ ਹੀ ਆਪਣੀ ਰਚਨਾ ਰਚਦਾ ਹੋਵੇਗਾ। ਕਿਸੇ ਰਚਨਾ ਦੀ ਰਚਣ ਪ੍ਰਕ੍ਰਿਆ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-44

ਸੁਰਜੀਤ ਸੁਮਨ

ਵਿੱਚੋਂ ਲੰਘਦਿਆਂ ਰਚਨਾਕਾਰ ਨੂੰ ਕੁਝ ਵੀ ਯਾਦ ਨਹੀਂ ਰਹਿੰਦਾ। ਰਚਣ ਪ੍ਰਕ੍ਰਿਆ ਤੋਂ ਬਾਅਦ ਹੀ ਉਹ ਉਸ ਰਚਨਾ ਨੂੰ ਮੁੜ ਪੜ੍ਹਦਾ, ਵਾਚਦਾ ਤੇ ਸੋਧਣ ਦੀ ਅਵਸਥਾ ਵਿੱਚ ਆਉਂਦਾ ਹੈ। ਬਾਈ ਦਲੇਰ ਸਿੰਘ ਦੇ ਸਵਾਲ ਵਿੱਚੋਂ ਲੰਘਦਿਆਂ ਮੈਂ ਆਪਣੇ ਇਸ ਗੀਤ ਦੀ ਰਚਣ ਪ੍ਰਕ੍ਰਿ ?ਆ ਬਾਰੇ ਮੁੜ ਸੋਚਣ ਲਗਦਾ ਹਾਂ। ਸੱਚ ਪੁੱਛੋਂ ਤਾਂ ਉਦੋਂ ਇਸ ਗੀਤ ਦਾ ਮੁੱਖੜਾ ਅਤੇ ਇੱਕੋ ਇੱਕ ਪਲੇਠਾ ਅੰਤਰਾ ਹੀ ਮੇਰੇ ਕੋਲੋਂ ਲਿਖਿਆ ਗਿਆ ਸੀ। ਇਸ ਲਈ ਇਹ ਗੀਤ ਹਾਲੇ ਵੀ ਅਧੂਰਾ ਹੈ।

ਇਹ ਮੇਰੇ ਦੂਜੇ ਕਾਵਿ ਸੰਗ੍ਰਹਿ 'ਅਗਨ ਕੁੰਡ ਦਾ ਕਰਣ ਦੁਆਰ' ਦੇ ਪੰਨਾ 122 'ਤੇ ਦਰਜ ਅੱਜ ਵੀ ਅਧੂਰੀ ਅਵਸਥਾ ਵਿੱਚ ਉੱਝ ਦਾ ਉ ?ਝ ਪਿਆ ਹੈ। ਮੇਰੇ ਇਸ ਗੀਤ ਵਾਂਗ ਕਿਸੇ ਵੀ ਲੇਖਕ ਦੀਆਂ ਬਹੁਤ ਸਾਰੀਆਂ ਰਚਨਾਵਾਂ ਇੰਝ ਹੀ ਅਧੂਰੀਆਂ ਰਹਿ ਜਾਂਦੀਆਂ ਹਨ, ਸੰਪੂਰਨ ਨਹੀਂ ਹੁੰਦੀਆਂ। ਅਸੀਂ ਲੇਖਕ ਲੋਕ ਉਂਝ ਹੀ ਆਪਣੀ ਕਿਸੇ ਵੀ ਰਚਨਾ ਨੂੰ ਸੰਪੂਰਨ ਕਹਿੰਦੇ ਰਹਿੰਦੇ ਹਾਂ, ਜਦਕਿ ਕੋਈ ਵੀ ਰਚਨਾ ਕਦੀ ਵੀ ਸੰਪੂਰਨ ਨਹੀਂ ਹੁੰਦੀ। ਹੋ ਈ ਨਹੀਂ ਸਕਦੀ। ਜੇਕਰ ਕੋਈ ਲੇਖਕ ਆਪਣੀ ਕਿਸੇ ਰਚਨਾ ਨੂੰ ਸੰਪੂਰਨ ਹੋਈ ਮੰਨਦਾ ਹੈ ਤਾਂ ਉਹ ਭਰਮ ਵਿੱਚ ਜੀਅ ਰਿਹਾ ਹੈ। ਦੇਖਿਆ ਜਾਵੇ ਤਾਂ ਸਮੇਂ ਦੇ ਨਾਲ਼ ਨਾਲ਼ ਸੰਪੂਰਨ ਹੋਈ, ਉਸ ਰਚਨਾ ਵਿੱਚੋਂ ਕੋਈ ਨਾ ਕੋਈ ਹੋਰ ਨਵੀਂ ਨਕੋਰ ਤੂਈ ਨਿਕਲ਼ ਰਹੀ ਹੁੰਦੀ ਹੈ, ਜਿਸ ਦੀਆਂ ਕੁ ?ਲ਼ੀਆਂ-ਕੂਲ਼ੀਆਂ ਰੰਗੀਨ ਪੱਤੀਆਂ ਵੱਖਰੀ ਤਰ੍ਹਾਂ ਦੀ ਭਾਅ ਮਾਰਦੀਆਂ ਦਿਖਾਈ ਦੇਣ ਲਗਦੀਆਂ ਹਨ। ਇਸ ਲਈ ਇਹ ਸਾਡਾ ਭਰਮ ਹੀ ਹੁੰਦਾ ਹੈ ਕਿ ਸਾਡੀ ਇਹ ਰਚਨਾ ਸੰਪੂਰਨ ਹੋ ਗਈ ਹੈ। ਓਵੇਂ ਜਿਵੇਂ ਪੱਥਰ ਤੇ ਮਿਥਿਹਾਸਕ ਯੁੱਗ ਵਿੱਚ ਤਤਕਾਲੀਨ ਮਨੁੱਖ ਕੁਦਰਤ ਵੱਲੋਂ ਸਿਰਜੀ ਹਰ ਸ਼ੈਅ ਨੂੰ ਹੀ ਅੰਤਿਮ ਸੱਚ ਮੰਨ ਲੈਂਦੇ ਸਨ। ਹਾਲਾਂਕਿ ਉਨ੍ਹਾਂ ਕੋਲ਼ ਇਸ ਤੋਂ ਬਿਨਾਂ ਕੋਈ ਹੋਰ ਚਾਰਾ ਵੀ ਨਹੀਂ ਸੀ ਹੁੰਦਾ।

ਇਹ ਸਤਰਾਂ ਲਿਖਦਿਆਂ ਮੈਨੂੰ ਵਾਰ ਵਾਰ ਖੰਘ ਕਣਤਾਅ ਰਹੀ ਹੈ। ਮੌਸਮ ਦੇ ਬਦਲਾਅ ਕਾਰਨ ਇਨ੍ਹੀਂ ਦਿਨੀਂ ਖੰਘ-ਜ਼ੁਕਾਮ ਆਮ ਹੀ ਹੋ ਜਾਂਦਾ ਹੈ। ਮੀਂਹ ਨਾ ਪੈਣ ਕਾਰਨ ਗਰਦ-ਗੁਬਾਰ ਅਸਮਾਨੀਂ ਛਾਇਆ ਹੋਇਆ ਹੈ। ਇਰਦ-ਗਿਰਦ ਝਾਤੀ ਮਾਰਦਾ ਹਾਂ ਤਾਂ ਡਾਕਟਰਾਂ ਦੀ ਚਾਂਦੀ ਹੈ। ਓਧਰ ਵੀ ਗਰਦ-ਗੁਬਾਰ ਛਾਇਆ ਹੋਇਆ ਹੈ। ਇਸ ਰੋਗ ਤੋਂ ਪੀੜਤ ਹਰ ਪ੍ਰਾਣੀ ਡਾਕਟਰਾਂ ਦੁਆਲ਼ੇ ਭੀੜਾਂ ਘੱਤ ਰਿਹਾ ਹੈ। ਪਰ ਮੈਨੂੰ ਇਹ ਵਰਤਾਰਾ ਆਮ ਨਹੀਂ ਜਾਪਦਾ। ਇਸ ਦਾ ਕਾਰਨ ਪ੍ਰਦੂਸ਼ਣ ਹੈ? ਪਰ ਫਿਰ ਓਹੀ ਗੱਲ, ਇਸ ਪ੍ਰਦੂਸ਼ਣ ਲਈ ਜ਼ਿੰਮੇਵਾਰ ਕੌਣ ਹੈ? ਦਿੱਲੀ ਵਾਲ਼ੇ ਇਸ ਪ੍ਰਦੂਸ਼ਣ ਦਾ ਇੱਕੋ ਇੱਕ ਕਾਰਨ ਪੰਜਾਬ ਤੇ ਹਰਿਆਣਾ, ਖਾਸ ਕਰਕੇ ਪੰਜਾਬ ਦੇ ਕਿਸਾਨਾਂ ਵੱਲੋਂ ਸਾੜੀ ਜਾਂਦੀ ਪਰਾਲ਼ੀ ਨੂੰ ਹੀ ਮੰਨਦੇ ਹਨ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਇਹ ਮੰਨਣ ਲਈ ਕਿਸੇ ਅਦਿੱਖ ਸ਼ਕਤੀ ਵੱਲੋਂ ਪ੍ਰੇਰਿਆ ਜਾਂਦਾ ਹੈ ਜਾਂ ਮਜਬੂਰ ਕੀਤਾ ਜਾਂਦਾ ਹੈ। ਚੇਤਿਆਂ ਦੀ ਚੰਗੇਰ ਨੂੰ ਫਰੋਲ ਕੇ ਦੇਖਿਓ ਭਾਅ ਜੀ। ਸਾਡੇ ਦੇਸ਼ ਵਿੱਚ ਦੋ ਦਸੰਬਰ ਨੂੰ ਪ੍ਰਦੂਸ਼ਣ ਦੀ ਰੋਕਥਾਮ ਦੇ ਰਾਸ਼ਟਰੀ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਪ੍ਰਦੂਸ਼ਣ ਦੇ ਇਸ ਦਿਹਾੜੇ ਨੂੰ ਮਨਾਉਣ ਲਈ ਇਹ ਦਿਨ ਕਿਸ ਕਿਸ ਨੂੰ ਚੇਤੇ ਹੈ? ਸਾਨੂੰ ਤਾਂ ਨਹੀਂ। ਸਾਡੀ ਜਾਣੇ ਜੁੱਤੀ। ਜੇ ਮਰੇ ਤਾਂ ਸਾਰੇ ਮਰਾਂਗੇ। ਜਿੱਥੇ ਹੋਰ ਮਰਨਗੇ, ਓਥੇ ਅਸੀਂ ਵੀ ਸਹੀ। ਹਾਲ ਦੀ ਘੜੀ ਅਸੀਂ ਆਪਣੇ ਸ਼ਹਿਰੀਪਣ ਨੂੰ ਬਰਕਰਾਰ ਰੱਖਦੇ ਹੋਏ ਕਿਸੇ ਵੀ ਕੂੜਾ ਚੁੱਕਣ ਵਾਲ਼ੇ ਨੂੰ ਡੇਢ-ਦੋ ਸੌ ਰੁਪਏ ਦੇਣ ਦੀ ਬਜਾਇ ਵੇਲ਼ੇ-ਕੁਵੇਲ਼ੇ, ਰਾਤ-ਬ-ਰਾਤੇ ਆਪਣੇ ਘਰ ਦੇ ਕੂੜੇ-ਕਰਕਟ ਨੂੰ ਲਿਫਾਫੇ ਵਿੱਚ ਤੁੰਨ ਕੇ ਕਿਸੇ ਪਾਰਕ ਦੇ ਕੋਨੇ, ਕਿਸੇ ਸੜਕ ਕਿਨਾਰੇ, ਵਿੱਚ-ਵਿਚਕਾਰ ਜਾਂ ਕਿਸੇ ਆਂਢੀ-ਗੁਆਂਢੀ ਦੇ ਘਰ ਅੱਗੇ ਸੁੱਟ ਆਵਾਂਗੇ। ਇੰਝ ਅਸੀਂ ਆਪਣਾ ਭਾਈਚਾਰਾ, ਆਪਣੇ ਮਨ 'ਚ ਦੱਬੇ ਏਸ ਪ੍ਰਦੂਸ਼ਣ ਨਾਲ਼ ਤਬਾਹ ਕਰ ਲਵਾਂਗੇ। ਇੱਥੇ ਕਿਹੜਾ ਸਾਨੂੰ ਕਿਹੜਾ ਕੋਈ ਦੇਖ ਰਿਹੈ?

ਉਂਝ ਹੀ ਜਿਵੇਂ ਯੁਧਿਸ਼ਟਰ ਦੇ ਬਾਕੀ ਮਹਾਂ-ਪਰਤਾਪੀ ਪਾਂਡੂ ਤੇ ਕੌਰਵ ਭਰਾਵਾਂ ਨੂੰ ਕੋਈ ਨਹੀਂ ਸੀ ਦੇਖ ਰਿਹਾ? ਮੇਰੀਆਂ ਇਹ ਸਤਰਾਂ ਪੜ੍ਹ ਕੇ ਤੁਸੀਂ ਵੀ ਉਲ਼ਝ ਗਏ ਹੋ ਜਾਂ ਮੇਰੇ ਵੱਲੋਂ ਇਸ ਰਚਨਾ ਨੂੰ ਰਲ਼-ਗੱਡ ਕੀਤਾ ਮਹਿਸੂਸ ਰਹੇ ਹੋਵੋਗੇ? ਕੁਝ ਨਾ ਕੁਝ ਚੇਤੇ ਰੱਖਿਆ ਕਰੋ ਭਾਅ ਜੀ। ਦੋ ਦਸੰਬਰ ਤੋਂ ਬਾਅਦ ਤਿੰਨ ਦਸੰਬਰ ਨੂੰ ਸਾਰਾ ਸੰਸਾਰ ਕੌਮਾਂਤਰੀ ਪੱਧਰ 'ਤੇ ਦਿਵਿਆਂਗ ਦਿਹਾੜੇ ਵਜੋਂ ਮਨਾ ਚੁੱਕਾ ਹੋਵੇਗਾ। ਇੰਝ ਨਹੀਂ ਹੁੰਦਾ। ਸੁਣੋ ਫਿਰ। ਬਾਲ ਬਰੇਸੇ, ਜਦ ਸਾਨੂੰ ਇਹ ਗੱਲ ਸਮਝ ਨਾ ਆਉਂਦੀ, ਉਦੋਂ ਤਾਇਆ ਆਤਮਾ ਸਿੰਘ ਆਪਣੀ ਕਥਾ ਛੋਹ ਲੈਂਦਾ ਸੀ, ਜਿਸ ਰਾਹੀਂ ਹੌਲ਼ੀ ਹੌਲ਼ੀ ਸਾਨੂੰ ਚਾਨਣ ਹੋਣ ਲਗਦਾ। ਹੁਣ ਮੇਰਾ ਚੇਤਾ ਜਗਿਆ। ਤਾਇਆ ਆਤਮਾ ਸਿੰਘ ਦੀ ਛੋਹੀ ਕਥਾ ਮੇਰੇ ਕੰਨੀਂ ਪੈਣ ਲੱਗਦੀ ਹੈ। 'ਭਤੀਜ ਗੁਰੂ ਦਰੋਣ ਕੌਰਵ-ਪਾਂਡੂ ਅੱਖੜ ਬਾਲਾਂ ਨੂੰ ਪਰਖਣਾ ਚਾਹੁੰਦਾ ਸੀ ਕਿ ਉਹ ਕਿੰਨੇ ਕੁ ਪਾਣੀ 'ਚ ਹਨ? ਉਹ ਇੱਕ ਇੱਕ ਪਾਂਡੂ ਤੇ ਕੌਰਵ ਬਾਲ ਨੂੰ ਮੁਰਗੀ ਦਾ ਇੱਕ ਇੱਕ ਚੂਜ਼ਾ ਦਿੰਦੇ ਤੇ ਉਸ ਚੂਜ਼ੇ ਨੂੰ ਅਜਿਹੀ ਥਾਂ ਮਾਰ ਕੇ ਲਿਆਉਣ ਲਈ ਕਹਿੰਦੇ, ਜਿੱਥੇ ਉਨ੍ਹਾਂ ਨੂੰ ਅਜਿਹਾ ਕਰਦਿਆਂ ਕੋਈ ਵੀ ਦੇਖ ਨਾ ਰਿਹਾ ਹੋਵੇ। ਉਹ ਥੋੜ੍ਹਾ ਦੂਰ ਜਾਂਦੇ, ਕੋਈ ਓਟ-ਆਸਰਾ ਭਾਲ਼ਦੇ, ਚੂਜ਼ੇ ਦੀ ਗਰਦਨ ਮਰੋੜ, ਗੁਰੂ ਦਰੋਣ ਦੇ ਹੱਥੀਂ ਆ ਫੜਾਉਂਦੇ। ਇੰਝ ਗੁਰੂ ਦਰੋਣ ਉਨ੍ਹਾਂ ਦੀ ਬਾਲ ਬੁੱਧੀ 'ਤੇ ਹੱਸ ਛੱਡਦਾ ਤੇ ਅਗਲੇ ਸ਼ਿਸ਼ ਵੱਲ ਤੱਕਣ ਲਗਦਾ। ਅੰਤ ਵਿੱਚ ਉਸ ਯੁੱਧਿਸ਼ਟਰ ਨੂੰ ਪਰਖ ਦੀ ਕਸਵੱਟੀ 'ਤੇ ਪਰਖਣ ਦਾ ਨਿਸਚਾ ਲਿਆ। ਬਾਕੀ ਪਾਂਡੂਆਂ ਨਾਲ਼ੋਂ ਨਿਆਰਾ ਯੁਧਿਸ਼ਟਰ ਕੁਝ ਸਮੇਂ ਬਾਅਦ ਮੁਰਗੀ ਦੇ ਚੂਜ਼ੇ ਨੂੰ ਉਂਝ ਦਾ ਉਂਝ ਹੀ ਵਾਪਸ ਮੋੜ ਲਿਆਇਆ। ਕਹਿਣ ਲੱਗਾ, ਗੁਰੂ ਜੀ ਮੈਂ ਇਸ ਬੱਚੇ ਨੂੰ ਮਾਰ ਨਹੀਂ ਸਕਿਆ, ਕਿਉਂਕਿ ਇਸਨੂੰ ਹਰ ਥਾਂ ਰੱਬ ਭਾਵ ਕੁਦਰਤ ਤਾਂ ਦੇਖ ਹੀ ਰਹੀ ਹੈ ਨਾ?' ਓ ਮਾਈ ਗੌਡ ! ਅਜਿਹਾ ਚਾਨਣ ਬਾਕੀ ਕੌਰਵ-ਪਾਂਡੂ ਬਾਲ ਭਰਾਵਾਂ ਤੇ ਸਾਡੇ ਇਨ੍ਹਾਂ ਸ਼ਹਿਰੀ ਜਾਂ ਸਿਆਸੀ ਲੋਕਾਂ ਨੂੰ ਕਿਉਂ ਨਹੀਂ ਹੁੰਦਾ? ਇਹ ਕਿਉਂ ਨਿੱਤ ਦਿਨ ਪ੍ਰਦੂਸ਼ਣ ਫੈਲਾਉਂਦੇ ਫਿਰ ਰਹੇ ਹਨ? ਇਹ ਕਿਉਂ ਮਨੁੱਖਤਾ ਨੂੰ ਹੈਂਡੀਕੈਪਡ ਕਰਨੋਂ ਨਹੀਂ ਥੱਕਦੇ?

ਹਾਂ ਸੱਚ, ਅਜਿਹਾ ਹੀ ਚਾਨਣ ਹੁਣ ਸਾਡੀ ਮਾਣਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਅਗਵਾਈ ਹੇਠਲੇ ਬੈਂਚ ਨੂੰ ਇੱਕ ਸੁਣਵਾਈ ਦੌਰਾਨ ਇਸ ਸੋਮਵਾਰ ਹੋਇਆ। ਇਸ ਬੈਂਚ ਨੇ ਇਸ ਧਾਰਨਾ ਨੂੰ ਖਾਰਜ ਕਰ ਦਿੱਤਾ ਕਿ ਦਿੱਲੀ ਦੇ ਪ੍ਰਦੂਸ਼ਣ ਲਈ ਪਰਾਲ਼ੀ ਸਾੜਨ ਵਾਲ਼ਾ ਕਿਸਾਨ ਜ਼ਿੰਮੇਵਾਰ ਨਹੀਂ। ਫਿਰ ਕੌਣ? ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਪਰਾਲ਼ੀ ਸਾੜਨ ਨੂੰ ਸਿਆਸੀ ਹਾਉਮੈ ਦੀ ਲੜਾਈ ਨਾ ਬਣਾਇਆ ਜਾਵੇ। ਆਪਣੇ ਆਪਣੇ ਚੇਤੇ ਦੀ ਚੰਗੇਰ ਫਰੋਲੋ ਮਾਨਿਆਵਰ। ਪਰਾਲ਼ੀ ਸਾੜਨ ਦੇ ਬਾਵਜੂਦ ਲੌਕ-ਡਾਊਨ ਦੌਰਾਨ ਦਿੱਲੀ ਦਾ ਅਸਮਾਨ ਨੀਲਾ ਕਿਉਂ ਸੀ? ਸੋਚੋ, ਜਦੋਂ ਆਵਾਜਾਈ, ਉਸਾਰੀ ਤੇ ਉਦਯੋਗਿਕ ਗਤੀਵਿਧੀ ਬੰਦ ਹੋ ਗਈ ਸੀ, ਤਾਂ ਸਮੁੱਚਾ ਅਸਮਾਨ ਸਾਫ ਹੋ ਨੀਲੀ ਭਾਅ ਕਿਉਂ ਮਾਰਨ ਲੱਗ ਪਿਆ ਸੀ? ਕਾਰਨ ਸਪੱਸ਼ਟ ਹਨ। ਰਲ਼-ਗੱਡ ਨਹੀਂ ਹੋ ਰਹੇ ਨਾ। ਪ੍ਰਦੂਸ਼ਣ ਨੂੰ ਲੈ ਕੇ ਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਅੱਛਾ, ਤਿੰਨ ਦਸੰਬਰ ਨੂੰ ਸੰਸਾਰ ਪੱਧਰ 'ਤੇ ਹੈਂਡੀਕੈਪਡ ਡੇਅ ਵਜੋਂ ਮਨਾਇਆ ਜਾਂਦਾ ਹੈ ਤਾਂ ਜੋ ਕਿਸੇ ਨਾ ਕਿਸੇ ਕਾਰਨਵਸ ਹੋਏ ਦਿਵਿਆਂਗਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਣੂੰ ਕਰਵਾਇਆ ਜਾ ਸਕੇ। ਸੱਚਮੁੱਚ ਚਾਹੀਦਾ ਤਾਂ ਇਹ ਹੈ ਕਿ ਸਾਡੇ ਦੇਸ਼ ਦੇ ਦਿਵਿਆਂਗਾਂ ਨੂੰ ਦਿੱਤੀਆਂ ਜਾਣ ਵਾਲ਼ੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਹਾ ਉਨ੍ਹਾਂ ਨੂੰ ਮਿਲ਼ੇ, ਪਰ ਅਸੀਂ ਆਪਣੇ ਰਿਸ਼ਟ-ਪੁਸ਼ਟ ਲੋਕਾਂ ਤੇ ਸਾਧਨ-ਸੰਪੰਨ ਸਿਆਸਤਦਾਨਾਂ ਦੀ ਦਿਵਿਆਂਗ ਸੋਚ ਬਾਰੇ ਕੀ ਕਹਾਂਗੇ, ਜਿਹੜੇ ਹਰ ਖੇਤਰ ਨੂੰ ਆਪਣੀ ਲਾਲਸਾ ਦੀ ਲਾਰ ਨਾਲ਼ ਆਤੰਕਿਤ ਤੇ ਪ੍ਰਦੂਸ਼ਿਤ ਕਰਦੇ ਹੋਏ ਹੈਂਡੀਕੈਪਡ ਬਣਾਉਂਦੇ ਰਹਿੰਦੇ ਹਨ? ਐਨ ਇਸੇ ਵੇਲ਼ੇ ਬਾਈ ਦਲੇਰ ਨੇ ਮੇਰੇ ਗੀਤ ਦਾ ਅੰਤਰਾ ਛੋਹਿਆ ਹੈ, 'ਅਸੀਂ ਰਾਤਾਂ ਮਰ ਮਰ ਕੱਟੀਆਂ ਨੇ/ ਖਪ ਖਪ ਕੇ ਦਿਨ ਗੁਜ਼ਾਰੇ ਨੇ/ ਇਨ੍ਹਾਂ ਕਾਲ਼ੀਆਂ-ਬੋਲ਼ੀਆਂ ਰਾਤਾਂ ਨੂੰ ਸਾਡੇ ਮਿੱਤਰ ਬਣਦੇ ਤਾਰੇ ਨੇ/ ਕਲੀਆਂ ਦੇਣ ਦਿਲਾਸਾ ਆਈਆਂ ਰੋ ਨਾ ਭੰਵਰਿਆ ਰੋ/ ਮਿਲ਼ੀ ਸਾਨੂੰ ਪੌਣਾਂ ਤੋਂ ਕੰਨਸੋਅ।'

*ਮੋਬਾਇਲ : 98144-30874*

# ਖੇਤ, ਘਰ, ਰਹਿਤਲ ਅਤੇ ਪਿੰਡ ਦੀ ਮੌਤ

ਪਿੰਡ ਵਸਿਆ-56

ਵਿਜੇ ਬੰਬੇਲੀ

ਵੱਖ-ਵੱਖ ਸ਼ਹਿਰਾਂ ਦੀਆਂ ਵਿਕਾਸ ਅਥਾਰਟੀਆਂ ਅਤੇ ਕਦੇ ਗਲਾਡਾ, ਗਮਾਡਾ, ਪੁੱਡਾ, ਮਗਰੋਂ ਰੀਅਲ ਅਸਟੇਟਾਂ ਸ਼ਹਿਰਾਂ ਨਾਲ ਲੱਗਦੀ ਜ਼ਰਖੇਜ਼ ਭੋਇੰ ਲੋਕਾਂ ਲਈ ਘਰ ਦੇ ਨਾਂਓ ਨੱਪਣ ਲਈ ਹਰ ਹਰਬੇ ਵਰਤਦੀਆਂ ਆ ਰਹੀਆਂ ਹਨ, ਜਿਸ ਦਾ ਵਿਰਾਟ ਰੂਪ 'ਲੈਂਡ ਪੂਲਿੰਗ ਪਾਲਸੀ-2025' ਸੀ/ਹੈ। ਦਰ-ਹਕੀਕਤ; ਇਹ ਪਿੰਡਾਂ ਦੀ ਮੌਤ ਹੈ। ਅਖੌਤੀ ਵਿਕਾਸ ਦੇ ਨਾਂਓ, ਕਿਸੇ ਵੀ ਢੰਗ, ਜ਼ਰਖੇਜ਼ ਜ਼ਮੀਨਾਂ ਨੱਪ ਲੈਣ ਦੇ ਅਮਲ ਨੇ ਸਮਾਜ ਦੀ ਸਹਿਜ ਤੋਰ ਨੂੰ ਜਿਵੇਂ ਡਗਮਗਾ ਦਿੱਤਾ ਸੀ/ਹੈ, ਦੀਆਂ ਕੁੱਝ ਮਿਸਾਲਾਂ ਦਾ ਚਿਤਰਣ, ਬੀਤੇ ਐਤਵਾਰਤਾ 'ਚ ਸਾਡੇ ਕਾਲਮ ਨਵੀਸ ਵਿਜੈ ਬੰਬੇਲੀ ਨੇ ਬੜੇ ਭਾਵੁਕ ਸ਼ਬਦਾਂ ਵਿੱਚ ਪੇਸ਼ ਕੀਤਾ ਸੀ। ਪਾਠਕਾਂ ਵੱਲੋਂ ਦਿਖਾਈ ਦਿਲਚਸਪੀ ਤਹਿਤ ਵਿਸ਼ੇ ਸੰਦਰਭ, ਤੱਤ ਨਿਚੋੜ ਬਿਆਨਉਣ ਲਈ, ਦੋ ਹੋਰ ਸੁਣਾਉਣ ਦੀ ਆਗਿਆ ਦਿਓ।- ਸੰਪਾਦਕ

(4)

ਇਹ ਹੋਣੀ ਪਟਿਆਲੀਆਂ ਦੀ ਹੈ, ਜਿਹਨਾਂ ਨਾਲ ਮੇਰਾ ਵਾਹ 'ਮੈਲੀ-ਜੈਜੋਂ' ਖਿੱਤੇ ਵਿੱਚ ਉਹਨਾਂ ਦੇ ਫਾਰਮ ਹਾਊਸ ਲਾਗੇ ਇੱਕ ਭੂਮੀ ਤੇ ਜਲ ਸੰਭਾਲ ਪ੍ਰੋਜੈਕਟ ਉਸਾਰਨ ਵੇਲੇ ਪਿਆ। ਹੋਇਆ ਇਉਂ, ਮੇਰਾ ਮਹਿਕਮਾ 'ਭੂਮੀ ਤੇ ਜਲ ਸੰਭਾਲ' ਉਹਨਾਂ ਲਾਗੇ ਇੱਕ ਵੱਡੇ ਜਲ-ਵਹਿਣ 'ਤੇ ਸੰਬੰਧਤ ਪ੍ਰੋਜੈਕਟ ਉਸਾਰ ਰਿਹਾ ਸੀ। ਇਹ ਇੱਕ ਟੀਮ ਵਰਕ ਸੀ, ਪਰ ਵਿਸ਼ੇਸ਼ ਰੁਚੀ ਤਹਿਤ ਮੈਂ ਇਸ ਨੂੰ ਇੱਕ ਰੀਸਰਚ ਪ੍ਰੋਜੈਕਟ ਵਜੋਂ ਵੀ ਲਿਆ। ਸਿੱਟੇ ਵਜੋਂ ਮੇਰਾ ਉੱਥੇ ਰੁਕਣਾ ਵੱਧ ਸੀ। ਅਜਿਹੇ ਕਾਰਜਾਂ 'ਤੇ, ਖਾਸ ਕਰਕੇ ਮੀਂਹਾਂ ਦੇ ਦਿਨੀਂ, ਅਕਸਰ ਜਾਣੀ-ਆਉਣੀ ਜ਼ਿਆਦਾ ਰਹਿੰਦੀ। ਫਾਰਮ ਦਾ ਬਹੁਤਾ ਹਿੱਸਾ ਚੋਅ-ਬੁਰਦ ਸੀ, ਜਿਸ ਬਾਰੇ ਉਹਨਾਂ ਨੂੰ ਬਰਸਾਤ ਰੁੱਤੇ ਪਤਾ ਲੱਗਾ। ਦਰ-ਹਕੀਕਤ; ਅਜਿਹਾ ਕਈਆਂ ਨਾਲ ਹੋਇਆ। ਖਾਸ ਕਰਕੇ ਦੋ ਨੰਬਰ ਦੇ ਪੈਸੇ ਨਾਲ ਜ਼ਮੀਨਾਂ ਖਰੀਦਣ ਵਾਲਿਆਂ ਨਾਲ। ਜਿਹਨਾਂ ਬਹੁਤੀ ਖੋਜ-ਪੜਤਾਲ ਕੀਤੇ ਬਿਨਾਂ ਕੰਢੀ ਜਾਂ ਹੇਠਲੇ ਸ਼ਿਵਾਲਕ ਦੇ ਪੈਰਾਂ 'ਚ ਪੈਂਦੀ ਜ਼ਮੀਨ, ਕੋਈ ਵੀ ਹਰਬਾ ਵਰਤ, ਸਸਤੇ ਭਾਅ ਹਥਿਆਈ। ਇਸ ਚਲਨ ਕਾਰਨ ਇੱਥੇ ਆ ਵੱਸਣ ਵਾਲਿਆਂ ਸਦਕਾ ਇਥੋਂ ਦੇ ਭੂਗੋਲ, ਆਲੇ-ਦੁਆਲੇ, ਸਥਾਨਕ ਰਹੁ-ਰੀਤਾਂ, ਚੱਜ-ਆਚਾਰ ਅਤੇ ਸੱਭਿਆਚਾਰ ਨੂੰ ਵੀ ਹਰਜ਼ਾ ਲੱਗਾ।

ਪਟਿਆਲੀਆਂ ਨੇ ਉਸ ਮਾਰੂ ਖਿੱਤੇ ਨੂੰ ਉਪਜਾਉਣ ਹਿੱਤ ਬਹੁ-ਪਰਤੀ ਮੁਸ਼ੱਕਤ ਕੀਤੀ, ਢੇਰ ਰਕਮ ਖਰਚੀ। ਖੇਤੀ, ਬਾਗਬਾਨੀ ਅਤੇ ਸਿੰਚਾਈ ਦੇ ਆਧੁਨਿਕ ਤੇ ਵਿਗਿਆਨਕ ਤਰੀਕੇ ਅਜ਼ਮਾਏ। ਮਾਰਗਦਰਸ਼ਨ ਕਰਨ ਅਤੇ ਤਕਨੀਕ ਮੁਹੱਈਆ ਕਰਨ ਲਈ ਸੰਬੰਧਤ ਮਹਿਕਮੇ ਵੀ ਪੇਸ਼-ਪੇਸ਼ ਰਹੇ। ਵੱਧ ਰਕਮ ਖਰਚ ਕਰਨ ਦਾ ਕਾਰਨ ਇਹ ਵੀ ਸੀ ਕਿ ਉਹ ਪਟਿਆਲੇ ਲਾਗੇ ਕਲੋਨੀਆਈਜ਼ਰਾਂ ਨੂੰ ਵੇਚੀ ਆਪਣੀ ਜ਼ਮੀਨ ਨਾਲ ਵੱਡੇ ਬੋਝੇ ਭਰ ਕੇ ਲਿਆਏ ਸਨ। ਪਹਿਲਾਂ-ਪਹਿਲ ਉਸ ਦੀ ਸੋਨਾ ਲੱਦੀ ਤ੍ਰੀਮਤ ਨਾਲ ਸਜੀਆਂ-ਸਜਾਈਆਂ ਸਹੇਲੀਆਂ ਵੀ ਆਉਂਦੀਆਂ। ਉਹ ਉਸ ਲਾਗਲੇ ਕੁਦਰਤ ਲਬਰੇਜ਼ ਖਿੱਤੇ ਵਿੱਚ ਹੁੱਬਵਾਂ ਭ੍ਰਮਣ ਕਰਦੀਆਂ। ਪਤਾ ਨਹੀਂ ਕਿਉਂ ਕਦੇ-ਕਦੇ ਜਾਪਦਾ ਕਿ ਉਹ ਇਧਰਲਿਆਂ ਨੂੰ, ਖਾਸ ਕਰਕੇ ਤੀਵੀਆਂ ਨੂੰ, ਉਜੱਡ ਸਮਝਦੀਆਂ ਹਨ। ਸ਼ਾਇਦ ਹਕੀਕਤ ਦੀ ਬਜਾਏ, ਇਹ ਮੇਰਾ ਆਪੋ ਸਿਰਜਿਆ ਭਰਮ ਹੋਵੇ। ਖੈਰ, ਉਹਨਾਂ ਦੀ ਇਹ ਹਵਾ-ਖੋਰੀ ਅਤੇ ਭ੍ਰਮਣੀ-ਜਲੌਅ ਦਾ ਚਾਅ ਸਾਲ-ਖੰਡ 'ਚ ਹੀ ਉੱਤਰ ਗਿਆ। ਦਰ-ਹਕੀਕਤ; ਦੂਰ ਦੇ ਪਹਾੜ ਬੜੇ ਸੁਹਾਵਣੇ ਜਾਪਦੇ ਹਨ। ਜੰਮਣ ਤੇ ਕਰਮ ਭੋਇੰ ਤੋਂ ਵਧ ਕੇ ਕੋਈ ਵੀ ਭੂਗੋਲ ਹਿੱਤੂ ਨਹੀਂ ਹੁੰਦਾ।

ਮਗਰੋਂ ਮਨਭਾਉਂਦੇ ਸਿੱਟੇ ਨਾ ਨਿਕਲਣ ਕਾਰਨ ਉਹ ਉਪਰਾਮ ਰਹਿਣ ਲੱਗੇ। ਅਜਿਹਾ ਨਾ ਹੋਣ ਦੇ ਕਈ ਹੋਰ ਕਾਰਨਾਂ ਸਮੇਤ ਮਾਲਕਾਂ ਦੀ ਕਾਹਲ ਵੀ ਸੀ। ਬੇਹੱਦ ਘਣੀ ਖੇਤੀ ਦੇ ਰਕਬੇ 'ਚੋਂ ਆਏ ਹੋਣ ਕਾਰਨ ਉਹਨਾਂ ਵਿੱਚ ਸਹਿਜ ਅਮਲ ਦੀ ਬਜਾਏ ਮੁਰਗੀ ਮਾਰ ਕੇ ਇੱਕਦਮ ਸਾਰੇ ਆਂਡੇ ਪ੍ਰਾਪਤ ਕਰਨ ਦੀ ਬਿਰਤੀ ਭਾਰੂ ਸੀ। ਕਣਕ ਅਤੇ ਝੋਨੇ ਦੀ ਘਣੀ ਖੇਤੀ ਦੇ ਨਿਸਬਤਨ ਇਸ ਧਰਤੀ, ਪਟਿਆਲੇ ਨਾਲੋਂ ਕਰੀਬ ਦਸ ਗੁਣਾਂ ਵੱਧ ਰਕਬਾ, ਦੀਆਂ ਨਿਆਮਤਾਂ ਨਾਲ ਉਹਨਾਂ ਨੂੰ ਤਸੱਲੀ ਨਹੀਂ ਸੀ ਹੋ ਰਹੀ। ਇਹੀ ਉਹ ਕਾਰਨ ਸੀ ਕਿ ਸਰਦਾਰ ਉੱਖੜਿਆ-ਉੱਖੜਿਆ ਰਹਿਣ ਲੱਗ ਪਿਆ। ਆਖਦਾ, ਬਹੁਤੀ ਨੂੰ ਪਏ ਪਿਛਲੀ ਸਰੱਗੀ ਵੀ ਗੁਆ ਆਏ। ਉਸ ਨੂੰ ਬਹੁਤਾ ਝੋਰਾ ਇਹ ਵੀ ਸੀ ਕਿ ਉਸ ਆਪਣਿਆਂ ਨੂੰ ਛੱਡ ਬੇਗਾਨੀ ਜੂਹ ਆ ਮੱਲੀ ਸੀ, ਜਿੱਥੇ ਉਸ ਦੀ ਉਦਾਸੀ ਵੰਡਾਉਣ ਵਾਲਾ, ਆਪਣਿਆਂ ਵਿੱਚੋਂ ਕੋਈ ਵੀ ਨਹੀਂ ਸੀ।

ਢੇਰ ਸਮੇਂ ਮਗਰੋਂ ਹੱਥਲਾ ਕਾਲਮ ਲਿਖਣ ਦੀ ਲਲਕ ਵਿੱਚ ਮੈਂ ਵਿਸ਼ੇਸ਼ ਤੌਰ 'ਤੇ ਉਸ ਫਾਰਮ ਹਾਊਸ ਢੁੱਕਾ। ਪਤਾ ਲੱਗਾ, ਉਹ ਤਾਂ ਕਦੋਂ ਦੀ ਉਡਾਰੀ ਮਾਰ ਚੁੱਕੇ ਹਨ। ਜੱਦੀ ਖੇੜਿਆਂ ਨੂੰ ਮੁੜ ਗਏ ਜਾਂ ਕਿਤੇ ਹੋਰ, ਕੁੱਝ ਪਤਾ ਨਾ ਲੱਗਾ। ਹਾਂ; ਇਹ ਜ਼ਰੂਰ ਪਤਾ ਲੱਗਾ ਕਿ ਉੱਡੂ-ਉੱਡੂ ਕਰਦੀ ਗ੍ਰਹਿਣੀ ਦਾ 'ਗੁਲਾਬੀ ਭਾਅ ਮਾਰਦਾ ਸੁਹੱਪਣ' ਤਾਂ ਕਦੋਂ ਦਾ ਛੁਪਣ-ਛੋਤ ਹੋ ਗਿਆ ਸੀ, ਜਿਸ ਦਾ ਜਲੌਅ, ਅਕਸਰ ਬਹੁਤਿਆਂ ਦੀ ਨੀਵੀਂ ਪੁਆ ਦਿੰਦਾ ਸੀ।

(5)

ਇਹ ਗਾਥਾ ਜੋਗਿੰਦਰ ਬਾਠ ਹਾਲੈਂਡ ਦੀ ਹੱਡ ਬੀਤੀ ਹੈ। ਛਾਂਗ-ਤਰਾਸ਼ ਕੇ, ਨਿੱਕ-ਸੁੱਕ ਵਾਧੇ ਸਮੇਤ ਪੇਸ਼ ਹੈ ਇਹ ਮਾਰਮਿਕ ਕਥਾ :

ਬਾਠ ਅਨੁਸਾਰ, ' ਅੱਜ ਤੋਂ ਡੇਢ-ਦੋ ਦਹਾਕੇ ਪਹਿਲਾਂ ਜਦੋਂ ਜ਼ਮੀਨਾਂ ਮਹਿੰਗੀਆਂ ਹੋਣ ਲੱਗੀਆਂ ਚੰਡੀਗੜ੍ਹ, ਲੁਧਿਆਣਾ ਵਾਲੇ ਪੰਜ ਕੁ ਕਰੋੜ ਦਾ ਕਿੱਲਾ ਵੇਚ ਸਾਰੇ ਪੰਜਾਬ ਵਿੱਚ ਜ਼ਮੀਨ ਭਾਲਣ ਲਈ ਧਮੱਚੜ ਪਾਣ ਲੱਗੇ। ਮੋਗਾ ਵਰਗੇ ਸ਼ਹਿਰ ਵਿੱਚ ਹੀ ਜ਼ਮੀਨ ਦੇ ਸੈਂਕੜੇ ਦਲਾਲ ਗੇੜੀਆਂ ਦੇਣ ਲੱਗੇ ਹੋਏ ਸਨ। ਸ਼ਹਿਰ ਨੇੜੇ ਜਿਸ ਕਿੱਲੇ ਦਾ ਮੁੱਲ ਕਦੀ ਪੰਦਰਾਂ ਲੱਖ ਨਹੀਂ ਸੀ ਲੱਗਾ, ਸਾਲ ਵਿੱਚ ਹੀ ਕਰੋੜ ਹੋ ਗਿਆ। ਸ਼ਹਿਰ ਦੇ ਚੁਫੇਰੇ ਅਣ-ਅਧਿਕਾਰਤ ਕਲੋਨੀਆਂ ਬਣਨ ਲੱਗ ਪਈਆਂ। ਸਿਰੇ ਦੇ ਉਪਜਾਊ ਖੇਤ ਖਾਲੀ ਪਲਾਟ (ਖੋਲੇ) ਬਣ ਗਏ। ਹੁਣ ਇਹ ਪਲਾਟ ਉਹ ਰੰਡੀਆਂ ਹਨ, ਜਿਨ੍ਹਾਂ ਦਾ ਕੋਈ ਗਾਹਕ ਹੀ ਨਹੀਂ। ਦੱਲਿਆਂ ਦੀਆਂ ਬੰਨੀਆਂ ਭੂਮਿਕਾਵਾਂ ਵੀ ਵਿਰਲੇ-ਟਾਵੇਂ 'ਕੋਠੇ' ਨੂੰ ਹੀ ਭਾਗ ਲਾਉਂਦੀਆਂ ਹਨ।

ਮੋਗੇ, ਜਲੰਧਰ ਵਾਲੇ ਕਰੋੜ ਦਾ ਕਿੱਲਾ ਵੇਚ ਮਾਝੇ-ਦੁਆਬੇ, ਖਾਸ ਕਰਕੇ ਕੰਢੀ ਵਿੱਚ ਕਸਾਈਆਂ ਵਾਂਗ ਧਰਤੀ ਦੇ ਜਿਸਮ ਟੋਹਣ ਲੱਗੇ ਸਨ। ਚੁਸਤ ਦਲਾਲ ਬਿਆਨੇ 'ਚੋਂ ਹੀ ਕਮਿਸ਼ਨ (ਦਲਾਲੀ) ਰਾੜ੍ਹ ਲੈਂਦੇ, ਮਾੜੇ ਦਲਾਲ ਆਪਣੀਆਂ ਜੁੱਲੀਆਂ ਵੇਚ ਕੇ ਬਿਆਨੇ ਕਰਨ ਲੱਗੇ। ਮਾਝੇ ਦਾ ਢਾਈ ਲੱਖਾ ਕਿੱਲਾ ਪੰਜੀਆਂ ਦਾ ਹੋ ਗਿਆ। ਕੰਢੀ ਦੇ ਚੋਆਂ ਤੇ ਪਥਰੀਲੇ ਕੁਰੇਆਂ ਨੇ ਵੀ ਸਿਰ ਉੱਚਾ ਕਰ ਲਿਆ। ਹਰ ਹੱਟੀ-ਭੱਠੀ ਮੂਹਰੇ ਪ੍ਰੋਪਰਟੀ 'ਡੀਲਰ, ਪਰੋਵਾਈਡਰ, ਐਡਵਾਈਜ਼ਰ' ਦੇ ਬੋਰਡ ਲੱਗ ਗਏ। ਕਈ ਅਮਲੀ-ਭੰਗੀ ਵੀ ਟੁੱਟੇ-ਭੱਜੇ ਮੋਟਰ-ਸ਼ੈਕਲ ਚੁੱਕ, 'ਡੀਲਰ' ਬਣ ਪਿੰਡਾਂ ਦੇ ਰਸਤੇ-ਪਹੇ ਨੀਵੇਂ ਕਰਨ ਲੱਗੇ।

ਜਿਹਨਾਂ ਢਾਬਿਆਂ 'ਤੇ ਮਸਾਂ ਦਾਲ ਮਸਰੀ ਬਣਦੀ ਸੀ, ਉਥੋਂ ਮੁਰਗ-ਮਸੱਲੇ ਦੀ ਖੁਸ਼ਬੂ ਚੁਫੇਰੇ ਫੈਲਣ ਲੱਗੀ। ਨਵ-ਅਮੀਰਾਂ ਦੀਆਂ ਚਰੂੰਡ ਕੇ ਸੁੱਟੀਆਂ ਹੱਡੀਆਂ ਖਾਤਰ ਕੁੱਤੇ-ਬਿੱਲੇ ਇੱਕ-ਦੂਜੇ ਦੇ ਕੰਨ ਪਾੜਨ ਲੱਗੇ, ਢੋਡਰ ਕਾਂ ਕਿਵੇਂ ਪਿੱਛੇ ਰਹਿੰਦੇ। ਜ਼ਮੀਨ ਵੇਚੂ ਲੋਕਾਂ, ਖਾਸ ਕਰਕੇ ਉਹਨਾਂ ਦੇ ਛੋਕਰਿਆ ਦੀ ਮਿੱਤਰ-ਮੰਡਲੀ 'ਚ ਵੀ ਵਾਧਾ ਹੋਣ ਲੱਗਾ। ਸ਼ਰਾਬ ਦੀ ਵਿਕਰੀ ਚੌਗਣੀ ਹੋ ਗਈ। ਬਿਨਾਂ ਸ਼ੱਕ ਸਾਰੇ ਅਜਿਹੇ ਨਹੀਂ ਸਨ, ਪਰ ਬਹੁਤੇ ਅਜਿਹੀ ਲਾਗ-ਲਪੇਟ 'ਚੋਂ ਆਉਣੋਂ ਬਚ ਨਾ ਸਕੇ। ਕਰੀਬ ਸਾਰੇ ਪੰਜਾਬ 'ਚ ਵਿਆਹ ਵਰਗਾ ਮਾਹੌਲ ਹੋ ਗਿਆ।

ਬਿਆਨਾ-ਦਰ-ਬਿਆਨਾ ਹੋਣ ਲੱਗਾ। ਪੈਲੀ ਕਿਸੇ ਦੀ, ਵੇਚੀ ਕੋਈ ਜਾਂਦਾ। ਅਰਜ਼ੀ ਨਵੀਸ, ਅਸ਼ਟਾਮ ਫ਼ਰੋਸ ਤੇ 'ਚੁਸਤ' ਨੰਬਰਦਾਰ ਹੱਥ ਰੰਗਣ ਲੱਗੇ। ਸੰਬੰਧਤ ਪਟਵਾਰੀਆਂ, ਬਾਊਆਂ ਅਤੇ ਤਹਿਸੀਲਦਾਰਾਂ ਦੀਆਂ ਪੌਂ-ਬਾਰਾਂ ਹੋ ਗਈ। ਬਹੁਤਿਆਂ ਨੂੰ ਕੱਚੇ ਤੇ ਸਾਦਾ ਘਰ ਭੈੜੇ ਲੱਗਣ ਲੱਗ ਪਏ। ਮਿਹਨਤੀ ਤੇ ਸੰਜਮੀ ਕਿਸਾਨ ਜਿਹੜੇ ਥੋੜ੍ਹੀ 'ਚੋਂ ਵੀ, ਕਿਰਸ ਕਰਕੇ ਜੱਦੀ-ਪੁਸ਼ਤੀ ਨੂੰ, ਕੁਝ-ਨਾ-ਕੁਝ ਵਧਾ ਲੈਂਦੇ ਸੀ ਦੇ ਹੱਥੋਂ ਵੀ ਜ਼ਮੀਨ ਨਿਕਲਣ ਲੱਗੀ, ਕਿਉਂਕਿ ਐਨੀ ਮਹਿੰਗੀ ਵਿਕ ਰਹੀ ਮਿੱਟੀ ਦੀ ਢੇਰੀ ਉਸ ਨੂੰ ਅੰਨ ਦੀ ਢੇਰੀ ਤੋਂ ਕਿਤੇ ਵੱਡੀ ਜਾਪਣ ਲੱਗ ਪਈ ਸੀ। ਅੱਗਿਓਂ, ਫਿਜ਼ਾ 'ਚ ਘੁੰਮਾ ਦਿੱਤੇ ਮਹਿੰਗੀ ਵੇਚੋ, ਸਸਤੀ ਖ਼੍ਰੀਦੋ ਦੇ 'ਮਹਾਂ ਵਾਕ' ਨੇ ਬਹੁਤਿਆਂ ਨੂੰ ਚੁੰਧਿਆ ਕਿ ਰੱਖ ਦਿੱਤਾ। ਕੁਝ ਨੇ ਅਜਿਹਾ ਕੀਤਾ ਵੀ ਪਰ ਬਹੁਤੇ, ਮਗਰੋਂ, ਚੌਪਟ ਹੋ ਗਏ। ਕਈ ਹੋਰ ਕੰਮ ਧੰਦਿਆਂ, ਵਿਸ਼ਾਲ-ਸਹੂਲਤੀ ਕੋਠੀਆਂ, ਚੌੜੇ ਟਾਇਰਾਂ ਵਾਲੀਆਂ ਜੀਪਾਂ ਅਤੇ ਭਾਰੀ-ਭਰਕਮ ਵਿਆਹਾਂ 'ਚ ਗਲਤਾਨ ਹੋ ਗਏ।

ਜ਼ਮੀਨ ਵੇਚ, ਕਈਆਂ ਦੇ ਮੁੰਡਿਆਂ, ਬੇਹਤਰ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਹਰਕਿਸ਼ਨ ਸਿੰਘ ਸੁਰਜੀਤ ਦੀ ਦੇਣ ਨੂੰ ਯਾਦ ਕਰਦਿਆਂ...



ਸੁਖਵਿੰਦਰ ਸਿੰਘ ਸੇਖੋਂ

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੁਰਾਂ ਦਾ ਜਨਮ 23 ਮਾਰਚ 1916 ਨੂੰ ਪਿੰਡ ਬੰਡਾਲਾ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਨ੍ਹਾਂ ਨੇ ਮੁਢਲੀ ਸਿੱਖਿਆ ਪਿੰਡ ਬੰਡਾਲਾ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ ਅਤੇ ਦੇਸ਼ ਭਗਤਾਂ ਦੇ ਕਹਿਣ 'ਤੇ ਨੌਵੀਂ ਜਮਾਤ 'ਚ ਪੜ੍ਹਦਿਆਂ ਹੋਇਆਂ ਪਿੰਡ ਵਿੱਚ ਅੰਗਰੇਜ਼ ਰਾਜ ਵਿਰੁੱਧ ਜਲਸਾ ਹੋਣ ਸੰਬੰਧੀ ਮੁਨਾਦੀ ਕਰ ਦਿੱਤੀ ਗਈ। ਪਿੰਡ ਜਲਸਾ ਹੋਣ ਉਪਰੰਤ ਅਗਲੇ ਦਿਨ ਅੰਗਰੇਜ਼ਾਂ ਦੀ ਪੁਲਸ ਪਿੰਡ ਆ ਗਈ ਅਤੇ ਪਤਾ ਕੀਤਾ ਕਿ ਜਲਸਾ ਕਿਸ ਨੇ ਕਰਵਾਇਆ ਹੈ ਤਾਂ ਉਸ ਸਮੇਂ ਨੌਵੀਂ ਜਮਾਤ ਦੇ ਵਿਦਿਆਰਥੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਨਾਂਅ ਸਾਹਮਣੇ ਆਇਆ। ਪ੍ਰਸ਼ਾਸਨ ਨੇ ਸਕੂਲ ਦੀ ਪ੍ਰਬੰਧਕ ਕਮੇਟੀ ਨੂੰ ਬੁਲਾ ਕੇ ਕਿਹਾ ਕਿ ਇਸ ਬੱਚੇ ਦਾ ਨਾਂਅ ਸਕੂਲ ਵਿੱਚੋਂ ਕੱਟ ਦਿਓ। ਇਸ ਢੰਗ ਨਾਲ ਕੱਟੋ ਕਿ ਇਹ ਕਿਤੇ ਹੋਰ ਦਾਖ਼ਲਾ ਨਾ ਲੈ ਸਕੇ। ਇਹ ਫੁਰਮਾਨ ਲੈ ਕੇ ਸਕੂਲ ਦੀ ਪ੍ਰਬੰਧਕ ਕਮੇਟੀ ਨੇ ਸਕੂਲ ਦੇ ਮੁੱਖ ਅਧਿਆਪਕ ਨੂੰ ਕਿਹਾ ਕਿ ਇਸ ਬੱਚੇ ਦਾ ਨਾਂਅ ਕੱਟ ਦਿਓ ਅਤੇ ਇਹ ਹੋਰ ਕਿਸੇ ਸਕੂਲ ਵਿੱਚ ਦਾਖ਼ਲ ਨਾ ਹੋ ਸਕੇ, ਪ੍ਰੰਤੂ ਮੁੱਖ ਅਧਿਆਪਕ ਨੇ ਪ੍ਰਬੰਧਕ ਕਮੇਟੀ ਨੂੰ ਜਵਾਬ ਦਿੱਤਾ ਕਿ ਮੈਂ ਸਕੂਲ 'ਚੋਂ ਨਾਂਅ ਤਾਂ ਕੱਟ ਸਕਦਾ ਹਾਂ ਪ੍ਰੰਤੂ ਜੋ ਤੁਸੀਂ ਕਹਿ ਰਹੇ ਹੋ ਕਿ ਇਹ ਬੱਚਾ ਕਿਤੇ ਹੋਰ ਦਾਖ਼ਲ ਨਾ ਹੋ ਸਕੇ, ਅਜਿਹਾ ਮੈਂ ਨਹੀਂ ਕਰ ਸਕਦਾ। ਸਕੂਲ 'ਚੋਂ ਨਾਂਅ ਕੱਟਣ ਤੋਂ ਬਾਅਦ ਦੇਸ਼ ਭਗਤ ਗਦਰੀ ਬਾਬਿਆਂ ਨੇ ਕਾਮਰੇਡ ਸੁਰਜੀਤ ਹੁਰਾਂ ਨੂੰ ਜਲੰਧਰ ਖ਼ਾਲਸਾ ਸਕੂਲ 'ਚ ਦਾਖ਼ਲ ਕਰਵਾ ਦਿੱਤਾ ਸੀ, ਪ੍ਰੰਤੂ ਹੁਣ ਉਸੇ ਸਕੂਲ ਦਾ ਨਾਂਅ ਜਿੱਥੋਂ ਕਾਮਰੇਡ ਸੁਰਜੀਤ ਹੁਰਾਂ ਦਾ 9ਵੀਂ ਜਮਾਤ 'ਚੋਂ ਨਾਂਅ ਕੱਟਿਆ ਗਿਆ ਸੀ, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸੀਨੀਅਰ ਸੈਕੰਡਰੀ ਸਕੂਲ ਦੇ ਨਾਂਅ 'ਤੇ ਚੱਲ ਰਿਹਾ ਹੈ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੁਰਾਂ ਨੇ ਇਸ ਤੋਂ ਬਾਅਦ 23 ਮਾਰਚ 1932 ਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਹੁਰਾਂ ਦੀ ਪਹਿਲੀ ਬਰਸੀ 'ਤੇ ਹੁਸ਼ਿਆਰਪੁਰ ਡਿਪਟੀ ਕਮਿਸ਼ਨਰ ਦੇ ਦਫ਼ਤਰ ਤੋਂ ਯੂਨੀਅਨ ਜੈਕ ਉਤਾਰ ਕੇ ਤਿਰੰਗਾ ਝੰਡਾ ਲਹਿਰਾਇਆ ਸੀ। ਇਹ ਸੱਦਾ ਕਾਂਗਰਸ ਪਾਰਟੀ ਵੱਲੋਂ ਸਾਰੇ ਦੇਸ਼ ਵਾਸਤੇ ਦਿੱਤਾ ਗਿਆ ਸੀ। ਕਾਂਗਰਸ ਪਾਰਟੀ ਵੱਲੋਂ ਇਹ ਸੱਦਾ ਸਖ਼ਤ ਪਾਬੰਦੀਆਂ ਹੋਣ ਕਾਰਨ ਵਾਪਸ ਲੈ ਲਿਆ ਸੀ, ਪਰੰਤੂ ਕਾਮਰੇਡ ਸੁਰਜੀਤ ਵੱਲੋਂ ਸਾਂਝੇ ਭਾਰਤ ਵਿੱਚ ਇਕੋ ਜ਼ਿਲ੍ਹੇ ਹੁਸ਼ਿਆਰਪੁਰ ਵਿਖੇ ਤਿਰੰਗਾ ਲਹਿਰਾਉਣ 'ਚ ਸਫ਼ਲਤਾ ਪ੍ਰਾਪਤ ਕੀਤੀ ਸੀ। ਪੁਲਸ ਵੱਲੋਂ ਤਿੰਨ ਗੋਲੀਆਂ ਵੀ ਚਲਾਈਆਂ ਗਈਆਂ ਸਨ। ਕਾਮਰੇਡ ਜੀ ਵੱਲੋਂ ਆਪਣੀ ਸੰਖੇਪ ਜੀਵਨੀ ਵਿੱਚ ਜ਼ਿਕਰ ਇਸ ਤਰ੍ਹਾਂ ਕੀਤਾ ਹੈ ਕਿ ਜੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਉਸ ਸਮੇਂ ਭਾਰਤੀ (ਮਰਾਠੀ) ਨਾ ਹੁੰਦਾ ਤਾਂ ਅੰਗਰੇਜ਼ ਪੁਲਸ ਮੁਕਾਬਲਾ ਬਣਾ ਕੇ ਮਾਰ ਸਕਦੀ ਸੀ, ਪ੍ਰੰਤੂ ਗੋਲੀਆਂ ਦਾ ਖੜ੍ਹਾਕ ਸੁਣ ਕੇ ਡਿਪਟੀ ਕਮਿਸ਼ਨਰ ਆਪਣੇ ਦਫ਼ਤਰ 'ਚੋਂ ਬਾਹਰ ਆਇਆ ਅਤੇ ਗੋਲੀ ਬੰਦ ਕਰਵਾ ਦਿੱਤੀ ਅਤੇ ਪੁੱਛਿਆ ਕਿ ਕੀ ਹੋਇਆ ਤਾਂ ਪੁਲਸ ਨੇ ਦੱਸਿਆ ਕਿ ਦਫ਼ਤਰ ਤੋਂ ਯੂਨੀਅਨ ਜੈਕ ਉਤਾਰ ਕੇ ਤਿਰੰਗਾ ਲਹਿਰਾਇਆ ਗਿਆ ਹੈ। ਡਿਪਟੀ ਕਮਿਸ਼ਨਰ ਮਿਸਟਰ ਬਾਖਲੇ ਨੇ ਹੁਕਮ ਦਿੱਤਾ ਕਿ ਇਸ ਨੌਜਵਾਨ ਨੂੰ ਗ੍ਰਿਫ਼ਤਾਰ ਕਰਕੇ ਜੱਜ ਦੇ ਪੇਸ਼ ਕਰੋ। ਜਦੋਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ ਤਾਂ ਜੱਜ ਨੇ ਕਾਮਰੇਡ ਜੀ ਦਾ ਨਾਂਅ ਪੁੱਛਿਆ ਤਾਂ ਕਾਮਰੇਡ ਜੀ ਨੇ ਆਪਣਾ ਨਾਂਅ ਲੰਡਨ ਤੋੜ ਸਿੰਘ ਦੱਸਿਆ ਅਤੇ ਜਦੋਂ ਪਿਤਾ ਜੀ ਦਾ ਨਾਂਅ ਪੁੱਛਿਆ ਤਾਂ ਕਾਮਰੇਡ ਜੀ ਨੇ ਉੱਤਰ ਦਿੱਤਾ ਕਿ ਮੇਰੇ ਪਿਤਾ ਜੀ ਦਾ ਨਾਂਅ ਗੁਰੂ ਗੋਬਿੰਦ ਸਿੰਘ ਹੈ। ਅਦਾਲਤ ਵਿੱਚ ਇਸ ਕੇਸ ਦੇ ਫ਼ੈਸਲੇ ਵਾਲੇ ਦਿਨ ਜਦੋਂ ਜੱਜ ਨੇ ਇੱਕ ਸਾਲ ਦੀ ਸਜ਼ਾ ਸੁਣਾਈ। ਇਸ 'ਤੇ ਕਾਮਰੇਡ ਸੁਰਜੀਤ ਜੀ ਨੇ ਕਿਹਾ ਕਿ ਬੱਸ ਸਿਰਫ਼ ਇੱਕ ਸਾਲ ਤਾਂ ਜੱਜ ਨੇ ਕਿਹਾ ਦੋ ਸਾਲ ਤਾਂ ਕਾਮਰੇਡ ਜੀ ਨੇ ਕਿਹਾ ਸਿਰਫ਼ ਦੋ ਸਾਲ ਤਾਂ ਜੱਜ ਨੇ ਸਜ਼ਾ ਤਿੰਨ ਸਾਲ ਸੁਣਾ ਦਿੱਤੀ। ਕਾਮਰੇਡ ਜੀ ਨੇ ਫਿਰ ਕਿਹਾ ਕਿ ਸਿਰਫ਼ ਤਿੰਨ ਸਾਲ ਤਾਂ ਇਸ 'ਤੇ ਜੱਜ ਨੇ ਚਿੜ ਕੇ ਕਿਹਾ ਇਸ ਦੋਸ਼ ਦੀ ਧਾਰਾ ਵਿੱਚ ਜੋ ਸਜ਼ਾ ਹੋ ਸਕਦੀ ਸੀ, ਉਹ ਦਿੱਤੀ ਗਈ ਹੈ। ਕਾਮਰੇਡ ਜੀ ਵੱਲੋਂ ਆਪਣਾ ਰਾਜਸੀ ਜੀਵਨ 16 ਵਰ੍ਹਿਆਂ ਦੀ ਉਮਰ ਵਿੱਚ ਸ਼ੁਰੂ ਕੀਤਾ ਗਿਆ। ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ 1932 ਵਿੱਚ ਪਹਿਲੀ ਵਾਰ ਕੈਦ ਕੱਟੀ। ਕਾਮਰੇਡ ਜੀ ਨੇ ਕੁੱਲ 10 ਸਾਲ ਕੈਦ ਕੱਟੀ। ਸਾਰੇ ਸਿਆਸੀ ਜੀਵਨ ਵਿੱਚ ਉਨ੍ਹਾਂ ਨੇ ਕੋਈ ਵੀ ਆਜ਼ਾਦੀ ਘੁਲਾਟੀਆਂ ਦੀ ਪੈਨਸ਼ਨ ਨਹੀਂ ਲਈ ਅਤੇ ਨਾ ਹੀ ਆਜ਼ਾਦੀ ਘੁਲਾਟੀਏ ਹੋਣ ਦਾ ਕੋਈ ਪਰਵਾਰਕ ਲਾਭ ਲਿਆ। ਇੱਕ ਘਟਨਾ ਦਾ ਹੋਰ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਜਦੋਂ ਅੰਗਰੇਜ਼ੀ ਸਾਮਰਾਜੀ ਹਕੂਮਤ ਕਾਂਗਰਸ ਦਾ ਜਲਸਾ ਵੀ ਨਹੀਂ ਹੋਣ ਦੇ ਰਹੀ ਸੀ ਤਾਂ ਕਾਮਰੇਡ ਸੁਰਜੀਤ ਹੁਰਾਂ ਨੇ ਆਪਣੇ ਖੇਤਾਂ ਦੀ ਕੱਚੀ ਫ਼ਸਲ ਵੱਢ ਕੇ ਜਵਾਹਰ ਲਾਲ ਨਹਿਰੂ ਦਾ ਪਿੰਡ ਬੰਡਾਲਾ ਵਿਖੇ ਜਲਸਾ ਕਰਾਇਆ ਸੀ। ਇਸ ਤਰ੍ਹਾਂ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿੱਚ ਵੀ ਵੱਡਾ ਯੋਗਦਾਨ ਪਾਇਆ। ਆਜ਼ਾਦੀ ਦੇ ਸੰਗਰਾਮ ਦੌਰਾਨ ਹੀ ਗ਼ਦਰ ਪਾਰਟੀ ਦੇ ਬਾਬਿਆਂ, ਬਾਬਾ ਕਰਮ ਸਿੰਘ ਚੀਮਾ ਅਤੇ ਬਾਬਾ ਭਾਗ ਸਿੰਘ ਕਨੇਡੀਅਨ ਹੁਰਾਂ ਦੇ ਪ੍ਰਭਾਵ ਹੇਠ ਉਹ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ ਅਤੇ ਵੱਖ-ਵੱਖ ਅਹੁਦਿਆਂ 'ਤੇ ਰਹਿੰਦਿਆਂ ਲੋਕਾਂ ਨਾਲ ਨੇੜਲੇ ਸੰਬੰਧਾਂ ਰਾਹੀਂ ਦੇਸ਼ ਦੀ ਕਮਿਊਨਿਸਟ ਲਹਿਰ ਦੇ ਸਿਰਕੱਢ ਆਗੂ ਬਣਨ ਦਾ ਮਾਣ ਵੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੁਰਾਂ ਨੂੰ ਪ੍ਰਾਪਤ ਹੋਇਆ ਹੈ। ਉਨ੍ਹਾਂ ਸੰਸਾਰ ਪੱਧਰ ਦੀ ਕਮਿਊਨਿਸਟ ਲਹਿਰ ਨੂੰ ਸਮਝਣ ਅਤੇ ਗਾਈਡ ਕਰਨ ਦਾ ਕੰਮ ਵੀ ਕੀਤਾ।

ਸਮਾਜਵਾਦੀ ਮੁਲਕਾਂ ਦੇ ਆਗੂਆਂ ਨਾਲ ਕਾਮਰੇਡ ਸੁਰਜੀਤ ਹੋਰਾਂ ਦੇ ਬਹੁਤ ਚੰਗੇ ਸੰਬੰਧ ਵੀ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਬਣਾਉਣ ਵਿੱਚ ਸਹਾਈ ਹੋਏ ਅਤੇ ਸਾਮਰਾਜ ਵਿਰੁੱਧ ਸਿਧਾਂਤਕ ਤੌਰ 'ਤੇ ਸੰਘਰਸ਼ਾਂ ਨੂੰ ਨਵੀਂ ਦਿਸ਼ਾ ਦਿੱਤੀ ਗਈ। ਜਦੋਂ ਵੀ ਅਮਰੀਕਨ ਸਾਮਰਾਜ ਵੱਲੋਂ ਸਮਾਜਵਾਦੀ ਮੁਲਕਾਂ ਦੀ ਘੇਰਾਬੰਦੀ ਕੀਤੀ ਗਈ, ਉਸ ਸਮੇਂ ਕਾਮਰੇਡ ਸੁਰਜੀਤ ਹੁਰਾਂ ਵੱਲੋਂ ਲਾਮਬੰਦੀ ਕੀਤੀ ਗਈ। ਸਮਾਜਵਾਦੀ ਮੁਲਕ ਕਿਊਬਾ ਦੀ ਮੁਕੰਮਲ ਨਾਕੇਬੰਦੀ ਸਮੇਂ ਜਦੋਂ ਭਾਰਤ ਸਰਕਾਰ ਕਿਊਬਾ ਨੂੰ ਪੈਸੇ ਨਾਲ ਵੀ ਅਨਾਜ ਦੇਣ ਤੋਂ ਅਮਰੀਕਨ ਸਾਮਰਾਜ ਦੇ ਦਬਾਅ ਹੇਠ ਮੁਕਰ ਗਈ ਸੀ, ਉਸ ਸਮੇਂ ਵੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵੱਲੋਂ ਕਿਊਬਾ ਦੀ ਅਨਾਜ ਪੱਖੋਂ ਅਤੇ ਆਰਥਿਕ ਪੱਖ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com** * **Web : www.nawanzamana.in**

# ਸਵੈ-ਜੀਵਨੀ ਮੂਲਕ ਬਿਰਤਾਂਤਕਾਰੀ ਤੇ ਸੁਹਜਮਈ ਵਰਣਾਤਮਕ ਪ੍ਰਵਚਨ

**ਫੋਕਸ**

## ਚਰਚਾ ਇਕ ਪੁਸਤਕ ਦੀ

**ਡਾ. ਪ੍ਰਿਤਪਾਲ ਸਿੰਘ ਮਹਿਰੋਕ**






### ਮੀਡੀਆ ਆਲੋਚਕ ਦੀ ਆਤਮਕਥਾ

ਪ੍ਰੋ. ਕੁਲਬੀਰ ਸਿੰਘ
ਪੰਨੇ-288, ਮੁੱਲ : 200 ਰੁਪਏ (£ 5.00)
**ਕੈਫ਼ੇ ਵਰਲਡ, ਬਠਿੰਡਾ ਅਤੇ ਜਲੰਧਰ**

'ਮੀਡੀਆ ਆਲੋਚਕ ਦੀ ਆਤਮਕਥਾ' ਪੁਸਤਕ ਪ੍ਰੋ. ਕੁਲਬੀਰ ਸਿੰਘ ਦੀ ਸਵੈ ਜੀਵਨੀ ਤੇ ਮੀਡੀਆ ਨਾਲ ਜੁੜੇ ਬਹੁਤ ਮਹੱਤਵਪੂਰਨ ਸਰੋਕਾਰਾਂ/ਵਿਚਾਰਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਸਿਲਸਿਲੇਵਾਰ ਪੇਸ਼ ਕਰਦੀ ਹੈ। ਮੀਡੀਏ ਬਾਰੇ ਲਿਖੇ ਅਧਿਆਇ ਮੀਡੀਏ ਬਾਰੇ ਮੁੱਲਵਾਨ ਜਾਣਕਾਰੀ ਪ੍ਰਦਾਨ ਕਰਨ ਵਾਲੇ ਹਨ।

ਪ੍ਰੋ. ਕੁਲਬੀਰ ਸਿੰਘ ਦੇ ਮਨ ਵਿੱਚ ਬਚਪਨ ਤੋਂ ਹੀ ਅਖ਼ਬਾਰਾਂ, ਮੈਗਜ਼ੀਨਾਂ ਨੂੰ ਪੜ੍ਹਨ ਤੇ ਰੇਡੀਓ ਸੁਣ ਕੇ ਕੁਝ ਨਵਾਂ ਜਾਨਣ ਦਾ ਸ਼ੌਕ ਪੈਦਾ ਹੋ ਜਾਂਦਾ ਹੈ। ਮੈਂ ਸਮਝਦਾ ਹਾਂ ਇਨ੍ਹਾਂ ਵਿੱਚ ਰੁਚੀ ਰੱਖਣ ਵਾਲੀ ਬਿਰਤੀ/ਦਿਲਚਸਪੀ ਹੀ ਅਚੇਤ ਰੂਪ ਵਿੱਚ ਉਸ ਨੂੰ ਮੀਡੀਏ ਨਾਲ ਜੋੜ ਦਿੰਦੀ ਹੈ।

ਐੱਮ.ਫਿਲ. ਕਰਨ, ਕੁਝ ਸਾਲ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਐਡਹਾਕ ਆਧਾਰ 'ਤੇ ਨੌਕਰੀ ਕਰਨ, ਫਿਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਚੋਣ ਹੋ ਜਾਣ ਉਪਰੰਤ ਰੈਗੂਲਰ ਆਧਾਰ 'ਤੇ ਸਰਕਾਰੀ ਨੌਕਰੀ ਵਿੱਚ ਆ ਜਾਣ ਪਿੱਛੋਂ ਪ੍ਰੋ. ਕੁਲਬੀਰ ਸਿੰਘ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਇੱਜ਼ਤ, ਮਾਣ, ਸਵੈਮਾਣ ਨਾਲ ਨੌਕਰੀ ਕਰਦਾ ਹੈ। ਇਸ ਸਮੇਂ ਦੌਰਾਨ ਉਹ ਸੁਹਿਰਦ, ਚੁਸਤ-ਦਰੁਸਤ, ਪਾਬੰਦ ਤੇ ਕਿੱਤੇ ਪ੍ਰਤੀ ਵਚਨਬੱਧ ਪ੍ਰਾਧਿਆਪਕ ਵਜੋਂ ਆਪਣੀ ਛਵੀ ਬਣਾਉਂਦਾ ਹੈ। ਯੂਨੀਵਰਸਿਟੀਆਂ ਵਿੱਚ ਪੜ੍ਹਨ ਤੇ ਕਾਲਜਾਂ ਵਿੱਚ ਪੜ੍ਹਾਉਣ ਵਾਲੇ ਸਾਲਾਂ ਦੇ ਤਜਰਬਿਆਂ ਵਿੱਚੋਂ ਕੁਝ ਤਲਖ਼ ਅਨੁਭਵ ਵੀ ਉਹ ਪਾਠਕਾਂ ਨਾਲ ਸਾਂਝੇ ਕਰਦਾ ਹੈ।

'ਅਜੀਤ' ਵਿੱਚ 'ਦੂਰਦਰਸ਼ਨ ਸਮੀਖਿਆ' ਕਾਲਮ (ਫਿਰ ਇਸ ਕਾਲਮ ਦਾ ਨਾਂਅ 'ਟੈਲੀਵਿਜ਼ਨ ਸਮੀਖਿਆ' ਕਰ ਦਿੱਤਾ ਗਿਆ) ਦੇ ਪ੍ਰਾਰੰਭ ਹੋਣ ਤੋਂ ਬਾਅਦ ਉਸ ਦੀ ਤ੍ਰਿਪਤੀ ਲਈ ਉਹ ਕੁਝ ਨਵਾਂ, ਕੁਝ ਵੱਖਰਾ, ਕੁਝ ਹਟਵਾਂ ਲਿਖਣ ਦੇ ਆਹਰ ਵਿੱਚ ਰਹਿਣ ਲੱਗਦਾ ਹੈ। ਜਦੋਂ ਕਾਲਮ ਸ਼ੁਰੂ ਹੁੰਦਾ ਹੈ ਤਾਂ ਇਸ ਉੱਪਰ ਧਿਆਨ ਕੇਂਦਰਤ ਕਰਕੇ ਇਸ 'ਤੇ ਇਕਾਗਰਤਾ ਨਾਲ ਕੰਮ ਕਰਦਾ ਹੈ।

ਇਸ ਪੁਸਤਕ ਵਿੱਚ ਪ੍ਰੋ. ਕੁਲਬੀਰ ਸਿੰਘ ਦੀ ਸ਼ਖ਼ਸੀਅਤ ਦੇ ਸਮਤੁਲ/ਸਮੁਚ ਉਸਰਦੇ ਉਸਦੇ ਜੀਵਨ ਬਿਰਤਾਂਤ ਦੇ ਵੇਰਵੇ ਬੜੇ ਸੁਭਾਵਿਕ, ਸਪੱਸ਼ਟ, ਸਹਿਜ ਤੇ ਸਰਲ ਰੂਪ ਧਾਰਨ ਕਰਕੇ ਪ੍ਰਗਟ ਹੁੰਦੇ ਹਨ। ਲੇਖਕ ਜਦੋਂ ਆਪਣੇ ਜੀਵਨ ਦੇ ਦ੍ਰਿਸ਼ਮਾਨ ਯਥਾਰਥ ਨੂੰ ਸਵੈਜੀਵਨੀ ਦੇ ਯਥਾਰਥ ਵਿੱਚ ਰੂਪਾਂਤਰਿਤ ਕਰਦਾ ਹੈ ਤਾਂ ਇਸ ਅਮਲ ਵਿੱਚ ਉਹ ਕਿਸੇ ਉਚੇਚ ਤੋਂ ਕੰਮ ਨਹੀਂ ਲੈਂਦਾ।

ਜੀਵਨ ਵਿੱਚ ਮਨੁੱਖ ਦੀ ਪਸੰਦ, ਨਾ-ਪਸੰਦ ਦਾ ਬਹੁਤ ਮਹੱਤਵ ਹੁੰਦਾ ਹੈ। ਜੀਵਨ ਵਿੱਚ ਇਨ੍ਹਾਂ ਨੂੰ ਸੇਧ ਬਣਾ ਕੇ ਵਰਤਿਆ ਜਾ ਸਕਦਾ ਹੈ। ਆਪਣੀ ਪਸੰਦ ਅਨੁਸਾਰ ਬਚਪਨ ਵਿੱਚ ਧਾਰਨ ਕੀਤੇ ਕੁਝ ਗੁਣ, ਜਿਨ੍ਹਾਂ ਵਿੱਚੋਂ ਕੁਝ ਦਾ ਜ਼ਿਕਰ ਲੇਖਕ ਨੇ ਪੁਸਤਕ ਵਿੱਚ ਕੀਤਾ ਹੈ, ਉਸ ਦੇ ਵਿਅਕਤੀਤਵ ਦੀ ਉਸਾਰੀ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਨਜ਼ਰ ਆਉਂਦੇ ਹਨ। ਆਪਣੇ ਜੀਵਨ ਨੂੰ ਉਸ ਨੇ ਆਪਣੀ ਪਸੰਦ ਮੁਤਾਬਿਕ ਢਾਲਿਆ ਹੈ। ਲੇਖਕ ਦੀ ਸਿਧਾਂਤਾਂ 'ਤੇ ਟਿਕੀ ਜ਼ਿੰਦਗੀ ਦੇ ਪਹਿਲੇ ਪੜਾਅ ਦੀ ਜ਼ਮੀਨ ਵਿੱਚ ਹੀ ਉਸ ਦੀ ਬਹੁਪੱਖੀ ਸ਼ਖ਼ਸੀਅਤ ਦੇ ਬੀਜ ਬੀਜੇ ਗਏ ਸਨ। ਪ੍ਰੋ. ਕੁਲਬੀਰ ਸਿੰਘ ਉਚੇਰੇ ਟੀਚੇ ਮਿੱਥ ਕੇ ਚੱਲਿਆ ਹੈ। ਹਰੇਕ ਅਵਸਥਾ ਵਿੱਚ ਉਸ ਦੇ ਜ਼ਿਹਨ ਵਿੱਚ ਮੁਕਾਬਲੇ ਦੀ ਭਾਵਨਾ ਪਨਪਦੀ ਰਹੀ ਹੈ। ਇਸ ਪੁਸਤਕ ਵਿੱਚ ਆਪਣੇ ਮਾਨਵਵਾਦੀ ਨਜ਼ਰੀਏ ਨੂੰ ਲੇਖਕ ਕਈ ਧਰਾਤਲਾਂ 'ਤੇ ਪੇਸ਼ ਕਰਦਾ ਨਜ਼ਰ ਆਉਂਦਾ ਹੈ।

'ਮੀਡੀਆ ਆਲੋਚਕ ਦੀ ਆਤਮਕਥਾ' ਪੁਸਤਕ ਵਿੱਚ ਮੈਂ ਪ੍ਰੋ. ਕੁਲਬੀਰ ਸਿੰਘ ਦੇ ਅਧਿਐਨ, ਅਧਿਆਪਨ, ਪੜ੍ਹਨ-ਲਿਖਣ, ਕੁਝ ਨਵਾਂ ਵੇਖਣ, ਸਿੱਖਣ ਦੇ ਮਕਸਦ ਨਾਲ ਸੈਰ-ਸਪਾਟੇ 'ਤੇ ਨਿਕਲਣ, ਵਿਦਵਾਨਾਂ/ਲੇਖਕਾਂ ਦੀ ਸੰਗਤ ਵਿੱਚ ਰਹਿਣ ਦੇ ਦੀਰਘ ਅਨੁਭਵ ਵਿੱਚੋਂ ਸਫੁਟਕ ਹੋਏ ਬਿਰਤਾਂਤ/ਵਿਖਿਆਨ ਨੂੰ ਪੜ੍ਹਿਆ, ਸਮਝਿਆ ਤੇ ਮਾਣਿਆ ਹੈ। ਇਕ ਗੱਲ ਸਪੱਸ਼ਟ ਹੁੰਦੀ ਜਾਂਦੀ ਹੈ ਕਿ ਮੀਡੀਆ ਬਾਰੇ ਲੇਖਕ ਭਰਪੂਰ ਜਾਣਕਾਰੀ ਰੱਖਦਾ ਹੈ।

ਪ੍ਰੋ. ਕੁਲਬੀਰ ਸਿੰਘ ਇਸ ਆਤਮਕਥਾ ਵਿੱਚ ਨੇਮਬੱਧ, ਸੰਤੁਲਿਤ, ਸਵੈ-ਅਨੁਸ਼ਾਸਿਤ, ਸਿਹਤਮੰਦ ਜੀਵਨ ਜੀਉਣ ਦੀ ਜਾਚ ਸਮਝਾਉਣ ਵਾਲੇ ਕੁਝ ਪ੍ਰਮੁੱਖ ਨੇਮਾਂ ਬਾਰੇ ਜਾਣਕਾਰੀ ਦਿੰਦਾ ਹੈ, ਜਿਨ੍ਹਾਂ ਨੂੰ ਉਸ ਨੇ ਆਪਣੇ ਜੀਵਨ ਦੇ ਅਨੁਭਵ ਦੇ ਆਧਾਰ 'ਤੇ ਸਿਰਜਿਆ ਹੈ। ਆਪਣੀ ਖ਼ੂਬਸੂਰਤ, ਕਾਮਯਾਬ, ਅਲੰਕ੍ਰਿਤ ਤੇ ਸ਼ਾਨਾਮੱਤੀ ਜ਼ਿੰਦਗੀ ਦੇ ਤਜਰਬਿਆਂ ਤੇ ਪ੍ਰਾਪਤੀਆਂ ਦੇ ਆਧਾਰ 'ਤੇ ਪ੍ਰੋ. ਕੁਲਬੀਰ ਸਿੰਘ ਜੀਵਨ ਦੇ ਕੁਝ ਸਾਰ ਤੱਤ ਪ੍ਰਸਤੁਤ ਕਰਦਾ ਜਾਂਦਾ ਹੈ, ਜੋ ਦਾਰਸ਼ਨਿਕ ਸੱਚ ਪ੍ਰਤੀਤ ਹੋਣ ਵਾਲੇ ਕਥਨ ਬਣ ਜਾਣ ਦਾ ਦਰਜਾ ਹਾਸਲ ਕਰਨ ਯੋਗ ਬਣਦੇ ਹਨ। ਜ਼ਿੰਦਗੀ ਵਿੱਚ ਸੁਪਨੇ ਲੈਣ ਬਾਰੇ, ਜ਼ਿੰਦਗੀ ਵਿੱਚ ਟੀਚੇ ਮਿੱਥਣ ਬਾਰੇ, ਜ਼ਿੰਦਗੀ ਦੇ ਮਕਸਦ ਬਾਰੇ, ਜ਼ਿੰਦਗੀ ਦੀ ਨੇਮਬੱਧਤਾ ਬਾਰੇ, ਮਿਹਨਤ ਦੀ ਲਗਾਤਾਰਤਾ ਬਾਰੇ ਉਹ ਕਈ ਗੱਲਾਂ ਕਰਦਾ ਹੈ। ਉਸ ਦੀਆਂ ਕਹੀਆਂ ਕਈ ਗੱਲਾਂ ਯਾਦ ਰੱਖਣ ਯੋਗ, ਅਮਲ ਵਿੱਚ ਲਿਆਉਣ ਯੋਗ ਤੇ ਕਿਧਰੇ ਹਵਾਲਾ ਦੇਣ ਯੋਗ ਬਣ ਜਾਂਦੀਆਂ ਹਨ। ਉਹ ਲਿਖਦਾ ਹੈ:

'ਜੀਵਨ ਭਰ ਆਪਣੀ ਲੜਾਈ ਖੁਦ ਲੜਨੀ ਪੈਂਦੀ ਹੈ ਅਤੇ ਮੁਸ਼ਕਲ ਦੌਰ ਵੀ ਗੁਜ਼ਰ ਜਾਂਦਾ ਹੈ।' (ਪੰਨਾ 22)

'ਮਿਹਨਤ ਨਹੀਂ ਕਰੋਗੇ ਤਾਂ ਦੌੜ 'ਚੋਂ ਬਾਹਰ ਹੋ ਜਾਵੋਗੇ।' (ਪੰਨਾ 22)

'ਦੂਸਰਿਆਂ ਤੋਂ ਮਦਦ ਦੀ ਉਮੀਦ ਤਣਾਅ ਦਾ ਕਾਰਨ ਬਣਦੀ ਹੈ।' (ਪੰਨਾ 23)

'ਤੁਹਾਡੇ ਵਿਚਾਰ ਹੀ ਤੁਹਾਡੀ ਜ਼ਿੰਦਗੀ ਬਣਾਉਂਦੇ-ਵਿਗਾੜਦੇ ਹਨ। ਤੁਸੀਂ ਜੋ ਸੋਚਦੇ ਹੋ, ਕਹਿੰਦੇ ਹੋ, ਕਰਦੇ ਹੋ, ਦੁਨੀਆ ਉਹੀ ਤੁਹਾਨੂੰ ਵਾਪਸ ਦਿੰਦੀ ਹੈ।' (ਪੰਨਾ 25)

ਲੇਖਕ ਦੇ ਕਹੇ ਅਜਿਹੇ ਹੋਰ ਵੀ ਕਈ ਮੁੱਲਵਾਨ ਕਥਨ ਉਸ ਦੀ ਵਿਦਵਤਾ ਦੀ ਗਵਾਹੀ ਭਰਦੇ ਹਨ। ਅਜਿਹੇ ਕਥਨ ਸੱਚੇ ਹਨ, ਮਨੁੱਖ ਦੀ ਫਿਤਰਤ 'ਤੇ ਲਾਗੂ ਹੁੰਦੇ ਹਨ, ਵਿਵਹਾਰਕ ਹਨ, ਇਨ੍ਹਾਂ ਨੂੰ ਤੇ ਹਰੇਕ ਸਮੇਂ ਸਥਾਨ ਦੇ ਮਨੁੱਖ ਦੇ ਸੁਭਾਅ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ।

ਕਿਸੇ ਵਡੇਰੇ ਆਦਰਸ਼ ਨੂੰ ਪ੍ਰਾਪਤ ਕਰਨਾ ਤੇ ਕੋਈ ਮਹੱਤਵਪੂਰਨ ਮੁਕਾਮ ਹਾਸਲ ਕਰਨਾ ਹੀ ਲੇਖਕ ਦਾ ਟੀਚਾ ਹੈ। ਮਿੱਥੇ ਟੀਚੇ ਤੱਕ ਪਹੁੰਚਣ ਵਾਸਤੇ ਤੇ ਕੁਝ ਪਾਉਣ ਲਈ ਜੇ ਕੁਝ ਗਵਾਉਣਾ ਵੀ ਪੈ ਜਾਵੇ ਤਾਂ ਉਸ ਦਾ ਹਿਰਖ ਨਾ ਕਰਨ ਜਿਹੇ ਗੁਰ ਵੀ ਉਹ ਸਮਝਾਉਂਦਾ ਹੈ। ਇਹ ਪੁਸਤਕ ਉਸ ਦੀ ਬਹੁਪੱਖੀ ਸ਼ਖ਼ਸੀਅਤ ਦੇ ਸਮੁੱਚ ਨੂੰ ਬਿਆਨਦੀ ਹੈ।

ਪ੍ਰੋ. ਕੁਲਬੀਰ ਸਿੰਘ ਦੇ ਚਿਹਰੇ ਦੀ ਮੁਸਕਰਾਹਟ, ਜ਼ਿੰਦਗੀ ਦੀ ਸ਼ਾਲੀਨਤਾ, ਸੁਹਜਾਤਮਿਕਤਾ, ਨੇਮਬੱਧਤਾ, ਸੰਜਮਤਾ ਭਰਪੂਰ ਖਾਣ-ਪੀਣ, ਪਹਿਰਾਵਾ, ਬੋਲ-ਚਾਲ, ਚਾਲ-ਢਾਲ, ਕਾਰ-ਵਿਹਾਰ, ਚੱਜ-ਆਚਾਰ ਆਦਿ ਉਸ ਦੀ ਜ਼ਿੰਦਗੀ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਨ ਵਾਲੇ ਪਹਿਲੂ ਹਨ। ਗੂੜ੍ਹੇ ਤੇ ਹੰਢਣਯੋਗ ਪਿਆਰ ਦੀਆਂ ਭਾਵਨਾਵਾਂ, ਮਨੁੱਖ ਦੀਆਂ ਖ਼ੁਸ਼ੀਆਂ, ਖੇੜਿਆਂ, ਮਨੁੱਖ ਦੇ ਦੁੱਖ-ਦਰਦ, ਮੁਸੀਬਤ ਦੇ ਕਠੋਰ ਵੇਲਿਆਂ, ਕਠਿਨਾਈਆਂ, ਚੁਣੌਤੀਆਂ ਆਦਿ ਬਾਰੇ ਜਾਣਕਾਰੀ ਦਿੰਦਿਆਂ ਉਹ ਸਥਿਤੀਆਂ ਨਾਲ ਨਜਿੱਠਣ ਬਾਰੇ ਵੀ ਦੱਸਦਾ ਹੈ। ਪੁਸਤਕ ਵਿਚਲੀਆਂ ਜਾਣਕਾਰੀਆਂ ਤਥਾਤਮਿਕ ਹਨ। ਕਿਧਰੇ-ਕਿਧਰੇ ਦਿੱਤੀ ਜਾ ਰਹੀ ਕਿਸੇ ਜਾਣਕਾਰੀ ਨੂੰ ਲੇਖਕ ਕਿਸੇ ਪ੍ਰਸੰਗ ਸੂਤਰ ਨਾਲ ਜੋੜ ਕੇ ਪੇਸ਼ ਕਰਦਾ ਹੈ। ਵਰ੍ਹਿਆਂਬੱਧੀ ਲਗਾਤਾਰ ਸਖ਼ਤ ਮਿਹਨਤ ਕਰਦੇ ਰਹਿਣ ਦੇ ਅਮਲ ਨੂੰ ਪ੍ਰੋ. ਕੁਲਬੀਰ ਸਿੰਘ ਬੜੀ ਸ਼ਿੱਦਤ ਤੇ ਨਿਸੰਗਤਾ ਨਾਲ ਪ੍ਰਗਟ ਕਰਦਾ ਹੈ। ਇਕ ਗੱਲ ਨਿਸਚਿਤ ਹੈ ਕਿ ਮਨੁੱਖ ਦੀ ਜ਼ਿੰਦਗੀ ਬਹੁਤ ਅਮੋਲਵੀਂ ਹੈ। ਪ੍ਰੋ. ਕੁਲਬੀਰ ਸਿੰਘ ਸਵੈ ਸਿਰਜਕ, ਮਨੁੱਖੀ ਕਦਰਾਂ-ਕੀਮਤਾਂ ਨਾਲ ਪ੍ਰਣਾਇਆ ਤੇ ਕਾਮਯਾਬ ਮਨੁੱਖ ਹੈ। ਉਸ ਦਾ ਜੀਵਨ ਚਰਿੱਤਰ ਹੋਰਨਾਂ ਲਈ ਰੋਲ ਮਾਡਲ ਬਣ ਕੇ ਪ੍ਰਸਤੁਤ ਕਰਨ ਯੋਗ ਮਿਸਾਲ ਬਣ ਜਾਂਦਾ ਹੈ। ਜੀਵਨ ਵਿੱਚ ਵਾਪਰੀਆਂ ਪ੍ਰਮੁੱਖ ਘਟਨਾਵਾਂ, ਉਨ੍ਹਾਂ ਪਿੱਛੇ ਕੰਮ ਕਰਦੇ ਰਹੇ ਕਾਰਨਾਂ ਅਤੇ ਜੀਵਨ 'ਤੇ ਪਏ ਉਨ੍ਹਾਂ ਦੇ ਦੂਰਰਸੀ ਪ੍ਰਭਾਵਾਂ ਨੂੰ ਵੀ ਉਹ ਬਾਖ਼ੂਬੀ ਚਿੱਤਰਦਾ ਹੈ।

ਪ੍ਰੋ. ਕੁਲਬੀਰ ਸਿੰਘ ਨੇ 'ਗਲੋਬਲ ਮੀਡੀਆ ਅਕੈਡਮੀ', 'ਵਿਸ਼ਵ ਪੰਜਾਬੀ ਮੀਡੀਆ ਕਾਨਫ਼ਰੰਸ', 'ਵਰਲਡ ਪੰਜਾਬੀ ਟੈਲੀਵਿਜ਼ਨ, ਰੇਡੀਓ ਅਕੈਡਮੀ' ਦੀ ਸਥਾਪਨਾ ਕੀਤੀ। ਇਨ੍ਹਾਂ ਦੇ ਬੈਨਰ ਹੇਠ ਉਹ ਆਪਣੀ ਟੀਮ ਦੇ ਸਹਿਯੋਗੀਆਂ ਨਾਲ ਵੱਡੇ ਪੱਧਰ 'ਤੇ ਸੈਮੀਨਾਰਾਂ ਤੇ ਕਾਨਫ਼ਰੰਸਾਂ ਦਾ ਆਯੋਜਨ ਕਰਦਾ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਗ਼ੈਰ ਸਰਕਾਰੀ ਸੰਸਥਾਵਾਂ ਵੀ ਉਸ ਨੇ ਬਣਾਈਆਂ, ਜਿਹੜੀਆਂ ਸਮਾਜ ਸੇਵੀ ਕਾਰਜਾਂ ਵਿੱਚ ਕਾਰਜਸ਼ੀਲ ਰਹੀਆਂ ਹਨ। ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਸੈਮੀਨਾਰਾਂ/ਸਮਾਗਮਾਂ ਦਾ ਆਯੋਜਨ ਕਰਨ ਦੀ ਵੱਡੀ ਜ਼ਿੰਮੇਵਾਰੀ ਨੂੰ ਵੀ ਉਹ ਬਾਖ਼ੂਬੀ ਨਿਭਾਉਂਦਾ ਆਇਆ ਹੈ। ਪੰਜਾਬੀ ਮੀਡੀਏ ਨੂੰ ਪ੍ਰਮੋਟ ਕਰਨ ਦੇ ਮੰਤਵ ਹਿੱਤ ਕੀਤੇ ਵਿਸ਼ੇਸ਼ ਤੇ ਸ਼ਲਾਘਾਯੋਗ ਕਾਰਜਾਂ ਦੀ ਕਦਰ ਕਰਦਿਆਂ ਦੇਸ਼-ਵਿਦੇਸ਼ ਦੀਆਂ ਸਭਾ ਸੁਸਾਇਟੀਆਂ, ਮੀਡੀਏ ਨਾਲ ਜੁੜੇ ਮੰਚਾਂ, ਅਕੈਡਮੀਆਂ, ਸੱਥਾਂ, ਟਰੱਸਟਾਂ, ਫਾਊਂਡੇਸ਼ਨਾਂ ਆਦਿ ਵੱਲੋਂ ਸਮੇਂ-ਸਮੇਂ ਪ੍ਰੋ. ਕੁਲਬੀਰ ਸਿੰਘ ਨੂੰ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ। ਕੰਮ ਕਰਨ ਵਾਲੇ ਨੂੰ ਜਦੋਂ ਅਜਿਹੇ ਮਾਣ-ਸਨਮਾਨ ਮਿਲਦੇ ਹਨ ਤਾਂ ਉਸ ਦਾ ਹੌਸਲਾ ਤਾਂ ਵਧਦਾ ਹੀ ਹੈ, ਨਾਲ ਹੀ ਉਸ ਕੰਮ ਪ੍ਰਤੀ ਉਸ ਦੀ ਜ਼ਿੰਮੇਵਾਰੀ ਵੀ ਵਧ ਜਾਂਦੀ ਹੈ। ਪ੍ਰੋ. ਕੁਲਬੀਰ ਸਿੰਘ ਨਾਲ ਵੀ ਅਜਿਹਾ ਹੁੰਦਾ ਰਿਹਾ ਹੈ ਤੇ ਉਹ ਆਪਣੀ ਵੱਡੀ ਜ਼ਿੰਮੇਵਾਰੀ ਦੀ ਲਾਜ ਰੱਖਦਾ ਆਇਆ ਹੈ। ਮੀਡੀਏ ਨਾਲ ਸੰਬੰਧਤ ਕਾਨਫ਼ਰੰਸਾਂ, ਪੁਸਤਕ ਰਿਲੀਜ਼ ਸਮਾਗਮਾਂ ਜਾਂ ਹੋਰ ਮੌਕਿਆਂ 'ਤੇ ਕਈ ਦੇਸ਼ਾਂ ਦੀ ਯਾਤਰਾ ਕਰਨੀ ਵੀ ਲੇਖਕ ਵਾਸਤੇ ਮਾਣ ਵਾਲੀ ਗੱਲ ਹੈ।

ਜਦੋਂ ਪ੍ਰੋ. ਕੁਲਬੀਰ ਸਿੰਘ ਨੂੰ ਕਈ ਕਾਲਜਾਂ, ਯੂਨੀਵਰਸਿਟੀਆਂ ਤੇ ਸੰਸਥਾਵਾਂ ਵੱਲੋਂ ਪੰਜਾਬੀ ਮੀਡੀਏ ਨਾਲ ਸੰਬੰਧਤ ਕਿਸੇ ਵਿਸ਼ੇ 'ਤੇ ਖੋਜ ਪੱਤਰ ਪੜ੍ਹਨ ਜਾਂ ਕਿਸੇ ਸੰਕਲਪ ਬਾਰੇ ਵਿਚਾਰ ਪੇਸ਼ ਕਰਨ ਲਈ ਸੱਦੇ ਆਉਣ ਲੱਗਦੇ ਹਨ ਤਾਂ ਖੋਜ ਪੱਤਰ ਪੇਸ਼ ਕਰਦਿਆਂ ਉਸ ਦੇ ਵਿਚਾਰਾਂ ਵਿੱਚ ਹੋਰ ਵਧੇਰੇ ਸਪੱਸ਼ਟਤਾ ਆਉਂਦੀ ਜਾਂਦੀ ਹੈ। ਇਹ ਸਿਲਸਿਲਾ ਚੱਲਦਾ ਰਹਿੰਦਾ ਹੈ ਤੇ ਹੁਣ ਤੱਕ ਵੀ ਜਾਰੀ ਹੈ।

ਟੈਲੀਵਿਜ਼ਨ ਬਾਰੇ, ਅਧਿਕਾਰੀਆਂ ਦੇ ਕੰਮ-ਕਾਜ ਬਾਰੇ ਵੀ ਲੇਖਕ ਜਾਣਕਾਰੀ ਦਿੰਦਾ ਹੈ। ਵਿਸ਼ਾ ਮਾਹਿਰ ਦੇ/ਕਲਾਕਾਰ ਦੇ ਟੈਲੀਵਿਜ਼ਨ ਸਕਰੀਨ ਤੱਕ ਪਹੁੰਚਣ ਤੋਂ ਪਹਿਲਾਂ, ਰਿਕਾਰਡਿੰਗ ਤੋਂ ਪਹਿਲਾਂ ਤੇ ਪਿੱਛੋਂ ਦੀਆਂ ਪ੍ਰਕਿਰਿਆਵਾਂ ਬਾਰੇ, ਟੈਲੀਵਿਜ਼ਨ ਦੀ ਕਾਰਜ ਪ੍ਰਣਾਲੀ ਬਾਰੇ, ਵਿਸ਼ਾ ਮਾਹਿਰਾਂ ਤੇ ਕਲਾਕਾਰਾਂ ਪ੍ਰਤੀ ਟੈਲੀਵਿਜ਼ਨ ਦੇ ਅਧਿਕਾਰੀਆਂ ਦੇ ਬੁਰੇ ਤੇ ਨਿੰਦਣਯੋਗ ਵਿਵਹਾਰ ਆਦਿ ਬਾਰੇ ਵੀ ਉਹ ਦੱਸਦਾ ਹੈ। ਰੇਡੀਓ 'ਤੇ ਕੀਤੇ ਆਪਣੇ ਪ੍ਰੋਗਰਾਮਾਂ ਨਾਲ ਜੁੜੀਆਂ ਕੁਝ ਕੌੜੀਆਂ-ਮਿੱਠੀਆਂ ਯਾਦਾਂ ਨੂੰ ਵੀ ਉਹ ਤਾਜ਼ਾ ਕਰਦਾ ਹੈ।

ਮੀਡੀਆ ਵਿੱਚ ਆਉਂਦੇ ਨਵੇਂ ਰੁਝਾਨਾਂ ਦੀ ਗੱਲ, ਟੈਲੀਵਿਜ਼ਨ ਐਂਕਰਾਂ ਲਈ ਲੋੜੀਂਦੇ ਗੁਣਾਂ (ਕਾਬਲੀਅਤ) ਦੀ ਗੱਲ ਲੇਖਕ ਬੜੀ ਬੇਬਾਕੀ ਨਾਲ ਕਰਦਾ ਹੈ। ਪਰਮ ਅਗੇਤ ਲੋੜ ਇਹ ਹੁੰਦੀ ਹੈ ਕਿ ਐਂਕਰ/ਨਿਊਜ਼ ਰੀਡਰ ਕੋਲ ਆਕਰਸ਼ਿਤ ਕਰਨ ਵਾਲਾ ਚਿਹਰਾ ਹੋਣਾ ਚਾਹੀਦਾ ਹੈ। ਚੈਨਲ/ਪ੍ਰੋਗਰਾਮ ਦੀ ਲੋੜ ਅਨੁਸਾਰ ਆਵਾਜ਼, ਪ੍ਰਭਾਵ, ਸਮਰੱਥਾ, ਮਿਆਰ, ਭਾਸ਼ਾ 'ਤੇ ਪਕੜ, ਉਚਾਰਨ, ਗਿਆਨ ਦਾ ਦਾਇਰਾ, ਹਾਜ਼ਰ ਜਵਾਬੀ ਦਾ ਗੁਣ ਵੀ ਹੋਣਾ ਚਾਹੀਦਾ ਹੈ। ਐਂਕਰ ਕਿਸੇ ਚੈਨਲ ਦਾ ਚਿਹਰਾ ਹੁੰਦਾ ਹੈ। ਕਿਸੇ ਚੈਨਲ ਦਾ ਅਕਸ ਬਣਦਾ ਹੈ ਉਹ ! ਹੁਣ ਦਰਸ਼ਕਾਂ ਦੀਆਂ ਉਮੀਦਾਂ ਪਹਿਲਾਂ ਨਾਲੋਂ ਵਧ ਗਈਆਂ ਹਨ। ਦਰਸ਼ਕਾਂ ਦੀ ਕਸੌਟੀ 'ਤੇ ਖਰਾ ਉਤਰਨਾ ਵੀ ਐਂਕਰ/ਨਿਊਜ਼ ਰੀਡਰ ਦੀ ਲੋੜ ਹੁੰਦੀ ਹੈ। 'ਖਾਸ ਖ਼ਬਰ ਇਕ ਨਜ਼ਰ' ਪ੍ਰੋਗਰਾਮ ਨਾਲ ਜੁੜੀਆਂ ਦਿਲਚਸਪ ਯਾਦਾਂ ਨੂੰ ਲੇਖਕ ਮੁੜ ਤਾਜ਼ੀਆਂ ਕਰਦਾ ਹੈ। ਲੇਖਕ ਪਰਵਾਸੀ ਪੰਜਾਬੀ ਮੀਡੀਏ ਨਾਲ ਵੀ ਜੁੜਿਆ ਹੋਇਆ ਹੈ। ਉਸ ਬਾਰੇ ਵੀ ਪੁਸਤਕ ਵਿੱਚ ਉਹ ਭਰਪੂਰ ਜਾਣਕਾਰੀ ਦਿੰਦਾ ਹੈ।

ਟੈਲੀਵਿਜ਼ਨ ਚੈਨਲ ਸਰਕਾਰੀ ਹੈ ਜਾਂ ਨਿੱਜੀ, ਦੋਵਾਂ ਵਿੱਚ ਵੱਧ ਤੋਂ ਵੱਧ ਕਮਾਈ ਕਰਨ ਦੀ ਦੌੜ ਲੱਗੀ ਹੈ। ਮਸਲਾ ਹੈ- ਚੈਨਲ ਦੀ ਗੁਣਵੱਤਾ ਵਧਾਉਣੀ ਹੈ ਜਾਂ ਟੀ ਆਰ ਪੀ.? ਪ੍ਰੋਗਰਾਮਾਂ ਦੇ ਮਿਆਰ ਵੱਲ ਧਿਆਨ ਦੇਣਾ ਹੈ ਜਾਂ ਗ਼ੈਰ-ਮਿਆਰੀ ਮਸਾਲਾ ਪ੍ਰੋਗਰਾਮਾਂ ਨਾਲ ਸਨਸਨੀ ਫੈਲਾਅ ਕੇ ਦਰਸ਼ਕਾਂ ਦੀ ਗਿਣਤੀ ਵਿੱਚ ਵਾਧਾ ਕਰਨਾ ਹੈ? ਦਰਸ਼ਕ ਨੂੰ ਕੋਈ ਸਾਰਥਿਕ ਸੇਧ ਦੇਣੀ ਹੈ ਜਾਂ ਟੀ ਆਰ ਪੀ. ਨੂੰ ਪ੍ਰਮੁੱਖਤਾ ਦੇਣੀ ਹੈ? ਮਿਆਰੀ ਮਨੋਰੰਜਨ ਕਰਨਾ ਹੈ ਜਾਂ ਘਟੀਆ ਪ੍ਰੋਗਰਾਮ ਪਰੋਸਣੇ ਹਨ? ਆਖਰ ਹੁੰਦਾ ਕੀ ਹੈ-ਟੀ ਆਰ ਪੀ ਵਧਦੀ ਜਾਂਦੀ ਹੈ ਤੇ ਪ੍ਰੋਗਰਾਮ ਦੇ ਮਿਆਰ ਦਾ ਪੈਮਾਨਾ ਹਾਸ਼ੀਏ 'ਤੇ ਚਲਾ ਜਾਂਦਾ ਹੈ। ਮਕਸਦ ਗ਼ੈਰਹਾਜ਼ਰ ਹੋ ਜਾਂਦਾ ਹੈ। ਇਹ ਕੁਝ ਮਹੱਤਵਪੂਰਨ ਸਵਾਲ ਹਨ, ਜਿਨ੍ਹਾਂ ਉਪਰ ਲੇਖਕ ਚਿੰਤਨ ਕਰਦਾ ਹੈ।

ਸਵੈ ਜੀਵਨੀ, ਜੀਵਨੀ ਜਾਂ ਸਫ਼ਰਨਾਮੇ ਦੀ ਪੁਸਤਕ ਵਿੱਚ ਪੜ੍ਹਨਯੋਗ ਸਮੱਗਰੀ ਤੋਂ ਇਲਾਵਾ ਲੇਖਕ ਆਪਣੇ ਨਾਲ ਸੰਬੰਧਤ ਜ਼ਿਕਰਯੋਗ ਵਿਅਕਤੀਆਂ, ਥਾਵਾਂ, ਸੰਸਥਾਵਾਂ, ਇਮਾਰਤਾਂ, ਉਸ ਦੀਆਂ ਪ੍ਰਾਪਤੀਆਂ ਨੂੰ ਵਿਖਾਉਂਦੇ ਦਸਤਾਵੇਜ਼ਾਂ, ਲੇਖਕ ਦੀ ਜ਼ਿੰਦਗੀ ਦੇ ਵਿਸ਼ੇਸ਼ ਅਵਸਰਾਂ ਆਦਿ ਨਾਲ ਸੰਬੰਧਤ ਫੋਟੋਆਂ ਨੂੰ ਵੀ ਪੁਸਤਕ ਵਿੱਚ ਸ਼ਾਮਲ ਕਰਦਾ ਹੈ। ਪਾਠਕ ਪੁਸਤਕ ਪੜ੍ਹਨ ਦੇ ਨਾਲ-ਨਾਲ ਤਸਵੀਰਾਂ ਬਾਰੇ ਜਾਨਣ ਲਈ ਵੀ ਉਤਸੁਕ ਹੁੰਦਾ ਹੈ। ਪ੍ਰੋ. ਕੁਲਬੀਰ ਸਿੰਘ ਨੇ ਵੀ ਬਹੁਤ ਮੁੱਲਵਾਨ ਤਸਵੀਰਾਂ ਨੂੰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੰਜਾਬੀ ਤੇ ਪ੍ਰਵਾਸੀ ਪੰਜਾਬੀ ਜੀਵਨ ਦੇ ਸਮਕਾਲੀ ਮਸਲਿਆਂ ਦਾ ਬਿਰਤਾਂਤ

**ਸਾਹਿਤ ਚਿੰਤਨ**

**ਡਾ. ਸੰਦੀਪ ਰਾਣਾ**

### ਖ਼ਤਰਾ ਤਾਂ ਹੈ

(ਕਹਾਣੀ-ਸੰਗ੍ਰਹਿ)
**ਹਰਪ੍ਰੀਤ ਕੌਰ ਧੂਤ**
**ਪੰਨੇ : 220, ਮੁੱਲ : 395 ਰੁਪਏ**
**ਚੇਤਨਾ ਪ੍ਰਕਾਸ਼ਨ ਲੁਧਿਆਣਾ**

'ਖ਼ਤਰਾ ਤਾਂ ਹੈ' ਅਮਰੀਕਨ ਪੰਜਾਬੀ ਕਹਾਣੀਕਾਰਾ ਹਰਪ੍ਰੀਤ ਕੌਰ ਧੂਤ ਦਾ ਦੂਜਾ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ 'ਸੂਰਜ ਹਾਰ ਗਿਆ ਹੈ' ਨਾਮਕ ਕਹਾਣੀ-ਸੰਗ੍ਰਹਿ ਨਾਲ ਉਹ ਇੱਕ ਸਥਾਪਤ ਮੁਕਾਮ ਹਾਸਲ ਕਰ ਚੁੱਕੀ ਹੈ, ਜਿਸ ਦੀ ਗਵਾਹੀ ਦੂਜੇ ਕਹਾਣੀ-ਸੰਗ੍ਰਹਿ ਦੇ ਪਹਿਲੇ ਪੰਨਿਆਂ 'ਤੇ ਦਰਜ ਨਾਮਵਰ ਸਾਹਿਤਕਾਰ ਵਰਿਆਮ ਸਿੰਘ ਸੰਧੂ ਦੁਆਰਾ ਲਿਖੀ ਭੂਮਿਕਾ ਵੀ ਭਰਦੀ ਹੈ। ਪੁਸਤਕ ਸਮੀਖਿਆ ਕਰਦਿਆਂ ਜੇ ਸਭ ਤੋਂ ਪਹਿਲਾਂ ਇਸ ਕਹਾਣੀ-ਸੰਗ੍ਰਹਿ ਦੇ ਸਿਰਲੇਖ ਬਾਰੇ ਗੱਲ ਕੀਤੀ ਜਾਵੇ ਤਾਂ ਇਹ ਸਿਰਲੇਖ 'ਖ਼ਤਰਾ ਤਾਂ ਹੈ' ਪਾਠਕ ਨੂੰ ਆਪਣੇ ਵੱਲ ਖਿੱਚਦਾ ਹੈ। ਪਾਠਕ ਸੋਚਦਾ ਹੈ ਕਿ ਇਹਨਾਂ ਕਹਾਣੀਆਂ ਵਿੱਚ ਕਿਸ ਖ਼ਤਰੇ ਦੀ ਗੱਲ ਕੀਤੀ ਹੋਵੇਗੀ। ਇਸੇ ਉਤਸੁਕਤਾ ਨੂੰ ਸ਼ਾਂਤ ਕਰਨ ਹਿੱਤ ਜਦ ਪਾਠਕ ਕਹਾਣੀਆਂ ਦਾ ਪਾਠ ਸ਼ੁਰੂ ਕਰਦਾ ਹੈ ਤਾਂ ਬਿਰਤਾਂਤ ਦੀ ਰਵਾਨੀ ਵਿੱਚ ਕੁਝ ਵਿਆਕਰਨਕ ਅਤੇ ਸੰਰਚਨਾਤਮਕ ਗ਼ਲਤੀਆਂ ਰਫ਼ਤਾਰ ਰੋਕੂ ਯੰਤਰ ਅਰਥਾਤ ਸਪੀਡ ਬਰੇਕਰ ਦਾ ਕੰਮ ਕਰਦੀਆਂ ਹਨ। ਕਹਾਣੀਕਾਰਾ ਆਪਣੀਆਂ ਪੰਜਾਬੀ ਕਹਾਣੀਆਂ ਦੀ ਵਾਕ ਬਣਤਰ ਵਿੱਚ ਹਿੰਦੀ ਅਤੇ ਉਰਦੂ ਵਾਕ ਬਣਤਰ ਵਾਂਗ ਕਰਨ ਕਾਰਕ ਅਧੀਨ 'ਦੇ ਲਈ', 'ਦੇ ਬਾਰੇ', 'ਦੇ ਨਾਲ' ਅਤੇ 'ਦੇ ਉੱਤੇ' ਆਦਿ ਸ਼ਬਦ ਵਰਤਦੀ ਹੈ, ਜਦੋਂ ਕਿ ਇੱਥੇ ਦੇ ਸ਼ਬਦ ਲਿਖਣ ਦੀ ਕੋਈ ਲੋੜ ਹੀ ਨਹੀਂ ਸੀ। ਪੰਜਾਬੀ ਵਿਆਕਰਣ ਅਨੁਸਾਰ ਕਰਨ ਕਾਰਕ ਵਰਤਦੇ ਸਮੇਂ ਪੰਜਾਬੀ ਵਿੱਚ 'ਲਈ', 'ਬਾਰੇ', 'ਨਾਲ' ਅਤੇ 'ਉੱਤੇ' ਸ਼ਬਦ ਹੀ ਕਾਫ਼ੀ ਹਨ। ਕਹਾਣੀ 'ਖ਼ਤਰਾ ਤਾਂ ਹੈ' ਦੇ ਸ਼ੁਰੂਆਤੀ ਸ਼ਬਦ ਵੇਖੇ ਜਾਣ ਤਾਂ ਕਹਾਣੀ ਦੀ ਰਵਾਨੀ ਨੂੰ 'ਦੇ' ਸ਼ਬਦ ਤੋਂ ਹੀ ਖ਼ਤਰਾ ਬਣਿਆ ਜਾਪਦਾ ਹੈ।

ਰਣਜੀਤ ਨੂੰ ਲਿਵਿੰਗ ਰੂਮ ਵਿੱਚ ਬੈਠਣ ਦੇ ਲਈ ਕਹਿ ਕੇ ਉਹ ਆਪ ਘਰ ਦੇ ਇੱਕ ਕੋਨੇ ਦੇ ਵਿੱਚ ਬਣੇ ਹੋਏ ਵਾਸ਼ਰੂਮ ਦੇ ਵਿੱਚ ਮੂੰਹ ਹੱਥ ਧੋਣ ਦੇ ਲਈ ਵੜ ਗਿਆ। ਵਾਸ਼ਰੂਮ 'ਚੋਂ ਬਾਹਰ ਨਿਕਲਦਿਆਂ ਹੀ ਉਹ ਵੀ ਆਪਣੇ ਲਿਵਿੰਗ ਰੂਮ ਦੇ ਵਿੱਚ ਰਣਜੀਤ ਦੇ ਕੋਲ ਆ ਕੇ ਸੋਫੇ 'ਤੇ ਬੈਠ ਜਾਂਦਾ ਹੈ ਤੇ ਬੈਠਦਿਆਂ ਹੀ ਉਸ ਨੇ ਆਪਣੀ ਪਤਨੀ ਨੂਰ ਨੂੰ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। (ਪੰਨਾ 82)




ਇਹਨਾਂ ਕਹਾਣੀਆਂ ਵਿੱਚ ਕਹਾਣੀਕਾਰਾ ਨੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦੀ ਮਦਦ ਨਾਲ਼ ਬਿਰਤਾਂਤ ਉਸਾਰਿਆ ਹੈ। ਪਾਤਰਾਂ ਦੇ ਮਨੋ ਸੰਕਟ ਅਤੇ ਦਵੰਦਾਂ ਨੂੰ ਮਠਾਰਨ ਬਿਰਤਾਂਤਕ ਵਿਧੀ ਰਾਹੀਂ ਸਿਰਜਦੀ ਕਹਾਣੀਕਾਰਾ ਇਹਨਾਂ ਵਿਚਾਰ ਚਰਚਾਵਾਂ ਰਾਹੀਂ ਹੀ ਕਥਾਨਕ ਅਤੇ ਪਾਤਰਾਂ ਦੇ ਚਰਿੱਤਰ ਸਿਰਜ ਦਿੰਦੀ ਹੈ। ਇਹਨਾਂ ਵਿਚਾਰ-ਚਰਚਾਵਾਂ ਦੇ ਸੰਵਾਦ ਲਿਖਣ ਦੀ ਜੁਗਤ ਵੀ ਆਮ ਨਾਲੋਂ ਵੱਖਰੀ ਹੈ ਜਾਂ ਇਸ ਢੰਗ ਨਾਲ ਕਹਿ ਲਿਆ ਜਾਵੇ ਕਿ ਇਹ ਜੁਗਤ ਅਧੀਨ ਇਹ ਸੰਵਾਦ ਨਾਟਕ ਵਿਧਾ ਰੂਪ ਦੇ ਸੰਵਾਦਾਂ ਵਾਂਗ ਰਚੇ ਗਏ ਹਨ। ਕਹਾਣੀਕਾਰਾ ਪਹਿਲਾਂ ਉਸ ਪਾਤਰ ਦਾ ਨਾਂਅ ਦਰਜ ਕਰਦੀ ਹੈ ਜੋ ਇਹ ਸੰਵਾਦ ਬੋਲ ਰਿਹਾ ਹੈ ਜਦੋਂ ਕਿ ਕਹਾਣੀਆਂ ਦੇ ਸੰਵਾਦਾਂ ਵਿੱਚ ਵਕਤਾ ਦਾ ਨਾਂਅ ਪਹਿਲਾਂ ਨਹੀਂ ਲਿਖਿਆ ਜਾਂਦਾ। ਪਹਿਲਾਂ-ਪਹਿਲ ਤਾਂ ਇਹ ਕਹਾਣੀਆਂ ਪੜ੍ਹਦਿਆਂ ਸੰਵਾਦ ਸਗੋਂ ਉਲਝਣ ਪੈਦਾ ਕਰਦੇ ਹਨ। ਵਾਰ-ਵਾਰ ਦੁਹਰਾਅ ਨਾਲ ਇਹਨਾਂ ਸੰਵਾਦਾਂ ਦੀ ਸੰਰਚਨਾ ਸਮਝ ਆ ਜਾਣ ਨਾਲ਼ ਕਹਾਣੀ ਅੱਗੇ ਤੁਰਦੀ ਪ੍ਰਤੀਤ ਹੁੰਦੀ ਹੈ। ਕਹਾਣੀਕਾਰਾ ਦੀ ਕਥਾ ਜੁਗਤ ਦੀ ਇਕ ਹੋਰ ਵਿਲੱਖਣਤਾ ਇਹ ਹੈ ਕਿ ਉਹ ਇਕ ਕਹਾਣੀ ਵਿੱਚ ਹੀ ਕਈ ਹੋਰ ਉਪ ਬਿਰਤਾਂਤ ਦੇ ਕੇ ਆਪਣੀ ਕਥਾ ਦੇ ਮੁੱਖ ਬਿਰਤਾਂਤ ਨੂੰ ਪੁਖ਼ਤਗੀ ਪ੍ਰਦਾਨ ਕਰਦੀ ਦਿਸਦੀ ਹੈ। ਮੁੱਖ ਬਿਰਤਾਂਤ ਵਿੱਚ ਉਹ ਪਿੱਛਲਝਾਤ ਜਾਂ ਸੁਫ਼ਨਾ ਵਿਧੀ ਰਾਹੀਂ ਆਪਣੇ ਬਚਪਨ ਜਾਂ ਵੱਖਰੀ ਬਿਰਤਾਂਤਕ ਸਥਾਨ ਪੁੱਜਦੀ ਹੈ ਤੇ ਤੁਲਨਾਤਮਕ ਬਿਰਤਾਂਤ ਦੀ ਜੁਗਤ ਵਰਤਦੀ ਹੈ। ਵਿਆਕਰਣਿਕ ਤੌਰ 'ਤੇ ਭਾਵੇਂ ਇਹ ਬਹੁਤ ਛੋਟੀਆਂ ਅਤੇ ਸਾਧਾਰਨ ਲੱਗਦੀਆਂ ਹਨ, ਪਰ ਫਿਰ ਵੀ ਜੇ ਅਗਲੇ ਸੰਸਕਰਣਾਂ ਵਿੱਚ ਇਹਨਾਂ 'ਤੇ ਵਿਸ਼ੇਸ਼ ਧਿਆਨ ਦੇ ਕੇ ਸੁਧਾਰ ਲਿਆ ਜਾਵੇ ਤਾਂ ਇਹ ਪੁਸਤਕ ਉਤਮ ਦੇ ਮਾਪਦੰਡਾਂ 'ਤੇ ਪੂਰੀ ਉਤਰੇਗੀ।

ਇਹ ਕਹਾਣੀਆਂ ਪੰਜਾਬੀ ਜੀਵਨ ਅਤੇ ਪ੍ਰਵਾਸੀ ਪੰਜਾਬੀ ਜੀਵਨ ਦੇ ਸਮਕਾਲੀ ਮਸਲਿਆਂ ਨੂੰ ਵਿਸ਼ਾ ਬਣਾਉਂਦੀਆਂ ਹਨ। ਇਹਨਾਂ ਕਹਾਣੀਆਂ ਵਿੱਚ ਮੁੱਖ ਰੂਪ ਵਿੱਚ ਰਿਸ਼ਤਾ-ਨਾਤਾ ਪ੍ਰਬੰਧਾਂ, ਪਰਵਾਸੀ ਜੀਵਨ ਵਿੱਚ ਇਹਨਾਂ ਸਾਂਝਾਂ ਦੇ ਬਦਲਦੇ ਸਰੂਪ, ਸੱਭਿਆਚਾਰਕ ਟਕਰਾਅ, ਸਾਹਿਤ ਸਭਾਵਾਂ ਦਾ ਪ੍ਰਬੰਧ ਅਤੇ ਚਲੰਤ ਮਾਮਲਿਆਂ ਨੂੰ ਥਾਂ ਦਿੱਤੀ ਗਈ ਹੈ। ਇਸ ਸੰਗ੍ਰਹਿ ਵਿੱਚ ਕੁੱਲ ਛੇ ਕਹਾਣੀਆਂ ਹਨ। ਇਹਨਾਂ ਛੇ ਕਹਾਣੀਆਂ ਵਿੱਚੋਂ ਦੋ ਕਹਾਣੀਆਂ ਖ਼ਤਰਾ ਤਾਂ ਹੈ ਅਤੇ ਲੱਭਿਓ, ਵੇ ਕੋਈ ਚਾਨਣ ਦੀ ਪੌੜੀ ਸਾਹਿਤ ਸਭਾਵਾਂ ਦੇ ਪ੍ਰਬੰਧਾਂ ਅਤੇ ਸਾਹਿਤਕ ਸਮਾਗਮਾਂ ਅਤੇ ਸਾਹਿਤਕਾਰਾਂ ਦੀ ਅਸਲ ਤਸਵੀਰ ਨੂੰ ਸਾਹਮਣੇ ਲਿਆਉਂਦੀਆਂ ਹਨ। ਇਹ ਦੋਵੇਂ ਕਹਾਣੀਆਂ ਵਿੱਚ ਕਾਫ਼ੀ ਲੰਬੀ ਵਿਚਾਰ-ਚਰਚਾ ਰਾਹੀਂ ਇਹਨਾਂ ਕੋਹਜੇ ਵਰਤਾਰਿਆਂ ਨੂੰ ਪਾਠਕ ਸਨਮੁੱਖ ਪੇਸ਼ ਕੀਤਾ ਗਿਆ ਹੈ। ਅਟਕਾਅ ਬਿਰਤਾਂਤਕ ਵਿਧੀ ਦੀ ਵਰਤੋਂ ਅਤੇ ਸੰਵਾਦਾਂ ਦੀ ਬਹੁਤਾਤ ਕਾਰਨ ਪਾਠਕ ਅਕਾਅ ਵੀ ਮਹਿਸੂਸ ਕਰਦਾ ਹੈ। ਇਸ ਸੰਗ੍ਰਹਿ ਦੀਆਂ ਦੋ ਕਹਾਣੀਆਂ 'ਚੁੱਪ ਦੀ ਘੁਟਨ' ਅਤੇ 'ਸੌਰੀ ਭਾ ਜੀ' ਪੰਜਾਬੀ ਰਿਸ਼ਤਾ ਨਾਤਾ ਪ੍ਰਬੰਧ ਉੱਤੇ ਪ੍ਰਸ਼ਨ ਚਿੰਨ੍ਹ ਲਾਉਂਦੀਆਂ ਹਨ। ਪ੍ਰਵਾਸੀ ਧਰਤੀ 'ਤੇ ਵੱਸਦਿਆਂ ਜਦ ਪੰਜਾਬ ਦੀ ਧਰਤੀ ਤੋਂ ਪ੍ਰਵਾਸ ਕਰਕੇ ਗਏ ਵਸਨੀਕਾਂ ਦੁਆਰਾ ਦੂਸਰੇ ਸੱਭਿਆਚਾਰਾਂ ਨੂੰ ਅਪਣਾਇਆ ਜਾਂਦਾ ਹੈ ਤਾਂ ਕਈ ਵਰਜਨਾਵਾਂ ਅਤੇ ਟੈਬੂਜ਼ ਵੀ ਆਪ ਮੁਹਾਰੇ ਜੀਵਨ ਸ਼ੈਲੀ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਕਹਾਣੀਕਾਰਾ ਨੇ ਇਹਨਾਂ ਟੈਬੂਜ਼ ਨੂੰ ਇਹਨਾਂ ਕਹਾਣੀਆਂ ਵਿੱਚ ਪੇਸ਼ ਕਰਨ ਲਈ ਵੀ ਖੰਡਿਤ ਬਿਰਤਾਂਤ ਸ਼ੈਲੀ ਹੀ ਵਰਤੀ ਹੈ। ਕਹਾਣੀ ਸੋਸ਼ਲ ਮੀਡੀਆ ਵਿੱਚ ਕਹਾਣੀਕਾਰਾ ਨੇ ਅਜੋਕੇ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਯੁੱਗ ਦੇ ਮਸਲਿਆਂ ਨੂੰ ਵਿਸ਼ਾ ਬਣਾਇਆ ਹੈ ਅਤੇ ਕਹਾਣੀ ਅਲਾਰਮ ਵਿੱਚ ਸਾਡੇ ਸਿਖਿਆ ਪ੍ਰਣਾਲੀ ਦੇ ਹੋ ਰਹੇ ਘਾਣ ਨੂੰ ਪੇਸ਼ ਕਰਨ ਲਈ ਇਕ ਸੱਚੀ ਘਟਨਾ ਨੂੰ ਵਿਸ਼ਾ ਬਣਾਇਆ ਹੈ। ਇਸ ਸੰਬੰਧ ਵਿੱਚ ਕਹਾਣੀਕਾਰਾ ਦੀ ਤੁਲਨਾਤਮਕ ਬਿਰਤਾਂਤ ਸਿਰਜਣ ਦੀ ਤਕਨੀਕ ਕੰਮ ਕਰਦੀ ਹੈ ਅਤੇ ਵਿਦੇਸ਼ੀ ਸਿੱਖਿਆ ਪ੍ਰਣਾਲੀ ਨੂੰ ਪੰਜਾਬ ਦੇ ਸਿੱਖਿਆ ਪ੍ਰਬੰਧਾਂ ਦੀ ਤੁਲਨਾ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਢੰਗ ਨਾਲ ਇਹ ਕਹਾਣੀ-ਸੰਗ੍ਰਹਿ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਆਪਣੀ ਸਥਾਪਤ ਥਾਂ ਕਾਇਮ ਕਰਦਾ ਹੈ ਅਤੇ ਪਾਠਕਾਂ ਵੱਲੋਂ ਇਸ ਪੁਸਤਕ ਨੂੰ ਭਰਪੂਰ ਹੁੰਗਾਰਾ ਮਿਲਣ ਦੀ ਆਸ ਕੀਤੀ ਜਾਂਦੀ ਹੈ।

## ਸੱਜਰਾ ਸਾਹਿਤ




**ਮਹਿਰਮ ਜੀ ਤੂੰ ਹੀ ਤੂੰ...**
**ਰਘਵੀਰ ਸਿੰਘ**
**ਮੁੱਲ : 400, ਸਫੇ : 158**
**ਲੋਕਗੀਤ ਪ੍ਰਕਾਸ਼ਨ, ਮੋਹਾਲੀ**




**ਅੱਧੀ ਛੁੱਟੀ**
**ਗੋਗੀ ਜ਼ੀਰਾ**
**ਮੁੱਲ : 80, ਸਫ਼ੇ : 37**
**ਉੜਾ ਪਬਲੀਕੇਸ਼ਨ, ਪਟਿਆਲਾ**




**ਸੁਪਨਿਆਂ ਦੀ ਗੱਲ**
**ਪਿਆਰਾ ਸਿੰਘ ਰਾਹੀ**
**ਮੁੱਲ : 200, ਸਫ਼ੇ : 112**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




**ਸ਼ਬਦ ਸਿਰਜਣਹਾਰੇ-5**
ਕਾਵਿ ਸੰਗ੍ਰਹਿ
ਮੁੱਲ : 200, ਸਫ਼ੇ : 176
**ਪੰਜਾਬੀ ਵਿਰਸਾ ਟਰੱਸਟ, ਪਲਾਹੀ**




**ਸਰਾਜੀਤ**
ਗੁਰਦੇਵ ਸਿੰਘ ਘਾਰੂ
ਮੁੱਲ : 295, ਸਫ਼ੇ : 170
**ਯੂਨੀਸਟਰ ਪਬਲੀਕੇਸ਼ਨ, ਚੰਡੀਗੜ੍ਹ**




**ਕਥਾ ਸੁੱਕਦੇ ਦਰਿਆਵਾਂ ਦੀ**
ਗੁਰਇਕਬਾਲ ਤੂਰ
ਮੁੱਲ : 150, ਸਫ਼ੇ : 64
**ਹਾਊਸ ਆਫ਼ ਲਿਟਰੇਚਰ, ਲੁਧਿਆਣਾ**




**ਮੋਤੀਆਂ ਦੀ ਮਾਲਾ**
**ਲਖਵੀਰ ਸਿੰਘ ਭੁੱਲਰ**
ਮੁੱਲ : 250, ਸਫ਼ੇ : 111
**ਪਬਲੀਕੇਸ਼ਨ ਮਿਸ਼ਨ ਵਿਚਾਰ ਮੰਚ, ਕੈਨੇਡਾ**




**ਤੇਰੇ ਤੁਰ ਜਾਣ ਪਿੱਛੋਂ**
ਹਰਪਾਲ ਸਿੰਘ ਰਿਆੜ
ਮੁੱਲ : 150, ਸਫ਼ੇ : 71
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




**ਬੁਝਾਰਤਾਂ**
ਸੁਖਵਿੰਦਰ ਸੁੱਖੀ
ਮੁੱਲ : 100, ਸਫ਼ੇ : 48
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




**ਤੇਰੇ ਕਰਕੇ**
**ਅਜੀਤ ਪਿਆਸਾ**
ਮੁੱਲ : 150, ਸਫ਼ੇ : 83
**ਗੋਰਕੀ ਪ੍ਰਕਾਸ਼ਨ, ਲੁਧਿਆਣਾ**

# ਪੁਸਤਕ ਰੀਵਿਊ

### ਬੇ- ਮੰਜ਼ਿਲਾ ਸਫ਼ਰ (ਛੋਟਾ ਨਾਵਲ)

**1ਵਾਕ (ਇਕਵਾਕ ਸਿੰਘ ਪੱਟੀ)**
**ਪੰਨੇ -80, ਮੁੱਲ-150 ਰੁਪਏ**
**ਮਾਝਾ ਵਰਡਵਾਈਡ, ਅਮ੍ਰਿਤਸਰ**

ਆਦਰਸ਼ ਜ਼ਿੰਦਗੀ ਦਾ ਗਹਿਣਾ ਹੁੰਦੇ ਨੇ ਪਰ ਜਦੋਂ ਕੋਈ ਮਨੁੱਖ ਆਪਣੇ ਆਦਰਸ਼ਾ ਦੀ ਰਾਖੀ ਕਰਦਿਆਂ ਲਕੀਰ ਦਾ ਫਕੀਰ ਬਣ ਜਾਏ ਤਾਂ ਇਹ ਪੈਰਾਂ ਦੀ ਜਕੜਣ ਵੀ ਬਣ ਜਾਂਦੇ ਹਨ। ਇਕਵਾਕ ਸਿੰਘ ਪੱਟੀ ਦੇ ਛੋਟੇ ਨਾਵਲ 'ਬੇ-ਮੰਜ਼ਿਲਾ ਸਫ਼ਰ' ਦਾ ਇਹ ਤੱਤਸਾਰ ਜੀਵਨ ਆਦਰਸ਼ ਦੀਆਂ ਹੱਦਬੰਦੀਆਂ ਨਿਸਚਿਤ ਕਰਦਿਆਂ ਇਸ ਵਿਸ਼ਲੇਸਣੀ ਸਿੱਟੇ 'ਤੇ ਪਹੁੰਚਦਾ ਹੈ ਕਿ ਜੀਵਨ ਯਥਾਰਥ ਦੇ ਬੇ- ਮੇਚਾ ਆਦਰਸ਼ ਜੀਵਨ ਵਿਕਾਸ ਦੀ ਗਤੀ ਨੂੰ ਤੇਜ ਕਰਨ ਦੀ ਬਜਾਏ ਇਸ ਵਿਚ ਬਾਧਕ ਹੀ ਬਣਦਾ ਹੈ। ਇਸ ਨਾਵਲ ਦੇ ਪਾਤਰ ਗੁਰਦਿੱਤ ਸਿੰਘ ਦੇ ਜੀਵਨ ਸਫ਼ਰ ਨੂੰ ਬੇ- ਮੰਜ਼ਿਲਾ ਸਫ਼ਰ ਬਣਾਉਣ ਲਈ ਚਾਹੇ ਸਮਾਜਿਕ ਰਿਸ਼ਤਿਆਂ ਦੀ ਵੀ ਵੱਡੀ ਭੂਮਿਕਾ ਰਹੀ ਹੈ ਪਰ ਇਸ ਕਾਰਜ਼ ਵਿਚ ਸਭ ਤੋਂ ਵੱਡੀ ਭੂਮਿਕਾ ਉਸਦੇ ਭਾਵੁਕਤਾ ਭਰਪੂਰ ਆਦਰਸ਼ ਦੀ ਰਹਿੰਦੀ ਹੈ। ਉਹ ਦੂਜਿਆਂ ਗਲਤ ਹੋਣ 'ਤੇ ਵੀ ਉਨ੍ਹਾਂ ਨੂੰ ਜਨਤਕ ਤੌਰ 'ਤੇ ਇਸ ਲਈ ਗਲਤ ਨਹੀਂ ਆਖਦਾ ਕਿ ਕਿਸੇ ਦਾ ਦਿਲ ਨਾ ਦੁਖਾਉਣਾ ਉਸਦਾ ਆਦਰਸ਼ ਹੈ । ਉਹ ਸਾਰੀ ਉਮਰ ਮਾਨਸਿਕ ਸੰਤਾਪ ਭੋਗਦਿਆਂ ਵੀ ਦੂਜਿਆਂ ਨੂੰ ਖੁਸ਼ ਰੱਖਣ ਦਾ ਯਤਨ ਕਰਦਾ ਹੈ ਤਾਂ ਬਹੁ -ਪ੍ਰਤਿਭਾਭਾਸ਼ਾਲੀ ਹੁੰਦਿਆਂ ਵੀ ਆਪਣੇ ਜੀਵਨ ਨੂੰ ਅਰਥਹੀਣ ਬਣਾ ਲੈਂਦਾ ਹੈ।

ਨਾਵਲ ਪਾਠ ਵਿੱਚੋਂ ਉਪਜਦੀ ਸਮਝ ਅਨੁਸਾਰ ਗ਼ਰਜ਼ਾਂ ਨਾਲ ਬੱਝੇ ਸਮਾਜਿਕ ਰਿਸ਼ਤੇ ਹੁਣ ਲੋੜੋਂ ਵੱਧ ਨਰਮ ਤੇ ਆਦਰਸ਼ਵਾਦੀ ਸੁਭਾਅ ਦਾ ਲਾਭ ਉਠਾਉਣ ਲਈ ਸਾਰੀਆਂ ਹੱਦਾਂ ਪਾਰ ਕਰਦੇ ਜਾ ਰਹੇ ਹਨ। ਨਾਵਲ ਦਾ ਮੁੱਖ ਪਾਤਰ ਗੁਰਦਿੱਤ ਸਿੰਘ ਸਮਾਜ ਵਿਚ ਇਕ ਅਗਾਂਹਵਧੂ ਤੇ ਆਦਰਸ਼ਵਾਦੀ ਲੇਖਕ ਬਣ ਕੇ ਵਿਚਰਣਾ ਚਾਹੁੰਦਾ ਹੈ। ਆਪਣੇ ਕੰਮ , ਮਿਹਨਤ ਤੇ ਇਮਾਨਦਾਰੀ ਨਾਲ ਉਹ ਆਪਣੀ ਕਰਮ ਭੂਮੀ ਬਣੀ ਫੈਕਟਰੀ ਦੇ ਮਾਲਕ ਨੂੰ ਏਨਾ ਪ੍ਰਭਾਵਿਤ ਕਰ ਲੈਂਦਾ ਹੈ ਕਿ ਮਾਲਕ ਹਰਭਜਨ ਸਿੰਘ ਉਸਨੂੰ ਆਪਣਾ ਜਵਾਈ ਬਣਾ ਕੇ ਫੈਕਟਰੀ ਨੂੰ ਵੱਡੇ ਉਦਯੋਗ ਵਿਚ ਬਦਲਣ ਦੇ ਸੁਪਨੇ ਵੇਖਣ ਲੱਗਦਾ ਹੈ। ਉਸਦੇ ਜੀਵਨ ਵਿਚਲਾ ਆਦਰਸ਼ ਪਹਿਲੇ ਪੜਾਅ 'ਤੇ ਮਾਲਕ ਦੀ ਬੇਟੀ ਪਵਨ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ ਪਰ ਦੋਵਾਂ ਦੇ ਵਿਆਹ ਤੋਂ ਬਾਅਦ ਇਹ ਉਨ੍ਹਾਂ ਦੇ ਜੀਵਨ ਵਿਚ ਦੂਰੀਆਂ ਪੈਦਾ ਕਰਨ ਦਾ ਕਾਰਨ ਬਣ ਜਾਂਦਾ ਹੈ। ਆਪਣੇ ਅੰਦਰਲੇ ਸਵੈਮਾਣ ਕਾਰਨ ਉਹ ਵਿਆਹ ਤੋਂ ਬਾਅਦ ਫੈਕਟਰੀ ਦੀ ਨੌਕਰੀ ਛੱਡ ਕੇ ਨਵੇਂ ਰੁਜ਼ਗਾਰ ਦੀ ਭਾਲ ਕਰਨ ਲੱਗਦਾ ਹੈ ਤਾਂ ਹਮੇਸ਼ਾ ਅਮੀਰੀ ਦੀਆਂ ਸਹੂਲਤਾਂ ਮਾਨਣ ਦੀ ਆਦਤ ਪਾ ਚੁੱਕੀ ਪਵਨ ਉਸ ਤੋਂ ਮਾਨਸਿਕ ਤੌਰ 'ਤੇ ਏਨੀ ਦੂਰ ਚਲੀ ਜਾਂਦੀ ਹੈ ਕਿ ਨੌਬਤ ਤਲਾਕ ਤੱਕ ਪਹੁੰਚ ਜਾਂਦੀ ਹੈ ।

ਮਾਪਿਆਂ ਦੇ ਮਜਬੂਰ ਕਰਨ 'ਤੇ ਉਹ ਤਲਾਕਸ਼ੁਦਾ ਸਰਬਜੀਤ ਕੌਰ ਨਾਲ ਵਿਆਹ ਕਰਾਉਂਦਾ ਹੈ ਤਾਂ ਇੱਥੇ ਵੀ ਉਸਦਾ ਆਦਰਸ਼ ਉਸਦੇ ਜੀਵਨ ਨੂੰ ਡੂੰਘੇ ਹਨੇਰਿਆਂ ਵੱਲ ਧੱਕ ਦਿੰਦਾ ਹੈ। ਸਰਬਜੀਤ ਉਸਨੂੰ ਆਪਣੇ ਪਤੀ ਵਜੋਂ ਸਵੀਕਾਰ ਕਰਨ ਦੀ ਬਜਾਇ ਆਪਣੇ ਆਪਣੇ ਪਹਿਲੇ ਪ੍ਰੇਮੀ ਨਾਲ ਹੀ ਮਾਨਸਿਕ ਨੇੜਤਾ ਬਣਾਈ ਰੱਖਦੀ ਹੈ ਤੇ ਉਸ ਨਾਲ ਸਰੀਰਕ ਸਬੰਧ ਬਣਾਉਣ ਤੋਂ ਵੀ ਇਨਕਾਰ ਕਰ ਦਿੰਦੀ ਹੈ। ਪੂਰੇ ਗਿਆਰਾਂ ਸਾਲ ਉਹ ਇਹ ਭੇਦ ਸਿਰਫ ਇਸ ਲਈ ਛੁਪਾਈ ਰੱਖਦਾ ਹੈ ਕਿ ਸਰਬਜੀਤ ਨੂੰ ਉਸਦੇ ਘਰ ਤੋਂ ਚੰਗਾ ਹੋਰ ਚੰਗਾ ਠਿਕਾਣਾ ਨਹੀਂ ਮਿਲ ਸਕੇਗਾ । ਉਸਦੀ ਇਹ ਸੋਚ ਆਮ ਮਨੁੱਖ ਦੀ ਸੋਚ ਤੋਂ ਕੋਹਾਂ ਦੂਰ ਤੇ ਲੋੜੋਂ ਤੋਂ ਵੱਧ ਆਦਰਸ਼ਕ ਹੋਣ ਕਾਰਨ ਨਾਵਲ ਨੂੰ ਯਥਾਰਥਵਾਦੀ ਨਾਵਲ ਦੀ ਸ਼੍ਰੇਣੀ ਵਿਚੋ ਕੱਢ ਕੇ ਫਿਲਮੀ ਕਹਾਣੀ ਵਰਗੀ ਬਣਾ ਦਿੰਦੀ ਹੈ। ਉਸਦੇ ਦਫ਼ਤਰ ਦੀ ਕੁਲੀਗ ਨਵਰੀਤ ਉਸ ਅੰਦਰਲੀ ਬਹੁ- ਪੱਖੀ ਪ੍ਰਤਿਭਾ ਨੂੰ ਪਛਾਣਦੀ ਹੋਈ ਇਸ ਅਧਾਰ 'ਤੇ ਉਸ ਨਾਲ ਵਿਆਹ ਕਰਾਉਣ ਦੀ ਪੇਸ਼ਕਸ਼ ਕਰਦੀ ਕਿ ਉਹ ਸਰਬਜੀਤ ਨੂੰ ਤਲਾਕ ਦੇ ਦੇਵੇ ਤਾਂ ਪਰ ਸਰਬਜੀਤ ਵੱਲੋਂ ਘਰ ਛੱਡਣ ਤੋਂ ਇਨਕਾਰ ਕਰਨ 'ਤੇ ਉਸਦੀ ਦੁਬਿਧਾ ਦਾ ਅੰਤ ਨਹੀਂ ਹੁੰਦਾ। ਚਾਹੇ ਇਹ ਨਾਵਲ ਨਾ ਤਾਂ ਕਿਸੇ ਸਪਸ਼ਟ ਨਤੀਜੇ ਤੇ ਪਹੁੰਚਦਾ ਹੈ ਤੇ ਨਾ ਵੀ ਕਿਸੇ ਨਤੀਜੇ ਵੱਲ ਇਸ਼ਾਰਾ ਕਰਦਾ ਹੈ, ਫਿਰ ਵੀ ਇਸ ਵਿਚਲਾ ਕਹਾਣੀ ਰਸ ਇਸ ਦੀ ਪੜ੍ਹਣ ਯੋਗਤਾ ਨੂੰ ਬਣਾਈ ਰੱਖਦਾ ਹੈ।

**- ਨਿਰੰਜਣ ਬੋਹਾ**

### ਹਰ ਦਿਨ 24 ਘੰਟੇ ਕਿਵੇਂ ਜਿਊਈਏ

**(ਵਾਰਤਕ)**
**ਆਰਨਲਡ ਬੇਨੇਟ**
**ਅਨੁਵਾਦਕ : ਅਨੁਰਾਧਾ ਰਾਣੀ**
**ਪੰਨੇ : 79, ਮੁੱਲ : 160 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਦੂਜੀਆਂ ਭਾਸ਼ਾਵਾਂ ਦਾ ਪੰਜਾਬੀ ਅਨੁਵਾਦ ਅੱਜਕੱਲ੍ਹ ਪ੍ਰਚੱਲਤ ਹੁੰਦਾ ਜਾ ਰਿਹਾ ਹੈ, ਕਿਉਂਕਿ ਉਹਨਾਂ ਦੇ ਲਿਖਣ ਢੰਗ, ਸ਼ੈਲੀ ਅਤੇ ਸੋਚ ਸਾਡੇ ਤੋਂ ਬਹੁਤ ਭਿੰਨ ਹੈ। ਜੇਕਰ ਹਥਲੀ ਪੁਸਤਕ 'ਹਰ ਦਿਨ 24 ਘੰਟੇ ਕਿਵੇਂ ਜਿਊਂਈਏ' ਦੀ ਗੱਲ ਕਰੀਏ ਤਾਂ ਇਹ ਅੰਗਰੇਜ਼ੀ ਦੇ ਪ੍ਰਸਿੱਧ ਨਾਵਲਕਾਰ ਆਰਨਲਡ ਬੇਨੇਟ ਦੀ ਅੰਗਰੇਜ਼ੀ ਵਿੱਚ ਵਾਰਤਕ ਰਚਨਾ ਹੈ, ਜਿਸ ਦਾ ਪੰਜਾਬੀ ਅਨੁਵਾਦ ਅਨੁਰਾਧਾ ਰਾਣੀ ਨੇ ਕੀਤਾ ਹੈ। ਇਸ ਪੁਸਤਕ ਨੂੰ ਕੁਲ ਤੇਰਾਂ ਛੋਟੇ-ਛੋਟੇ ਲੇਖਾਂ ਵਿਚ ਵੰਡਿਆ ਗਿਆ ਹੈ।

ਇਸ ਪੁਸਤਕ ਦਾ ਅਧਿਐਨ ਕਰੀਏ ਤਾਂ ਪਤਾ ਲਗਦਾ ਹੈ ਕਿ ਲੇਖਕ ਨੇ ਸਾਨੂੰ ਚੌਵੀ ਘੰਟੇ ਵਿਅਸਤ ਰਹਿਣ ਦਾ ਮਾਰਗ ਦਰਸ਼ਨ ਕੀਤਾ ਹੈ। ਸਮਾਂ ਬੜਾ ਬਲਵਾਨ ਹੈ ਅਤੇ ਇਸ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ। ਆਪਣੇ-ਆਪ ਨੂੰ ਚੌਵੀ ਘੰਟੇ ਰੁਝੇਵਿਆਂ ਵਿਚ ਰੱਖ ਕੇ ਜਿਊਣਾ ਚਾਹੀਦਾ ਹੈ, ਜਿਸ ਨਾਲ ਜਿੱਥੇ ਸਮਾਂ ਬਰਬਾਦ ਨਹੀਂ ਹੁੰਦਾ, ਉਥੇ ਬੇਵਜ੍ਹਾ ਤਣਾਓ ਵਰਗੀਆਂ ਅਲਾਮਤਾਂ ਤੋਂ ਬਚਿਆ ਜਾ ਸਕਦਾ ਹੈ। ਇਸ ਪੁਸਤਕ ਦੇ ਪਹਿਲੇ ਅਧਿਆਏ ਰੋਜ਼ਾਨਾ ਹੋਣ ਵਾਲਾ ਚਮਤਕਾਰ ਵਿਚ ਦੱਸਿਆ ਗਿਆ ਹੈ ਕਿ ਤੁਸੀਂ ਅੱਗੇ ਆਉਣ ਵਾਲਾ ਸਮਾਂ ਬਰਬਾਦ ਨਹੀਂ ਕਰ ਸਕਦੇ।

ਮਨੁੱਖ ਵਿੱਚ ਆਪਣੇ ਕੰਮ ਨੂੰ ਕਰਨ ਤੋਂ ਵੱਧ ਕੰਮ ਕਰਨ ਦੀ ਇੱਛਾ ਨੂੰ ਪ੍ਰਬਲ ਬਣਾਉਣਾ ਚਾਹੀਦਾ ਹੈ। ਕਰਨ ਵਾਲੇ ਕੰਮ ਨੂੰ ਆਉਣ ਵਾਲੇ ਸਮੇਂ ਵਿੱਚ ਟਾਲਣਾ ਨਹੀਂ ਚਾਹੀਦਾ। ਪੁਸਤਕ ਵਿਚ ਹਫਤੇ ਦੇ ਛੇ ਦਿਨ ਕੰਮ ਕਰਨ ਦੀ ਜੁਗਤ ਵੀ ਦੱਸੀ ਗਈ ਹੈ। ਆਪਣੇ ਮਨ ਨੂੰ ਆਪਣੇ ਅਧੀਨ ਰੱਖਣ, ਸੁਭਾਅ ਨੂੰ ਚੇਤੇ ਰੱਖਣਾ ਅਤੇ ਕਲਾ ਵਿਚ ਦਿਲਚਸਪੀ ਰੱਖਣ ਦੇ ਨਾਲ-ਨਾਲ ਸਮੱਸਿਆਵਾਂ ਦੇ ਕਾਰਨ ਅਤੇ ਖਤਰਿਆਂ ਤੋਂ ਸਾਵਧਾਨ ਰਹਿਣ ਲਈ ਸੁਚੇਤ ਕੀਤਾ ਗਿਆ ਹੈ। ਪੁਸਤਕ ਦੇ ਅੰਤ ਵਿੱਚ ਲੇਖਕ ਵੱਲੋਂ ਸਲਾਹ ਅਤੇ ਚੁਣੌਤੀਆਂ ਦੇ ਸੁਝਾਅ ਵੀ ਸ਼ਾਮਲ ਕੀਤੇ ਗਏ ਹਨ।

ਅੱਜ ਦੇ ਯੁੱਗ ਵਿੱਚ ਵਿਅਕਤੀਆਂ ਦੀ ਜ਼ਿੰਦਗੀ ਨੂੰ ਅਸਾਨੀ ਨਾਲ ਜਿਊਣ ਲਈ ਇਹ ਪੁਸਤਕ ਲਾਹੇਵੰਦ ਹੋ ਨਿੱਬੜਦੀ ਹੈ। ਇਸ ਪੁਸਤਕ ਲਈ ਲੇਖਕ ਨੂੰ ਵਧਾਈ। ਪੁਸਤਕ ਪੜ੍ਹਨਯੋਗ ਅਤੇ ਇਹ ਦਸਤਾਵੇਜ਼ ਵਜੋਂ ਸਾਂਭਣਯੋਗ ਹੈ।

**- ਤੇਜਿੰਦਰ ਚੰਡਿਹੋਕ**

### ਕਾਲ ਨਾਚ

**(ਫ਼ਲਸਤੀਨ ਬਾਰੇ ਕਵਿਤਾਵਾਂ)**
**ਕਵੀ-ਪਰਮਜੀਤ ਸੋਹਲ**
**ਪੰਨੇ-135, ਕੀਮਤ-150**
**ਗੋਰਕੀ ਪ੍ਰਕਾਸ਼ਨ, ਲੁਧਿਆਣਾ**

'ਕਾਲ ਨਾਚ' ਡਾ. ਪਰਮਜੀਤ ਸੋਹਲ ਦੀ ਕਾਵਿ ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਦੀਆਂ ਓਨਮ, ਕਾਇਆ, ਪੌਣਾਂ ਸਤਲੁਜ ਕੋਲ਼ ਦੀਆਂ, ਨੀਸਾਣੁ, ਝੋਕਾਂ, ਕਾਗਦੁ, ਵਿਸਮਾਦੁ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। 'ਕਾਲ ਨਾਚ' ਉਸ ਦੀ ਅੱਠਵੀਂ ਪੁਸਤਕ ਹੈ। ਗੋਰਕੀ ਪ੍ਰਕਾਸ਼ਨ, ਲੁਧਿਆਣਾ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਸਮਰਪਿਤ ਹੈ ਗਾਜ਼ਾ ਦੀ 25 ਸਾਲਾ ਮੁਟਿਆਰ ਫੋਟੋਗ੍ਰਾਫਰ ਫਾਤਿਮਾ ਹਸੋਨ ਨੂੰ, ਜਿਸ ਨੇ ਗਾਜ਼ਾ ਦੇ ਮਲਬੇ ਤੇ ਜ਼ਿੰਦਗੀ ਦੀ ਜੰਗ ਵਿੱਚ ਜੂਝਦੇ ਬੱਚਿਆਂ ਦੀਆਂ ਦਸਤਾਵੇਜ਼ੀ ਤਸਵੀਰਾਂ ਖਿੱਚੀਆਂ, ਜਿਸ ਨੇ ਆਪਣੇ ਵਿਆਹ ਅਤੇ ਮੌਤ ਤੋਂ ਕੁਝ ਦਿਨ ਪਹਿਲਾਂ ਲਿਖਿਆ-ਜੇ ਮੈਂ ਮਰਦੀ ਹਾਂ ਤਾਂ ਮੇਰੀ ਮੌਤ ਅਜਿਹੀ ਹੋਣੀ ਚਾਹੀਦੀ ਹੈ ਜਿਸ ਦੀ ਗੂੰਜ ਦੂਰ ਤੱਕ ਸੁਣਾਈ ਦੇਵੇ। ਮੈਂ ਸਿਰਫ਼ ਇੱਕ ਬ੍ਰੇਕਿੰਗ ਨਿਊਜ਼ ਜਾਂ ਅੰਕੜਾ ਨਹੀਂ ਬਣਨਾ ਚਾਹੁੰਦੀ। ਮੈਂ ਇੱਕ ਅਜਿਹੀ ਤਸਵੀਰ ਛੱਡਣਾ ਚਾਹੁੰਦੀ ਹਾਂ, ਜਿਸ ਨੂੰ ਸਮਾਂ ਜਾਂ ਧਰਤੀ ਕਦੇ ਦਫਨਾ ਨਾ ਸਕਣ। ਸੋ ਫਾਤਿਮਾ ਹਸੋਨ ਨੂੰ ਸਮਰਪਿਤ ਇਹ ਪੁਸਤਕ ਵੀ ਇੱਕ ਐਸੀ ਪੁਸਤਕ ਹੈ, ਜਿਸ ਵਿੱਚ ਮਨੁੱਖਤਾ ਦੇ ਦਰਦ ਨੂੰ, ਪੀੜਾ ਨੂੰ ਪਰਮਜੀਤ ਸੋਹਲ ਨੇ ਆਪਣੀ ਕਵਿਤਾ ਰਾਹੀਂ ਬਿਆਨਿਆ ਹੈ। ਪੁਸਤਕ ਦੇ ਆਰੰਭ ਵਿੱਚ ਤੁਰਕੀ ਦੇ ਪੱਤਰਕਾਰ ਹਸੀਬੇ ਗੇਈਕ ਨੇ ਗਾਜ਼ਾ ਦੇ ਦਰਦ ਨੂੰ ਬਿਆਨ ਕੀਤਾ ਹੈ। 'ਗਾਜ਼ਾ ਪੱਟੀ ਦੇ ਫ਼ਲਸਤੀਨੀਆਂ ਦੀ ਹੋਣੀ 'ਤੇ 'ਕਾਲ ਨਾਚ' ਵਿਚਲੀ ਸੰਵੇਦਨਾ' ਸਿਰਲੇਖ ਹੇਠ ਪ੍ਰਸਤਾਵਨਾ ਮਦਨਦੀਪ ਸਿੰਘ ਦੁਆਰਾ ਲਿਖੀ ਗਈ ਹੈ। ਉਪਰੰਤ ਡਾ. ਪਰਮਜੀਤ ਸੋਹਲ ਨੇ ਆਪਣੇ ਵੱਲੋਂ ਕੁਝ ਹਰਫ਼ ਦਿੱਤੇ ਹਨ। ਪੁਸਤਕ ਵਿੱਚ ਕੁੱਲ 64 ਕਵਿਤਾਵਾਂ ਹਨ। ਰਚਨਾਵਾਂ ਦਾ ਵਿਸ਼ਾ ਗਾਜ਼ਾ ਵਿੱਚ ਹੋਏ ਮਨੁੱਖਤਾ ਦਾ ਘਾਣ ਤੇ ਘਾਣ ਕਰਨ ਵਾਲਿਆਂ ਪ੍ਰਤੀ ਰੋਹ ਹੈ। ਇਨ੍ਹਾਂ ਖੁੱਲ੍ਹੀਆਂ ਕਵਿਤਾਵਾਂ ਵਿੱਚ ਉਨ੍ਹਾਂ ਫਲਸਤੀਨੀ ਬੱਚੀਆਂ ਦਾ ਦਰਦ ਹੈ, ਜੋ ਕਿ ਸਕੂਲ ਦੇ ਮਲਬੇ ਵਿੱਚੋਂ ਲੱਭੀਆਂ, ਉਹ ਬੱਚੀਆਂ, ਜੋ ਭੁੱਖ ਤੇ ਪਿਆਸ ਨਾਲ ਮਰ ਗਈਆਂ, ਮਲਬੇ ਵਿੱਚੋਂ ਨਿਕਲਦੇ ਹੱਥ ਦਾ ਦਰਦ ਜੋ ਮਦਦ ਲਈ ਪੁਕਾਰਦਾ ਰਿਹਾ। ਪੀੜ ਹੈ ਜ਼ਿੰਦਗੀ ਦੇ ਇਮਤਿਹਾਨ ਵਿੱਚੋਂ ਨਿਕਲਦੇ ਲਾਚਾਰ ਲੋਕਾਂ ਦੀ। ਕਵੀ ਕਵਿਤਾ ਰਾਹੀਂ ਗ੍ਰੇਟਾ ਥੇਨਬਰਗ ਨੂੰ ਸਲਾਮ ਕਰਦਾ ਹੈ, ਜਿਸ ਨੂੰ ਫ਼ਲਸਤੀਨੀ ਐਕਟੀਵਿਸਟ ਗ਼ਰਦਾਨ ਕੇ ਇਜ਼ਰਾਈਲ 'ਚੋਂ ਕੱਢ ਦਿੱਤਾ ਗਿਆ।

ਡਾ. ਪਰਮਜੀਤ ਸੋਹਲ ਦੀ ਹਰ ਰਚਨਾ ਭਾਵੁਕ ਕਰਨ ਵਾਲੀ ਹੈ। ਸਿਸਟਮ 'ਤੇ ਵਿਅੰਗ ਕਰਦੀਆਂ ਰਚਨਾਵਾਂ ਕਵੀ ਦੀ ਅੰਤਰ ਮਨ ਦੀ ਵੇਦਨਾ ਨੂੰ ਬਿਆਨ ਕਰਦੀਆਂ ਹਨ। ਖਾਇਸ਼ ਕਰਦੀਆਂ ਹਨ ਕਿ ਇਹ ਵੇਦਨਾ, ਸੰਵੇਦਨਾ ਹਰ ਇਕ ਦੇ ਮਨ ਦੀ ਆਵਾਜ਼ ਹੋ ਜਾਵੇ। ਕਵੀ ਦੱਸਣਾ ਚਾਹੁੰਦਾ ਹੈ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ, ਇਹ ਤਾਂ ਲਹੂ ਦੀਆਂ ਨਦੀਆਂ ਵਹਾਉਂਦੀ ਹੈ ਅਤੇ ਚੰਗੇ-ਭਲੇ ਹੱਸਦੇ-ਵੱਸਦੇ ਲੋਕਾਂ ਨੂੰ ਬੇਘਰ ਕਰਕੇ ਦਰ-ਦਰ ਰੁਲਣ ਜੋਗੇ ਬਣਾ ਦਿੰਦੀ ਹੈ। ਹਰ ਹਾਲ ਜੰਗ ਦਾ ਖ਼ਮਿਆਜ਼ਾ ਜਨਤਾ ਨੂੰ ਸੰਤਾਪ ਹੰਢਾਉਣਾ ਹੰਢਾ ਕੇ ਭੁਗਤਣਾ ਪੈਂਦਾ ਹੈ। ਕਵੀ ਦੀਆਂ ਰਚਨਾਵਾਂ ਸਾਡੀ ਸੋਚ ਨੂੰ ਹਲੂਣਾ ਦਿੰਦੀ ਹੈ ਕਿ ਮਨੁੱਖਤਾ ਦੇ ਨਾਤੇ ਇਹ ਪੀੜ ਸਭ ਦੀ ਪੀੜ ਹੋਣੀ ਚਾਹੀਦੀ ਹੈ। ਇਸ ਨਸਲਕੁਸ਼ੀ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ। ਆਓ ਅਸੀਂ ਵੀ ਕਵੀ ਦੀ ਆਵਾਜ਼ ਨਾਲ ਆਵਾਜ਼ ਰਲਾਈਏ। ਬਹੁਤ ਵਧੀਆ ਪੁਸਤਕ, ਫ਼ਲਸਤੀਨੀਆਂ ਦੇ ਦਰਦ ਨੂੰ ਬਿਆਨ ਕਰਦੀ ਇਸ ਪੁਸਤਕ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ।

**— ਡਾ. ਭੁਪਿੰਦਰ ਕੌਰ**

# ਭਗਵੰਤ ਰਸੂਲਪੁਰੀ ਨਾਲ ਸਾਹਿਤਕ ਮਿਲਣੀ



**ਐਬਟਸਫੋਰਡ (ਬੀ. ਸੀ.) :** ਬੀਤੇ ਦਿਨੀਂ 'ਚਾਏ ਵਾਲਾ ਆਫ ਲੰਡਨ' ਵਿਖੇ ਚਾਹ ਦੀਆਂ ਚੁਸਕੀਆਂ ਨਾਲ ਸਾਹਿਤ ਦੇ ਖੇਤਰ ਵਿੱਚ ਸੰਸਾਰ ਪ੍ਰਸਿੱਧ 'ਢਾਹਾਂ' ਪੁਰਸਕਾਰਾਂ ਪ੍ਰਾਪਤ ਪੰਜਾਬੀ ਦੇ ਸਮਰੱਥ ਕਹਾਣੀਕਾਰ ਭਗਵੰਤ ਰਸੂਲਪੁਰੀ ਨਾਲ ਇਕ ਸਾਹਿਤਕ ਮਿਲਣੀ ਕੀਤੀ ਗਈ। ਇਹ ਮੌਕੇ ਕੇਨੈਡਾ ਵਸਦੇ ਉੱਘੇ ਨਾਵਲਕਾਰ ਅਮਰਜੀਤ ਚਾਹਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਨ੍ਹੀਂ ਦਿਨੀਂ ਭਗਵੰਤ ਰਸੂਲਪੁਰੀ 'ਢਾਹਾਂ ਸਾਹਿਤ ਪੁਰਸਕਾਰ ਦੀ ਪ੍ਰਾਪਤੀ ਲਈ ਕੈਨੇਡਾ ਆਇਆ ਹੋਇਆ ਹੈ। ਇਸ ਸਾਲ ਉਹਨਾਂ ਦੀ ਕਹਾਣੀਆਂ ਦੀ ਪੁਸਤਕ, 'ਡਲਿਵਰੀ ਮੈਨ' ਨੂੰ 'ਫਾਈਨਲਿਸਟ' ਲਈ ਚੋਣ ਕੀਤੀ ਗਈ ਸੀ।ਇਸ ਤੋਂ ਪਹਿਲਾਂ ਇਸੇ ਕਿਤਾਬ ਨੂੰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ ਪ੍ਰਿੰਸੀਪਲ ਸੁਜਾਨ ਸਿੰਘ ਕਹਾਣੀ ਪੁਰਸਕਾਰ 2025 (ਸਰਵਉੱਤਮ ਪੁਸਤਕ) ਵੀ ਮਿਲ ਚੁੱਕਾ ਹੈ। ਢਾਹਾਂ ਇਨਾਮ 'ਚ ਕੀਮਤੀ ਟਰਾਫੀ ਸਮੇਤ 10 ਹਜ਼ਾਰ ਕੈਨੇਡੀਅਨ ਡਾਲਰ ਦੀ ਰਾਸ਼ੀ ਢਾਹਾਂ ਕਮੇਟੀ ਵੱਲੋਂ ਸ਼ਾਨਦਾਰ ਸਮਾਗਮ 'ਚ ਦਿੱਤੀ ਗਈ ਹੈ। ਐਬਟਸਫੋਰਡ ਦੇ ਸਾਥੀਆਂ ਨਾਲ ਮਿਲਣੀ ਦੌਰਾਨ ਭਗਵੰਤ ਰਸੂਲਪੁਰੀ ਨੇ ਕਿਹਾ ਕਿ ਢਾਹਾਂ ਇਨਾਮ ਮਿਲਣ 'ਤੇ 'ਡਲਿਵਰੀ ਮੈਨ' ਨੂੰ ਬਹੁਤ ਸਾਰੇ ਨਵੇਂ ਪਾਠਕ ਮਿਲੇ ਹਨ। ਬਤੌਰ ਕਹਾਣੀਕਾਰ ਮੇਰੀ ਪਛਾਣ ਗੂੜੀ ਹੋਈ ਹੈ।' ਮਿਲਣੀ ਦੌਰਾਨ ਅਮਰਜੀਤ ਚਾਹਲ, ਜਸਵੀਰ ਮਾਹਲ, ਸ਼ੈਲੀ ਤੇਜਾ, ਸੁਖਦੇਵ ਧੂਰੀ, ਸਰਬਜੀਤ ਹੁੰਦਲ ਨੇ ਰਸੂਲਪੁਰੀ ਨੂੰ ਇਨਾਮ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਰਸੂਲਪੁਰੀ ਨਾਲ ਸੰਵਾਦ 'ਤੇ ਚਰਚਾ ਕੀਤੀ।ਲੰਮੀ ਚਰਚਾ ਦੌਰਾਨ ਕਲਾ, ਸਾਹਿਤ, ਦਰਸ਼ਨ ਅਤੇ ਰਾਜਨੀਤੀ ਉੱਪਰ ਭਰਵੀਂ ਗੱਲਬਾਤ ਹੋਈ।

# ਬਚਿੰਤ ਕੌਰ ਦਾ ਸਨਮਾਨ



**ਬਰਨਾਲਾ :** ਕਹਾਣੀਕਾਰਾ ਬਚਿੰਤ ਕੌਰ ਦਾ 'ਮਾਤਾ ਤੇਜ ਕੌਰ ਯਾਦਗਾਰੀ ਐਵਾਰਡ' ਨਾਲ ਸਨਮਾਨ ਕੀਤਾ ਗਿਆ। ਲੋਕ ਰੰਗ ਸਾਹਿਤ ਸਭਾ ਬਰਨਾਲਾ ਵੱਲੋਂ ਕਰਵਾਏ ਗਏ ਸਾਲਾਨਾ ਸਨਮਾਨ ਸਮਾਰੋਹ ਸਮੇਂ ਇਸ ਵਾਰ ਦਾ 'ਮਾਤਾ ਤੇਜ ਕੌਰ ਸੰਘੇੜਾ ਯਾਦਗਾਰੀ ਐਵਾਰਡ' ਪੰਜਾਬੀ ਦੀ ਪ੍ਰਸਿੱਧ ਕਹਾਣੀਕਾਰਾ ਬਚਿੰਤ ਕੌਰ ਨੂੰ ਪ੍ਰਦਾਨ ਕੀਤਾ ਗਿਆ। ਸਮਾਗਮ ਦੇ ਆਰੰਭ ਵਿਚ ਭੋਲਾ ਸਿੰਘ ਸੰਘੇੜਾ ਨੇ ਦੱਸਿਆ ਕਿ ਪਿਛਲੇ ਦਸ ਸਾਲਾਂ ਤੋਂ ਪੰਜਾਬੀ ਦੇ ਪ੍ਰਬੁੱਧ ਲੇਖਕਾਂ ਨੂੰ ਦਿੱਤਾ ਜਾਣ ਵਾਲਾ ਇਹ ਸਨਮਾਨ ਅੱਗੇ ਵੀ ਜਾਰੀ ਰਹੇਗਾ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਅੱਜ ਦਾ ਇਹ ਸਨਮਾਨ ਸਿਰਫ ਸ਼੍ਰੀਮਤੀ ਬਚਿੰਤ ਕੌਰ ਦਾ ਸਨਮਾਨ ਨਹੀਂ, ਬਲਕਿ ਸਾਹਿਤ ਸਿਰਜਣਾ ਨਾਲ ਜੁੜੀਆਂ ਹੋਈਆਂ ਸਮੁੱਚੀਆਂ ਔਰਤਾਂ ਦਾ ਸਨਮਾਨ ਹੈ। ਮੁੱਖ ਮਹਿਮਾਨ ਪ੍ਰੋ. ਸੁਰਜੀਤ ਜੱਜ ਅਤੇ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਕਿ ਬਚਿੰਤ ਕੌਰ ਨੇ ਸਾਹਿਤ ਦੇ ਖੇਤਰ ਵਿਚ ਉਦੋਂ ਕਦਮ ਰੱਖਿਆ, ਜਦੋਂ ਆਮ ਔਰਤਾਂ ਨੂੰ ਘਰ ਤੋਂ ਬਾਹਰ ਕਦਮ ਰੱਖਣ ਦੀ ਇਜਾਜ਼ਤ ਨਹੀਂ ਸੀ। ਸਾਹਿਤ ਦੇ ਖੇਤਰ ਵਿਚ ਇਹਨਾਂ ਨੇ ਨਵੀਂਆਂ ਲੀਹਾਂ ਪਾਈਆਂ ਹਨ। ਡਾ. ਤੇਜਾ ਸਿੰਘ ਤਿਲਕ, ਡਾ. ਤਰਸਪਾਲ ਕੌਰ ਅਤੇ ਡਾ. ਰਾਮ ਪਾਲ ਸ਼ਾਹਪੁਰੀ ਨੇ ਕਿਹਾ ਕਿ ਬਚਿੰਤ ਕੌਰ ਦੀਆਂ ਰਚਨਾਵਾਂ ਨੇ ਅਜੋਕੀ ਨਾਰੀ ਨੂੰ ਲਿਖਣ ਲਈ ਹਿੰਮਤ ਪ੍ਰਦਾਨ ਕੀਤੀ। ਪੰਜਾਬੀ ਸਾਹਿਤ ਨੂੰ ਇਹਨਾਂ ਨੇ ਕਿੰਨੀਆਂ ਹੀ ਕਾਲਜਈ ਰਚਨਾਵਾਂ ਦਿੱਤੀਆਂ ਹਨ। ਵਿਚਾਰ-ਵਟਾਂਦਰੇ ਵਿਚ ਡਾ. ਦਵਿੰਦਰ ਕੌਰ ਸੈਣੀ, ਪਰਮਜੀਤ ਮਾਨ, ਪ੍ਰਿ. ਦਰਸ਼ਨ ਚੀਮਾ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਹਾਕਮ ਰੂੜੇਕੇ, ਰਜਿੰਦਰ ਸ਼ੌਕੀ, ਲਛਮਣ ਦਾਸ ਮੁਸਾਫਿਰ, ਜਗਜੀਤ ਕੌਰ ਢਿੱਲਵਾਂ ਨੇ ਵੀ ਭਾਗ ਲਿਆ। ਇਸ ਮੌਕੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਰਾਸ਼ਟਰੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਗੁਲਜ਼ਾਰ ਸਿੰਘ ਪੰਧੇਰ, ਡਾ. ਲਾਭ ਸਿੰਘ ਖੀਵਾ, ਪ੍ਰੋ. ਰਵਿੰਦਰ ਭੱਠਲ, ਡਾ. ਗੁਰਇਕਬਾਲ ਸਿੰਘ, ਸੁਰਿੰਦਰ ਰਾਮਪੁਰੀ, ਹਰਮੀਤ ਵਿਦਿਆਰਥੀ, ਪਰਗਟ ਸਿੰਘ ਸਤੌਜ, ਸੋਮ ਪਾਲ ਹੀਰਾ ਆਦਿ ਹਾਜ਼ਰ ਸਨ।ਮੰਚ ਸੰਚਾਲਨ ਦਾ ਫ਼ਰਜ਼ ਡਾ. ਤਰਸਪਾਲ ਕੌਰ ਨੇ ਨਿਭਾਇਆ।

# ਮਨਜੀਤ ਪੁਰੀ ਵੱਲੋਂ ਸੰਪਾਦਿਤ ਪੁਸਤਕ 'ਅਸੀਂ ਹਾਰੇ ਨਹੀਂ' ਲੋਕ ਅਰਪਣ

**ਫਰੀਦਕੋਟ :** ਪ੍ਰਸਿੱਧ ਸ਼ਾਇਰ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਫਰੀਦਕੋਟ ਮਨਜੀਤ ਪੁਰੀ ਵੱਲੋਂ ਸੰਪਾਦਿਤ ਕੀਤੀ ਸੰਸਾਰ ਪ੍ਰਸਿੱਧ ਇਨਕਲਾਬੀ ਸ਼ਾਇਰ ਮਰਹੂਮ ਮਹਿੰਦਰ ਸਾਥੀ ਦੀ ਚੋਣਵੀਂ ਸ਼ਾਇਰੀ ਦੀ ਪੁਸਤਕ 'ਅਸੀਂ ਹਾਰੇ ਨਹੀਂ' ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਕਰਵਾਏ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਗਈ। ਪੁਸਤਕ ਲੋਕ ਅਰਪਣ ਕਰਨ ਦੀ ਰਸਮ ਨਾਮਵਰ ਵਿਅੰਗਕਾਰ, ਨਾਵਲਕਾਰ ਕੇ ਐੱਲ ਗਰਗ, ਪ੍ਰਸਿੱਧ ਸ਼ਾਇਰ ਗੁਰਤੇਜ ਕੋਹਾਰਵਾਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਗੁਰਸੇਵਕ ਲੰਬੀ ਵੱਲੋਂ ਕੀਤੀ ਗਈ। ਮੰਚ ਦੇ ਸਰਪ੍ਰਸਤ ਗੁਰਮੀਤ ਕੜਿਆਲਵੀ ਨੇ ਮਨਜੀਤ ਪੁਰੀ ਵੱਲੋਂ ਲਿਖੇ ਪੇਪਰ 'ਇਨਕਲਾਬੀ ਸ਼ਾਇਰ ਦੀ ਮੁਹੱਬਤੀ ਸੰਵੇਦਨਾ' ਵਿੱਚੋਂ ਚੋਣਵੇਂ ਅੰਸ਼ ਸਰੋਤਿਆਂ ਨਾਲ ਸਾਂਝੇ ਕੀਤੇ। ਨਾਮਵਰ ਸ਼ਾਇਰ ਹਰਮੀਤ ਵਿਦਿਆਰਥੀ ਨੇ ਮਹਿੰਦਰ ਸਾਥੀ ਨਾਲ਼ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਮਹਿੰਦਰ ਸਾਥੀ ਮੁਹਾਜ਼ ਦਾ ਸ਼ਾਇਰ ਹੈ। ਉਸ ਦੀ ਸ਼ਾਇਰੀ ਚਿਰਾਂ ਤੱਕ ਸੰਘਰਸ਼ਸ਼ੀਲ ਲੋਕਾਂ ਨੂੰ ਪ੍ਰੇਰਿਤ ਕਰਦੀ ਰਹੇਗੀ। ਪ੍ਰਧਾਨਗੀ ਕਰ ਰਹੇ ਗੁਰਤੇਜ ਕੋਹਾਰਵਾਲਾ ਨੇ ਮਹਿੰਦਰ ਸਾਥੀ ਮੰਚ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੰਚ ਮਹਿੰਦਰ ਸਾਥੀ ਵਰਗੇ ਸਮਰੱਥ ਤੇ ਸਮਰਪਿਤ ਸ਼ਾਇਰ ਨੂੰ ਇਉਂ ਲੰਮੇ ਸਮੇਂ ਤੱਕ ਜਿਉਂਦਾ ਰੱਖਣ ਲਈ ਜੋ ਉਪਰਾਲੇ ਕਰ ਰਿਹਾ ਹੈ ਉਹ ਸ਼ਲਾਘਾਯੋਗ ਹਨ। ਸਾਡੇ ਅਣਗੌਲਿਆਂ ਕਰ ਦਿੱਤੇ ਗਏ ਲੇਖਕਾਂ ਨੂੰ ਉਹਨਾਂ ਦੇ ਵਾਰਸਾਂ ਵੱਲੋਂ ਇਉਂ ਹੀ ਯਾਦ ਕੀਤਾ ਜਾਣਾ ਚਾਹੀਦਾ ਹੈ। ਡਾਕਟਰ ਗੁਰਸੇਵਕ ਲੰਬੀ ਨੇ ਸਾਥੀ ਵਰਗੇ ਲੇਖਕਾਂ ਨੂੰ ਬਣਦਾ ਸਤਿਕਾਰ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ।ਮੰਚ ਦੇ ਪ੍ਰਧਾਨ ਨਵਨੀਤ ਸਿੰਘ ਸੇਖਾ ਨੇ ਮੰਚ ਵੱਲੋਂ ਸਾਥੀ ਦੀ ਸ਼ਾਇਰੀ ਨੂੰ ਪੁਸਤਕ ਰੂਪ ਵਿਚ ਲੋਕਾਂ ਤੱਕ ਪੁੱਜਦੀ ਕਰਦੇ ਰਹਿਣ ਦਾ ਅਹਿਦ ਕੀਤਾ। ਮੰਚ ਦੇ ਜਨਰਲ ਸਕੱਤਰ ਗੁਰਪ੍ਰੀਤ ਧਰਮਕੋਟ, ਸੀਨੀਅਰ ਮੀਤ ਪ੍ਰਧਾਨ ਅਮਰਪ੍ਰੀਤ ਕੌਰ ਸੰਘਾ, ਸਕੱਤਰ ਧਾਮੀ ਗਿੱਲ, ਵਿੱਤ ਸਕੱਤਰ ਪ੍ਰਦੀਪ ਰਖਦਾ, ਸੋਨੀ ਮੋਗਾ, ਵਿਜੇ ਕੁਮਾਰ ਪ੍ਰਤੀਨਿਧ ਸ਼ੇਰ ਜੰਗ ਫਾਊਂਡੇਸ਼ਨ, ਜਸਵਿੰਦਰ ਧਰਮਕੋਟ ਅਤੇ ਸ੍ਰੀਮਤੀ ਸ਼ਕੁੰਤਲਾ ਜੰਗ ਸਮੇਤ ਬਹੁਤ ਸਾਰੇ ਸਾਹਿਤਕਾਰ ਤੇ ਸਾਹਿਤ ਪ੍ਰੇਮੀ ਹਾਜ਼ਰ ਸਨ। ਜ਼ਿਲ੍ਹਾ ਭਾਸ਼ਾ ਅਫ਼ਸਰ ਮੋਗਾ ਡਾ. ਅਜੀਤਪਾਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਮਹਿੰਦਰ ਸਾਥੀ ਦੀ ਸ਼ਾਇਰੀ ਦੇ ਹਵਾਲੇ ਨਾਲ ਅਜੋਕੀ ਪੀੜ੍ਹੀ ਨੂੰ ਸਾਥੀ ਤੋਂ ਪ੍ਰੇਰਨਾ ਲੈਣ ਲਈ ਆਖਿਆ।




# 'ਜਵਾਬ ਅਜੇ ਬਾਕੀ ਹੈ...' ਲੋਕ ਅਰਪਣ



**ਹੁਸ਼ਿਆਰਪੁਰ :** ਗੌਰਮਿੰਟ ਕਾਲਜ ਰਿਟਾਇਰਡ ਟੀਚਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਸਾਲਾਨਾ ਪਰਵਾਰ ਮਿਲਨ ਸਮਾਗਮ ਦੌਰਾਨ ਪ੍ਰਿੰ. ਦੇਸ਼ ਬੀਰ ਦੀ ਪੁਸਤਕ 'ਜਵਾਬ ਅਜੇ ਬਾਕੀ ਹੈ...' ਲੋਕ ਅਰਪਿਤ ਕੀਤੀ ਗਈ। ਇਸ ਪੁਸਤਕ ਵਿੱਚ ਪ੍ਰਿੰ. ਦੇਸ਼ ਬੀਰ ਦੇ ਅੰਗਰੇਜ਼ੀ ਦੀਆਂ ਪ੍ਰਸਿੱਧ ਪੱਤਰ-ਪੱਤ੍ਰਿਕਾਵਾਂ ਵਿੱਚ ਛਪਦੇ ਰਹੇ ਸੈਂਕੜੇ ਰਚਨਾਤਮਿਕ ਨਿਬੰਧਾਂ ਵਿੱਚੋਂ ਚੋਣਵੇਂ 68 ਨਿਬੰਧਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਕੇ ਸ਼ਾਮਲ ਕੀਤਾ ਗਿਆ ਹੈ। ਇਸ ਪੁਸਤਕ ਲੋਕ ਅਰਪਣ ਸਮਾਗਮ ਵਿੱਚ ਐਸੋਸੀਏਸ਼ਨ ਦੇ ਹੁਸ਼ਿਆਰਪੁਰ ਤੇ ਜਲੰਧਰ ਜ਼ਿਲ੍ਹਿਆਂ ਦੇ ਤਿੰਨ ਦਰਜਨ ਤੋਂ ਵੱਧ ਮੈਂਬਰਾਂ ਤੇ ਅਹੁਦੇਦਾਰਾਂ ਨੇ ਭਾਗ ਲਿਆ।ਸਮਾਗਮ ਦੇ ਮੁੱਖ ਮਹਿਮਾਨ ਤੇ ਐਸੋਸੀਏਸ਼ਨ ਦੇ ਸੂਬਾਈ ਜਨਰਲ ਸਕੱਤਰ ਡਾ. ਗੁਰਜੰਟ ਸਿੰਘ ਨੇ ਇਸ ਪੁਸਤਕ ਦੀ ਰਚਨਾ ਕਰਨ ਲਈ ਪ੍ਰਿੰ. ਦੇਸ਼ ਬੀਰ ਨੂੰ ਮੁਬਾਰਕਬਾਦ ਦਿੱਤੀ। ਪੁਸਤਕ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਕਠਿਨ ਜ਼ਿੰਮੇਵਾਰੀ ਪ੍ਰਿੰ. ਰਜਿੰਦਰ ਕੌਰ (ਸਾਬਕਾ ਪ੍ਰਿੰਸੀਪਲ ਸਰਕਾਰੀ ਕਾਲਜ ਟਾਂਡਾ) ਨੇ ਬਾਖ਼ੂਬੀ ਨਿਭਾਈ ਹੈ। ਸਮਾਗਮ ਦੌਰਾਨ 75,80 ਤੇ 85 ਸਾਲ ਦੀ ਉਮਰ ਪੂਰੀ ਕਰ ਲੈਣ ਵਾਲੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਡਾ. ਪਰਮਜੀਤ ਸਿੰਘ ਨੇ ਪੁਸਤਕ ਨਾਲ ਜਾਣ-ਪਛਾਣ ਕਰਵਾਉਂਦਿਆਂ ਇਸ ਨੂੰ ਪ੍ਰਿੰ. ਦੇਸ਼ ਬੀਰ ਦੀ ਬਹੁਮੁੱਲੀ ਪ੍ਰਾਪਤੀ ਦੱਸਿਆ। ਪੁਸਤਕ ਉਪਰ ਪ੍ਰਸਿੱਧ ਪੰਜਾਬੀ ਕਵੀ ਮਦਨ ਵੀਰਾ, ਡਾ. ਪ੍ਰਿਤਪਾਲ ਸਿੰਘ ਮਹਿਰੋਕ, ਪ੍ਰਿੰ. ਪਰਬਿੰਦਰ ਸਿੰਘ, ਪ੍ਰਿੰ. ਅਮਰਜੀਤ ਸਿੰਘ ਨੇ ਵਿਚਾਰ ਪ੍ਰਸਤੁਤ ਕੀਤੇ। ਪ੍ਰਿੰ. ਰਜਿੰਦਰ ਕੌਰ ਨੇ ਪੁਸਤਕ ਨੂੰ ਅਨੁਵਾਦ ਕਰਨ ਦੀ ਪ੍ਰਕਿਰਿਆ ਦੌਰਾਨ ਗ੍ਰਹਿਣ ਕੀਤੇ ਅਨੁਭਵ ਸਾਂਝੇ ਕੀਤੇ। ਪ੍ਰਿੰ. ਦੇਸ਼ ਬੀਰ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਭਾਵਪੂਰਤ ਨਿਬੰਧਾਂ ਤੇ ਕਵਿਤਾਵਾਂ ਦੇ ਅੰਗਰੇਜ਼ੀ ਦੀਆਂ ਪ੍ਰਸਿੱਧ ਅਖਬਾਰਾਂ ਵਿੱਚ ਛਪਣ ਬਾਰੇ ਤੇ ਮਿਲਦੀ ਰਹੀ ਖੁਸ਼ੀ ਬਾਰੇ ਆਪਣੇ ਅਨੁਭਵ ਸਰੋਤਿਆਂ ਨਾਲ ਸਾਂਝੇ ਕੀਤੇ।ਉਨ੍ਹਾਂ ਕਿਹਾ ਕਿ ਆਪਣੀਆਂ ਛਪੀਆਂ ਰਚਨਾਵਾਂ ਨੂੰ ਮੁੜ ਪੜ੍ਹਨ, ਚੰਗੀਆਂ ਲੱਗਣ ਤੇ ਉਨ੍ਹਾਂ ਨੂੰ ਸੰਭਾਲ ਕੇ ਰੱਖਣ ਦੀ ਖੁਸ਼ੀ ਤੇ ਤਸੱਲੀ ਵਾਲੇ ਪਲ ਵੀ ਯਾਦਗਾਰੀ ਹਨ। ਡਾ. ਗੁਰਜੰਟ ਸਿੰਘ ਨੇ ਇਸ ਪੁਸਤਕ ਨੂੰ ਲੇਖਕ ਦੀ ਸਿਰਜਣਾਤਮਿਕ ਕਲਾ ਦੀ ਉੱਤਮ ਪ੍ਰਾਪਤੀ ਕਹਿੰਦਿਆਂ ਭਵਿੱਖ ਵਿੱਚ ਹੋਰ ਬਿਹਤਰ ਰਚਨਾ ਕਰਨ ਲਈ ਸ਼ੁੱਭ ਇੱਛਾਵਾਂ ਭੇਟ ਕੀਤੀਆਂ।ਸਮਾਗਮ ਦੀ ਰੂਪ-ਰੇਖਾ ਉਲੀਕਣ ਤੋਂ ਲੈ ਕੇ ਮੰਚ ਸੰਚਾਲਨ ਕਰਨ ਦੀ ਜ਼ਿੰਮੇਵਾਰੀ ਐਸੋਸੀਏਸ਼ਨ ਦੇ ਪ੍ਰਧਾਨ ਡਾ. ਪਰਮਜੀਤ ਸਿੰਘ ਨੇ ਬਾਖ਼ੂਬੀ ਨਿਭਾਈ।ਡਾ. ਬਲਬੀਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

# ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮ

**ਮਾਹਿਲਪੁਰ :** ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਮਾਹਿਲਪੁਰ ਵੱਲੋਂ ਗ੍ਰਾਮ ਪੰਚਾਇਤ, ਡੀ ਐੱਸ ਐੱਸ ਵੈੱਲਫੇਅਰ ਕਲੱਬ ਚੰਦੇਲੀ ਅਤੇ 'ਨਿੱਕੀਆਂ ਕਰੂੰਬਲਾਂ' ਪ੍ਰਕਾਸ਼ਨ ਮਾਹਿਲਪੁਰ ਦੇ ਸਹਿਯੋਗ ਨਾਲ ਪੁਸਤਕ ਪ੍ਰਦਰਸ਼ਨੀ, ਕਵੀ ਦਰਬਾਰ ਅਤੇ ਬਾਲ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਪ੍ਰਧਾਨ ਬਲਜਿੰਦਰ ਮਾਨ ਅਤੇ ਜਨਰਲ ਸਕੱਤਰ ਜੀਵਨ ਚੰਦੇਲੀ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਅਤੇ ਜ਼ਿਲ੍ਹਾ ਪ੍ਰਧਾਨ ਪ੍ਰੋ. ਬਲਦੇਵ ਸਿੰਘ ਬੱਲੀ ਅਤੇ ਜਨਰਲ ਸਕੱਤਰ ਪ੍ਰਿੰ. ਨਵਤੇਜ ਗੜ੍ਹਦੀਵਾਲਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਭ ਦਾ ਸਵਾਗਤ ਕਰਦਿਆਂ ਸਰਪੰਚ ਸ੍ਰੀਮਤੀ ਕਮਲ ਨੇ ਕਿਹਾ ਕਿ ਗ੍ਰਾਮ ਪੰਚਾਇਤ ਅਤੇ ਨੌਜਵਾਨ ਕਲੱਬ ਦਾ ਯਤਨ ਹੈ ਕਿ ਬੱਚੇ ਨਰੋਈਆਂ ਕਿਤਾਬਾਂ ਪੜ੍ਹ ਕੇ ਆਪਣੀ ਅਮੀਰ ਵਿਰਾਸਤ ਬਾਰੇ ਜਾਣੂ ਹੋਣ। ਇਸ ਉਦੇਸ਼ ਦੀ ਪੂਰਤੀ ਵਾਸਤੇ ਪਿੰਡ ਵਿੱਚ ਸਾਹਿਤਕ, ਖੇਡ ਅਤੇ ਸੱਭਿਆਚਾਰਕ ਸਰਗਰਮੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਲਗਾਈ ਪੁਸਤਕ ਪ੍ਰਦਰਸ਼ਨੀ ਮੌਕੇ ਬੱਚਿਆਂ ਨੂੰ ਕੀਮਤੀ, ਰੌਚਕ ਅਤੇ ਰੰਗਦਾਰ ਪੁਸਤਕਾਂ ਸਿਰਫ਼ 50-50 ਰੁਪਏ ਦੇ ਕੇ ਇੱਕ ਸ਼ਾਨਦਾਰ ਉਪਰਾਲਾ ਕੀਤਾ ਹੈ।




ਸਮਾਜ ਵਿੱਚੋਂ ਅਲੋਪ ਹੋ ਰਹੀਆਂ ਨਰੋਈਆਂ ਬਾਲ ਕਲਾਵਾਂ ਬਾਰੇ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਅਤੇ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਕਿਹਾ ਕਿ ਮਾਪਿਆਂ ਤੇ ਅਧਿਆਪਕਾਂ ਦੀ ਇਹ ਮੁੱਖ ਜ਼ਿੰਮੇਵਾਰੀ ਹੈ ਕਿ ਉਹ ਸਿਲੇਬਸ ਤੋਂ ਇਲਾਵਾ ਵੀ ਬੱਚਿਆਂ ਹੱਥ ਪੁਸਤਕਾਂ ਦੇਣ ਤਾਂ ਕਿ ਉਹਨਾਂ ਦੀਆਂ ਕਲਾਵਾਂ ਵਿਕਸਿਤ ਹੋਣ। ਇਸ ਮੌਕੇ ਪੇਸ਼ ਕੀਤੇ ਕਵੀ ਦਰਬਾਰ ਵਿੱਚ ਦੂਰ-ਨੇੜੇ ਦੇ ਦੋ ਦਰਜਨ ਦੇ ਕਰੀਬ ਸ਼ਾਇਰਾਂ ਨੇ ਆਪਣੀਆਂ ਕਵਿਤਾਵਾਂ ਨਾਲ ਖੂਬ ਰੰਗ ਬੰਨ੍ਹਿਆ, ਜਿਨ੍ਹਾਂ ਵਿੱਚ ਗਾਇਕ ਨੀਲ ਕਮਲ, ਬਲਜੀਤ ਕੌਰ ਝੂਟੀ ਅਤੇ ਕੇ. ਮੀਤ ਨੇ ਆਪਣੀ ਸੁਰੀਲੀ ਆਵਾਜ਼ ਦਾ ਜਾਦੂ ਚਲਾਇਆ। ਸ਼ਾਇਰਾਂ ਵਿੱਚ ਦੇਵ ਰਾਜ ਦਾਦਰ, ਹਰਮਿੰਦਰ ਸਾਹਿਲ, ਪਰਮਜੀਤ ਕਾਤਿਬ, ਪ੍ਰਿੰ. ਸਰਬਜੀਤ ਸਿੰਘ, ਪ੍ਰੀਤ ਨੀਤਪੁਰ, ਬਹਾਦਰ ਸਿੰਘ ਕਮਲ, ਸੁਖਮਨ ਸਿੰਘ, ਬਲਵਿੰਦਰ ਬਾੜੀਆ, ਹਰਭਜਨ ਸਿੰਘ, ਰਣਜੀਤ ਪੋਸੀ ਆਦਿ ਕਵੀ ਭਖਦੇ ਮਸਲਿਆਂ ਨੂੰ ਸੰਬੋਧਨ ਹੋਏ।ਮਾਹਿਲਪੁਰ ਬਲਾਕ ਦੇ ਪਿੰਡਾਂ ਦੇ ਬਾਲ ਕਲਾਕਾਰਾਂ ਵਿੱਚ ਗੁਰਸਿਮਰਨ ਨੇ ਮਿਰਜ਼ਾ ਗਾ ਕੇ ਬਾਲ ਗਾਇਕੀ ਦਾ ਸਿਖ਼ਰ ਸਿਰਜ ਦਿੱਤਾ। ਭਾਰਟਾ ਗਣੇਸ਼ਪੁਰ ਦੀ ਜੈਸਮੀਨ ਕੌਰ ਨੇ ਲੜਕੀ ਦੀ ਵੇਦਨਾ ਬਾਰੇ ਲੰਮੀ ਕਵਿਤਾ ਪੇਸ਼ ਕਰਕੇ ਦਰਸ਼ਕਾਂ ਨੂੰ ਰੁਆ ਦਿੱਤਾ।

# ਪਹਿਲਾ ਜੇ ਸੀ ਪਰਿੰਦਾ ਪੁਰਸਕਾਰ ਜਰਨੈਲ ਭਾਈਰੂਪਾ ਨੂੰ

**ਬਠਿੰਡਾ:** ਸਥਾਨਕ ਟੀਚਰਜ਼ ਹੋਮ ਵਿੱਚ ਪੰਜਾਬੀ ਸਾਹਿਤ ਸਭਾ (ਰਜਿ.) ਬਠਿੰਡਾ ਵੱਲੋਂ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਭਰਵੀਂ ਹਾਜ਼ਰੀ ਵਾਲਾ ਸਮਾਗਮ ਕੀਤਾ ਗਿਆ, ਜਿਸ ਵਿਚ ਮਰਹੂਮ ਜੇ ਸੀ ਪਰਿੰਦਾ ਦੇ ਪਰਵਾਰ ਵੱਲੋਂ ਸਥਾਪਤ ਕੀਤਾ ਗਿਆ 'ਪਹਿਲਾ ਜੇ ਸੀ ਪਰਿੰਦਾ ਪੁਰਸਕਾਰ' ਉਮਰ ਭਰ ਦੀ ਘਾਲਣਾ ਲਈ ਮਰਹੂਮ ਜਰਨੈਲ ਭਾਈਰੂਪਾ ਨੂੰ ਪ੍ਰਦਾਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਸਾਬਕਾ ਪੀ ਸੀ ਐੱਸ ਅਧਿਕਾਰੀ ਗੋਪਾਲ ਸਿੰਘ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਜੇ ਸੀ ਪਰਿੰਦਾ ਦੀ ਜੀਵਨ ਸਾਥਣ ਨੀਲਮ ਰਾਣੀ, ਜਰਨੈਲ ਭਾਈਰੂਪਾ ਦੀ ਪਤਨੀ ਦਲਜੀਤ ਕੌਰ, ਸਾਹਿਤ ਸਭਾ ਦੇ ਸਰਪ੍ਰਸਤ ਗੁਰਦੇਵ ਖੋਖਰ, ਪ੍ਰਧਾਨ ਜਸਪਾਲ ਮਾਨਖੇੜਾ ਸਨ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਰਣਜੀਤ ਗੌਰਵ ਨੇ ਬਾਖ਼ੂਬੀ ਕੀਤਾ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਇਸ ਪੁਰਸਕਾਰ ਬਾਰੇ ਅਤੇ ਇਸ ਪੁਰਸਕਾਰ ਦੀ ਕਾਰਜ-ਪ੍ਰਣਾਲੀ ਬਾਰੇ ਦੱਸਿਆ। ਕਹਾਣੀਕਾਰ ਅਗਾਜਬੀਰ ਨੇ ਸਨਮਾਨ ਪੱਤਰ 'ਲੋਕਾਂ ਦਾ ਜਰਨੈਲ -ਕਾਮਰੇਡ ਜਰਨੈਲ ਭਾਈਰੂਪਾ' ਪੜ੍ਹਿਆ। ਜਰਨੈਲ ਭਾਈਰੂਪਾ ਦੀ ਪਤਨੀ ਦਲਜੀਤ ਕੌਰ ਨੂੰ ਸ਼ਾਲ, ਸਨਮਾਨ ਚਿੰਨ੍ਹ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ।

ਪ੍ਰੋਗਰਾਮ ਦੇ ਮੁੱਖ ਵਕਤਾ ਇਤਿਹਾਸਕਾਰ ਡਾ. ਸੁਮੇਲ ਸਿੰਘ ਸਿੱਧੂ ਨੇ ਭਾਵਪੂਰਤ ਸ਼ਬਦਾਂ ਵਿਚ ਕਿਹਾ ਕਿ ਜੇ ਸੀ ਪਰਿੰਦਾ ਨੇ ਮਾਰਕਸਵਾਦ ਵੀ ਪੜ੍ਹਿਆ ਸੀ ਤੇ ਉਨ੍ਹਾ ਵੇਦ, ਉਪਨਿਸ਼ਦ ਦਾ ਵੀ ਗਹਿਨ ਅਧਿਐਨ ਕੀਤਾ। ਉਨ੍ਹਾ ਕਿਹਾ ਕਿ ਹੀਰ ਵਾਰਿਸ ਅਤੇ ਮਿਰਜ਼ਾ ਗ਼ਾਲਿਬ ਦੇ ਪ੍ਰਸੰਗ ਵਿੱਚ ਪਰਿੰਦਾ ਦਾ ਅਧਿਐਨ ਅਤੇ ਪਕੜ ਬਹੁਤ ਜ਼ਿਆਦਾ ਸੀ। ਭਾਈਰੂਪਾ ਬਾਰੇ ਉਨ੍ਹਾ ਕਿਹਾ ਕਿ ਪੰਜਾਬ ਬੁੱਕ ਸੈਂਟਰ ਰਾਹੀਂ ਉਨ੍ਹਾ ਮਾਲਵੇ ਦੇ ਇਸ ਖਿੱਤੇ ਵਿੱਚ ਹਜ਼ਾਰਾਂ ਪਾਠਕ ਪੈਦਾ ਕੀਤੇ ਹਨ।ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਜੇ ਸੀ ਪਰਿੰਦਾ ਅਤੇ ਜਰਨੈਲ ਭਾਈਰੂਪਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੋਵੇਂ ਸਾਥੀ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜੇ ਹੋਏ ਸਨ।

ਆਪਣੇ ਪ੍ਰਧਾਨਗੀ ਭਾਸ਼ਣ ਵਿਚ ਗੋਪਾਲ ਸਿੰਘ ਕੋਟਫੱਤਾ ਨੇ ਕਿਹਾ ਕਿ ਜੇ ਸੀ ਪਰਿੰਦਾ ਮੇਰਾ ਕੰਮਕਾਜੀ ਸਾਥੀ ਸੀ ਅਤੇ ਉਹ ਖੁਦਦਾਰ ਅਫ਼ਸਰ ਸਨ। ਜਰਨੈਲ ਭਾਈਰੂਪਾ ਬਹੁਤ ਹੀ ਮੋਹਖੋਰਾ ਅਤੇ ਪ੍ਰਤੀਬੱਧ ਇਨਸਾਨ ਸੀ।ਇਸ ਸਮੇਂ ਜੇ ਸੀ ਪਰਿੰਦਾ ਅਤੇ ਜਰਨੈਲ ਭਾਈਰੂਪਾ ਦੇ ਪਰਵਾਰ ਦੇ ਮੈਂਬਰ ਅਤੇ ਅਗਾਂਹਵਧੂ ਧਿਰਾਂ ਦੇ ਸਾਥੀ, ਸਾਹਿਤਕ ਸੰਸਥਾਵਾਂ ਦੇ ਮੈਂਬਰ, ਟਰੇਡ ਯੂਨੀਅਨ ਆਗੂ ਅਤੇ ਦੋਹਾਂ ਸਾਥੀਆਂ ਦੇ ਦੋਸਤ ਇਸ ਮੌਕੇ ਹਾਜ਼ਰ ਸਨ।

# ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪ੍ਰਿੰ. ਗੁਰਚਰਨ ਸਿੰਘ ਤਲਵਾੜਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਲੁਧਿਆਣਾ :** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਅਕਾਡਮੀ ਦੇ ਜੀਵਨ ਮੈਂਬਰ ਪ੍ਰਿੰ. ਗੁਰਚਰਨ ਸਿੰਘ ਤਲਵਾੜਾ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪ੍ਰਿੰ. ਗੁਰਚਰਨ ਸਿੰਘ ਸਕੂਲ ਵਿਚ ਅਧਿਆਪਕ ਦੀਆਂ ਸੇਵਾਵਾਂ ਨਿਭਾਉਣ ਉਪਰੰਤ 1986 ਵਿਚ ਗੌਰਮਿੰਟ ਕਾਲਜ ਤਲਵਾੜਾ ਵਿਖੇ ਇਤਿਹਾਸ ਦੇ ਸਹਾਇਕ ਪ੍ਰੋਫ਼ੈਸਰ ਵਜੋਂ ਸੇਵਾਵਾਂ ਨਿਭਾਉਂਦਿਆਂ ਐਸੋਸੀਏਟ ਪ੍ਰੋਫ਼ੈਸਰ ਅਤੇ ਵਿਭਾਗ ਦੇ ਮੁਖੀ ਵਜੋਂ ਸੇਵਾਮੁਕਤ ਹੋਏ ਸਨ। ਪ੍ਰੋ. ਗੁਰਚਰਨ ਸਿੰਘ ਨੂੰ 'ਤਲਵਾੜਾ' ਤਖੱਲਸ ਗੌਰਮਿੰਟ ਕਾਲਜ ਤਲਵਾੜਾ ਨੇ ਹੀ ਦਿੱਤਾ ਹੈ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪ੍ਰੋ. ਤਲਵਾੜਾ ਵੱਲੋਂ ਕੀਤੀ ਸੂਫ਼ੀਮਤ ਅਤੇ ਇਸਲਾਮ ਬਾਰੇ ਖੋਜ ਭਰਪੂਰ ਕਾਰਜ ਦੀ ਪ੍ਰਮਾਣਿਕਤਾ ਦਾ ਰਹੱਸ ਉਨ੍ਹਾਂ ਦਾ ਕਈ ਦਹਾਕਿਆਂ ਦਾ ਵਿਹਾਰਕ ਜੀਵਨ ਅਨੁਭਵ, ਨਿਰੰਤਰ ਸਾਧਨਾ ਅਤੇ ਗਹਿਣ ਅਧਿਐਨ ਕਾਰਜਸ਼ੀਲ ਹੈ। ਇਸ ਲਗਾਓ ਦੀ ਪ੍ਰਤੀਤੀ ਅਤੇ ਇਤਿਹਾਸ ਦੇ ਪ੍ਰੋਫ਼ੈਸਰ ਹੋਣ ਕਰਕੇ ਉਨ੍ਹਾਂ ਦੁਆਰਾ ਸੂਫ਼ੀਮਤ ਬਾਰੇ ਕੀਤੀ ਖੋਜ ਤਰਕ ਅਤੇ ਦਲੀਲ ਭਰਪੂਰ ਹੈ। ਇਸਲਾਮ, ਸੂਫ਼ੀਮਤ ਅਤੇ ਸੂਫ਼ੀ ਸਾਹਿਤ ਦੇ ਮੁਤਾਲੇ ਪੱਖੋਂ ਪ੍ਰੋ. ਤਲਵਾੜਾ ਨੇ ਪੰਜਾਬੀ ਸਾਹਿਤ ਦੀ ਝੋਲ਼ੀ ਵਿਚ ਹੁਣ ਤੱਕ ਦਰਜਨ ਕੁ ਦੇ ਕਰੀਬ ਵੱਡ-ਆਕਾਰੀ ਪੁਸਤਕਾਂ ਪਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਕੁਝ ਪ੍ਰਮੁੱਖ ਪੁਸਤਕਾਂ 'ਸੂਫ਼ੀਮਤ : ਵਿਚਾਰਧਾਰਾ, ਵਿਕਾਸ ਅਤੇ ਸਿਲਸਿਲੇ' (2012), 'ਇਸਲਾਮ ਅਤੇ ਸੂਫ਼ੀਮਤ : ਸਿਧਾਂਤ, ਇਤਿਹਾਸ ਅਤੇ ਬੁਨਿਆਦੀ ਸੰਕਲਪ' (2012), 'ਪ੍ਰਮੁੱਖ ਪੰਜਾਬੀ ਸੂਫ਼ੀ ਕਵੀ : ਚਿੰਤਨ ਅਤੇ ਜੀਵਨ' (2013), 'ਸੂਫ਼ੀਮਤ ਅਤੇ ਰੂਹਾਨੀਅਤ' (2013), 'ਇਸਲਾਮ : ਸਿਧਾਂਤ ਅਤੇ ਸਿੱਖਿਆ' (2014), 'ਸੂਫ਼ੀਮਤ : ਸੰਕਲਪ ਕੋਸ਼' (2016), 'ਸੂਫ਼ੀਮਤ : ਵਿਚਾਰਧਾਰਾ, ਵਿਕਾਸ ਅਤੇ ਸਿਲਸਿਲੇ' (ਪੰਜਾਬ ਦੇ ਪ੍ਰਮੁੱਖ ਸੂਫ਼ੀ ਦਰਬਾਰਾਂ ਬਾਰੇ ਵਿਸ਼ੇਸ਼ ਜਾਣਕਾਰੀ ਸਮੇਤ) 2016, 'ਪ੍ਰਸਿੱਧ ਪੈਗ਼ੰਬਰ ਅਤੇ ਸੂਫ਼ੀ ਦਰਵੇਸ਼ : ਜੀਵਨ ਅਤੇ ਫ਼ਲਸਫ਼ਾ' (2017), 'ਵੇਦਾਂਤ ਅਤੇ ਸੂਫ਼ੀਮਤ : ਵਿਚਾਰਧਾਰਾਵਾਂ ਦੀ ਆਪਸੀ ਸਾਂਝ' (2023), 'ਭਗਤੀ ਅੰਦੋਲਨ ਅਤੇ ਸੂਫ਼ੀਮਤ' (2024) ਸ਼ਾਮਲ ਹਨ। ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਪਾਲ ਕੌਰ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਅਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

# ਧਰਮ ਸਿੰਘ ਗੋਰਾਇਆ ਦੀ ਖੋਜ ਪੁਸਤਕ 'ਲੋਕ ਨਾਇਕ ਜੱਗਾ ਸੂਰਮਾ' ਲੋਕ ਅਰਪਣ

**ਲੁਧਿਆਣਾ :** (ਮੈਰੀਲੈਂਡ) ਅਮਰੀਕਾ ਵਾਸੀ ਖੋਜੀ ਵਿਦਵਾਨ ਧਰਮ ਸਿੰਘ ਗੋਰਾਇਆ ਦੀ ਸੱਜਰੀ ਖੋਜ ਪੁਸਤਕ 'ਲੋਕ ਨਾਇਕ ਜੱਗਾ ਸੂਰਮਾ' ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਲੋਕ ਅਰਪਣ ਕਰਦਿਆਂ ਬੇਕਰਜ਼ਫੀਲਡ (ਅਮਰੀਕਾ) ਵਿੱਚ ਪੰਜਾਬੀ ਭਵਨ ਉਸਾਰਨ ਵਾਲੇ ਸਾਹਿਤ ਪ੍ਰੇਮੀ ਅਜੀਤ ਸਿੰਘ ਭੱਠਲ ਨੇ ਕਿਹਾ ਹੈ ਕਿ ਅਸੀਂ ਲੋਕ ਪੰਜਾਬ ਛੱਡ ਕੇ ਪਰਦੇਸੀ ਧਰਤੀਆਂ 'ਤੇ ਵੱਸਦੇ ਹਾਂ ਪਰ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਸਾਡੇ ਅੰਗ ਸੰਗ ਰਹਿੰਦੀ ਹੈ।ਇਸੇ ਦਾ ਸਬੂਤ ਧਰਮ ਸਿੰਘ ਗੋਰਾਇਆ ਦੀ ਸੱਜਰੀ ਖੋਜ ਪੁਸਤਕ ਲੋਕ ਨਾਇਕ ਜੱਗਾ ਸੂਰਮਾ ਹੈ।ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਜੱਗਾ ਸੂਰਮਾ ਪੰਜਾਬ ਦੀ ਅਣਖੀਲੀ ਮਿੱਟੀ ਦਾ ਜਾਇਆ ਹੈ ਜੋ ਨਿੱਕੇ ਨਿੱਕੇ ਸ਼ਾਹੂਕਾਰਾਂ ਦੇ ਜ਼ੁਲਮ ਤੋਂ ਮੁਕਤੀ ਲਈ ਕਾਫ਼ਲਾ ਬਣਾ ਕੇ ਤੁਰਦਾ ਹੈ।ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ ਸ਼ਾਮਲ ਮਹੰਤਾਂ ਨੂੰ ਸੋਧਦਾ ਹੈ।ਬੱਬਰ ਅਕਾਲੀਆਂ ਦਾ ਸੰਗੀ ਬਣਦਾ ਹੈ।ਅੰਗਰੇਜ਼ ਹਕੂਮਤ ਨੇ ਉਸ ਨੂੰ ਡਾਕੂ ਕਹਿ ਕੇ ਬਦਨਾਮ ਕੀਤਾ।ਉਨ੍ਹਾਂ ਕਿਹਾ ਕਿ ਬੋਲੀਆਂ ਵਿੱਚ ਉਸ ਦਾ ਲੋਕ ਪੱਖੀ ਸੰਘਰਸ਼ ਗ਼ੈਰ ਹਾਜ਼ਰ ਹੈ।ਧਰਮ ਸਿੰਘ ਗੋਰਾਇਆ (ਮੈਰੀਲੈਂਡ) ਅਮਰੀਕਾ ਵਸਦਿਆਂ ਜੱਗਾ ਸੂਰਮਾ ਨਾਲ ਸਬੰਧਿਤ ਮੂਲ ਇਤਿਹਾਸਕ ਤੇ ਮੌਖਿਕ ਸੋਮਿਆਂ ਤੀਕ ਪਹੁੰਚ ਕਰਕੇ ਜੱਗਾ ਡਾਕੂ ਦੀ ਥਾਂ ਜੱਗਾ ਸੂਰਮਾ ਪੁਸਤਕ ਲਿਖ ਕੇ ਜੱਗੇ ਦੀ ਧੀ ਰੇਸ਼ਮ ਕੌਰ ਦਾ ਉਲਾਂਭਾ ਹੀ ਨਹੀਂ ਲਾਹਿਆ ਸਗੋਂ ਇਤਿਹਾਸ ਵਿੱਚ ਪਏ ਭੁਲੇਖੇ ਵੀ ਦੂਰ ਕੀਤੇ ਹਨ।ਸਰੀ (ਕੈਨੇਡਾ) ਤੋਂ ਆਏ ਰਵਾਇਤੀ ਪੰਜਾਬੀ ਲੋਕ ਗਾਇਕੀ ਦੇ ਨੌਜਵਾਨ ਪੇਸ਼ਕਾਰ ਦਾ ਫੋਕ ਟਰਬਨੇਟਰਜ਼ ਨੇ ਵੀ ਇਸ ਮੌਕੇ ਆਪਣੀ ਸੰਗੀਤ ਪੇਸ਼ਕਾਰੀ ਕਰਕੇ ਸਾਬਤ ਕੀਤਾ ਕਿ ਧਰਤੀ ਕੋਈ ਵੀ ਹੋਵੇ, ਵਿਰਾਸਤ ਹਰ ਸਾਹ ਦੇ ਨਾਲ ਨਾਲ ਤੁਰਦੀ ਹੈ।ਇਸ ਮੌਕੇ ਮਲਕੀਤ ਸਿੰਘ ਭੱਠਲ ਬੇਕਰਜ਼ਫੀਲਡ, ਉੱਘੇ ਡੇਅਰੀ ਫਾਰਮਰ ਦਮਨ ਸ਼ਰਮਾ, ਸਾਬਕਾ ਸਰਪੰਚ ਸੁਖਵੰਤ ਸਿੰਘ ਚੱਕ ਕਲਾਂ (ਲੁਧਿਆਣਾ), ਜਗਜੀਵਨ ਸਿੰਘ ਮੋਹੀ ਤੇ ਕੁਝ ਹੋਰ ਸੱਜਣ ਹਾਜ਼ਰ ਸਨ।

# ਜ਼ਾਲਮ ਕਹਿਣ ਬਲਾਵਾਂ ਹੁੰਦੀਆਂ...ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ



**ਅੰਮ੍ਰਿਤਸਰ :** ਲੋਕ ਕਲਾ ਮੰਚ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਚਾਰ ਦਿਨਾਂ ਨਾਟਕ ਮੇਲਾ ਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ।ਹਰਮੇਸ਼ ਚੌਧਰੀ, ਕਮਲਜੀਤ ਮੋਹੀ ਤੇ ਦੀਪਕ ਰਾਏ ਦੀ ਰਹਿਨੁਮਾਈ ਹੇਠ ਹੋਇਆ ਇਹ ਮੇਲਾ ਅਦਭੁੱਤ ਯਾਦਾਂ ਛੱਡ ਗਿਆ। ਇਸ ਮੇਲੇ ਵਿੱਚ 'ਅਗਲਾ ਵਰਕਾ ਫੋਲ' (ਸਾਹਿਬ ਸਿੰਘ), ਖਿੜਦੇ ਰਹਿਣ ਗੁਲਾਬ (ਅਨੀਤਾ ਸ਼ਬਦੀਸ਼) ਇੱਕ ਸੀ ਜਲਪਰੀ (ਰਾਜਵਿੰਦਰ ਸਮਰਾਲਾ) ਤੇ ਬੇੜੀਆਂ ਲੱਗੇ ਸੁਪਨੇ (ਹਰਕੇਸ਼ ਚੌਧਰੀ) ਵੱਲੋਂ ਬਹੁਤ ਹੀ ਖੂਬਸੂਰਤੀ ਨਲ ਮੰਚਨ ਕੀਤੇ ਗਏ। ਇਸ ਮੇਲੇ ਵਿੱਚ ਕਵੀ ਦਰਬਾਰ ਦਾ ਵੀ ਆਪਣਾ ਇੱਕ ਵੱਖਰਾ ਹੀ ਰੰਗ ਸੀ। ਇਸਦੀ ਪ੍ਰਧਾਨਗੀ ਡਾ. ਗੁਰਇਕਬਾਲ ਸਿੰਘ, ਤ੍ਰੈਲੋਚਨ ਲੋਚੀ, ਅਮਰੀਕ ਸਿੰਘ ਤਲਵੰਡੀ ਤੇ ਜੋਗਿੰਦਰ ਨੂਰਮੀਤ ਹੁਰਾਂ ਨੇ ਕੀਤੀ। ਕਵੀ ਦਰਬਾਰ ਦੀ ਸ਼ੁਰੂਆਤ ਅਮਰੀਕ ਸਿੰਘ ਤਲਵੰਡੀ ਹੁਰਾਂ ਦੇ ਗੀਤ ਨਾਲ ਹੋਈ। ਉਸਦੇ ਤੋਂ ਬਾਅਦ ਗੁਰਇਕਬਾਲ ਸਿੰਘ, ਜੋਗਿੰਦਰ ਨੂਰਮੀਤ ਤੇ ਕੇ ਸਾਧੂ ਸਿੰਘ ਦੀਆਂ ਕਵਿਤਾਵਾਂ ਦਾ ਆਪਣਾ ਹੀ ਰੰਗ ਸੀ। ਉਹਨਾਂ ਤੋਂ ਬਾਅਦ ਜਗਤਾਰ ਹਿੱਸੋਵਾਲ, ਜਸਦੇਵ ਲਲਤੋਂ , ਰਵਨੀਤ ਕੌਰ, ਸੁਖਵੰਤ ਮੋਹੀ, ਸੰਦੀਪ ਕੌਰ, ਇਕਬਾਲ ਸਿੰਘ ਪੜੈਨ ਤੇ ਰੇਸ਼ਮ ਸਿੰਘ ਹੁਰਾਂ ਨੇ ਆਪੋ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ। ਸਮਾਗਮ ਦੇ ਅੰਤ 'ਤੇ ਤ੍ਰੈਲੋਚਨ ਲੋਚੀ ਨੇ ਆਪਣੀਆਂ ਗ਼ਜ਼ਲਾਂ 'ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ..' ਤੇ ਘਰਾਂ ਵਿੱਚ ਰੌਸ਼ਨੀ ਹੁੰਦੇ ਹੋਏ ਵੀ.. ਪੇਸ਼ ਕਰਕੇ ਇਸ ਕਵੀ ਦਰਬਾਰ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਡਾ. ਐੱਸ ਪੀ ਸਿੰਘ (ਸਾਬਕਾ ਵਾਈਸ ਚਾਂਸਲਰ) ਡਾ. ਮਨਜੀਤ ਸਿੰਘ ਛਾਬੜਾ (ਡਾਇਰੈਕਟਰ) ਤੇ ਰਣਧੀਰ ਸਿੰਘ ਸੇਖੋਂ ਹੁਰਾਂ ਦਾ ਇਸ ਮੇਲੇ ਵਿੱਚ ਵਿਸ਼ੇਸ਼ ਯੋਗਦਾਨ ਰਿਹਾ। ਇਸ ਪੂਰੇ ਕਵੀ ਦਰਬਾਰ ਦੀ ਮੰਚ ਸੰਚਾਲਨਾ ਰਵਨੀਤ ਕੌਰ ਹੁਰਾਂ ਨੇ ਆਪਣੇ ਕਾਵਿਕ ਅੰਦਾਜ਼ ਵਿੱਚ ਕੀਤੀ।

# ਪਾਠਕਾਂ ਦੇ ਝਰੋਖੇ 'ਚੋਂ

## ਅੰਮ੍ਰਿਤਸਰ ਖਾਲਸਾ ਕਾਲਜ ਦੇ ਸਾਹਿਤ ਉਤਸਵ

30 ਨਵੰਬਰ ਦੇ 'ਐਤਵਾਰਤਾ' 'ਚ ਅੰਮ੍ਰਿਤਸਰ ਖਾਲਸਾ ਕਾਲਜ ਦੇ ਸਾਹਿਤ ਉਤਸਵ ਦੀ ਵਿਸਥਾਰਤ ਰਿਪੋਰਟ ਦੀਪ ਜਗਦੀਪ ਸਿੰਘ ਪੜ੍ਹ ਕੇ ਬਹੁਤ ਖੁਸ਼ੀ ਹੋਈ ਲੇਖਕ ਨੇ ਸਾਹਿਤਉਤਸਵ ਵਿੱਚ ਹੋਏ ਵੱਖ ਵੱਖ ਸਾਹਿਤ ਸੈਸ਼ਨਾ ਦੀ ਭਰਵੀ ਜਾਣਕਾਰ ਦਿੱਤੀ।ਉਤਸਵ 'ਚ 130 ਸਟਾਲ ਲੱਗਣੇ ਆਪਣੇ ਆਪ 'ਚ ਰਿਕਾਰਡ ਹੈ।ਵੱਖ ਵੱਖ ਵਿਦਵਾਨਾ ਦੇ ਵਿਚਾਰ ਪੜ੍ਹ ਕੇ ਸਾਹਿਤ ਉਤਸਵ ਦੀ ਰੂਹ ਤੱਕ ਪਹੁੰਚਿਆ। ਸਾਹਿਤ ਉਤਸਵ ਦੇ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ।ਜਿੰਨ੍ਹਾਂ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਪ੍ਰਚਾਰ ਪ੍ਰਸਾਰ ਲਈ ਇਹ ਸੁਹਿਰਦ ਯਤਨ ਕੀਤੇ।

ਪਿਛਲੇ ਕਾਫੀ ਸਮੇਂ ਤੋਂ ਸਾਹਿਤ ਉਤਸਵ ਲਾਉਂਦੇ ਆ ਰਹੇ ਹਨ।ਇਹ ਉਤਸਵ ਪੰਜਾਬ ਦੇ ਨੌਜਵਾਨਾਂ ਨੂੰ ਕਿਤਾਬ ਨਾਲ ਜੋੜਨ ਵਿੱਚ ਸਹਾਈ ਹੋ ਰਹੇ ਹਨ।ਡਿਜੀਟਲ ਸਮੇਂ ਵਿਚ ਕਿਤਾਬ ਨਾਲ ਜੁੜਨਾ ਹੀ ਸਫ਼ਲਤਾ ਦਾ ਪ੍ਰਮਾਣ ਹੈ। ਨਾਵਲਕਾਰ ਸਰਦਾਰ ਨਾਨਕ ਸਿੰਘ ਦੇ ਪੋਤਰੇ ਨੇ ਬਚਪਨ ਤੋਂ ਕਿਤਾਬ ਨਾਲ ਜੁੜਨ ਦੀ ਪਤੇ ਦੀ ਗੱਲ ਕੀਤੀ, ਜਿਸ ਨਾਲ ਉਹ ਉਚੇ ਤੇ ਵਿਸ਼ੇਸ਼ ਆਹੁਦੇ 'ਤੇ ਪਹੁੰਚ ਸਕੇ।ਇਸ ਤੋਂ ਅਸੀਂ ਸਿਖਿਆ ਵੀ ਲੈ ਸਕਦੇ ਹਾਂ ਤੇ ਸੇਧ ਵੀ।

ਸੁਰਜੀਤ ਸੁਮਨ ਨੇ ਕਾਲਮ ਵਿੱਚ ਵਿਛੋੜੇ ਦੇ ਦਰਦ ਨੂੰ ਲਿਖਿਆ ਹੈ। ਇਹ ਦਰਦ ਤੇ ਚੀਸ ਜਾਣ ਵਾਲੇ ਪ੍ਰਤੀ ਸ਼ਰਧਾ ਹੈ।ਦ੍ਰਿਸ਼ਟੀਕੋਣ ਨੇ ਦਲਬਦਲੂ ਲੋਕਾਂ ਦਾ ਕਿੱਸਾ ਪੇਸ਼ ਕੀਤਾ ਹੈ।ਮੌਕਾਪ੍ਰਸ਼ਤ ਲੋਕ ਹਮੇਸ਼ਾਂ ਤਾਕ ਵਿੱਚ ਰਹਿੰਦੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਕੁਰਸੀ ਹੱਥ ਵਿੱਚ ਰਹੇ।ਇਹ ਸਾਡੇ ਲੋਕਤੰਤਰ ਦਾ ਕਿਰਦਾਰ ਬਣ ਚੁੱਕਾ ਹੈ। ਕਿਤਾਬ ਮੌਸ਼ਮ ਠੀਕ ਨਹੀਂ ਪਰਵਾਸੀਆਂ ਦਾ ਸੰਘਰਸ਼ਨਾਮਾ ਭਗਤ ਸਿੰਘ ਦੀਆਂ ਪੈੜਾਂ ਬਾਰੇ ਵਿਸਥਾਂਰਤ ਜਾਣਕਾਰੀ ਮਿਲੀ।

- ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਸ਼ਾਕਿਰ ਅਲੀ ਖਾਨ : ਅਨਿਲ ਰਾਜੀਮਵਾਲੇ

ਸ਼ਿਵਾਲਿਕ ਦੀਆਂ ਪਹਾੜੀਆਂ ਕੰਢੇ ਵਸਾਇਆ ਨਗਰ ਚੱਕ ਨਾਨਕੀ : ਸੁਰਿੰਦਰ ਸਿੰਘ ਰਸੂਲਪੁਰ

'ਲਾਲ ਰੱਤਾ' : ਭੁਪਿੰਦਰ ਸਿੰਘ ਮਾਨ (ਫੋਕਸ) ਨਿਰੰਜਣ ਬੋਹਾ

ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਘੁਮੱਕੜਨਾਮਾ : ਅੰਕ ਪੰਜ

ਸੈਰ ਸਪਾਟੇ ਦੇ ਕੁਝ ਸ਼ੌਕੀਨ ਘੁਮੱਕੜ ਦੋਸਤਾਂ ਨੇ ਇਹ 'ਘੁਮੱਕੜਨਾਮਾ' ਛਿਮਾਹੀ ਰਸਾਲਾ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਹੈ. ਸੁੰਦਰ ਦਿਖ ਤੇ ਕਿਤਾਬੀ ਆਕਾਰ ਵਿੱਚ ਅੰਕ 'ਚ ਰੌਚਕ ਸਮਗਰੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਹਥਲੇ ਅੰਕ ਦੀ ਸੰਪਾਦਕੀ ਪਾਠਕ ਨੂੰ ਕੁਦਰਤ ਦੀ ਸੁੰਦਰਤਾ ਮਾਨਣ ਦਾ ਹੁਨਰ ਸਿਖਾਉਂਦੀ ਹੈ. ਅੰਕ ਦੇ ਆਰੰਭ ਵਿੱਚ ਪ੍ਰੀਤ ਬਰਾੜ ਨੇ ਪੂਰਵੀ ਏਸ਼ੀਆ ਦੇ ਇੱਕ ਸਮੁੰਦਰੀ ਟਾਪੂ ਤਾਈਵਾਨ ਬਾਰੇ ਦਿਲਚਸਪ ਲਿਖਿਆ ਹੈ. ਜਗਦੀਸ਼ ਸਿੰਘ ਪਾਪੜਾ (ਸਫ਼ਰਾਂ ਦੇ ਸਕੈਮ), ਸੁਕੀਰਤ (ਪੈਰਸ ਵਨ ਸੁਵੰਨਾ) ਤੁਹਾਨੂੰ ਯੂਰਪ ਦੇ ਦੇਸ਼ ਬਾਰੇ ਅਤੇ ਆਈਫਲ ਟਾਵਰ ਦਿਖਾ ਦਿੰਦਾ ਹੈ. ਯਾਦਵਿੰਦਰ ਸਿੰਘ ਪਾਠਕ ਨੂੰ ਗੁਜਰਾਤ ਦੇ ਚੰਪਾ ਨੇਰ ਪਾਵਾਗੜ੍ਹ ਲੈ ਜਾਂਦਾ ਹੈ ਅਤੇ ਨਿਰਮਲ ਸਿੰਘ ਸਪਿਤੀ ਵੈਲੀ ਦੇ ਦਰਸ਼ਨ ਕਰਵਾ ਦਿੰਦਾ ਹੈ. ਪ੍ਰਿਤਪਾਲ ਬੋਧੀ ਲਾਮਾਵਾਂ ਨਾਲ ਗੱਲਾਂ ਅਤੇ ਸੋਨੀ ਕਲੇਰ 'ਚੈਲ ਦੀ ਸੈਰ' ਕਰਵਾ ਦਿੰਦਾ ਹੈ। ਯਾਦਵਿੰਦਰ ਵਿਰਕ ਆਪਣੇ ਪ੍ਰਸੰਗ ਵਿੱਚ ਕਸ਼ਮੀਰ ਦੀ ਬੰਗਸ ਵੈਲੀ 'ਚ ਪਾਠਕ ਨੂੰ ਲੈ ਤੁਰਦਾ ਹੈ. ਆਕਾਸ਼ਦੀਪ ਨੇ ਨੇਪਾਲ ਅਤੇ ਹਰਵਿੰਦਰ ਨੇ ਸੋਹਜ ਮਨਾਖੇ ਮਨੁੱਖ ਬਾਰੇ ਪ੍ਰਸੰਗ ਲਿਖੇ ਹਨ. ਅਗਾਂਹ ਸਤਪਲ ਭੀਖੀ ਨੇ (ਸਮੁੰਦਰ ਦੇ ਧੀਆਂ ਪੁੱਤ), ਭੁਪਿੰਦਰ ਮਾਨ (ਖਾਣ ਪੀਣ), ਡਾ. ਕੁਲਦੀਪ ਸਿੰਘ ਦੀਪ (ਨੀਲ ਪਰੀ-ਫਿਰੌਜ਼ੀ ਰਤਨ ਨਾਲ ਗੱਲਾਂ), ਗੁਰਚਰਨ ਹੁਸ਼ਿਆਰਪੁਰੀ (ਮਣੀ ਮਹੇਸ਼ ਯਾਤਰਾ), ਗੁਰਨੈਬ ਸਿੰਘ ਮਘਾਣੀਆਂ (ਦੁੱਧ ਦਾ ਦਰਿਆ), ਗੁਰਪ੍ਰੀਤ ਪਿਸ਼ੌਰੀਆ (ਕੂੰਜਾਂ ਦਾ ਨਗਰ), ਦੇਵ ਕੁਰਾਈ ਵਾਲਾ (ਇਹ ਕਿਵੇਂ ਹੋ ਸਕਦਾ), ਬਲਜਿੰਦਰ ਧਾਲੀਵਾਲ (ਮਨੁੱਖੀ ਸੰਵਾਦਾਂ ਦੇ ਪ੍ਰਸੰਗ), ਰਮਣੀਕ (ਮੇਰਾ ਪਹਿਲਾ ਸਫਰਨਾਮਾ), ਹਰਜਿੰਦਰ (ਰੋਂਦੀਆਂ ਕੰਧਾਂ), ਲੇਖਾਂ ਤੋਂ ਇਲਾਵਾ 'ਕਸ਼ਮੀਰ ਲੋਕ ਕਥਾ', 'ਕਿੱਸਾ ਮੁੱਲਾ ਨਸੀਰੁਦੀਨ ਦੇ ਪ੍ਰਸੰਗ' ਵੀ ਪੜ੍ਹ ਵਾਲੇ ਹਨ. ਰਣਦੀਪ ਮੱਦੋਕੇ, ਮਨਦੀਪ ਸੇਖੋਂ, ਭੁਪਿੰਦਰ ਬਰਗਾੜੀ ਦੀ ਹਾਜ਼ਰੀ ਵੀ ਰਸਾਲੇ 'ਚ ਲੱਗੀ ਹੋਈ ਹੈ. ਸਾਰੀ ਸਮੱਗਰੀ ਪਾਠਕ ਦੀ ਉਂਗਲ ਫੜ ਕੇ ਉਹਨੂੰ ਨਾਲ ਤੋਰ ਲੈਂਦੀ ਹੈ.




ਘੁਮੱਕੜਨਾਮਾ : ਮੁੱਖ ਸੰਪਾਦਕ : ਹਰਜਿੰਦਰ ਅਨੂਪਗੜ੍ਹ,ਸੰਪਾਦਕ : ਆਕਾਸ਼ਦੀਪ- ਸੁਖਜੀਵਨ, (ਸੰਪਰਕ 78890-47790), ਮੁੱਲ : 225 ਰੁਪਏ, ਸਫੇ : 168, ਰਚਨਾਵਾਂ ਭੇਜਣ ਲਈ:ghumakadnama@gmail.com

## ਨਿੱਕੀਆਂ ਕਰੂੰਬਲਾਂ :ਨਵੰਬਰ-ਦਸੰਬਰ 2025




'ਨਿੱਕੀਆਂ ਕਰੂੰਬਲਾਂ' ਦਾ 172ਵਾਂ ਅੰਕ ਥੋੜ੍ਹਾ ਪਛੜ ਕੇ ਆਇਆ ਹੈ. ਰਸਾਲੇ ਨੂੰ ਪ੍ਰਕਾਸ਼ਤ ਹੁੰਦਿਆਂ 30 ਸਾਲ ਹੋ ਗਏ ਹਨ. ਪਰਚੇ ਦੇ ਸ਼ਾਨਾ ਮਤੇ ਸਫ਼ਰ 'ਤੇ ਸੰਪਾਦਕੀ 'ਚ ਸੰਪਾਦਕ ਬਲਜਿੰਦਰ ਮਾਨ ਲਿਖਦਾ ਹੈ, ਬੱਚਿਆਂ ਨੂੰ ਆਦਰਸ਼ ਨਾਗਰਿਕ ਬਣਾਉਣ ਦੇ ਮਨੋਰਥ ਦੀ ਪੂਰਤੀ ਵਾਸਤੇ ਪੰਜਾਬੀ ਵਿੱਚ ਬਾਲ ਰਸਾਲਾ ਕਰੂੰਬਲਾਂ ਦਾ ਆਰੰਭ 14 ਨਵੰਬਰ 1995 ਨੂੰ ਕੀਤਾ ਗਿਆ। ਹੱਥਲੇ ਅੰਕ ਵਿੱਚ ਅੱਠ ਬਾਲ ਕਹਾਣੀਆਂ ਅੰਬੀ ਦਾ ਬੂਟਾ (ਬਲਜਿੰਦਰ ਮਾਨ), ਸੋਨੇ ਦੀ ਇੱਟ (ਬਹਾਦਰ ਸਿੰਘ ਗੋਸਲ), ਟੀਪੂ ਦੀ ਟਾਈਮ ਮਸ਼ੀਨ (ਡਾ. ਸੁਖਰਾਜ ਸਿੰਘ ਬਾਜਵਾ), ਹੁਣ ਨਹੀਂ ਖਾਵਾਂਗਾ ਫਾਸਟ ਫੂਡ (ਪ੍ਰਿੰ. ਵਿਜੇ ਕੁਮਾਰ), ਦੀਪੂ ਦੀ ਸਿਆਣਪ (ਅਮਰਜੀਤ ਸਿੰਘ ਝੀਤਾ), ਸੱਚਾ ਸੁੱਚਾ (ਕੁਲਬੀਰ ਸਿੰਘ ਸੂਰੀ), ਚਿੜੀ ਦੀ ਸਿਆਣਪ (ਰਘਵੀਰ ਸਿੰਘ ਕਲੋਆ)ਅਤੇ ਖੁਸ਼ੀ (ਸ਼ਸ਼ੀ ਲਤਾ ) ਕਹਾਣੀਆਂ ਬਾਲ ਮਾਨਸਿਕਤਾ ਦੇ ਵੱਖ-ਵੱਖ ਪੱਖਾਂ ਨੂੰ ਵਿਗਿਆਨਿਕ ਨਜ਼ਰੀਏ ਨਾਲ ਉਭਾਰਦੀਆਂ ਹਨ। ਇਸ ਦੇ ਨਾਲ ਹੀ ਦਰਸ਼ਨ ਸਿੰਘ ਆਸ਼ਟ ਦਾ ਬਾਲ ਨਾਵਲ 'ਫੁੱਲ ਖਿੜ ਪਏ' ਤੇ ਹਰੀ ਕ੍ਰਿਸ਼ਨ ਮਾਹਿਰ ਦਾ ਬਾਲ ਨਾਟਕ 'ਕੌਣ ਹੈ ਸਾਡਾ ਰਿਸ਼ਤੇਦਾਰ' ਪੜ੍ਹਨ ਨੂੰ ਮਿਲਦੇ ਹਨ. ਬਾਲ ਲੇਖਾਂ 'ਚ ਹਰਵੀਰ ਮਾਨ (ਸਿੱਖ ਰਾਜ ਬਾਰੇ), ਸੰਜੀਵ ਸਿੰਘ ਸੈਣੀ (ਮਾਂ ਪਿਓ ਦੀ ਅਦਰਸ ਸੋਚ ਬਾਰੇ ), ਵਿਜੇ ਗਰਗ (ਬੁੱਕ ਕਰਨਰ), ਜਗਦੀਸ਼ ਸਿੰਘ ਗਣੇਸ਼ਪੁਰੀ (ਏ.ਆਈ.ਬਾਰੇ ), ਮਨਜੀਤ ਕੌਰ (ਮਾਤ ਭਾਸ਼ਾ ਬਾਰੇ ) ਲੇਖ ਪ੍ਰਕਾਸ਼ਿਤ ਕੀਤੇ ਗਏ ਹਨ.

ਬਲਜਿੰਦਰ ਮਾਨ, ਹਰਪ੍ਰੀਤ ਪਤੋ, ਜਗਦੀਸ਼ ਬਹਾਦਰਪੁਰੀ, ਅਸ਼ਰਫ ਸੁਹੇਲ, ਓਮ ਕਮਲ ਮਨਜੀਤ ਦੇਵਲ, ਅੰਜੂ ਵ ਰੱਤੀ, ਰਜਿੰਦਰ ਕੌਰ, ਕਮਲਜੀਤ ਨੀਲੋਂ, ਓਮਕਾਰ ਸੂਦ ਬਹੋਨਾ ਅਤੇ ਬਲਜਿੰਦਰ ਮਾਨ ਦੀਆਂ ਬਾਲ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ. ਅੰਤ ਵਿੱਚ ਸੁਪਨਸਾਜ਼, ਅਕੜ ਬੱਕੜ, ਰਜਵੀਰ ਦਾ ਉਗੀਓ ਕਿਤਾਬਾਂ ਦੇ ਰਿਵਿਊ ਪ੍ਰਕਾਸ਼ਿਤ ਕੀਤੇ ਗਏ ਹਨ.

ਸੰਪਰਕ : ਨਿੱਕੀਆਂ ਕਰੂੰਬਲਾਂ ਮੁੱਖ ਸੰਪਾਦਕ: ਬਲਜਿੰਦਰ ਮਾਨ (98 150-18947), ਮੁੱਲ: 70 ਸਫੇ :52. ਮੈਟਰ ਭੇਜਣ ਲਈ : karumblanAIIE@gmail.com

## ਲਫਜ਼ਨਾਮਾ : ਅਕਤੂਬਰ-ਦਸੰਬਰ, 2025

ਲਫਜ਼ਨਾਮਾ ਨਵਾਂ ਰਸਾਲਾ ਹੈ. ਆਫ਼ਾਨ ਯਿਸਵੀ ਇਸ ਦੇ ਸੰਪਾਦਕ ਹਨ. ਸੰਪਾਦਕ ਚ ਉਸ ਨੇ ਲਿਖਿਆ ਹੈ, 'ਪੰਜਾਬੀ ਵਿੱਚ ਛਪਣ ਵਾਲਾ ਇਹ ਇੱਕੋ ਇੱਕ ਤੇ ਤਿਮਾਈ ਰਸਾਲਾ ਹੈ ਜੋ ਲੇਖਕਾਂ ਨੂੰ ਨਿਬੰਧ ਅਤੇ ਹੋਰ ਰਚਨਾਵਾਂ ਲਿਖਣ ਲਈ ਹਰ ਵਾਰ ਇੱਕ ਵਿਸ਼ਾ ਸੁਝਾਉਂਦਾ ਹੈ। ਹਾਲਾਂਕਿ ਸਾਰੀਆਂ ਰਚਨਾਵਾਂ ਸਾਡੇ ਵੱਲੋਂ ਦਿੱਤੇ ਹੋਏ ਵਿਸ਼ੇ ਨਾਲ ਸਬੰਧਤ ਨਹੀਂ ਹੁੰਦੀਆਂ। ਇਸ ਵਾਰ ਦਿੱਤੇ ਹੋਏ ਵਿਸ਼ੇ ਅਨੁਸਾਰ ਕੁਝ ਰਚਨਾਵਾਂ ਦੀ ਹਾਜ਼ਰੀ ਹੀ ਰਸਾਲੇ ਨੂੰ ਇੱਕ ਨਿਵੇਕਲੀ ਵਿਸ਼ੇਸ਼ਤਾ ਵਾਲੀ ਦਿੱਖ ਪ੍ਰਦਾਨ ਕਰ ਦਿੰਦੀ ਹੈ. ਕਾਰਜਕਾਰੀ ਸੰਪਾਦਕ ਡਾ. ਲਖਵਿੰਦਰ ਸਿੰਘ ਜੌਹਲ ਨੇ ਮਨ ਦੀ ਗੱਲ ਕੀਤੀ ਹੈ. ਰਸਾਲੇ ਵਿੱਚ ਇਸ ਵਾਰ 'ਮਨ ਜੀਤੇ ਜਗ ਜੀਤ' ਪੰਕਤੀ ਦੇ ਆਧਾਰ ਤੇ ਕਵਿਤਾਵਾਂ ਲੇਖ ਅਤੇ ਕਹਾਣੀਆਂ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ. ਹਥਲੇ ਅੰਕ ਵਿੱਚ ਕਮਲ ਪ੍ਰੀਤ ਕੌਰ ਥਿੰਦ, (ਵਿਸ਼ਨੂ ਹਰੀ ਗੋਬਿੰਦ ਤੇ ਰਾਮ), ਅਰਤਿੰਦਰ ਸੰਧੂ (ਮਨ ਕੀ ਜੀਤੇ ਹੈ), ਹਰਪ੍ਰੀਤ ਕੌਰ ਸੰਧੂ (ਮਨੁੱਖੀ ਮਨ ਯੁੱਧ ਦਾ ਮੈਦਾਨ ਹੈ), ਅਤਰਜੀਤ 'ਮਨ ਜੀਤੇ ਜਗ ਜੀਤ' ਆਦਿ ਲੇਖ ਪ੍ਰਕਾਸ਼ਿਤ ਹੋਏ ਹਨ. ਕਵਿਤਾ ਭਾਗ ਵਿੱਚ ਰਾਜਵੰਤ ਕੌਰ ਸੰਧੂ, ਗਿੱਲ ਸੁਰਿੰਦਰ, ਸੁਖਬੀਰ ਕੌਰ, ਸੁਖਮਿੰਦਰ ਸੇਖੋ, ਮਲਵਿੰਦਰ, ਕੁਲਵਿੰਦਰ ਬਾਠ,ਮਾਲਵਿੰਦਰ ਸ਼ਾਇਰ, ਕੇਦਾਰਨਾਥ ਸਿੰਘ (ਹਿੰਦੀ), ਸੁਹਿੰਦਰ ਬੀਰ, ਸ਼ਸ਼ੀਕਾਂਤ, ਨਵਜੋਤ ਕੌਰ ਭੁੱਲਰ, ਸੁਭਾਅ ਭਾਸ਼ਕਰ, ਮਨਿੰਦਰ ਕੌਰ ਮਨ ਦੀਆਂ ਕਵਿਤਾਵਾਂ ਛਪੀਆਂ ਹਨ. ਡਾ. ਸੰਦੀਪ ਸਿੰਘ ਮੁੰਡੇ (ਬੇਈਮਾਨੀ ਦਾ ਫਲ) ਅਤੇ ਅਲਫਾਜ਼ (ਇਲੂਜ਼ਨ) ਦੋ ਕਹਾਣੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ. ਲਖਵਿੰਦਰ ਜੌਹਲ ਦੀ ਕਵਿਤਾ 'ਚੰਗਾ ਲੱਗਦਾ' ਦਾ ਐਸ.ਪੀ. ਭਾਟੀਆ ਨੇ ਅਧਿਅਨ ਕੀਤਾ ਹੈ. ਅੰਤ ਵਿੱਚ ਜ਼ਿੰਦਗੀ ਦੇ ਰੂਬਰੂ,ਗੁਰਬਾਣੀ ਇੱਕ ਜੀਵਨ ਜਾਚ, ਗਾਈਡ, ਰਤਨਮਾਲਾ, ਛੰਦ ਬੁਖਾਰੀ, ਕਿਤਾਬਾਂ ਦੇ ਉਜਾਗਰ ਸਿੰਘ, ਨਿਧੜਕ ਸਿੰਘ ਬਰਾੜ, ਪ੍ਰੀਤਮ ਵੱਲੋਂ ਕੀਤੇ ਰਿਵਿਊ ਛਪੇ ਹਨ. ਅਗਲੇ ਅੰਕ ਦਾ ਵਿਸ਼ਾ ਹੈ- 'ਕਾਹੇ ਰੇ ਮਨ ਖੋਜਨ ਜਾਈ' 'ਤੇ ਅਧਾਰਤ ਰਚਨਾਵਾਂ ਦੀ ਮੰਗ ਕੀਤੀ ਗਈ ਹੈ।




'ਲਫ਼ਜ਼ਨਾਮਾ': ਮੁੱਖ ਸੰਪਾਦਕ: ਆਫ਼ਾਨ ਯਿਸਵੀ, ਕਾਰਜਕਾਰੀ ਸੰਪਾਦਕ : ਡਾਕਟਰ ਲਖਵਿੰਦਰ ਸਿੰਘ ਜੌਹਲ ਰਚਨਾਵਾਂ ਭੇਜਣ ਲਈ :lafaznamadesk@gmail.com

# ਸ਼ਾਇਰ ਫਤਹਿਜੀਤ ਨੂੰ ਯਾਦ ਕਰਦਿਆਂ...

ਫਤਹਿਜੀਤ ਪੰਜਾਬੀ ਦੀ ਜੁਝਾਰਵਾਦੀ ਕਵਿਤਾ ਦਾ ਇੱਕ ਹਸਤਾਖਰ ਸੀ, ਆਪਣੀ ਗੱਲ ਥੋੜ੍ਹੇ ਸ਼ਬਦਾਂ ਵਿੱਚ ਕਹਿਣ ਦੀ ਜੁਰਅਤ, ਤਾਅ-ਉਮਰ ਆਪਣੇ ਸਿਧਾਂਤ ਦੇ ਪੱਕੇ, ਜ਼ੁੰਮੇਵਾਰੀਆਂ ਵਿੱਚ ਲਿਬੜੇਸ, ਕਦੇ ਵੀ ਡੋਲਦੇ ਨਹੀਂ.. ਉਂਝ ਵਕਤ ਕਦੇ ਵੀ ਅਨੁਕੂਲ ਨਹੀਂ ਹੁੰਦਾ। ਸੰਘਰਸ਼ ਤੁਹਾਡੇ ਸਾਵੇਂ ਹੁੰਦੇ ਨੇ।

ਫਤਹਿਜੀਤ ਹੁਰਾਂ ਦਾ ਜਨਮ 3 ਦਸੰਬਰ 1938 ਨੂੰ ਪਾਕਿਸਤਾਨ ਵਿੱਚ ਜ਼ਿਲ੍ਹਾ ਲਾਇਲਪੁਰ ਦੇ ਚੱਕ 87 ਵਿੱਚ ਆਪਣੇ ਨਾਨਕੇ ਘਰ ਹੋਇਆ। ਕਲਮ ਦੀ ਮੁੱਢਲੀ ਲਿਆਕਤ ਮਨਾਵਾਲਾ (ਹੁਣ ਪਾਕਿਸਤਾਨ ਵਿੱਚ) ਵੱਡੇ ਭੂਆ ਜੀ ਕੋਲ ਰਹਿ ਕੇ ਤੋਂ ਲਈ। ਫਿਰ ਆਪਣੇ ਜੱਦੀ ਪਿੰਡ ਸ਼ਾਹਕੋਟ ਆ ਗਏ। ਨੰਗਲ ਅੰਬੀਆਂ ਸਕੂਲ ਤੋਂ ਮੈਟ੍ਰਿਕ ਪਾਸ ਕਰਨ ਉਪਰੰਤ ਰਣਬੀਰ ਕਾਲਜ ਸੰਗਰੂਰ ਪੜ੍ਹਨ ਲੱਗੇ।

ਕਵਿਤਾ ਨੇ ਹੁਣ ਵਿੱਚ ਕਦਮ ਪਾ ਲਏ।1955 ਤੋਂ ਕਵਿਤਾ ਲਿਖਦਿਆਂ। 1958 ਦੇ ਬਾਪ ਦੇ ਕਤਲ ਨੇ ਕਹਿਰ ਵਰਤਾ ਦਿੱਤਾ..

ਆਪਣੀ ਕਿਤਾਬ 'ਏਕਮ' ਵਿੱਚ ਲਿਖਦੇ ਨੇ ਮੈਂ ਹੁਸ ਗਿਆ ਸੀ ਮੇਰੀ ਮਾਂ ਦੇ ਬੋਲ 'ਜੀਤ ਆਪਾਂ ਕੀ ਕਰਾਂਗੇ..' ਨਾਲ ਰਹੇ

ਕਵਿਤਾ ਵਰਗੇ ਸਹਿਜ, ਸ਼ਾਂਤ, ਆਪਣੇ ਸੁਨੇਹੇ ਸ਼ਬਦਾਂ ਰਾਹੀਂ ਦਿੰਦੇ ਰਹੇ.. ਪੰਜਾਬੀ ਸਾਹਿਤ ਨੂੰ ਚਾਰ ਕਿਤਾਬਾਂ..

ਆਪਣੀ ਬੀਬੀ ਜੀ ਨੂੰ ਕਹੇ ਬੋਲ..

ਦੀਵੇ ਜਗਾ ਕੇ ਬੈਠੀ ਹੈ
ਰਾਤ ਕਾਲੀ..
ਘਣੀ ਡੂੰਘੀ ਰਾਤ
ਹਨੇਰਾ ਅੰਦਰ ਹੈ।
ਮਾਂ ਦੀਵਾ ਬਾਲ ਦੀਵਾਲੀ ਦੀ ਰਾਤ

ਪਾਪਾ ਜੀ ਦੇ ਅਜ਼ੀਜ਼ ਜਸਵੰਤ ਦੀਦ ਨੇ ਆਪਣੇ ਡਿਜੀਟਲ ਰਸਾਲੇ 'ਤੇ ਜ਼ਿਕਰ ਕਰ ਉਸ ਸਮੇਂ ਨੂੰ ਯਾਦ ਕੀਤਾ।

ਏਕਮ,
ਕੱਚੀ ਮਿੱਟੀ ਦੇ ਬੋਣੇ, ਨਿੱਕੀ ਜਿਹੀ ਚਾਨਣੀ,
ਰੇਸ਼ਮੀ ਧਾਗੇ

ਰਿਸ਼ਤਿਆਂ ਦੀ ਮਜ਼ਬੂਤੀ, ਸਮਝ ਸਾਨੂੰ ਦੱਸਦੇ ਕਦੇ ਵੀ ਇਹ ਅਹਿਸਾਸ ਨਾ ਹੋਣ ਦਿੰਦੇ। ਅਸੀਂ ਤਿੰਨ ਭੈਣਾਂ ਸਾਡੀ ਸਾਦ-ਮੁਰਾਦੀ ਪਰ ਮਰਯਾਦਾਪੂਰ ਮਾਂ ਨੇ ਸ਼ਾਇਰ ਹਿਰਦੇ ਨੂੰ ਕਦੇ ਵੀ ਡੋਲਣ ਨਾ ਦਿੱਤਾ.. ਧੀਆਂ ਦਾ ਜੁੰਮਾ ਬਾਕਮਾਲ ਨਿਭਾਇਆ..।

ਅੱਜ ਪਾਪਾ ਜੀ ਸਾਡੇ ਚੇਤਿਆਂ ਵਿੱਚ, ਆਪਣੇ ਦੋਸਤਾਂ ਵਿੱਚ,
ਮਹਿਫਲ ਵਿੱਚ ਨਾਲ ਹੁੰਦੇ ਨੇ।
ਮੈਂ ਪਾਪਾ ਜੀ ਨੂੰ ਭਾਜੀ ਕਹਿੰਦੇ, ਸਾਡੀਆਂ ਸਹੇਲੀਆਂ ਪਾਪਾ ਜੀ

ਪਿਛਲੀ ਉਮਰ ਵਿੱਚ ਪਾਰਕਿਨਸੰਸ ਦੀ ਬਿਮਾਰੀ ਨੇ ਸੰਵੇਦਨਸ਼ੀਲ ਕਵੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ..। ਲੱਗਭੱਗ ਚਾਰ ਸਾਲ ਮੰਜੇ 'ਤੇ ਰਹੇ, ਕਵਿਤਾ ਫਿਰ ਵੀ ਜਿਉਂਦੀ ਸੀ।

ਰੇਸ਼ਮੀ ਧਾਗੇ ਲੋਕ ਅਰਪਣ ਵੇਲੇ ਉਹਨਾਂ ਦੀਆਂ ਅੱਖਾਂ ਵਿਚਲੀ ਚਮਕ.. ਘਰ ਵਿੱਚ ਸ਼ਾਇਰ ਦੋਸਤਾਂ ਦੀ ਆਮਦ ਸੁਰਿੰਦਰ ਗਿੱਲ, ਰਘਬੀਰ ਸਿਰਜਣਾ, ਗੁਰਭਜਨ ਗਿੱਲ, ਤਰਲੋਚਨ ਲੋਚੀ, ਰਵਿੰਦਰ ਭੱਠਲ, ਦਰਸ਼ਨ ਖਟਕੜ, ਸੁਰਜੀਤ ਪਾਤਰ, ਲਖਵਿੰਦਰ ਜੌਹਲ, ਬਲਬੀਰ ਪਰਵਾਨਾ, ਮੱਖਣ ਮਾਣ..ਹੋਰਾਂ ਨੇ ਸਕੂਨ ਦਿੱਤਾ...।

ਤੁਰ ਗਏ ਨੇ ਆਵਾਜ਼ ਮਾਰ, ਹੁੰਗਾਰੇ ਦੀ ਉਡੀਕ ਤੋਂ ਪਹਿਲਾਂ
ਕੁੱਝ ਕਵਿਤਾਵਾਂ.. ਚੇਤਿਆਂ ਵਿੱਚੋਂ.. (9 ਦਸੰਬਰ 2021)

ਦੋਸਤੋ ਆਇਆ ਕਰੋ
ਦੋਸਤੋ ਆਇਆ ਕਰੋ
ਦੁਖ ਸੁਖ ਕਰਿਆ ਕਰੋ
ਜ਼ਿੰਦਗੀ ਹੈ ਤਲਖ
ਰਿਸ਼ਤੇ ਪਰੇਸ਼ਾਨ
ਰਿਸ਼ਤਿਆਂ ਦੀ ਪੀੜ ਦਾ
ਕੁਝ ਤਾਂ ਹਰਿਆ ਕਰੋ
ਦੋਸਤੋ ਆਇਆ ਕਰੋ
ਮੰਨਿਆ ਕਿ..
ਹੋ ਰਿਹਾ ਹੈ ਹਾਦਸੇ 'ਤੇ ਹਾਦਸਾ
ਜ਼ਿੰਦਗੀ ਹੈ ਮਰ ਰਹੀ
ਫਿਰ ਵੀ ਇਹ ਦੋਸਤੋ
ਹਾਦਸੇ ਜਰਿਆ ਕਰੋ
ਜ਼ਿੰਦਗੀ ਵਰਿਆ ਕਰੋ
ਦੋਸਤੋ....
ਗਿਲਾ ਕਰਨਾ ਸੁਖਾਲਾ ਹੈ
ਗਿਲਾ ਜਰਨਾ ਬੜਾ ਮੁਸ਼ਕਲ
ਕਿਸੇ ਦਾ ਹੋਣ ਤੋਂ ਪਹਿਲਾਂ
ਕਿਸੇ ਦਾ ਹੋਣ ਦੀ ਖਾਤਰ
ਸਿਰ ਤਲੀ ਤਰਿਆ ਕਰੋ!
ਦੋਸਤੋ....
ਮੁਹੱਬਤ ਬਹੁਤ ਮਹਿੰਗੀ ਹੈ
ਮਗਰ ਹੈ ਤਾਂ ਸਹੀ
ਸਮਰਪਣ ਸ਼ਰਤ ਹੈ ਇਸ ਦੀ
ਮੁਹੱਬਤ ਜਿੱਤਣੇ ਖਾਤਰ
ਜਿੱਤ ਕੇ ਹਰਿਆ ਕਰੋ!
ਦੋਸਤੋ ਆਇਆ ਕਰੋ
ਦੁੱਖ ਸੁੱਖ ਕਰਿਆ ਕਰੋ!

(2)

ਮੈਂ ਪੰਛੀ ਬਣਨਾ ਲੋਚਦਾ
ਘਾਹ ਦੀਆਂ ਪੱਤੀਆਂ ਵਾਂਗ
ਮੇਰੇ ਅੰਗਾਂ 'ਚ
ਆਵਾਜ਼ਾਂ ਉੱਗਦੀਆਂ ਹਨ।




ਮੇਰੀਆਂ ਬਾਹਾਂ ਵਿੱਚ
ਨਿੱਕੇ ਨਿੱਕੇ ਪਰ ਉੱਗ ਰਹੇ ਹਨ
ਮੈਂ ਪੰਛੀ ਬਣਨਾ ਲੋਚਦਾ ਹਾਂ।
ਮੇਰੇ ਸਾਹਾਂ 'ਚ
ਅੰਗੂਰ ਵੇਲ ਵਾਂਗ
ਉਮੀਦਾਂ ਪੁੰਗਰਦੀਆਂ ਹਨ,
ਸਾਗਰ, ਪਹਾੜ, ਜੰਗਲ
ਝੀਲਾਂ, ਚਸ਼ਮਿਆਂ ਤੇ ਥਲਾਂ ਤੱਕ
ਤੱਕਣਾ ਚਾਹੁੰਦਾ ਹਾਂ।
ਮੇਰੀਆਂ ਨਜ਼ਰ ਵਿੱਚ
ਆਕਾਸ਼ ਬਹੁਤ ਮੋਕਲਾ ਹੈ, ਘਰ ਤੋਂ ਸ੍ਰਿਸ਼ਟੀ ਤੱਕ ਦਾ ਗੋਲ ਘੇਰਾ
ਮੇਰੀ ਉਡਾਣ ਦੀ ਸੀਮਾ ਹੈ
ਮੈਂ ਪੰਛੀ ਬਣਨਾ
ਸੀਮਾਵਾਂ ਜਿਹਨਾਂ 'ਤੇ ਗੋਲੀਆਂ ਦੇ ਖੜਾਕ
ਮੇਰੇ ਕੰਨਾਂ 'ਚ ਗੂੰਜਦੇ ਹਨ,
ਰੇਖਾਵਾਂ ਜਿਹਨਾਂ ਦੀ ਕੈਦ 'ਚ
ਤੂੰ ਤੇ ਮੈਂ ਸਾਰੇ ਕੈਦ ਹਾਂ
ਮਨੁੱਖ ਦੀ ਹਉਮੈ ਹੈ।
ਜਦਕਿ
ਹਰ ਦੇਸ਼ ਦਾ ਬੱਚਾ ਬੱਚਾ
ਮਾਂ ਦੀ ਮਮਤਾ 'ਚ ਪਲਦਾ ਹੈ
ਹਰ ਦੇਸ਼ ਦਾ ਗੱਭਰੂ
ਪਿਆਰ ਰੰਗੀਆਂ ਤੇ ਜੀਂਦਾ ਹੈ
ਤੇ ਹਰ ਦੇਸ਼ 'ਚ
ਦਰੱਖਤਾਂ ਨੂੰ ਸ਼ਾਂਤ ਪੱਤੇ ਲੱਗਦੇ ਹਨ।
ਮੈਂ ਪੰਛੀ ਬਣਨਾ ਲੋਚਦਾ ਹਾਂ
ਮੇਰੀਆਂ ਬਾਹਾਂ 'ਚ
ਨਿੱਕੇ ਨਿੱਕੇ ਪਰ ਉੱਗ ਰਹੇ ਹਨ।

(3)

ਮੁਕਤੀ ਮਾਰਗ
ਲਾਰਿਆਂ ਤੇ ਇਕਰਾਰਾਂ ਵਿਚਕਾਰ
ਖੜੇ ਸੀ ਯਾਰ
ਕਦੇ ਹਮਦਰਦ ਲੱਗਦੇ ਸੀ
ਕਦੇ ਬੇਦਰਦ ਲੱਗਦੇ ਸੀ।
ਸਲੀਕਾ ਮੰਗ ਕਰਦਾ ਸੀ
ਕੀ ਉਹ ਕਹਿੰਦੇ
ਕਹਿ ਦਿੰਦੇ ਜੋ ਕਹਿਣਾ ਸੀ
ਦੁਚਿੱਤੀ ਮੁੱਕ ਜਾਂਦੀ,
ਛਿੱਜਦਿਆਂ ਸਾਹਾਂ 'ਚ
ਕੁੱਝ ਤਾਂ ਨਵਾਂ ਹੁੰਦਾ
ਦੋਸਤਾਂ ਵਰਗਾ
ਜਾਂ ਦੁਸ਼ਮਣਾਂ ਵਰਗਾ।
ਭਲਾ ਹੁੰਦਾ
ਜੇ ਹਾਂ ਹੁੰਦੀ
ਜਾਂ ਨਾਂਹ ਹੁੰਦੀ।
ਸ਼ਰੀਕਾਂ ਵਾਂਗ ਰੁੱਸਦੀ ਮੰਨਦੀ
ਆਸ਼ਾ-ਨਿਰਾਸ਼ਾ
ਫ਼ਾਸਲੇ ਤੋਂ ਮੁਕਤ ਹੋ ਜਾਂਦੀ।
ਘੋੜਾ ਆਰ ਹੋ ਜਾਂਦਾ
ਜਾਂ ਘੋੜਾ ਪਾਰ।
ਖੜੇ ਸੀ ਯਾਰ
ਲਾਰਿਆਂ ਤੇ ਇਕਰਾਰਾਂ ਵਿਚਕਾਰ।
ਕਦੇ ਹਮਦਰਦ ਲੱਗਦੇ ਸੀ
ਕਦੇ ਬੇਦਰਦ ਲੱਗਦੇ ਸੀ।

(4)

ਅਜੇ ਵੀ..
ਉਸ ਨੂੰ ਮਾਣ ਹੈ
ਆਪਣੇ ਤਸੱਵਰ 'ਤੇ,
ਅਜੇ ਵੀ ਡਿੱਗਦਿਆਂ-ਢਹਿੰਦਿਆਂ
ਤੁਰਨ ਦੀ ਸੋਚਦਾ ਹੈ।
ਬਦਬੂਦਾਰ ਚੌਗਿਰਦੇ 'ਚ ਵੀ
ਉਸ ਦੀ ਮਿੱਟੀ ਨੂੰ
ਜਿੱਤ ਕਰਦੇ ਖਿਆਲਾਂ 'ਤੇ
ਭਰੋਸਾ ਹੈ।
ਕਿ ਇੱਕ ਦਿਨ
ਜ਼ਰੂਰ ਬਦਲੇਗੀ ਹਵਾ,
ਵਫ਼ਾਦਾਰਾਂ ਦੇ ਸਾਹਾਂ 'ਚ
ਭਰ ਜਾਏਗੀ ਮਹਿਕ
ਜ਼ਮਾਨਾ ਬਦਲ ਜਾਏਗਾ।
ਸੁਪਨਿਆਂ ਦੀ ਹੋਂਦ
ਅਹਿਸਾਸ ਦੀ ਦੁਨੀਆ ਦਾ ਸੱਚ ਹੈ,
ਤੇ ਅਹਿਸਾਸ..
ਹੋਂਦ ਦੀ ਕਾਇਮੀ ਦਾ ਦੂਸਰਾ ਨਾਂਅ ਹੈ।
ਅਜੇ ਵੀ ਉਸ ਨੂੰ ਮਾਣ ਹੈ
ਆਪਣੇ ਤਸੱਵਰ 'ਤੇ
ਅਜੇ ਵੀ ਉਹ
ਅਜੇ ਵੀ ਡਿੱਗਦਿਆਂ ਢਹਿੰਦਿਆਂ ਤੁਰਨ ਦੀ ਸੋਚਦਾ ਹੈ।

---*---*---

ਇਹ ਗੁਲਾਬੀ, ਰੇਸ਼ਮੀ, ਚੰਚਲ ਹਵਾ,
ਤੇਰੀ ਆਮਦ ਦਾ ਸੁਨੇਹਾ ਤਾਂ ਨਹੀਂ?

(5)

ਉਸ ਨੂੰ ਕਹੋ
ਜਗੇ ਦੀਵੇ ਦੀ ਰੌਸ਼ਨੀ ਵਰਗਾ
ਕੁੱਝ ਕਿਹਾ ਕਰੇ ਮੈਨੂੰ
ਮੇਰੇ ਅਹਿਸਾਸ..
ਹਰੀਆਂ ਪੈਲੀਆਂ, ਖੜਕਦੇ ਬੋਲਾਂ ਤੇ ਹੱਥ ਘੁੱਟਣੀਆਂ ਦਾ ਕਾਇਲ ਹੈ।
ਇਹ ਬੁਝੇ ਬੁਝੇ ਸੂਰਜ ਦੀ ਸ਼ਾਮ
ਤੇ ਘਰਾਂ ਨੂੰ ਮੁੜਦੀਆਂ ਬਸ ਗੱਡੀਆਂ ਦਾ ਸਫ਼ਰ
ਠੀਕ ਯਥਾਰਥੀ ਦੀਆਂ ਗੱਲਾਂ ਤਾਂ ਹਨ
ਪਰ ਕੱਢਾਂ 'ਚ ਹੱਥ ਦਿੱਤਿਆਂ
ਗ਼ਲਵੱਕੜੀਆਂ ਦਾ ਨਿੱਘ ਤਾਂ ਨਹੀਂ ਮਿਲਦਾ
ਤੇ ਨਾ ਸਿਰ ਸੁੱਟਿਆਂ ਹੌਕਿਆਂ ਦੀ ਉਮਰ ਘਟਦੀ ਹੈ।
ਪੰਛੀਆਂ ਦੀ ਚਹਿਚਹਾਟ
ਵਗਦੇ ਪਾਣੀਆਂ ਦੀ ਛਣਕਦੀ ਚਾਂਦੀ
ਹਮੇਸ਼ਾ ਤੁਰਦਿਆਂ ਦਾ ਸਾਥ ਦਿੰਦੀ ਹੈ
ਹਮੇਸ਼ਾ ਤੁਰਦਿਆਂ ਦਾ ਦਿਲ ਬਹਿਲਾਉਂਦੀ ਹੈ।

---*---*---

ਸੰਭਾਵਨਾਵਾਂ ਦੀ ਮੌਤ ਵੀ ਇੱਕ ਮੌਤ ਹੁੰਦੀ ਹੈ।
ਤੇ ਬੇਬਸੀ ਕੈਦ ਦਾ ਦੂਸਰਾ ਨਾਂਅ ਹੈ।

**- ਬਲਜੀਤ ਬੱਲ**
ਮੋਬਾ. 98146-01140

## ਸਫ਼ਾ 2 ਦੀ ਬਾਕੀ — ਹਰਕਿਸ਼ਨ ਸਿੰਘ ਸੁਰਜੀਤ ਦੀ ਦੇਣ ਨੂੰ ਯਾਦ...

ਤੋਂ ਮਦਦ ਦਾ ਐਲਾਨ ਕੀਤਾ ਗਿਆ ਅਤੇ ਕਣਕ ਅਤੇ ਹੋਰ ਜ਼ਰੂਰੀ ਸਮੱਗਰੀ ਕਿਊਬਾ ਨੂੰ ਭੇਜੀ ਗਈ। ਇਸ ਤਰ੍ਹਾਂ ਕਾਮਰੇਡ ਸੁਰਜੀਤ ਵੱਲੋਂ ਕਿਊਬਨ ਇਨਕਲਾਬ ਨੂੰ ਬਚਾਉਣ ਅਤੇ ਸਮਾਜਵਾਦੀ ਪ੍ਰਬੰਧ ਨੂੰ ਜਾਰੀ ਰੱਖਣ ਵਾਸਤੇ 1992 ਵਿੱਚ ਵੱਡੀ ਮਦਦ ਕੀਤੀ ਗਈ ਸੀ। ਸੋਵੀਅਤ ਯੂਨੀਅਨ ਦਾ ਸਮਾਜਵਾਦੀ ਪ੍ਰਬੰਧ ਢਹਿ-ਢੇਰੀ ਹੋਣ ਤੋਂ ਪਹਿਲਾਂ ਵੀ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਪਾਰਟੀ ਕਾਂਗਰਸ ਸਮੇਂ ਕਾਮਰੇਡ ਸੁਰਜੀਤ ਹੁਰਾਂ ਨੇ ਸੀ.ਪੀ.ਆਈ. (ਐੱਮ) ਵੱਲੋਂ ਆਪਣਾ ਨੋਟ ਸਾਮਰਾਜ ਨੂੰ ਘਟਾ ਕੇ ਦੇਖਣ ਸੰਬੰਧੀ ਦਿੱਤਾ ਗਿਆ ਸੀ। ਥੋੜ੍ਹੇ ਸਮੇਂ ਬਾਅਦ ਹੀ ਪਾਰਟੀ ਦੀ ਸਮਝਦਾਰੀ ਦੀ ਪੁਸ਼ਟੀ ਹੋ ਗਈ। ਇਸ ਤੋਂ ਬਾਅਦ ਦੁਨੀਆ ਭਰ ਵਿੱਚ ਸਾਮਰਾਜੀ ਮੁਲਕਾਂ ਵੱਲੋਂ ਧੂੰਆਂਧਾਰ ਪ੍ਰਚਾਰ "ਮਾਰਕਸਵਾਦ" ਦੇ ਫੇਲ੍ਹ ਹੋਣ ਦਾ ਕੀਤਾ ਗਿਆ। ਇਸ ਪ੍ਰਚਾਰ ਦਾ ਜਵਾਬ ਦੇਣ ਵਾਸਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੁਰਾਂ ਦੀ ਅਗਵਾਈ ਵਿੱਚ ਕਲਕੱਤੇ ਵਿਖੇ ਕਾਮਰੇਡ ਜੋਤੀ ਬਾਸੂ, ਜੋ ਉਸ ਸਮੇਂ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸਨ, ਨੇ ਅੰਤਰਰਾਸ਼ਟਰੀ ਪੱਧਰ ਦੀਆਂ ਕਮਿਊਨਿਸਟ ਪਾਰਟੀਆਂ ਦਾ ਇਕੱਠ ਕਰਕੇ ਸੈਮੀਨਾਰ ਕਰਵਾਇਆ ਅਤੇ ਅਮਰੀਕਨ ਸਾਮਰਾਜ ਦੇ ਇਸ ਦੁਸ਼ਪ੍ਰਚਾਰ ਦਾ ਸਿਧਾਂਤਕ ਤੌਰ 'ਤੇ ਜਵਾਬ ਦਿੱਤਾ ਗਿਆ ਸੀ ਕਿ ਮਾਰਕਸਵਾਦੀ ਫਲਸਫ਼ਾ ਇੱਕ ਵਿਗਿਆਨਕ ਫਲਸਫ਼ਾ ਹੈ ਅਤੇ ਵਿਗਿਆਨ ਕਦੇ ਫੇਲ੍ਹ ਨਹੀਂ ਹੁੰਦਾ। ਵਿਗਿਆਨ ਹਮੇਸ਼ਾ ਖੋਜਾਂ 'ਤੇ ਆਧਾਰਤ ਤਰੱਕੀ ਕਰਦਾ ਹੈ। ਇਸ ਲਈ ਇਹ ਫਲਸਫ਼ਾ ਕਦੇ ਫੇਲ੍ਹ ਹੀ ਨਹੀਂ ਹੋ ਸਕਦਾ। ਇਸ ਨੂੰ ਲਾਗੂ ਕਰਨ ਵਾਲੀ ਮਸ਼ੀਨਰੀ 'ਚ ਕੋਈ ਘਾਟ ਹੋ ਸਕਦੀ ਹੈ। ਇਸ ਲਈ ਅੱਜ ਵੀ ਦੁਨੀਆ ਅੰਦਰ ਮੁਸ਼ਕਲਾਂ ਦੇ ਬਾਵਜੂਦ ਇਹ ਫਲਸਫ਼ਾ ਆਪਣਾ ਸਫ਼ਰ ਤੈਅ ਕਰਦਾ ਹੋਇਆ ਅੱਗੇ ਵਧ ਰਿਹਾ ਹੈ।

17ਵੀਂ ਬਰਸੀ ਦੇ ਮੌਕੇ 'ਤੇ ਸਮਾਜਵਾਦੀ ਕਿਊਬਾ ਦੇ ਭਾਰਤ ਵਿਚਲੇ ਰਾਜਦੂਤ ਵੀ ਕਾਮਰੇਡ ਸੁਰਜੀਤ ਹੁਰਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਹੁੰਚ ਰਹੇ ਹਨ। ਇਨ੍ਹਾਂ ਦੇ ਨਾਲ ਸੀ.ਪੀ.ਆਈ.(ਐੱਮ) ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਐੱਮ.ਏ.ਬੇਬੀ, ਪੋਲਿਟ ਬਿਊਰੋ ਮੈਂਬਰ ਕਾਮਰੇਡ ਨਿਲੋਤਪਾਲ ਬਾਸੂ, ਪੰਜਾਬ ਦੀਆਂ ਦੂਸਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਕਾਮਰੇਡ ਸੁਰਜੀਤ ਹੁਰਾਂ ਦੇ ਸ਼ੁੱਭਚਿੰਤਕ ਵੀ ਸ਼ਰਧਾਂਜਲੀ ਭੇਟ ਕਰਨਗੇ ਅਤੇ ਸਮਾਜਵਾਦੀ ਕਿਊਬਾ ਦੀ ਪੰਜਾਬ ਦੀ ਪਾਰਟੀ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਮਦਦ ਕੀਤੀ ਜਾਵੇਗੀ। ਸਮੂਹ ਪੰਜਾਬੀ ਤੇ ਦੇਸ਼ ਭਗਤ ਅਤੇ ਜਮਹੂਰੀਅਤ ਪਸੰਦ ਲੋਕ ਪਿੰਡ ਬੰਡਾਲਾ (ਮੰਜਕੀ) ਜ਼ਿਲ੍ਹਾ ਜਲੰਧਰ ਵਿਖੇ ਪਹੁੰਚ ਕੇ ਆਪਣੇ ਉਸ ਮਹਾਨ ਕਮਿਊਨਿਸਟ ਆਗੂ ਨੂੰ ਯਾਦ ਕਰਦੇ ਹੋਏ, ਲੁੱਟ ਰਹਿਤ ਰਾਜਸੀ ਪ੍ਰਬੰਧ ਦੀ ਸਥਾਪਤੀ ਦੇ ਵਾਸਤੇ ਅਹਿਦ ਕਰਨਗੇ ਅਤੇ ਉਦਾਰੀਕਰਨ, ਸੰਸਾਰੀਕਰਨ ਅਤੇ ਨਿੱਜੀਕਰਨ ਦੇ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦੇ ਨਾਲ-ਨਾਲ ਦੇਸ਼ ਅੰਦਰ ਫ਼ਿਰਕੂ, ਫਾਸ਼ੀਵਾਦੀ ਅਤੇ ਕਾਰਪੋਰੇਟ ਘਰਾਣਿਆਂ ਦੀ ਪ੍ਰਤੀਨਿਧਤਾ ਕਰਦੀ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਦੇ ਮਜ਼ਦੂਰਾਂ, ਕਿਸਾਨਾਂ, ਔਰਤਾਂ, ਦਲਿਤਾਂ ਅਤੇ ਘੱਟ-ਗਿਣਤੀਆਂ ਵਿਰੁੱਧ ਹੋ ਰਹੇ ਹਮਲਿਆਂ ਨੂੰ ਪਛਾੜਨ ਵਾਸਤੇ ਜਥੇਬੰਦ ਹੋਣ ਦੀ ਪ੍ਰਤਿੱਗਿਆ ਲੈਣਗੇ। ਆਓ, ਦੇਸ਼ ਦੇ ਜਮਹੂਰੀ, ਧਰਮਨਿਰਪੱਖ ਸਰੂਪ ਨੂੰ ਬਚਾਉਣ, ਦੇਸ਼ ਦੇ ਸੰਵਿਧਾਨ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਲੱਗ ਰਹੀ ਢਾਹ ਨੂੰ ਰੋਕਣ ਵਾਸਤੇ ਅੱਗੇ ਆਈਏ। ਇਹ ਹੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੁਰਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

**ਮੋਬਾਇਲ : 94170-44516**

## ਸਫ਼ਾ 1 ਦੀ ਬਾਕੀ — ਭੁਚਾਲ ਸਿਟੀ...

ਕੀਤਾ। ਅੱਜ ਡਰੋਨ ਤਬਾਹੀ ਦਾ ਸਿੰਬਲ ਬਣ ਗਿਆ ਹੈ।ਕੈਥੇਡਰਲ ਆਫ ਦੀ ਬਲੈਸਡ ਸੈਕਰਾਮੈਂਟ (ਚਰਚ) 12 ਫਰਵਰੀ 1905 ਨੂੰ ਲੋਕਾਂ ਵਾਸਤੇ ਖੋਲ੍ਹਿਆ ਗਿਆ।ਭੁਚਾਲ ਤੋਂ ਬਾਅਦ ਇਸ ਨੂੰ ਬੰਦ ਕਰ ਦਿੱਤਾ ਗਿਆ।ਚਰਚ ਦਾ ਮੱਥਾ ਅਤੇ ਦੋ ਵੱਡੀਆਂ ਘੰਟੀਆਂ ਡਿੱਗ ਗਈਆਂ ਸਨ।

ਕਾਰਟਰ ਦਾ ਘਰ ਇੱਕ ਪਹਾੜੀ ਦੀ ਚੋਟੀ 'ਤੇ ਸੀ ਅਤੇ ਉਸ ਨੇ ਬਾਗ ਵਿੱਚ ਇੱਕ ਬਹੁਤ ਹੀ ਵਧੀਆ ਸਟੀਲ ਦਾ ਵੱਡਾ ਚਮਕਦਾ, ਆਰਟ ਦਾ ਨਮੂਨਾ ਬਣਾਇਆ ਸੀ, ਜਿਹੜਾ 2011 ਦੇ ਭੁਚਾਲ ਵਿੱਚ ਉਸ ਦੇ ਮਲਬੇ ਦਾ ਢੇਰ ਬਣੇ ਘਰ ਵਿੱਚ ਗੁੰਮ ਹੋ ਗਿਆ। 2016 ਜਦੋਂ ਮਲਬਾ ਸਾਫ ਕੀਤਾ ਜਾ ਰਿਹਾ ਸੀ ਤਾਂ ਇੱਕ ਵਰਕਰ ਨੂੰ ਇੱਕ ਚਮਕਦੀ ਚੀਜ਼ ਦਿਖਾਈ ਦਿੱਤੀ। ਇਹ ਉਹ ਹੀ ਆਰਟ ਦਾ ਨਮੂਨਾ ਸੀ।ਬਿਜਾਏ ਇਸ ਦੇ ਕਿ ਇਸ ਨੂੰ ਸਕਰੈਪ ਵਿੱਚ ਵੇਚ ਦਿੱਤਾ ਜਾਂਦਾ।ਕੰਪਨੀ ਨੇ ਇਸ ਦੇ ਅਸਲ ਮਾਲਕ ਲੂੰ ਲੱਭਿਆ ਅਤੇ ਉਸ ਦੇ ਹਵਾਲੇ ਕਰ ਦਿੱਤਾ।

ਹੁਣ ਇੱਥੇ ਬਿਲਡਿੰਗਾਂ ਬਣਾਉਣ ਲਈ ਨਵੀਂ ਤਕਨੀਕ ਵਰਤੀ ਜਾਂਦੀ ਹੈ, ਜਿਸ ਨੂੰ ਬੇਸ ਆਸੋਲੇਸ਼ਨ ਕਹਿੰਦੇ ਹਨ।ਜਿਸ ਕਾਰਨ ਭੁਚਾਲ ਸਮੇਂ ਨੁਕਸਾਨ ਹੁੰਦਾ ਹੀ ਨਹੀਂ ਜਾਂ ਬਹੁਤ ਘੱਟ ਹੁੰਦਾ ਹੈ।ਜਦੋਂ ਬਿਲਡਿੰਗ ਸਿੱਧੀ ਜ਼ਮੀਨ 'ਤੇ ਬਣਾਈ ਜਾਂਦੀ ਹੈ ਤਾਂ ਭੁਚਾਲ ਸਮੇਂ ਬਿਲਡਿੰਗ ਹਿਲਦੀ ਹੈ ਅਤੇ ਨੁਕਸਾਨ ਬਹੁਤ ਜ਼ਿਆਦਾ ਹੁੰਦਾ ਹੈ ।ਇਹ ਵੈਸੇ ਤਾਂ ਭੁਚਾਲ ਸਮੇਂ ਹਿੱਲਦੀ ਹੀ ਨਹੀਂ ਜਾਂ ਬਹੁਤ ਘੱਟ ਹਿੱਲਦੀ ਹੈ।ਇਹ ਕਾਰ ਦੇ ਸਸਪੈਂਨਸ਼ਨ ਦੇ ਸਿਧਾਂਤ 'ਤੇ ਕੰਮ ਕਰਦੀ ਹੈ, ਜਿਵੇਂ ਕਾਰ ਦੇ ਸਸਪੈਨਸ਼ਨ, ਸਵਾਰੀ ਨੂੰ ਉੱਬੜ-ਖਾਬਣ ਰਸਤੇ 'ਤੇ ਚੱਲਦੇ ਸਮੇਂ ਸਵਾਰੀਆਂ ਨੂੰ ਡਿਗਣ ਨਹੀਂ ਦੇਂਦੇ, ਇਸੇ ਤਰ੍ਹਾਂ ਇਹ ਤਕਨੀਕ ਬਿਲਡਿੰਗ ਵਿੱਚ ਕੰਮ ਕਰਦੀ ਹੈ। ਕਰਾਈਸਟ ਚਰਚ ਦੇ ਘਰ ਅਤੇ ਹੋਰ ਬਿਲਡਿੰਗਾਂ ਸਿਰਫ ਦੋ ਮੰਜ਼ਲਾ ਹੀ ਹਨ। ਕੁੱਝ ਗਿਣਤੀ ਦੀਆਂ ਬਿਲਡਿੰਗਾਂ ਨੂੰ ਛੱਡ ਕੇ। ਕਰਾਈਸਟ ਚਰਚ ਜ਼ਨਾਨਾ ਹਸਪਤਾਲ ਦੀ ਬਿਲਡਿੰਗ 10 ਮੰਜ਼ਲੀ ਹੈ ਅਤੇ ਇਸ ਨੂੰ ਬਣਾਉਣ ਲਈ ਇਸ ਤਕਨੀਕ ਦੀ ਵਰਤੋਂ ਕੀਤੀ ਗਈ ਸੀ। 22 ਫਰਵਰੀ 2011 ਦੇ ਭੁਚਾਲ ਸਮੇਂ ਇਸ ਬਿਲਡਿੰਗ ਨੂੰ ਬਹੁਤ ਹੀ ਮਾਮੂਲੀ ਜਿਹਾ ਨੁਕਸਾਨ ਹੋਇਆ ਸੀ।

ਭੁਚਾਲ ਕਾਰਨ ਤਰਲੀਕਰਨ ਹੋਇਆ, ਜਿਸ ਕਾਰਨ ਪਾਣੀ ਦੇ ਬੁਲਬੁਲੇ ਬਣ ਗਏ।ਇੱਕ ਚੌਰਸ ਬਕਸੇ ਵਿੱਚ ਰੇਤ ਪਾਈ ਹੋਈ ਸੀ, ਜਦੋਂ ਸਵਿੱਚ ਦੱਬਿਆ ਤਾਂ ਰੇਤ ਵਿੱਚੋਂ ਪਾਣੀ ਦੇ ਬੁਲਬੁਲੇ ਬਣ-ਬਣ ਬਾਹਰ ਆਉਣੇ ਸ਼ੁਰੂ ਹੋ ਗਏ। ਇਹ ਤਰਲੀਕਰਨ ਕਾਰਨ ਸੀ।ਇਹ ਵਰਤਾਰਾ ਸੜਕਾਂ, ਪਾਰਕਾਂ, ਘਰਾਂ ਦੇ ਲਾਅਨ ਆਦਿ ਵਿੱਚ ਵਾਪਰਿਆ, ਜਿਸ ਕਾਰਨ ਭਾਰੀ ਨੁਕਸਾਨ ਹੋਇਆ।

ਉਸ ਸਮੇਂ ਵਿਨਟੇਜ਼ ਨੇ ਭੁਚਾਲ ਨਾਲ ਸੰਬੰਧਤ ਟੀ ਸ਼ਰਟਾਂ ਦਾ ਡਿਜ਼ਾਇਨ ਤਿਆਰ ਕੀਤਾ ਅਤੇ ਇਹ ਟੀ ਸ਼ਰਟਾਂ ਵੇਚ ਕੇ 125000 ਡਾਲਰ ਭੁਚਾਲ ਪੀੜਤਾਂ ਲਈ ਇਕੱਠੇ ਕੀਤੀ, ਜਦੋਂ ਤੁਸੀਂ ਇਹ ਸਭ ਕੁੱਝ ਵੇਖ ਕੇ ਵਾਪਸ ਮੁੜਦੇ ਹੋ ਤਾਂ ਤੁਹਾਨੂੰ ਜੁਰਾਬਾਂ ਪਈਆਂ ਦਿਖਾਈ ਦੇਣਗੀਆਂ। ਲਿਖਿਆ ਸੀ ਕਿ ਇਹਨਾਂ ਜੁਰਾਬਾਂ ਨੂੰ ਵੇਚ ਕੇ ਜੋ ਪੈਸੇ ਮਿਲਦੇ ਹਨ, ਉਹ ਇੱਕ ਰਲੀਫ ਫੰਡ ਵਿੱਚ ਜਮ੍ਹਾਂ ਹੁੰਦੇ ਹਨ ।ਇਹ ਫੰਡ ਜ਼ਰੂਰਤਮੰਦ ਲੋਕਾਂ ਦੀ ਮਦਦ ਵਾਸਤੇ ਵਰਤਿਆ ਜਾਂਦਾ ਹੈ।

ਨਿਊਜ਼ੀਲੈਂਡ ਪੁਲਸ ਦੇ ਫੋਟੋਗਰਾਫਰ ਮਲਬੇ ਥੱਲੇ ਦੱਬੇ ਲੋਕਾਂ ਦੀ ਪਛਾਣ ਲਈ ਕੰਮ ਕਰਦੇ ਰਹੇ ।ਇੱਥੇ ਮ੍ਰਿਤਕਾਂ ਦੀਆਂ ਫੋਟੋਆਂ ਵੀ ਲਗਾਈਆਂ ਗਈਆਂ ਹਨ।ਸ਼ਰਾਬ ਦੀ ਇੱਕ ਫੈਕਟਰੀ ਵਿੱਚ ਸ਼ਰਾਬ ਤਿਆਰ ਕੀਤੀ ਜਾ ਰਹੀ ਸੀ। ਉਸ ਸਮੇਂ ਵੱਡੇ ਭੁਚਾਲ ਤੋਂ ਬਾਅਦ ਇੱਕ 5'1 ਤੀਬਰਤਾ ਦਾ ਭੁਚਾਲ ਆਇਆ, ਜਿਸ ਕਾਰਨ 45 ਮਿੰਟ ਬਿਜਲੀ ਚਲੀ ਗਈ ਅਤੇ ਤਾਪਮਾਨ ਕੰਟਰੋਲ ਕਰਨ ਵਾਲਾ ਯੰਤਰ ਬੰਦ ਹੋ ਗਿਆ।ਇਸ ਨਾਲ ਫੈਕਟਰੀ ਦਾ ਕਾਫੀ ਨੁਕਸਾਨ ਹੋ ਸਕਦਾ ਸੀ, ਪਰ ਮਾਲਕ ਨੇ ਇਸ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ, ਕਿਉਂਕਿ ਬੀਅਰ ਆਮ ਨਾਲੋਂ ਜ਼ਿਆਦਾ ਸਟਰੌਂਗ ਹੋ ਗਈ ਸੀ, ਕਿਉਂਕਿ ਇਸ ਵਿੱਚ ਪਾਣੀ ਦੀ ਮਾਤਰਾ ਘਟ ਗਈ ਸੀ ਅਤੇ ਅਲਕੋਹਲ ਦੀ ਮਾਤਰਾ 7.1 ਪ੍ਰਤੀਸ਼ਤ ਹੋ ਗਈ।

ਇੱਕ ਵਾਰ ਟਿਕਟ ਲੈ ਕੇ ਤੁਸੀਂ ਕੁੱਝ ਸਮਾਂ ਇਹ ਸ਼ਹਿਰ ਵੇਖ ਕੇ ਬਾਹਰ ਜਾ ਸਕਦੇ ਹੋ ਅਤੇ ਖਾ-ਪੀ ਕੇ ਦੁਬਾਰਾ ਆ ਸਕਦੇ ਹੋ, ਪਰ ਮੈਂ ਥੱਕ ਚੁੱਕਾ ਸੀ, ਕੁਏਕ ਸਿਟੀ ਦੀਆਂ ਯਾਦਾਂ ਲੈ ਕੇ ਵਾਪਸ ਤੁਰ ਪਿਆ।

*ਮੋਬਾ. 0064274791038*

## ਸਫ਼ਾ 2 ਦੀ ਬਾਕੀ — ਖੇਤ, ਘਰ, ਰਹਿਤਲ ਅਤੇ ਪਿੰਡ ਦੀ ਮੌਤ...

ਜ਼ਿੰਦੜੀ ਦੀ ਭਾਲ 'ਚ ਸਣੇ ਪੈਸਾ ਪਰਾਈਆਂ ਧਰਤੀਆਂ ਨੂੰ ਅਜਿਹੀ ਉਡਾਰੀ ਮਾਰੀ ਕਿ ਮਾਪਿਆਂ ਨੂੰ ਧਨ ਦੀਆਂ ਪੰਡਾਂ ਵਾਲੀ ਮ੍ਰਿਗ-ਤ੍ਰਿਸ਼ਨਾ ਨੇ ਕਲਾਵਾ ਮਾਰ ਲਿਆ। ਫਿਰ ਸੰਸਾਰ 'ਚ ਮੰਦਵਾੜਾ ਛਾ ਗਿਆ। ਹਾਥੀ ਦੇ ਮਰਨ ਨਾਲ ਉਸ ਉੱਤੇ ਪਲਣ ਵਾਲੀਆਂ ਜੂੰਆਂ ਵੀ ਮਰਨ ਲੱਗੀਆਂ। ਫ਼ਜ਼ੂਲ ਖਰਚਿਆਂ ਅਤੇ ਅਖੌਤੀ ਸ਼ਾਨ ਦੀ ਡਗਰ ਹੁਣ ਇੱਕ-ਦੋ ਨਹੀਂ ਪੰਜ-ਪੰਜ ਕਿੱਲੇ ਨਿਗਲਣ ਲੱਗੀ। ਪਹਿਲਾਂ ਜ਼ਮੀਨ 'ਤੇ ਕੋਠੀ ਪੈਂਦੀ ਸੀ, ਫਿਰ ਕੋਠੀ 'ਤੇ ਜ਼ਮੀਨ ਪੈਣ ਲੱਗੀ। ਸਿੱਟਾ; ਹੁਣ ਕੋਠੀ ਵੀ ਖ਼ਤਰੇ ਵਿੱਚ ਹੈ ਅਤੇ ਬਚਦੀ ਪੈਲੀ ਵੀ।

ਬਾਠ ਕਹਿੰਦਾ, 'ਮੇਰੀ ਹੱਡ ਬੀਤੀ ਦੋ ਹਜ਼ਾਰ ਸੱਤ-ਅੱਠ ਦੀ ਹੈ। ਅਸੀਂ ਉਸ ਸਮੇਂ ਡਿੰਪਲ ਚੱਡੇ ਕੋਲ ਉਹਨਾਂ ਛੇ ਕਿੱਲਿਆ ਦਾ ਬਿਆਨਾ ਲੈ ਕੇ ਫਸ ਗਏ ਸਾਂ, ਜਿਹੜੇ ਸਦੀਆਂ ਤੋਂ ਸਾਡੇ ਸੰਯੁਕਤ ਟੱਬਰ ਨੂੰ ਪਾਲਦੇ ਆ ਰਹੇ ਸਨ। ਛੇਤੀ ਬਾਕੀ ਵੀ ਮਿਲ ਜਾਣੇ ਹਨ, ਦੀ ਗਿੱਦੜ ਝਾਕ ਵਿੱਚ ਪ੍ਰਾਪਤ ਰਕਮ ਟੋਹਰ-ਟੱਪਿਆਂ ਦੇ ਪੇਟੇ ਪੈਣ ਲੱਗੀ। ਚੱਡੇ ਨੇ ਬਿਆਨਾ ਰਕਮ ਦੀ ਆੜ ਵਿੱਚ ਹੀ ਰਸਤਿਆਂ ਦੀਆਂ ਲਕੀਰਾਂ ਖਿੱਚ ਕੇ ਕਲੋਨੀ ਕੱਟ ਦਿੱਤੀ ਅਤੇ ਗਾਹਕ ਉਡੀਕਣ ਲਈ ਵਿਚਾਲੇ ਤੰਬੂ ਗੱਡ ਕੇ ਵੱਡੀ ਫਲੈਕਸ ਵੀ ਲਾ ਦਿੱਤੀ, ਜਿਸ 'ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਹੂਲਤਾਂ ਉਕਰੀਆਂ ਹੋਈਆਂ ਸਨ।

ਮੰਦੇ ਨੇ ਵਿਰਲੇ-ਟਾਵੇਂ ਗਾਹਕ ਦੇ ਵੀ ਪੈਰ ਬੰਨ ਦਿੱਤੇ। ਸਾਡੇ ਪੱਲੇ ਵੀ ਮਸਾਂ ਬਿਆਨਾਂ ਹੀ ਪਿਆ ਹੋਇਆ ਸੀ। ਬੰਦ ਹੋ ਚੁੱਕੀ ਖੇਤੀ ਆਮਦਨ ਸਾਨੂੰ ਭੰਬੂ-ਤਾਰੇ ਵਿਖਾਉਣ ਲੱਗ ਪਈ, ਘਰ 'ਚ ਕਲੇਸ਼ ਪੈ ਗਿਆ। ਨਾ ਪਲਾਟ ਵਿਕਣ, ਨਾ ਉਹ ਪੈਸੇ ਦੇਣ ਵਿੱਚ ਆਵੇ। ਦਹਾਕਾ ਭਰ ਧੱਕੇ ਖਾ ਕੇ, ਪਹਿਲਾਂ ਸਰਕਾਰੇ-ਦਰਬਾਰੇ ਤੇ ਅੱਕ-ਹਾਰ ਕੋਰਟ-ਕਚਹਿਰੀ ਜਾ ਵੜੇ। ਸਿਰੇ ਦੀ ਖੱਜਲ-ਖੁਆਰੀ ਉਪਰੰਤ ਜਾਂਦੇ ਚੋਰ ਦੀ ਲੰਗੋਟੀ ਹੀ ਹੱਥ ਆਈ। ਚੱਡਾ ਵੀ 'ਮਗਰਮੱਛ ਦੇ ਹੰਝੂ' ਵਹਾਈ ਜਾਂਦਾ ਸੀ। ਉਸ ਦੀਆਂ ਤੇ ਉਸ ਵਰਗੇ ਕਈ ਹੋਰਾਂ ਦੀਆਂ ਛੋਟੀਆਂ-ਵੱਡੀਆਂ ਸਭ 'ਕਲੋਨੀਆਂ' ਭਾਂਅ-ਭਾਂਅ ਕਰ ਰਹੀਆਂ ਸਨ। ਹੁਣ ਸੋਚਦਾ, ਜੇ ਸਿਰਜ ਦਿੱਤੇ ਗਏ ਭਰਮ 'ਚ ਨਾ ਆਉਂਦੇ ਤਾਂ ਪਿੰਡ ਵੀ ਬਚਿਆ ਰਹਿਣਾ ਸੀ ਅਤੇ ਸਾਡਾ ਘਰ ਵੀ।

ਦਰ-ਹਕੀਕਤ; ਚੱਡੇ ਵਰਗੇ ਕਲੋਨੀਆਈਜ਼ਰਾਂ ਨੇ ਮੋਗੇ (ਤੇ ਉਸ ਵਰਗੇ ਸ਼ਹਿਰਾਂ) ਦੇ ਆਲੇ-ਦੁਆਲੇ ਦਾ ਸੱਤਿਆਨਾਸ਼ ਕਰ ਦਿੱਤਾ ਸੀ/ ਹੈ। ਦੋ-ਦੋ ਕਿੱਲੇ ਵਿੱਚ ਵੀ ਅਖੌਤੀ ਸਹੂਲਤਮਈ ਕਲੋਨੀ, ਜਿਹਨਾਂ 'ਚੋਂ ਬਹੁਤਿਆਂ ਨੂੰ ਕੋਈ ਢੁੱਕਵਾਂ ਰਾਹ-ਖੇੜਾ ਵੀ ਨਹੀਂ, ਕੱਟੀ ਪਈ ਹੈ। ਖੇਤਾਂ 'ਚ ਬੀਜ ਦੀ ਬਜਾਏ, ਕੰਕਰੀਟ ਬੀਜਿਆ ਜਾ ਰਿਹਾ ਹੈ। ਕੰਡਿਆਲੀਆਂ ਵਾੜਾਂ ਅਤੇ ਖਿੱਲਰੀ ਰੋੜੀ ਵਾਲੇ ਰਸਤਿਆਂ ਹੇਠ ਸਬਜ਼ ਖੇਤ ਕਰਾਹ ਰਹੇ ਹਨ। ਪਤਾ ਨਹੀਂ ਕੀ ਵਾਪਰਨਾ, ਮੋਗਾ ਬਰਫ ਦੇ ਡਲੇ ਵਾਂਗ ਪਿਘਲ ਕੇ ਚੁਫੇਰੇ ਵਗਣ ਲੱਗ ਪਿਆ ਹੈ, ਜਿਸ ਨੇ ਅਜੀਤਵਾਲ, ਘੱਲਾਂ, ਸਿੰਘਾਂਵਾਲਾ, ਈਸੇ ਖਾਂ ਕੋਟ ਵੱਲ ਦੇ ਪਿੰਡ ਸਲ੍ਹਾਬ ਦਿੱਤੇ ਹਨ। ਕੁਝ ਵਰ੍ਹਿਆਂ ਤਾਂਈ ਇਸ ਨੇ ਹੋਰ ਕਿੰਨੇ ਕੁ ਪਿੰਡਾਂ ਨੂੰ ਨਿਗਲ ਜਾਣਾ ਹੈ, ਕੋਈ ਨਹੀਂ ਜਾਣਦਾ।

ਅਖੀਰ 'ਚ ਮੈਂ ਚਿੰਤਕ ਮਨਪ੍ਰੀਤ ਜਸ ਦੇ ਸ਼ਬਦਾਂ ਨੂੰ, ਸੰਖੇਪ 'ਚ ਕੋਟ ਕੀਤੇ ਬਿਨਾਂ ਨਹੀਂ ਰਹਿ ਸਕਦਾ, 'ਪੈਸਾ ਆਪਣੇ ਆਪ 'ਚ ਕੋਈ ਕਰਾਮਾਤੀ ਸ਼ੈਅ ਨਹੀਂ ਹੈ। ਇਹ ਚਾਹੇ ਅਰਬਾਂ ਵਿੱਚ ਵੀ ਹੋਵੇ ਜੇਕਰ ਇਹ ਪੂੰਜੀ 'ਚ ਬਦਲ ਕੇ ਕਾਰੋਬਾਰ ਤੇ ਰੁਜ਼ਗਾਰ ਪੈਦਾ ਨਹੀਂ ਕਰਦਾ ਜਾਂ ਪੈਦਾਵਾਰ ਦਾ ਬਦਲਵਾਂ ਰਾਹ ਨਹੀਂ ਅਖਤਿਆਰ ਕਰਦਾ ਤਾਂ ਇਹ ਆਤਮਘਾਤੀ ਬਣ ਜਾਂਦਾ ਹੈ। ਵਿਅਕਤੀ ਲਈ ਵੀ ਤੇ ਸਮਾਜ ਲਈ ਵੀ। ਜਿਹਨਾਂ ਨੂੰ ਵੀ ਇਹ ਲੱਗਦਾ ਹੈ ਕਿ ਕਰੋੜਾਂ ਦਾ ਕਿੱਲਾ ਵੇਚ ਕੇ ਬੰਦੇ ਅਮੀਰ ਹੋ ਸਕਦੇ ਨੇ, ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਅਮੀਰੀ ਮਹਿਜ਼ ਥੋੜ੍ਹ ਚਿਰੀ ਹੀ ਹੋਵੇਗੀ। ਅਜਿਹੀ ਰਕਮ ਨੂੰ, ਵਿਰਲਿਆਂ ਤੋਂ ਬਿਨਾਂ, ਬਹੁਤਿਆਂ ਐਸ਼ੋ ਇਸ਼ਰਤ 'ਤੇ ਹੀ ਖਰਚ ਕਰ ਦੇਣਾ ਹੈ। ਕਈਆਂ, ਵਿਹਲ ਕਾਰਨ ਮਿਲੀ ਬੋਰੀਅਤ ਭਰਨ ਲਈ ਮਾੜੇ ਕ੍ਰਮ ਅਤੇ ਨਸ਼ਿਆਂ ਵਰਗੀਆਂ ਅਲਾਮਤਾਂ 'ਚ ਗਲਤਾਨ ਹੋ ਜਾਣਾ ਹੈ। ਦਰ-ਹਕੀਕਤ; ਜਦੋਂ ਮੁਲਕ ਭਰ ਦੀ ਸਨਅਤ ਅਤੇ ਖੇਤੀ, ਹਾਕਮ ਜਮਾਤਾਂ ਦੀਆਂ ਨੀਤੀਆਂ-ਬਦਨੀਤੀਆਂ ਕਾਰਨ, ਤਬਾਹੀ ਹੇਠ ਹੈ ਤਾਂ ਇਹ ਪੈਸਾ (ਅਤੇ ਯੋਜਨਾਵਾਂ) ਅਸਲ 'ਚ ਆਤਮਘਾਤੀ ਛਲਾਵਾ ਹੈ। ਇਸ ਨੇ ਸੂਬੇ ਅਤੇ ਦੇਸ਼ ਦੀ ਖੇਤੀ ਆਰਥਿਕਤਾ, ਲੋਕਾਂ ਅਤੇ ਨਿਜ਼ਾਮ ਨੂੰ ਅਜਿਹਾ ਡੋਬੂ ਦੇਣਾ ਹੈ, ਜਿਸ ਵਿੱਚੋਂ ਉਹ ਕਦੇ ਵੀ ਨਹੀਂ ਨਿਕਲ ਸਕਣਗੇ।'

ਮੁੱਕਦੀ ਗੱਲ; ਆਪ ਵਾਲਿਆਂ ਦੀ ਲੈਂਡ-ਪੂਲਿੰਗ ਤੋਂ ਪਹਿਲਾਂ ਅਕਾਲੀਆਂ-ਭਾਜਪਾ ਅਤੇ ਕਾਂਗਰਸੀਆਂ ਨੇ ਰੀਅਲ ਅਸਟੇਟਾਂ ਤਹਿਤ ਤਰੱਕੀ ਦੀ ਬੜੀ ਫੜ੍ਹ ਮਾਰੀ ਸੀ। ਕੋਈ ਤਰੱਕੀ ਨਹੀਂ ਹੋਈ, ਜੇ ਤਰੱਕੀ ਹੋਈ ਹੈ ਤਾਂ ਲੀਡਰਾਂ , ਦਲਾਲਾਂ, ਧਨ ਕੁਬੇਰਾਂ, ਅਫਸਰਸ਼ਾਹੀ ਅਤੇ ਕੋਰਟ-ਕਚਹਿਰੀਆਂ ਦੀ ਹੋਈ ਹੈ। ਪਿੰਡ ਉਜੜ ਰਹੇ ਹਨ। ਖੇਤੀ, ਪੰਜਾਬ ਦੀ ਸਾਹ ਰਗ ਹੈ, ਖੇਤ ਬਚਣਗੇ ਤਾਂ ਪਿੰਡ ਬਚਣਗੇ। ਪਿੰਡ ਬਚਣਗੇ ਤਾਂ ਭਾਰਤ ਬਚੇਗਾ, ਭਾਰਤ ਜੋ ਪਿੰਡਾਂ ਦਾ ਦੇਸ਼ ਹੈ।

**ਸੰਪਰਕ 94634—39075**

# ਮਮਦਾਨੀ ਦੀ ਨਿਊ ਯਾਰਕ ਦੇ ਮੇਅਰ ਵਜੋਂ ਜਿੱਤ ਤੇ ਟਰੰਪ ਮੁਲਾਕਾਤ

**ਸਵਰਨ ਧਾਲੀਵਾਲ ਮਧੇਕੇ**

ਜ਼ੋਹਰਾਨ ਮਮਦਾਨੀ 'ਤੇ ਮੇਰਾ ਲੇਖ ਪਹਿਲਾਂ ਵੀ ਛਪ ਚੁੱਕਾ ਹੈ । ਉਸ ਵਿੱਚ ਮਮਦਾਨੀ ਦੇ ਪਿਛੋਕੜ ਬਾਰੇ ਤੇ ਮਮਦਾਨੀ ਦੀਆਂ ਚਰਚਿਤ ਸਰਗਰਮੀਆਂ ਬਾਰੇ ਚਰਚਾ ਹੋਈ ਸੀ। ਹੁਣ ਮਮਦਾਨੀ ਨਿਊਯਾਰਕ ਸਿਟੀ ਦੇ ਮੇਅਰ ਚੁਣੇ ਜਾ ਚੁੱਕੇ ਹਨ । ਉਨ੍ਹਾਂ ਦੀ ਜਿੱਤ ਬੜੀ ਹੈਰਾਨੀ ਵਾਲੀ ਜਿੱਤ ਹੈ । ਉਨ੍ਹਾਂ ਤੋਂ ਪ੍ਰਾਇਮਰੀ ਚੋਣਾਂ ਵਿੱਚ ਹਾਰੇ ਹੋਏ ਉਮੀਦਵਾਰ ਜੋ ਕਿ ਸਾਬਕਾ ਗਵਰਨਰ ਸਨ । ਜੋ ਕਿ ਮਮਦਾਨੀ ਵਾਲੀ ਡੈਮੋਕਰੇਟਿਕ ਪਾਰਟੀ ਨਾਲ ਸੰਬੰਧਤ ਸਨ, ਅਜ਼ਾਦ ਉਮੀਦਵਾਰ ਵਜੋਂ ਮੈਦਾਨ ਵਿੱਚ ਉੱਤਰੇ ਸਨ । ਉਨ੍ਹਾਂ ਨੂੰ ਰਾਸ਼ਟਰਪਤੀ ਟਰੰਪ ਦਾ ਸਮਰਥਨ ਵੀ ਪ੍ਰਾਪਤ ਸੀ, ਮਮਦਾਨੀ ਅੱਗੇ ਟਿਕ ਨਹੀਂ ਸਕੇ ਅਤੇ ਮਮਦਾਨੀ ਹੱਥੋਂ ਹਾਰ ਗਏ । ਟਰੰਪ ਦੇ ਸਭ ਭੰਡੀ ਪ੍ਰਚਾਰ, ਜਾਤੀਵਾਦੀ ਟਿੱਪਣੀਆਂ, ਇੱਥੋਂ ਤੱਕ ਕਿ ਉਸ ਨੂੰ ਕਮਿਊਨਿਸਟ, ਸਮਾਜਵਾਦੀ ਕਹਿ ਕੇ ਭੰਡਣ ਦੀ ਕੋਸ਼ਿਸ਼ ਕੀਤੀ ਗਈ । ਸਭ ਧਨ-ਦੌਲਤਾਂ ਦੇ ਮੂੰਹ ਟਰੰਪ ਅਤੇ ਹੋਰ ਕਾਰਪੋਰੇਟ ਘਰਾਣਿਆਂ ਵੱਲੋਂ ਖੋਲ੍ਹਣ ਦੇ ਬਾਵਜੂਦ ਮਮਦਾਨੀ ਨੂੰ ਹਰਾ ਨਾ ਸਕੇ । ਮਮਦਾਨੀ ਨੂੰ ਮੁਸਲਿਮ ਉਮੀਦਵਾਰ ਹੋਣ ਦੇ ਬਾਵਜੂਦ ਜਿਵੇਂ ਇਸਰਾਈਲੀ ਯਹੂਦੀਆਂ ਦੇ ਨਾਲ-ਨਾਲ ਹੋਰ ਸਾਰੇ ਧਰਮਾਂ ਦੇ ਲੋਕਾਂ ਨੇ ਸਮਰਥਨ ਦਿੱਤਾ, ਉਹ ਬਾ-ਕਮਾਲ ਸੀ । ਚੋਣ ਪ੍ਰਚਾਰ ਦੌਰਾਨ ਟੀਮ ਟਰੰਪ ਉਸ ਨੂੰ ਜਹਾਦੀ ਕਹਿ ਰਹੀ ਸੀ, ਨਿਊਯਾਰਕ ਸਿਟੀ ਬਾਰੇ ਇਸਲਾਮੀਕਰਨ ਕਰਨ ਦੀ ਗੱਲ ਕਹਿ ਰਹੀ ਸੀ ।ਮਮਦਾਨੀ ਦੀ ਜਿੱਤ ਨੇ ਟਰੰਪ ਸਮੇਤ ਕਾਰਪੋਰੇਟਾਂ ਨੂੰ ਸੱਤਾ ਵਿੱਚ ਹੋਣ ਦੇ ਬਾਵਜੂਦ ਨਿਊਯਾਰਕ ਦੇ ਲੋਕਾਂ ਨੇ ਸੱਜੇ ਪੱਖੀ ਪਾਰਟੀਆਂ ਨੂੰ ਹਰਾ ਕੇ ਮਮਦਾਨੀ ਨੂੰ ਜਿਤਾ ਕੇ ਉਨ੍ਹਾਂ ਦੀ ਔਕਾਤ ਵਿਖਾ ਦਿੱਤੀ । ਪਿਛਲੇ ਦਿਨੀਂ ਅਮਰੀਕਾ ਦੀ ਸੰਸਦ ਵਿੱਚ ਸੋਸਲਿਸਟ ਸ਼ਬਦ ਸੰਬੰਧੀ ਚਰਚਾ ਹੋਈ ਅਤੇ ਉਸ ਦੀ ਨਿੰਦਾ ਕੀਤੀ ਗਈ, ਕਿਹਾ ਗਿਆ ਕਿ ਸੋਸਲਿਸਟ ਹੋਣਾ ਹੀ ਆਪਣੇ-ਆਪ ਵਿੱਚ ਗਲਤ ਹੈ ।ਕਮਿਊਨਿਸਟ ਜਾਂ ਸੋਸਲਿਸਟ ਹੋਣ ਦਾ ਮਤਲਬ ਹੁੰਦਾ ਹੈ, ਜੋ ਸਭ ਦੇ ਸਾਂਝੇ ਹਿੱਤਾਂ ਦੀ ਗੱਲ ਕਰੇ, ਸਭ ਨੂੰ ਬਰਾਬਰ ਸਮਝੇ । ਗਰੀਬ ਅਤੀ ਗਰੀਬ ਦੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ, ਕਿਉਂਕਿ ਅਮਰੀਕੀ ਸਿਸਟਮ ਹਮੇਸ਼ਾ ਅਮੀਰ ਪੱਖੀ ਨੀਤੀਆਂ ਵਿੱਚ ਵਿਸ਼ਵਾਸ ਰੱਖਦਾ ਹੈ । ਜੋ ਹਥਿਆਰਾਂ ਦੇ ਸੌਦਾਗਰਾਂ ਅਤੇ ਐਲਨ ਮਸਕ ਵਰਗੇ ਅਮੀਰਾਂ ਦੀਆਂ ਗੋਗੜਾਂ ਹੋਰ ਮੋਟੀਆਂ ਕਰਦਾ ਹੈ ।ਅਮਰੀਕਾ ਜੋ ਆਮ ਲੋਕਾਂ ਵਾਸਤੇ ਆਸ ਦੀ ਕਿਰਨ ਵਜੋਂ ਜਾਣਿਆ ਜਾਂਦਾ ਸੀ, ਉੱਥੇ ਬੇਘਰੇ (ਹੋਮ ਲੈਸ) ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ । ਆਮ ਲੋਕਾਂ ਦਾ 2-2 ਨੌਕਰੀਆਂ ਕਰਕੇ ਵੀ ਗੁਜ਼ਾਰਾ ਮੁਸ਼ਕਲ ਹੋ ਰਿਹਾ ਹੈ, ਮਮਦਾਨੀ ਨੇ ਬੱਸ ਟਿਕਟ ਸਸਤੀ ਕਰਨਾ, ਘਰਾਂ ਦੇ ਕਿਰਾਏ ਆਦਿ ਇਨ੍ਹਾਂ ਸਮੱਸਿਆਵਾਂ ਨੂੰ ਹੀ ਮੁੱਦਾ ਬਣਾਇਆ ਸੀ ।ਅਚਾਨਕ ਖ਼ਬਰ ਆਈ ਕਿ ਮਮਦਾਨੀ ਨੂੰ ਟਰੰਪ ਨੇ ਮੁਲਾਕਾਤ ਲਈ ਬੁਲਾਇਆ ਹੈ । ਟਰੰਪ ਦੇ ਸੱਦੇ 'ਤੇ ਮਮਦਾਨੀ ਪਹੁੰਚ ਗਏ ਟਰੰਪ ਨੂੰ ਮਿਲਣ ਲਈ। ਮਿਲਣੀ ਤੋਂ ਬਾਅਦ ਪ੍ਰੈੱਸ ਕਾਨਫਰੰਸ ਦੌਰਾਨ ਮਮਦਾਨੀ ਖੜੇ ਨਜ਼ਰ ਆਏ ਅਤੇ ਟਰੰਪ ਬੈਠੇ ਹੋਏ ਸਨ, ਜੋ ਕਿ ਇੱਕ ਪ੍ਰੋਟੋਕੋਲ ਹੈ ।ਮੱਤਭੇਦਾਂ ਦੇ ਬਾਵਜੂਦ ਟਰੰਪ ਮਮਦਾਨੀ ਦੀ ਤਾਰੀਫ ਕਰਦੇ ਨਜ਼ਰ ਆਏ ਕਹਿ ਰਹੇ ਸਨ ਕਿ ਜਿਸ ਤਰ੍ਹਾਂ ਮੈਂ ਸੋਚਿਆ ਸੀ, ਉਸ ਨਾਲੋਂ ਕਿਤੇ ਜ਼ਿਆਦਾ ਸਾਡੀ ਵੱਖ- ਵੱਖ ਮੁੱਦਿਆਂ 'ਤੇ ਸਹਿਮਤੀ ਹੈ । ਜਦੋਂ ਪੱਤਰਕਾਰਾਂ ਨੇ ਟਰੰਪ ਨੂੰ ਪੁੱਛਿਆ ਕਿ ਤੁਸੀਂ ਮਮਦਾਨੀ ਨੂੰ ਹੁਣ ਵੀ ਜੇਹਾਦੀ ਕਹੋਗੇ ਤਾਂ ਟਰੰਪ ਨੇ ਸ਼ਰਮਾਉਂਦੇ ਹੋਏ ਕਿਹਾ ਕਿ ਨਹੀਂ, ਹੁਣ ਮੈਂ ਮਮਦਾਨੀ ਨੂੰ ਜੇਹਾਦੀ ਨਹੀਂ ਕਹਾਂਗਾ ।ਜਦੋਂ ਪੱਤਰਕਾਰਾਂ ਨੇ ਮਮਦਾਨੀ ਨੂੰ ਪੁੱਛਿਆ ਕਿ ਤੁਸੀਂ ਟਰੰਪ ਨੂੰ ਫਾਸ਼ਿਸਟ ਕਹੋਗੇ ਤਾਂ ਮਮਦਾਨੀ ਨੇ ਕਿਹਾ, ਹਾਂ । ਜੋ ਰਾਸ਼ਟਰਪਤੀ ਟਰੰਪ ਕਹਿੰਦੇ ਸਨ ਕਿ ਮੈਂ ਨਿਊਯਾਰਕ ਸਿਟੀ ਨੂੰ ਕੋਈ ਫੰਡ ਨਹੀਂ ਦਿਉਗਾ, ਉਹ ਬਦਲੇ-ਬਦਲੇ ਨਜ਼ਰ ਆਏ ਅਤੇ ਉਨ੍ਹਾਂ ਕਿਹਾ ਕਿ ਮੈਂ ਸਿਟੀ ਦੇ ਵਿਕਾਸ ਵਾਸਤੇ ਪੂਰੀ ਮਦਦ ਕਰਾਂਗਾ, ਕੋਈ ਮੁਸ਼ਕਲ ਖੜ੍ਹੀ ਨਹੀਂ ਹੋਵੇਗੀ ।ਪੱਤਰਕਾਰਾਂ ਨੇ ਨੇਤਾਵਾਂ ਤੋਂ ਮੁਸ਼ਕਲ ਤੋਂ ਮੁਸ਼ਕਲ ਸਵਾਲ ਪੁੱਛੇ, ਪਰ ਪੱਤਰਕਾਰ ਦੋਵਾਂ ਨੇਤਾਵਾਂ ਤੋਂ ਅਜਿਹਾ ਕੁਝ ਵੀ ਨਹੀਂ ਕਹਾ ਸਕੇ, ਜਿਸ ਤੋਂ ਲੋਕਾਂ ਵਿੱਚ ਇਹ ਪਰਭਾਵ ਜਾਂਦਾ ਕਿ ਦੋਵੇਂ ਨੇਤਾ ਆਪਸ ਵਿੱਚ ਟਕਰਾਅ ਗਏ। ਸਮਝਣ ਵਾਲੀ ਗੱਲ ਇਹ ਹੈ ਕਿ ਟਰੰਪ ਦੀ ਸ਼ਾਖ ਲੋਕਾਂ ਵਿੱਚ ਘਟਦੀ ਜਾ ਰਹੀ ਹੈ, ਕਿਉਂਕਿ ਅਮਰੀਕਾ ਲਗਾਤਾਰ ਕਰਜ਼ਾਈ ਹੋ ਰਿਹਾ ਹੈ । ਜੇਕਰ ਮਮਦਾਨੀ ਨਿਊਯਾਰਕ ਸਿਟੀ ਦੇ ਮੇਅਰ ਦੇ ਰੂਪ ਵਿੱਚ ਲੋਕਾਂ ਨੂੰ ਕਾਰਪੋਰੇਟੀ ਮਾਡਲ ਤੋਂ ਵੱਖਰਾ ਸਮਾਜਵਾਦੀ ਸਿਸਟਮ ਦੇਣ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਕੋਈ ਪਤਾ ਨਹੀਂ ਲੱਗਦਾ ਕਿ ਇਹ ਸਮਾਜ ਭਲਾਈ ਵਾਲੀ ਵਿਚਾਰਧਾਰਾ ਸਾਰੇ ਅਮਰੀਕੀ ਨਾਗਰਿਕਾਂ ਲਈ ਬਹੁਤ ਵੱਡਾ ਮੁੱਦਾ ਬਣ ਜਾਵੇ, ਕਿਉਂਕਿ ਜਿਸ ਤਰ੍ਹਾਂ ਦੇ ਮਾੜੇ ਹਾਲਾਤ ਦੁਨੀਆ ਵਿੱਚ ਬਣ ਰਹੇ ਹਨ, ਬਹੁਤੇ ਲੋਕ ਡਿਪਰੈਸ਼ਨ ਕਾਰਨ ਅਤੇ ਵਧੇਰੇ ਵਰਕ ਲੋਡ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹਨ। ਕੋਈ ਪਤਾ ਲੱਗਦਾ ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਵਿੱਚ ਤਾਂ ਕਮਿਊਨਿਸਟ ਪਾਰਟੀ ਜਿੱਤ ਗਈ ਹੈ । ਸ੍ਰੀਲੰਕਾ ਵਿੱਚ ਤਾਂ ਜ਼ੈੱਨ ਜੀ ਅਤੇ ਹੋਰ ਲੋਕਾਂ ਨੇ ਕਮਿਊਨਿਸਟ ਪਾਰਟੀ ਦੇ ਰਾਸ਼ਟਰਪਤੀ ਉਮੀਦਵਾਰ ਨੂੰ ਬਹੁਤ ਵੱਡਾ ਬਹੁਮਤ ਦੇ ਕੇ ਜਿਤਾਇਆ ਹੈ । ਪਾਰਲੀਮੈਂਟ ਵਿੱਚ ਵੀ ਸ੍ਰੀਲੰਕਾ ਦੇ ਲੋਕਾਂ ਨੇ ਮਮਦਾਨੀ ਦੀ ਸੋਸਲਿਸਟ ਵਿਚਾਰਧਾਰਾ ਨੂੰ ਬਹੁਤ ਵੱਡੇ ਬਹੁਮਤ ਨਾਲ ਚੁਣਿਆ ਹੈ, ਕਿਉਂਕਿ ਸ੍ਰੀਲੰਕਾ ਵੀ ਅਮਰੀਕਾ ਵਾਂਗ ਬਹੁਤ ਵੱਡਾ ਕਰਜ਼ਾਈ ਹੋ ਗਿਆ ਸੀ । ਦੁਨੀਆ ਵਿੱਚ ਬਹੁਤ ਸਾਰੇ ਲੋਕਾਂ ਦੀ ਆਰਥਿਕ ਸਥਿਤੀ ਬਹੁਤੀ ਚੰਗੀ ਨਹੀਂ ਹੈ । ਜਿਸ ਤਰ੍ਹਾਂ ਲੋਕ ਕਾਣੀ ਵੰਡ ਦਾ ਸ਼ਿਕਾਰ ਹੋ ਰਹੇ ਹਨ, ਮੁੱਠੀ ਭਰ ਅਮੀਰਾਂ ਕੋਲ 80,90 ਫੀਸਦੀ ਪੈਸਾ ਅਤੇ 90 ਫੀਸਦੀ ਲੋਕਾਂ ਕੋਲ 10 ਫੀਸਦੀ ਪੈਸੇ ਕਾਰਨ ਇਹ ਆਰਥਿਕ ਨਾ-ਬਰਾਬਰੀ ਕਿਸੇ ਵੱਡੀ ਕ੍ਰਾਂਤੀ ਨੂੰ ਜਨਮ ਦੇ ਸਕਦੀ ਹੈ । ਹੋ ਸਕਦਾ ਕਿ ਮਮਦਾਨੀ ਵਰਗੇ ਜ਼ੈੱਨ ਜੀ ਨੌਜਵਾਨ ਹੀ ਕਿਸੇ ਵੱਡੇ ਬਦਲਾਂ ਦੀ ਅਗਵਾਈ ਕਰਨ। ਅਖੀਰ ਵਿੱਚ ਮੈਂ ਕਹਾਂਗਾ ਕਿ ਮਮਦਾਨੀ ਬੇਸ਼ੱਕ ਕਮਿਊਨਿਸਟ ਨਹੀਂ ਵੀ ਹੈ ਜਾਂ ਹੈ, ਪਰ ਟਰੰਪ ਨੇ ਉਸ ਨੂੰ ਇੱਕ ਕਮਿਊਨਿਸਟ ਵਜੋਂ ਪ੍ਰਚਾਰ ਕੇ ਮਸ਼ਹੂਰ ਕਰ ਦਿੱਤਾ ਹੈ । ਜੇ ਮੈਂ ਮਮਦਾਨੀ ਬਾਰੇ ਕੁਝ ਕਹਾਂ ਤਾਂ ਮਮਦਾਨੀ ਦਾ ਪਿਛੋਕੜ ਗੁਜਰਾਤੀ ਹੈ ਅਤੇ ਉਹ ਪਿਛੋਕੜ ਤੋਂ ਭਾਰਤੀ ਹੈ ਤਾਂ ਅਸੀਂ ਸਾਰੇ ਉਸ ਦੀ ਕਾਮਯਾਬੀ ਦੀ ਕਾਮਨਾ ਕਰਦੇ ਹਾਂ । ਇਸ ਨੌਜਵਾਨ ਤੋਂ ਬਹੁਤ ਵੱਡੀਆਂ ਉਮੀਦਾਂ ਹਨ ਕਿ ਉਹ ਲੋਕਾਂ ਪੱਖੀ ਨੀਤੀਆਂ ਨਾਲ ਨਿਊਯਾਰਕ ਦੇ ਲੋਕਾਂ ਦੇ ਮਨ ਜਿੱਤ ਕੇ ਭਾਰਤ ਦਾ ਮਾਣ ਦੁਨੀਆ 'ਚ ਵਧਾਏਗਾ ।

**ਮੋਬਾਈਲ** +15875817472

## ਸਫ਼ਾ 3 ਦੀ ਬਾਕੀ — ਸਵੈ-ਜੀਵਨੀ ਮੂਲਕ ਬਿਰਤਾਂਤਕਾਰੀ...

ਇਸ ਪੁਸਤਕ ਵਿੱਚ ਸ਼ਾਮਲ ਕੀਤਾ ਹੈ। ਤਸਵੀਰਾਂ ਨਾਲ ਜੇ ਕੈਪਸ਼ਨਾਂ ਵੀ ਲਗਾ ਦਿੱਤੀਆਂ ਜਾਂਦੀਆਂ ਤਾਂ ਤਸਵੀਰਾਂ ਦਾ ਪ੍ਰਭਾਵ ਵਧ ਸਕਦਾ ਸੀ। ਏਨਾ ਜ਼ਰੂਰ ਹੈ ਕਿ ਅਜਿਹਾ ਕਰਨ ਨਾਲ ਮਿਹਨਤ ਤੇ ਸਮਾਂ ਹੋਰ ਵੱਧ ਲੱਗਣਾ ਸੀ। ਪੁਸਤਕ ਦੇ ਪੰਨੇ ਵਧ ਸਕਦੇ ਸਨ ਤੇ ਪੁਸਤਕ 'ਤੇ ਆਉਣ ਵਾਲਾ ਖਰਚਾ ਵੀ ਵਧ ਜਾਣਾ ਸੀ, ਪਰ ਤਸਵੀਰਾਂ ਨੇ ਹੋਰ ਚੰਗਾ ਅਸਰ ਵਿਖਾਉਣਾ ਸੀ।

ਮਨੁੱਖ ਦਾ ਜੀਵਨ ਅਨੇਕ ਘਟਨਾਵਾਂ, ਔਖ-ਸੌਖ, ਉਤਰਾਵਾਂ-ਚੜ੍ਹਾਵਾਂ, ਖੁਸ਼ੀਆਂ-ਗ਼ਮੀਆਂ ਆਦਿ ਨਾਲ ਭਰਪੂਰ ਹੁੰਦਾ ਹੈ। ਸਵੈ ਜੀਵਨੀ ਲਿਖਦਿਆਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੁੰਦੀ ਹੈ ਕਿ ਸਾਹਿਤ/ਕਲਾ ਕਿਰਤ ਵਿੱਚ ਜੀਵਨ ਦੇ ਉਸੇ ਅਨੁਭਾਗ/ਘਟਨਾ ਨੂੰ ਹੀ ਸ਼ਾਮਲ ਕੀਤਾ ਜਾਵੇ, ਜੋ ਸਾਹਿਤ/ਕਲਾ ਕਿਰਤ ਵਿੱਚ ਪੇਸ਼ ਕਰਨ ਯੋਗ ਹੋਵੇ। ਇਥੇ ਲੋੜੀਂਦੇ/ਜ਼ਰੂਰੀ ਤੇ ਅਣਲੋੜੀਂਦੇ/ਗ਼ੈਰ ਜ਼ਰੂਰੀ ਵਿੱਚੋਂ ਲੋੜੀਂਦੇ (ਤੇ ਪੇਸ਼ ਕਰਨਯੋਗ) ਦੀ ਚੋਣ ਕਰਨੀ ਪਵੇਗੀ। ਸਵੈ ਜੀਵਨੀ ਲਿਖਦਿਆਂ ਪ੍ਰੋ. ਕੁਲਬੀਰ ਸਿੰਘ ਇਸ ਪੱਖ ਤੋਂ ਸੁਚੇਤ ਹੋ ਕੇ ਰਚਨਾ ਕਰਦਾ ਹੈ। ਬੋਝਲ ਤੇ ਬੇਲੋੜੇ ਬਿਰਤਾਂਤ ਨੂੰ ਪੁਸਤਕ ਵਿੱਚ ਘੁਸੇੜਨ ਤੋਂ ਉਹ ਸੰਕੋਚ ਕਰਦਾ ਹੈ। ਜੀਵਨ ਪੰਧ ਨਿੱਜ ਤੋਂ ਪਰਵਾਰ ਵੱਲ ਤੇ ਫਿਰ ਵਿਭਿੰਨ ਪੜਾਵਾਂ ਦੇ ਜਮਾਤੀਆਂ, ਦੋਸਤਾਂ, ਸੰਗੀਆਂ -ਸਾਥੀਆਂ, ਅਧਿਆਪਕਾਂ ਤੱਕ ਵਿਸਥਾਰ ਕਰਦਾ ਜਾਂਦਾ ਹੈ। ਕਿੱਤਾਵਰ ਰੰਜਿਸ਼ ਰੱਖਣ ਵਾਲੇ 'ਮਿਹਰਬਾਨ ਦੋਸਤਾਂ' ਤੇ ਸਹਿਕਰਮੀਆਂ, ਸਹਿਯੋਗੀਆਂ, ਲੇਖਕ ਦੋਸਤਾਂ, ਮੀਡੀਏ ਨਾਲ ਜੁੜੇ ਦੋਸਤਾਂ, ਜਿਗਰੀ ਦੋਸਤਾਂ ਆਦਿ ਤੱਕ ਵੀ ਫੈਲਦਾ ਹੈ, ਜਿਨ੍ਹਾਂ ਬਾਰੇ ਲੇਖਕ ਦਿਲਚਸਪ ਜਾਣਕਾਰੀ ਦਿੰਦਾ ਹੈ।

ਇਹ ਪੁਸਤਕ ਪ੍ਰੋ. ਕੁਲਬੀਰ ਸਿੰਘ ਦੀ ਬਹੁਪੱਖੀ ਸ਼ਖ਼ਸੀਅਤ ਦਾ ਪ੍ਰਤੀਬਿੰਬ ਬਣ ਕੇ ਪ੍ਰਗਟ ਹੁੰਦੀ ਹੈ। ਮੀਡੀਏ ਬਾਰੇ ਲਿਖਦਿਆਂ ਮਜ਼ਮੂਨ ਵਿੱਚ ਖੁੱਭ ਕੇ ਲਿਖਣ ਦੀ ਸਿਰਜਣਾਤਮਿਕ ਸੂਝ, ਪ੍ਰਤਿਭਾ, ਸਮਰੱਥਾ ਤੇ ਕਲਾ ਉਸ ਦੀ ਰਚਨਾਕਾਰੀ ਦਾ ਸੁਭਾਵਿਕ ਹਿੱਸਾ ਬਣਨ ਵਾਲੇ ਲੱਛਣ ਹਨ। ਪ੍ਰੋ. ਕੁਲਬੀਰ ਸਿੰਘ ਅੰਦਰ ਵਿਚਾਰਾਂ ਦਾ ਅਨੰਤ ਤੇ ਅਸੀਮ ਸੋਮਾ ਹੈ। ਉਸ ਦੀ ਲਿਖਤ ਪਾਠਕ ਨੂੰ ਆਪਣੇ ਵਿਚਾਰ ਪ੍ਰਵਾਹ ਨਾਲ ਵਹਾਉਂਦੀ ਚਲੀ ਜਾਂਦੀ ਹੈ। ਰਵਾਂ-ਰਵੀਂ ਉਪਜਦੇ ਉਸ ਦੇ ਵਿਚਾਰ ਗਿਆਨ ਦਾ ਉਤਪਾਦਨ ਕਰਦੇ ਚਲੇ ਜਾਂਦੇ ਹਨ। ਆਪਣੇ ਵਿਚਾਰ ਉਹ ਤਰਕ ਦੇ ਆਧਾਰ 'ਤੇ ਉਸਾਰਦਾ ਹੈ। ਜਿਉਂ-ਜਿਉਂ ਉਹ ਨਵੀਂ ਘਾੜਤ ਘੜਦਾ ਜਾਂਦਾ ਹੈ, ਨਵੇਂ ਨਵੇਲੇ ਅਰਥ ਸਿਰਜਦਾ ਜਾਂਦਾ ਹੈ। ਮੀਡੀਏ ਬਾਰੇ ਲਿਖਦਿਆਂ ਉਹ ਲੋੜੀਂਦਾ ਵਾਤਾਵਰਨ ਸਿਰਜ ਲੈਂਦਾ ਹੈ ਤੇ ਲੋੜੀਂਦਾ ਪ੍ਰਭਾਵ ਸਿਰਜਣ ਵਿੱਚ ਕਾਮਯਾਬ ਹੁੰਦਾ ਹੈ। ਵਿਚਾਰ ਭਾਵੇਂ ਸਿਧਾਂਤਕ ਹਨ ਜਾਂ ਤਾਰਕਿਕ, ਉਹ ਉਨ੍ਹਾਂ ਨੂੰ ਅਰਥ ਪ੍ਰਦਾਨ ਕਰਨ ਦੇ ਯਤਨ ਵਿੱਚ ਰਹਿੰਦਾ ਹੈ। ਉਸ ਦੇ ਵਿਚਾਰਾਂ ਦੀ ਲੈਅ ਉਸ ਦੀਆਂ ਲਿਖਤਾਂ ਦੀ ਲੈਅ ਬਣਦੀ ਹੈ। ਪ੍ਰੋ. ਕੁਲਬੀਰ ਸਿੰਘ ਮੀਡੀਏ ਦੇ ਕਿਸੇ ਪ੍ਰੋਗਰਾਮ/ਸ਼ੋਅ ਦੀ ਆਲੋਚਨਾ ਕਰਦਾ ਹੈ ਤਾਂ ਉਸ ਦੀ ਲਿਖੀ ਹਰੇਕ ਸਤਰ ਵਿੱਚ ਤੱਥ ਹੁੰਦਾ ਹੈ, ਬੁੱਧੀ ਕੰਮ ਕਰ ਰਹੀ ਹੁੰਦੀ ਹੈ, ਮਿਠਾਸ ਹੁੰਦੀ ਹੈ, ਸਲੀਕਾ ਹੁੰਦਾ ਹੈ, ਸਹਿਜਤਾ ਹੁੰਦੀ ਹੈ, ਸ਼ਿੰਗਾਰ ਹੁੰਦਾ ਹੈ, ਜਜ਼ਬਾ ਹੁੰਦਾ ਹੈ ਤੇ ਹੋਰ ਵੀ ਬਹੁਤ ਕੁਝ !

ਮੀਡੀਏ ਨਾਲ ਜੁੜੇ ਗੰਭੀਰ ਸਰੋਕਾਰਾਂ ਬਾਰੇ ਲਿਖਦਿਆਂ ਛੋਟੇ-ਛੋਟੇ ਵਾਕਾਂ ਰਾਹੀਂ ਉਹ ਬਹੁਤ ਵੱਡੀਆਂ ਤੇ ਟੁੰਬਣ ਵਾਲੀਆਂ ਗੱਲਾਂ ਕਹਿ ਜਾਂਦਾ ਹੈ। ਟੈਲੀਵਿਜ਼ਨ ਸਮੂਰਤ ਮਾਧਿਅਮ ਹੈ। ਇਸ ਮਾਧਿਅਮ ਰਾਹੀਂ ਪੇਸ਼ ਕੀਤੇ ਜਾ ਰਹੇ ਪ੍ਰੋਗਰਾਮ/ਸ਼ੋਅ ਦੀ ਆਲੋਚਨਾ ਉਹ ਆਪਣੀ ਪੂਰੀ ਸੂਝ, ਪਸੰਦ, ਨਾ-ਪਸੰਦ ਤੇ ਆਪਣੀ ਆਲੋਚਨਾਤਮਿਕ ਸਮਰੱਥਾ/ਪਹੁੰਚ ਦੇ ਆਧਾਰ 'ਤੇ ਕਰਦਾ ਹੈ। ਜਦੋਂ ਉਹ ਉਦਾਹਰਣਾਂ ਤੇ ਦਲੀਲਾਂ ਸਹਿਤ ਆਲੋਚਨਾ ਕਰਦਾ ਹੈ ਤਾਂ ਆਪਣੇ ਵਿਚਾਰ ਨੂੰ ਵਜ਼ਨਦਾਰ ਬਣਾ ਕੇ ਪੇਸ਼ ਕਰ ਰਿਹਾ ਹੁੰਦਾ ਹੈ। ਉਸ ਦੀ ਆਲੋਚਨਾ ਦਾ ਪੱਧਰ ਤੇ ਉਸ ਦਾ ਪ੍ਰਗਟਾਅ ਢੰਗ ਪਾਠਕ ਨੂੰ ਉਤੇਜਿਤ ਕਰਦਾ ਹੈ। ਰੌਚਕਤਾ ਭਰਪੂਰ ਵਾਰਤਕ ਸ਼ੈਲੀ ਦੇ ਮਾਧਿਅਮ ਰਾਹੀਂ ਆਪਣੀ ਗੱਲ ਕਹਿਣ ਦੇ ਨਾਲ-ਨਾਲ ਲੇਖਕ ਆਪਣੀ ਵਾਰਤਕ ਕਲਾ ਦਾ ਜਾਦੂ ਵੀ ਬਿਖੇਰਦਾ ਜਾਂਦਾ ਹੈ। ਭਾਸ਼ਾ ਉਪਰ ਉਸ ਨੂੰ ਡਾਹਢੀ ਪਕੜ ਹੈ। ਹੋਰ ਖੂਬੀ ਇਹ ਕਿ ਸਮੇਂ ਨਾਲ ਉਹ ਆਪਣੇ ਲਿਖਣ ਦੇ ਹੁਨਰ ਨੂੰ ਤਰਾਸ਼ਦਾ ਰਹਿੰਦਾ ਹੈ।

ਪ੍ਰੋ. ਕੁਲਬੀਰ ਸਿੰਘ ਨੇ ਨਿੱਠ ਕੇ ਤੇ ਸਮਰਪਣ ਦੀ ਭਾਵਨਾ ਨਾਲ ਲਿਖਿਆ ਹੈ। ਉਸ ਨੇ ਆਪਣੀ ਲਿਖਤ ਦਾ ਇਕ ਮਿਆਰ ਬਣਾਇਆ ਹੈ ਤੇ ਉਸ ਨੂੰ ਕਾਇਮ ਰੱਖਿਆ ਹੈ। ਉਹ ਆਪਣੇ ਕੀਤੇ ਕਾਰਜ ਦੇ ਸਥਾਪਤ ਮਿਆਰ ਨੂੰ ਬਣਾਈ ਰੱਖਦਾ ਹੈ। ਮੀਡੀਏ ਨਾਲ ਸੰਬੰਧਤ ਕੁਝ ਨਵਾਂ ਲਿਖਣ ਤੇ ਖੋਜ ਪਰਕ ਕੰਮ ਕਰਨ ਦੀ ਤੀਬਰਤਾ ਉਸ ਦੀ ਕਲਮ ਨੂੰ ਗਤੀ ਤੇ ਰਵਾਨੀ ਪ੍ਰਦਾਨ ਕਰਦੀ ਹੈ। ਲੇਖਕ ਦੀ ਆਲੋਚਨਾਤਮਿਕ ਦ੍ਰਿਸ਼ਟੀ, ਸੰਵੇਦਨਸ਼ੀਲਤਾ, ਸੁਹਜ ਬੋਧ ਤੇ ਸੰਰਚਨਾਤਮਿਕ ਸੰਗਠਨ ਇਸ ਪੁਸਤਕ ਨੂੰ ਕਲਾਤਮਿਕ ਰੰਗਾਂ ਨਾਲ ਸ਼ਿੰਗਾਰਨ ਵਿੱਚ ਸਹਾਈ ਹੁੰਦੇ ਹਨ। ਵਿਚਾਰਾਂ ਦੀ ਕਲਾਤਮਿਕ ਅਭਿਵਿਅਕਤੀ ਇਸ ਪੁਸਤਕ ਦਾ ਵੱਡਾ ਹਾਸਲ ਬਣਦੀ ਹੈ। ਅਸਲ ਵਿੱਚ, ਮੀਡੀਏ ਦੀ ਆਲੋਚਨਾ ਨੂੰ ਲੇਖਕ ਨੇ ਇਕ ਨਵੇਂ ਮੁਹਾਵਰੇ ਵਿੱਚ ਢਾਲਿਆ ਹੈ। ਆਪਣੀ ਕਿਸਮ ਦੀ ਇਸ ਮੌਲਿਕ ਆਲੋਚਨਾ ਨੂੰ ਉਸ ਨੇ ਨਵੀਂ ਸੰਰਚਨਾ ਤੇ ਨਵੇਂ ਮਾਡਲ ਸੰਗ ਪ੍ਰਸਤੁਤ ਕੀਤਾ ਹੈ। ਉਸ ਦਾ ਆਲੋਚਨਾ ਮਾਡਲ ਨਵੇਂ ਦਿਸਹੱਦਿਆਂ ਦੀ ਤਲਾਸ਼ ਕਰਨ ਦੇ ਰਾਹੇ ਚੱਲਦਾ ਹੈ। ਇਹ ਪੁਸਤਕ ਪਾਠਕ ਦੀ ਉਤੇਜਨਾ, ਉਤਸੁਕਤਾ ਤੇ ਜਗਿਆਸਾ ਵਿੱਚ ਵਾਧਾ ਕਰਦੀ ਹੈ। ਇਹ ਪੁਸਤਕ ਲੇਖਕ ਤੇ ਪਾਠਕ ਦੇ ਸਥਾਪਤ ਰਿਸ਼ਤੇ 'ਤੇ ਹੋਰ ਗੂੜ੍ਹਾ ਰੰਗ ਚਾੜ੍ਹਦੀ ਹੈ। ਇਸ ਨੂੰ ਸੂਝ, ਸਮਝ ਤੇ ਸਿਆਣਪ ਦਾ ਰਿਸ਼ਤਾ ਕਿਹਾ ਜਾ ਸਕਦਾ ਹੈ। ਉਸ ਦੀ ਕਹੀ ਗੱਲ ਵਿੱਚ ਭਾਵ ਤੱਤ ਤੇ ਬੁੱਧੀ ਤੱਤ ਦਾ ਸਹਿਜ ਸਮਾਵੇਸ਼ ਹੁੰਦਾ ਚਲਾ ਜਾਂਦਾ ਹੈ। ਇਹ ਚਿਰ ਪ੍ਰਭਾਵੀ ਪੁਸਤਕ ਇਸ ਦੇ ਲੇਖਕ ਨੂੰ ਸਮਝਣ, ਇਕ ਦੂਜੇ ਦੀ (ਲੇਖਕ ਤੇ ਪਾਠਕ ਦੀ) ਕਦਰ ਕਰਨ, ਜੀਵਨ ਵਿੱਚ ਉਮੰਗਾਂ ਦੇ ਰੰਗ ਭਰਨ, ਭਵਿੱਖੀ ਹੁਲਾਸ ਦੀ ਆਸ ਵਿੱਚ ਮੁਗਧ ਹੋ ਕੇ, ਨਿੱਠ ਕੇ ਕੰਮ ਕਰਨ ਤੇ ਹਮੇਸ਼ਾ ਸਾਕਾਰਾਤਮਿਕ ਪਹੁੰਚ ਅਪਣਾਈ ਰੱਖਣ ਦਾ ਸੁਨੇਹਾ ਦਿੰਦੀ ਹੈ। ਲੇਖਕ ਦੇ ਘਰ ਦੇ ਵਿਹੜੇ ਵਿੱਚ ਮੌਲਦੀ ਚਾਵਾਂ-ਖੇੜਿਆਂ ਦੀ ਫ਼ਸਲ ਉਸ ਦੀ ਉਮਰ ਭਰ ਦੀ ਮਿਹਨਤ ਦਾ ਪ੍ਰਤੀਫਲ ਹੈ। ਜ਼ਿੰਦਗੀ ਪ੍ਰਤੀ ਉਸ ਦੇ ਹਾਂ-ਪੱਖੀ ਹੁੰਗਾਰੇ/ਪਹੁੰਚ ਨੇ ਹਮੇਸ਼ਾ ਉਸ ਦਾ ਮਾਰਗ ਦਰਸ਼ਨ ਕੀਤਾ ਹੈ ਤੇ ਉਹ ਸਹੀ ਸੇਧੇ ਚੱਲਦਾ ਆਇਆ ਹੈ।

ਪ੍ਰੋ. ਕੁਲਬੀਰ ਸਿੰਘ ਦੀ ਇਸ ਆਤਮਕਥਾ ਦੇ ਪਾਠ ਰਾਹੀਂ ਉਸ ਦੇ ਪਾਠਕ ਤੇ ਉਸ ਨੂੰ ਚਾਹੁਣ ਵਾਲੇ ਉਸ ਨੂੰ ਇਕ ਦੂਰਅੰਦੇਸ਼ ਤੇ ਜ਼ਹੀਨ ਵਿਅਕਤੀ, ਪ੍ਰਬੁੱਧ ਲੇਖਕ, ਨਾਮਵਰ ਵਿਦਵਾਨ, ਕੁਸ਼ਲ ਪ੍ਰਾਧਿਆਪਕ, ਸਮਰੱਥ ਆਲੋਚਕ, ਸਰੋਤਿਆਂ/ਦਰਸ਼ਕਾਂ ਦੀ ਨਬਜ਼ ਪਛਾਨਣ ਵਾਲੇ ਪ੍ਰਵਕਤਾ ਤੇ ਪ੍ਰਵੀਨ ਐਂਕਰ ਵਜੋਂ ਹੋਰ ਨੇੜਿਓਂ ਵੇਖ ਸਕਣਗੇ। ਮੈਨੂੰ ਵਿਸ਼ਵਾਸ ਹੈ ਕਿ ਇਸ ਪੁਸਤਕ ਦੀ ਰਚਨਾ ਕਰਨ ਨਾਲ ਪ੍ਰੋ. ਕੁਲਬੀਰ ਸਿੰਘ ਦੀ ਸਿਰਜਣਾ ਨੂੰ ਹੋਰ ਰਚਨਾਤਮਿਕ ਉਛਾਲ ਮਿਲੇਗਾ। ਇਹ ਵੀ ਕਿ ਲੇਖਕ ਦੀ ਇਸ ਵਰਣਾਤਮਕ ਅਭਿਵਿਅਕਤੀ ਨੂੰ ਪਾਠਕ ਹੁੱਬ ਕੇ ਪੜ੍ਹਨਗੇ। ਭਵਿੱਖ ਵਿੱਚ ਲੇਖਕ ਕੋਲੋਂ ਕੋਮਲ ਭਾਵਾਂ ਦੇ ਸੁਹਜਮਈ ਤੇ ਹੋਰ ਵਧੇਰੇ ਤੀਬਰ ਪ੍ਰਗਟਾਵੇ ਦੀ ਤਵੱਕੋ ਕੀਤੀ ਜਾ ਸਕਦੀ ਹੈ।

**ਸੰਪਰਕ-98885-10185**

ਪੈੜਾਂ

# ਜ਼ਿੰਦਗੀ ਦੇ ਆਸ਼ਕਾਂ ਦੀਆਂ ਪੈੜਾਂ ਲੱਭਦਾ ਧਰਮ ਸਿੰਘ ਗੁਰਾਇਆ

## ਮੁਲਾਕਾਤੀ : ਤਰਸੇਮ ਸਿੰਘ ਭੰਗੂ

ਇੱਕ ਲੇਖਕ ਹੋਣਾ ਹੀ ਬਹੁਤ ਵੱਡੀ ਗੱਲ ਹੈ, ਪਰ ਬਤੌਰ ਲੇਖਕ ਇੱਕ ਖੋਜੀ ਹੋਣਾ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ। ਅਜਿਹਾ ਹੀ ਘੁਮੱਕੜ ਪ੍ਰਵਾਸੀ ਲੇਖਕ ਹੈ ਧਰਮ ਸਿੰਘ ਗੁਰਾਇਆ। ਪੰਜਾਬੀ ਖਤਮ ਹੋਣ ਦਾ ਬਹੁਤ ਰੌਲਾ ਪਾਇਆ ਜਾ ਰਿਹਾ ਹੈ। ਜਿੰਨਾ ਚਿਰ ਧਰਮ ਸਿੰਘ ਵਰਗੇ ਪੰਜਾਬੀ ਦੇ ਸੂਰਮੇ ਪੁੱਤ ਮਾਂ ਬੋਲੀ ਦਾ ਝੰਡਾ ਦੇਸ਼-ਵਿਦੇਸ਼ ਵਿੱਚ ਲਹਿਰਾਉਂਦੇ ਰਹਿਣਗੇ, ਓਨਾ ਚਿਰ ਪੰਜਾਬੀ ਮਾਂ ਬੋਲੀ ਨੂੰ ਕੋਈ ਖਤਰਾ ਨਹੀਂ ਹੋ ਸਕਦਾ। ਆਪਾਂ ਧਰਮ ਸਿੰਘ ਗੁਰਾਇਆ ਜੀ ਦੀ ਰਚਨਾਕਾਰੀ ਦੀ ਗੱਲ ਕਰਦਿਆਂ ਉਨ੍ਹਾਂ ਦੇ ਨਿੱਜੀ ਜੀਵਨ ਦੀਆਂ ਰਹੱਸਮਈ ਗੱਲਾਂ ਵੀ ਪਾਠਕਾਂ ਦੇ ਸਨਮੁੱਖ ਕਰਾਂਗੇ।

**? ਗੁਰਾਇਆ ਸਾਹਿਬ, ਸਭ ਤੋਂ ਪਹਿਲਾਂ ਇਹ ਵਾਅਦਾ ਕਰੋ ਕਿ ਤੁਸੀਂ ਜੋ ਵੀ ਕਹੋਗੇ, ਸੱਚ ਕਹੋਗੇ।**

-ਹੱਸ ਕੇ, ਭੰਗੂ ਜੀ, ਮੈਨੂੰ ਇੰਜ ਲੱਗ ਰਿਹਾ ਹੈ, ਜਿਵੇਂ ਤੁਸੀਂ ਕਿਸੇ ਅਦਾਲਤ ਵਿੱਚ ਵਕੀਲ ਹੋਵੋ! ਜਿੱਥੇ ਮੁਜਰਮ ਨੂੰ ਧਾਰਮਿਕ ਪੁਸਤਕ ਉੱਤੇ ਹੱਥ ਰੱਖ ਕੇ ਸੱਚ ਬੋਲਣ ਲਈ ਆਖਿਆ ਜਾਂਦਾ ਹੈ, ਪਰ ਉੱਥੇ ਸੱਚ ਨੂੰ ਵੀ ਝੂਠ ਹੀ ਬਣਾ ਕੇ ਬੋਲਿਆ ਜਾਂਦਾ ਹੈ। ਪਹਿਲਾਂ ਤਾਂ ਇਨਸਾਫ਼ ਦੀ ਦੇਵੀ ਦੀਆਂ ਅੱਖਾਂ 'ਤੇ ਪੱਟੀ ਬੱਝੀ ਹੁੰਦੀ ਸੀ, ਹੁਣ ਕੁਝ ਸਮਾਂ ਪਹਿਲਾਂ ਖੋਲ੍ਹ ਦਿੱਤੀ ਗਈ ਹੈ ਤਾਂ ਜੋ ਇਨਸਾਫ ਦੀ ਦੇਵੀ ਆਪਣੀਆਂ ਅੱਖਾਂ ਨਾਲ ਹਕੀਕਤ ਵੇਖ ਸਕੇ। ਮੈਂ ਧਾਰਮਿਕ ਪੁਸਤਕ ਨਹੀਂ, ਪੁਸਤਕਾਂ ਦੀ ਸਿਰਜਕ ਕਲਮ ਦੀ ਕਸਮ ਖਾ ਕੇ ਕਹਿੰਦਾ ਹਾਂ ਕਿ ਅੱਜ ਤੱਕ ਸੱਚ ਲਿਖਿਆ ਹੈ ਤੇ ਸੱਚ ਹੀ ਬੋਲਾਂਗਾ ਬੇਝਿਜਕ ਪੁੱਛੋ।

**? ਸਭ ਤੋਂ ਪਹਿਲਾਂ ਆਪਣੇ ਪਰਵਾਰ ਬਾਰੇ ਸੰਖੇਪ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰੋ।**

-ਅਸੀਂ ਪੰਜ ਭਰਾ ਤੇ ਸਾਡੀਆਂ ਤਿੰਨ ਭੈਣਾਂ ਹਨ। ਸਭ ਤੋਂ ਵੱਡਾ ਪ੍ਰੋਫ਼ੈਸਰ ਨਿਰਮਲ ਸਿੰਘ ਅਜ਼ਾਦ, ਕਾਮਰੇਡ ਕੁਲਵੰਤ ਸਿੰਘ (ਸਰਪੰਚ), ਧਰਮ ਸਿੰਘ, ਪਲਵਿੰਦਰ ਸਿੰਘ ਅਤੇ ਕੁਲਬੀਰ ਸਿੰਘ। ਭੈਣਾਂ ਦਵਿੰਦਰ ਕੌਰ, ਕੁਲਵੰਤ ਕੌਰ ਅਤੇ ਹਰਦੀਪ ਕੌਰ ਹਨ। ਮੇਰਾ ਜਨਮ ਬਾਰਾਂ ਭਾਦਰੋਂ ਅਠਾਈ ਸਤੰਬਰ 1952 ਨੂੰ ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਪਿਤਾ ਕਰਤਾਰ ਸਿੰਘ ਦੇ ਗ੍ਰਿਹਿ ਵਿਖੇ ਪਿੰਡ ਰਣਸੀਂਹਕੇ ਮੀਰਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਦੋ ਭਰਾਵਾਂ ਤੋਂ ਬਾਅਦ ਤੀਜੇ ਥਾਂ ਹੋਇਆ ਸੀ।

**? ਸਾਹਿਤਕ ਚੇਟਕ ਕਹਿ ਲਓ ਜਾਂ ਗੁੜ੍ਹਤੀ ਤੁਹਾਨੂੰ ਕਿੱਥੋਂ ਮਿਲੀ।**

-ਅਨਪੜ੍ਹ ਹੋਣ ਦੇ ਬਾਵਜੂਦ ਪਿਤਾ ਜੀ ਨੇ ਸਾਨੂੰ ਵਿੱਦਿਆ ਦਿਵਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇਕ ਪੱਛੜੇ ਇਲਾਕੇ ਵਿੱਚੋਂ ਉੱਠ ਕੇ ਵੱਡੇ ਵੀਰ ਨਿਰਮਲ ਸਿੰਘ ਅਜ਼ਾਦ ਦਾ ਪ੍ਰੋਫ਼ੈਸਰ ਬਣਨਾ ਬੜੀ ਵੱਡੀ ਤੇ ਮਾਣ ਵਾਲੀ ਗੱਲ ਸੀ। ਪ੍ਰਾਇਮਰੀ ਵਿੱਚ ਪੜ੍ਹਦਿਆਂ ਹੀ 1961-62 ਤੋਂ ਨਿਰਮਲ ਵੀਰ ਵੱਲੋਂ ਮੰਗਵਾਏ ਜਾਂਦੇ ਪ੍ਰੀਤ ਲੜੀ, ਨਵਾਂ ਜ਼ਮਾਨਾ ਅਖਬਾਰ ਅਤੇ ਹੋਰ ਅਗਾਂਹਵਧੂ ਰਸਾਲਿਆਂ ਵਿੱਚੋਂ ਮੂਰਤਾਂ ਵੇਖਦਿਆਂ ਮੇਰਾ ਸਾਹਿਤ ਵੱਲ ਝੁਕਾਅ ਹੋ ਗਿਆ ਸੀ। ਮੈਂ ਸਮਝਦਾ ਹਾਂ ਕਿ ਵੱਡੇ ਵੀਰ ਨਿਰਮਲ ਦੀ ਬਦੌਲਤ ਮੈਂ ਪੜ੍ਹਾਈ ਦੇ ਨਾਲ-ਨਾਲ ਸਾਹਿਤ ਅਤੇ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਲੱਗ ਪਿਆ ਸਾਂ। ਮੇਰੇ ਤੋਂ ਇਲਾਵਾ ਨਿਰਮਲ ਤੋਂ ਛੋਟੇ ਵੀਰ ਕੁਲਵੰਤ ਤੋਂ ਬਿਨਾਂ ਸਾਰੇ ਭੈਣ-ਭਰਾਵਾਂ ਨੂੰ ਪੜ੍ਹਾਈ ਦੀ ਪ੍ਰੇਰਨਾ ਨਿਰਮਲ ਕਰਕੇ ਹੀ ਸੀ।

ਮੈਂ ਪ੍ਰਾਇਮਰੀ ਦੀ ਪੜ੍ਹਾਈ ਸ਼ਾਹਪੁਰ ਗੁਰਾਇਆ ਵਿੱਚ ਕੀਤੀ ਸੀ ਤੇ ਦਸਵੀਂ ਡੇਰਾ ਬਾਬਾ ਨਾਨਕ ਤੋਂ। ਇਕ ਬੜੀ ਰੌਚਕ ਯਾਦ ਵੀਰ ਨਿਰਮਲ ਨਾਲ ਜੁੜੀ ਹੋਈ ਹੈ। ਜਦੋਂ ਮੈਂ ਦਸਵੀਂ ਵਿੱਚ ਸੀ, ਵੀਰ ਨਿਰਮਲ ਸਿੰਘ ਆਜ਼ਾਦ ਉਦੋਂ ਅੰਮ੍ਰਿਤਸਰ ਖਾਲਸਾ ਕਾਲਜ ਵਿੱਚ ਬੀ.ਏ. ਦੇ ਆਖਰੀ ਸਾਲ ਵਿੱਚ ਸੀ। ਵੀਰ ਦੇ ਕਹੇ 'ਤੇ ਹੀ ਮੈਨੂੰ ਡੇਰਾ ਬਾਬਾ ਨਾਨਕ ਪੜ੍ਹਨ ਲਾਇਆ ਹੋਇਆ ਸੀ। ਖਾਸਾਂਵਾਲੀ ਦੇ ਹੋਰ ਮੁੰਡੇ ਤੇ ਮੈਂ ਇੱਕ ਚੁਬਾਰੇ ਵਿੱਚ ਰਹਿੰਦੇ ਸਾਂ। ਉਥੇ ਸਾਨੂੰ ਵੀਰ ਦਾ ਜਮਾਤੀ ਕਸ਼ਮੀਰੀ ਲਾਲ ਟਿਊਸ਼ਨ ਪੜ੍ਹਾਉਂਦਾ ਸੀ। ਅਸੀਂ ਸਾਰੇ ਬੋਰਡ ਦੇ ਇਮਤਿਹਾਨ ਦੀ ਤਿਆਰੀ ਕਰ ਰਹੇ ਸਾਂ। ਖਾਸਾਂਵਾਲੀ ਦਾ ਮਹਿੰਦਰ ਸਿੰਘ ਵੀਰ ਨਿਰਮਲ ਸਿੰਘ ਦਾ ਬੜਾ ਗੂੜ੍ਹਾ ਮਿੱਤਰ ਸੀ, ਉਹ ਸ਼ਾਮ ਨੂੰ ਡੇਰਾ ਬਾਬਾ ਨਾਨਕ ਦੁੱਧ ਦੇਣ ਆਉਂਦਾ ਰੋਜ਼ ਆਪਣੇ ਚਾਚੇ ਦੇ ਪੁੱਤ ਭਰਾ ਨੂੰ ਦੁੱਧ ਦੇ ਕੇ ਜਾਂਦਾ। ਡੇਰਾ ਬਾਬਾ ਨਾਨਕ ਦਾ ਚੋਲ਼ੇ ਦਾ ਮੇਲਾ ਬੜਾ ਮਸ਼ਹੂਰ ਹੈ। ਉਹਨਾਂ ਦਿਨਾਂ ਵਿੱਚ ਹੀ ਦਸਵੀਂ ਬੋਰਡ ਦੇ ਪਰਚੇ ਸਨ। ਮੇਲੇ 'ਤੇ ਖਰਚਣ ਵਾਸਤੇ ਉਦੋਂ ਘਰੋਂ ਮੈਨੂੰ ਅੱਠ ਆਨੇ ਮਿਲੇ ਸਨ। ਮੇਲੇ ਵਾਲੇ ਦਿਨ ਛੁੱਟੀ ਸੀ। ਅਸੀਂ ਸਾਰੇ ਮੇਲਾ ਵੇਖਣ ਚਲੇ ਗਏ। ਮੇਲੇ ਵਿੱਚ ਇੱਕ ਰਸਾਲਿਆਂ ਵਾਲੀ ਦੁਕਾਨ 'ਤੇ 'ਹੀਰ ਦੀ ਕਿਤਾਬ' ਮੈਨੂੰ ਨਜ਼ਰ ਪਈ। ਰਾਂਝੇ ਤੇ ਹੀਰ ਸਮੇਤ ਬੇਲੇ ਵਿੱਚ ਚੁਗਦੀਆਂ ਮੱਝਾਂ ਦੀ ਰੰਗਦਾਰ ਤਸਵੀਰ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ। ਮੈਂ ਹੀਰ ਦੀ ਕਿਤਾਬ ਖਰੀਦ ਲਈ। ਮੇਲਾ ਵੇਖ ਕੇ ਅਸੀਂ ਕਮਰੇ ਵਿੱਚ ਆ ਗਏ। ਸ਼ਾਮ ਨੂੰ ਜਦੋਂ ਮਹਿੰਦਰ ਸਿੰਘ ਦੁੱਧ ਲੈ ਕੇ ਆਇਆ ਤਾਂ ਅਸੀਂ ਸਾਰੇ ਪੜ੍ਹ ਰਹੇ ਸਾਂ। ਸਵੇਰੇ ਹਿਸਾਬ ਦਾ ਪੇਪਰ ਸੀ। ਇਤਫ਼ਾਕ ਵੱਸ ਮੇਰੇ ਸਾਹਮਣੇ ਹਿਸਾਬ ਦੀਆਂ ਕਿਤਾਬਾਂ, ਕਾਪੀਆਂ ਵੀ ਖੁੱਲ੍ਹੀਆਂ ਪਈਆਂ ਸਨ, ਪਰ ਜ਼ਿਆਦਾ ਧਿਆਨ ਮੇਰਾ ਮੇਲਿਓਂ ਖਰੀਦੀ ਹੀਰ ਵੱਲ ਸੀ। ਮਹਿੰਦਰ ਸਿੰਘ ਦੇ ਪਹੁੰਚਣ ਮੌਕੇ ਹੀਰ ਦੀ ਕਿਤਾਬ ਮੇਰੇ ਹੱਥਾਂ ਵਿੱਚ ਸੀ। ਮਹਿੰਦਰ ਕੁਝ ਬੋਲਿਆ ਤਾਂ ਨਾ, ਪਰ ਲੌਢੇ ਵੇਲੇ ਡੇਰੇ ਤੋਂ ਅੰਮ੍ਰਿਤਸਰ ਮੁੜਦੀ ਗੱਡੀ ਵਿੱਚ ਕਿਸੇ ਰਾਹੀਂ ਉਹਨੇ ਵੀਰ ਨਿਰਮਲ ਨੂੰ ਖਾਲਸਾ ਕਾਲਜ ਸੁਨੇਹਾ ਘੱਲ ਦਿੱਤਾ, 'ਆ ਕੇ ਧਰਮੇ ਦੀ ਖਬਰ ਲੈ, ਇਹ ਪੜ੍ਹਾਈ ਘੱਟ ਤੇ ਹੀਰ ਜ਼ਿਆਦਾ ਪੜ੍ਹ ਰਿਹਾ ਈ!'



ਹੋਇਆ ਇੰਝ ਕਿ ਸੁਨੇਹਾ ਮਿਲਣ ਤੋਂ ਬਾਅਦ ਵੀਰ ਅੰਮ੍ਰਿਤਸਰੋਂ ਤੜਕੇ 4.20 ਵਾਲੀ ਡੇਰੇ ਆਉਣ ਵਾਲੀ ਗੱਡੀ ਬੈਠ ਡੇਰਾ ਬਾਬਾ ਨਾਨਕ ਆ ਗਿਆ। ਸੈਂਟਰ ਜਾਣ ਤੋਂ ਪਹਿਲਾਂ ਵੀਰ ਨੂੰ ਅਚਾਨਕ ਆਇਆ ਵੇਖ ਮੇਰੇ ਹੋਸ਼ ਉੱਡ ਗਏ। ਸਾਰੀ ਰਾਤ ਹੀਰ ਨੇ ਸੌਣ ਨਹੀਂ ਸੀ ਦਿੱਤਾ। ਅੱਖਾਂ ਬੁਰੀ ਤਰ੍ਹਾਂ ਲਾਲ ਸਨ। ਉਸ ਵੇਲੇ ਵੀਰ ਵੱਲੋਂ ਹੋਈ ਝਾੜ-ਝੰਬ ਯਾਦ ਕਰਦਿਆਂ ਅੱਜ ਵੀ ਅੱਖਾਂ ਭਰ ਆਉਂਦੀਆਂ ਨੇ। ਭਾਵੁਕ ਹੁੰਦਿਆਂ,

'ਅਜਿਹੇ ਵੀਰ ਭੰਗੂ ਸਾਹਿਬ ਹਰੇਕ ਨੂੰ ਨਸੀਬ ਨਹੀਂ ਹੁੰਦੇ।' ਵਾਰਸ ਸ਼ਾਹ ਵੱਲੋਂ ਲਿਖਿਆ ਬੈਂਤ, 'ਭਾਈ ਮਰਨ ਤਾਂ ਪੈਂਦੀਆਂ ਭੱਜ ਬਾਹੀਂ ਬਿਨਾਂ ਭਾਈਆਂ ਪਰ੍ਹੇ ਪਰਿਵਾਰ ਨਾਹੀਂ" ਨਹੀਂ ਭੁੱਲਦਾ।'

ਭਰੀਆਂ ਅੱਖਾਂ ਖਾਲੀ ਕਰਕੇ,

ਭੰਗੂ ਜੀ, ਪੇਪਰ ਦੇਂਦਿਆਂ ਨੀਂਦ ਦੇ ਝੋਕਿਆਂ ਵਿੱਚ ਵੀ ਹੀਰ ਹੀ ਸੀ। ਨਤੀਜਾ ਇਹ ਹੋਇਆ ਕਿ ਮੈਂ ਦਸਵੀਂ ਵਿੱਚੋਂ ਪਾਸ ਤਾਂ ਹੋ ਗਿਆ, ਪਰ ਹਿਸਾਬ ਵਿੱਚੋਂ ਰੀ-ਅਪੀਅਰ ਆ ਗਈ।

ਬੇਸ਼ੱਕ ਮੈਂ ਇਸ ਘਟਨਾ ਕਰਕੇ ਸ਼ਰਮਿੰਦਾ ਵੀ ਹੋਇਆ, ਪਰ ਮੇਰੀ ਜ਼ਿੰਦਗੀ ਦੀ ਪਹਿਲੀ ਹੀਰ ਨੇ ਮੈਨੂੰ ਸਾਹਿਤਕ ਰਾਂਝਾ ਪੱਕੇ ਤੌਰ 'ਤੇ ਬਣਾ ਦਿੱਤਾ। ਪੂਰੀ ਦੁਨੀਆ ਦੇ ਜੰਗਲ ਬੇਲੇ ਛਾਣਦਾ ਅਸਲ ਜ਼ਿੰਦਗੀ ਦੇ ਆਸ਼ਕਾਂ ਦੀਆਂ ਪੈੜਾਂ ਅੱਜ ਵੀ ਲੱਭਦਾ ਫਿਰਦਾ ਹਾਂ।

**? ਸਾਹਿਤ ਨਾਲ ਜੋੜਨ ਲਈ ਤਾਂ 'ਵਾਰਸ ਸ਼ਾਹ ਦੀ ਹੀਰ ਦਾ ਹੀ ਮੁੱਢਲਾ ਯੋਗਦਾਨ ਕਿਹਾ ਜਾ ਸਕਦਾ ਹੈ, ਪਰ ਅਸੀਂ ਕਿਸੇ ਨਾ ਕਿਸੇ ਨੂੰ ਆਪਣਾ ਆਦਰਸ਼ ਤਾਂ ਮੰਨਦੇ ਹੀ ਹਾਂ!'**

-ਜੇ ਆਦਰਸ਼ ਦੀ ਗੱਲ ਕਰਾਂ ਤਾਂ ਮੈਂ ਸਮਝਦਾ ਹਾਂ ਕਿ ਮੇਰੇ ਸਾਰੇ ਪਰਵਾਰ ਦਾ ਆਦਰਸ਼ ਵੱਡਾ ਵੀਰ ਪ੍ਰੋਫ਼ੈਸਰ ਨਿਰਮਲ ਸਿੰਘ ਅਜ਼ਾਦ ਹੀ ਹੈ। ਮੈਥੋਂ ਵੱਡੇ ਕਾਮਰੇਡ ਕੁਲਵੰਤ ਸਿੰਘ ਨੂੰ ਛੱਡ ਕੇ ਬਾਕੀ ਸਾਰੇ ਹੀ ਉੱਚ ਸਿੱਖਿਆ ਪ੍ਰਾਪਤ ਹਨ। ਕੁਲਵੰਤ ਢਾਈ ਜਮਾਤਾਂ ਪੜ੍ਹ ਕੇ ਵੀ ਸਾਡੇ ਨਾਲੋਂ ਕਿਤੇ ਅੱਗੇ ਹੈ, ਉਹ ਆਪਣੀ ਯੋਗਤਾ ਕਰਕੇ ਲੰਮਾ ਸਮਾਂ ਪਿੰਡ ਦਾ ਸਰਪੰਚ ਰਿਹਾ ਹੈ। ਵੈਸੇ ਅਕਾਦਮਿਕ ਪੱਖ ਦਾ ਉਸ ਨੂੰ ਮਲਾਲ ਜ਼ਰੂਰ ਹੈ। ਕਈ ਵਾਰ ਜਦੋਂ ਕਿਤੇ ਕੁਲਵੰਤ ਹੱਸਦਿਆਂ ਮਿਹਣੇ ਵਰਗੀ ਗੱਲ ਕਰਦਾ ਆਖਦਾ ਹੈ, 'ਤੁਸੀਂ ਸਾਰੇ ਪੜ੍ਹ ਗਏ ਮੈਂ ਅਨਪੜ੍ਹ ਰਹਿ ਗਿਆ।'

ਸੁਣ ਕੇ ਦੁੱਖ ਤਾਂ ਹੁੰਦਾ ਹੈ, ਪਰ ਮੈਂ ਸੋਚਦਾ ਹਾਂ ਕਿ ਜੇ ਕੁਲਵੰਤ ਬਾਪੂ ਜੀ ਦੇ ਬਰਾਬਰ ਹਲ ਦੀ ਜੰਘੀ ਨਾ ਫੜਦਾ ਤਾਂ ਹੋ ਸਕਦਾ ਸੀ ਅਸੀਂ ਅੱਜ ਜਿਸ ਮੁਕਾਮ 'ਤੇ ਹਾਂ, ਨਾ ਹੁੰਦੇ। ਨਿਰਮਲ ਵੀਰ ਦੇ ਸਾਹਿਤਕ ਰਸਾਲੇ ਜਾਗ ਨਾ ਲਾਉਂਦੇ ਤਾਂ ਮੈਂ ਵੱਡੇ ਲੇਖਕਾਂ ਨੂੰ ਨਾ ਪੜ੍ਹਦਾ, ਜਿਨ੍ਹਾਂ ਦੀਆਂ ਲਿਖਤਾਂ ਨੇ ਮੇਰੀ ਅਗਵਾਈ ਕੀਤੀ। ਸਾਹਿਤਕ ਪ੍ਰੇਰਨਾ ਜਸਵੰਤ ਸਿੰਘ ਕੰਵਲ, ਪ੍ਰਿੰਸੀਪਲ ਸੁਜਾਨ ਸਿੰਘ ਤੋਂ ਮਿਲੀ। ਜਸਵੰਤ ਕੰਵਲ ਦੇ 'ਰਾਤ ਬਾਕੀ ਹੈ' ਨਾਵਲ ਨੇ ਤਾਂ ਨਕਸਲੀਆਂ ਨਾਲ ਜੋੜਨ ਦਾ ਵੱਡਾ ਯੋਗਦਾਨ ਪਾਇਆ। ਪ੍ਰਿੰਸੀਪਲ ਸੁਜਾਨ ਸਿੰਘ ਵੀ ਕਮਿਊਨਿਸਟ ਸੋਚ ਦੇ ਧਾਰਨੀ ਸਨ।



ਦਸਵੀਂ ਤੋਂ ਬਾਅਦ ਹਾਇਰ ਸੈਕੰਡਰੀ ਕਰਕੇ ਵੀਰ ਨੇ ਅਗਲੇਰੀ ਪੜ੍ਹਾਈ ਵਾਸਤੇ ਬੀ.ਏ. ਪਾਰਟ ਪਹਿਲਾ ਚੰਡੀਗੜ੍ਹ ਗੌਰਮਿੰਟ ਕਾਲਜ ਵਿੱਚ ਦਾਖਲ ਕਰਵਾ ਦਿੱਤਾ। ਕਾਲਜ ਦੀ ਪੜ੍ਹਾਈ ਅੰਗਰੇਜ਼ੀ ਮਾਧਿਅਮ ਵਿੱਚ ਸੀ। ਵੀਰ ਉਦੋਂ ਰੀਜਨਲ ਸੈਂਟਰ ਰੋਹਤਕ ਵਿੱਚ ਪ੍ਰੋਫ਼ੈਸਰ ਸੀ। ਵੀਰ ਦੇ ਉੱਥੇ ਦੋਸਤ-ਮਿੱਤਰ ਵੀ ਸਨ, ਪਰ ਚੰਡੀਗੜ੍ਹ ਮੈਨੂੰ ਚੰਗਾ ਨਹੀਂ ਲੱਗਾ। ਮੈਂ ਮਾਈਗ੍ਰੇਸ਼ਨ ਕਰਵਾ ਕੇ ਨਵੇਂ-ਨਵੇਂ ਖੁੱਲ੍ਹੇ ਗੁਰੂ ਨਾਨਕ ਕਾਲਜ ਗੁਰਦਾਸਪੁਰ ਆ ਗਿਆ। ਚੰਡੀਗੜ੍ਹ ਕਾਲਜ ਦੀ ਅੰਗਰੇਜ਼ੀ ਨਾਲ ਮੇਰੇ 'ਚ ਆਤਮ ਵਿਸ਼ਵਾਸ ਆ ਗਿਆ ਸੀ। ਮੈਂ ਪ੍ਰੋਫ਼ੈਸਰਾਂ ਨਾਲ ਨਿਝੱਕ ਅੰਗਰੇਜ਼ੀ ਵਿੱਚ ਗੱਲ ਕਰ ਲੈਂਦਾ। ਅੱਧਾ ਸੈਸ਼ਨ ਪੜ੍ਹ ਚੁੱਕੇ ਵਿਦਿਆਰਥੀ ਮੈਨੂੰ ਅੰਗਰੇਜ਼ੀ ਬੋਲਦੇ ਨੂੰ ਵੇਖ ਪੇਂਡੂ ਜਿਹਾ ਸਮਝ ਮੇਰੇ ਮੂੰਹ ਵੱਲ ਝਾਕਦੇ ਹੈਰਾਨ ਹੁੰਦੇ। ਚੰਡੀਗੜ੍ਹ ਮੇਰੀ ਨੇੜਤਾ ਨਕਸਲੀਆਂ ਨਾਲ ਵੀ ਹੋ ਗਈ ਸੀ। ਅਗਲਾ ਸਾਲ ਮਿਸ ਹੋ ਗਿਆ। ਮੈਂ ਖਾਲਸਾ ਕਾਲਜ ਅੰਮ੍ਰਿਤਸਰ ਦਾਖਲਾ ਲੈਣ ਦੀ ਕੋਸ਼ਿਸ਼ ਕੀਤੀ ਪਰ ਗੱਲ ਨਹੀਂ ਬਣੀ। ਫਿਰ ਦੋ ਸਾਲ ਲਾ ਕੇ ਪ੍ਰਿੰਸੀਪਲ ਸੁਜਾਨ ਸਿੰਘ ਜੀ ਕੋਲ ਆ ਕੇ ਬੀ.ਏ. ਕੀਤੀ। ਇਹ ਦੋ ਸਾਲ ਸਟੂਡੈਂਟਸ ਯੂਨੀਅਨ ਦਾ ਜਨਰਲ ਸਕੱਤਰ ਵੀ ਰਿਹਾ। ਇਹ ਮੇਰੇ ਚਮਕਣ ਦੇ ਦਿਨ ਸਨ।

**? ਪ੍ਰਿੰਸੀਪਲ ਸੁਜਾਨ ਸਿੰਘ ਆਪਣੇ ਵੇਲੇ ਦੇ ਨਾਮਵਰ ਕਹਾਣੀਕਾਰ ਸਨ। ਉਹ ਤੁਹਾਡੀਆਂ ਸਰਗਰਮੀਆਂ ਨੂੰ ਕਿਵੇਂ ਵੇਖਦੇ ਸਨ। ਕਾਲਜ ਵੇਲੇ ਦੀ ਕੋਈ ਯਾਦ ਸਾਂਝੀ ਕਰੋ।**

-ਪ੍ਰਿੰਸੀਪਲ ਸਾਹਿਬ ਕਮਿਊਨਿਸਟ ਸੋਚ ਦੇ ਧਾਰਨੀ ਸਨ। ਅਗਾਂਹਵਧੂ ਸਾਹਿਤ ਪੜ੍ਹ ਕੇ ਮੈਂ ਵੀ ਏਸੇ ਸੋਚ ਨੂੰ ਪਰਨਾਇਆ ਗਿਆ। ਜਦੋਂ ਕਦੇ ਸਟੂਡੈਂਟਸ ਯੂਨੀਅਨ ਦੇ ਸਕੱਤਰ ਨਾਤੇ ਮੈਂ ਵਿਹਲੇ ਸਮੇਂ ਮੁੰਡਿਆਂ-ਕੁੜੀਆਂ ਨੂੰ ਰਾਜਨੀਤਕ ਤੌਰ 'ਤੇ ਚੇਤਨ ਕਰਨ ਲਈ ਸੰਬੋਧਨ ਕਰਦਾ ਤਾਂ ਪ੍ਰਿੰਸੀਪਲ ਸਾਹਿਬ ਬਾਕੀ ਸਟਾਫ਼ ਨਾਲ ਦੂਰ ਖਲੋਤੇ ਪਿੱਠ ਪਿੱਛੇ ਹੱਥ ਕਰੀ ਗਹੁ ਨਾਲ ਸੁਣਦੇ। ਉਹ ਮੇਰੀ ਅਗਵਾਈ ਵੀ ਕਰਦੇ। ਇਕ ਸਰਕਾਰੀ ਸਮਾਗਮ ਵਿੱਚ ਪ੍ਰਿੰਸੀਪਲ ਸਾਹਿਬ ਨੂੰ 5100 ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ। ਅਸੀਂ ਮੁੰਡਿਆਂ ਨੇ ਇਹ ਰਾਸ਼ੀ ਨੂੰ ਪ੍ਰਿੰਸੀਪਲ ਜੀ ਦੇ ਕੱਦ ਅਨੁਸਾਰ ਊਠ ਦੇ ਮੂੰਹ ਵਿੱਚ ਜੀਰੇ ਦੇ ਬਰਾਬਰ ਸਮਝਿਆ।

ਯੂਨੀਅਨ ਨੇ ਸਲਾਹ ਕਰਕੇ ਫਰਵਰੀ 1973 ਨੂੰ ਪਿੰਡ ਘੁੰਮਣ ਕਲਾਂ ਵਿਖੇ ਪ੍ਰਿੰਸੀਪਲ ਸਾਹਿਬ ਨੂੰ ਸਨਮਾਨਿਤ ਕਰਨ ਦਾ ਪ੍ਰੋਗਰਾਮ ਬਣਾਇਆ। ਉਸ ਇਕੱਠ ਵਿੱਚ ਪੁਲਸ ਦੇ ਦਖਲ ਦੇਣ ਦੇ ਬਾਵਜੂਦ ਤਕਰੀਬਨ 5000 ਲੋਕਾਂ ਦਾ ਇਕੱਠ ਸੀ, ਜਿਸ ਵਿੱਚ ਮਰਹੂਮ ਗਾਇਕ ਅਮਰਜੀਤ ਗੁਰਦਾਸਪੁਰੀ, ਰੇਡੀਓ ਕਲਾਕਾਰ ਠੰਡੂ ਰਾਮ ਅਤੇ ਭਾਈਆ ਨੇ ਵੀ ਸ਼ਿਰਕਤ ਕੀਤੀ। ਦੋ ਕਿੱਲਿਆਂ ਵਿੱਚ ਟੈਂਟ ਤੇ ਕੁਰਸੀਆਂ ਲੱਗੀਆਂ ਸਨ। ਉਸ ਵੇਲੇ ਅਸੀਂ ਪ੍ਰਿੰਸੀਪਲ ਸਾਹਿਬ ਨੂੰ 5,500 ਰੁਪਏ ਦੇ ਕੇ ਸਨਮਾਨਿਤ ਕੀਤਾ ਸੀ।

**? ਗੁਰਾਇਆ ਸਾਹਿਬ, ਮੇਰਾ ਖਿਆਲ ਹੈ ਤੁਹਾਡੇ ਸੁਫਨਿਆਂ ਦੀ ਅਸਲ ਹੀਰ ਦੀ ਗੱਲ ਕਰ ਲਈਏ, ਕਿਉਂਕਿ ਅੱਲ੍ਹੜ ਉਮਰੇ ਹੀਰ ਪੜ੍ਹਨ ਵਾਲੇ ਨੂੰ ਹੀਰ ਚੈਨ ਨਹੀਂ ਲੈਣ ਦਿੰਦੀ। ਹਰੇਕ ਕੁੜੀ ਹੀਰ ਹੀ ਨਜ਼ਰ ਆਉਂਦੀ ਹੈ। ਵਿਦੇਸ਼ ਜਾਣ ਲਈ ਵਰਤਮਾਨ ਵਾਂਗ ਕਿਸੇ ਹੀਰ ਨਾਲ ਸੌਦੇਬਾਜ਼ੀ ਹੋਈ ਜਾਂ...।**

-ਹੱਸ ਕੇ, ਭੰਗੂ ਜੀ, ਤੁਸੀਂ ਬੜੇ ਖੋਚਰੀ ਹੋ, ਤੁਹਾਨੂੰ ਢਿੱਡ 'ਚੋਂ ਗੱਲ ਕੱਢਣੀ ਆਉਂਦੀ ਹੈ। ਲਗਦੈ ਤੁਸੀਂ ਵੀ ਹੀਰਾਂ ਮਗਰ ਗੇੜੇ ਕੱਢੇ ਹੋਣਗੇ। ਖੈਰ! ਉਖਲ਼ੀ ਵਿੱਚ ਸਿਰ ਦੇ ਦਿੱਤਾ, ਫਿਰ ਮੋਹਲ਼ੀਆਂ ਦਾ ਡਰ ਕਾਹਦਾ! ਤੁਹਾਡਾ ਸੁਆਲ ਮਹੱਤਵਪੂਰਨ ਤੇ ਵੱਡਾ ਹੈ, ਓਨਾ ਵੱਡਾ ਈ ਜੁਆਬ ਆ। ਹੀਰ ਤੇ ਵਿਦੇਸ਼ ਦੀ ਗੱਲ ਇਕੱਠੀ ਹੀ ਕਰਦੇ ਹਾਂ।

ਭੰਗੂ ਸਾਹਿਬ, ਨਰ-ਮਦੀਨ ਦਾ ਇਕ ਦੂਜੇ ਵੱਲ ਆਕਰਸ਼ਿਤ ਹੋਣਾ ਕੁਦਰਤੀ ਵਰਤਾਰਾ ਹੈ। ਜਿਨਸੀ ਭੁੱਖ ਹਰੇਕ ਜਾਨਦਾਰ ਪ੍ਰਾਣੀ ਵਿੱਚ ਹੁੰਦੀ ਹੈ ਤਾਂ ਹੀ ਸ੍ਰਿਸ਼ਟੀ ਹੋਂਦ ਵਿੱਚ ਹੈ। ਅਸੀਂ ਸਾਰੇ ਇਸ ਦਾ ਹਿੱਸਾ ਹਾਂ। ਅੱਥਰੀ ਜਵਾਨੀ ਹੁੰਦੀ ਹੀ ਅਜਿਹੀ ਹੈ। ਜਵਾਨੀ ਚੜ੍ਹਦਿਆਂ ਕਈ ਕੁੜੀਆਂ ਮੇਰੇ ਸੰਪਰਕ ਵਿੱਚ ਆਈਆਂ।

ਕਾਲਜ ਪੜ੍ਹਦਿਆਂ ਇਕ ਕਲਾਕਾਰ ਦੀ ਬੇਟੀ ਦੀ ਗੰਭੀਰਤਾ ਕਰਕੇ ਉਹ ਮੈਨੂੰ ਚੰਗੀ ਲੱਗੀ। ਮੈਂ ਉਸ ਨੂੰ ਇਕ ਚਿੱਠੀ ਰਾਹੀਂ ਪ੍ਰਪੋਜ਼ ਕੀਤਾ। ਕੁਝ ਚਿਰ ਬਾਅਦ ਮੇਰੇ ਤੋਂ ਸੀਨੀਅਰ ਵੱਡੀਆਂ ਭੈਣਾਂ ਵਰਗੀ ਇਕ ਕੁੜੀ ਹੱਥ ਮੇਰੀ ਚਿੱਠੀ ਦੇ ਨਾਲ ਹੀ ਕੁਝ ਲਾਈਨਾਂ ਵਿੱਚ ਲਿਖਿਆ ਜੁਆਬ ਮਿਲਿਆ, 'ਕਿੱਕਰਾ ਵੇ ਕੰਡਿਆਲਿਆਂ ਉੱਤੋਂ ਚੜ੍ਹਿਆ ਪੋਹ, ਹੱਕ ਜਿਨ੍ਹਾਂ ਦੇ ਆਪਣੇ ਆਪ ਲੈਣਗੇ ਖੋਹ।'

ਮੈਂ ਪਟਿਆਲਾ ਯੂਨੀਵਰਸਿਟੀ ਵਿੱਚ ਪੜ੍ਹ ਰਿਹਾ ਸਾਂ। ਪਟਿਆਲਿਓਂ ਆਉਂਦਿਆਂ ਬੱਸ ਵਿੱਚ ਮੇਰੀ ਮੁਲਾਕਾਤ ਇਕ ਕੁੜੀ ਨਾਲ ਹੋਈ ਉਹ ਮੁਕੇਰੀਆਂ ਦੀ ਸੀ ਤੇ ਉਸ ਨੇ ਪੰਜਾਬੀ ਦੀ ਐੱਮ.ਏ. ਕੀਤੀ ਹੋਈ ਸੀ। ਤਾਲਮੇਲ ਬਣਿਆ ਰਿਹਾ। ਉਹ ਕਾਲਾ ਅਫ਼ਗਾਨਾ ਕਾਲਜ ਵਿੱਚ ਕੱਚੀ ਪ੍ਰੋਫ਼ੈਸਰ ਲੱਗ ਗਈ। ਮੈਂ ਜਰਮਨੀ ਚਲਾ ਗਿਆ। ਉਸ ਨੂੰ ਪੱਕੇ ਹੋਣ ਲਈ ਥੀਸਸ ਪਾਸ ਕਰਨਾ ਪੈਣਾ ਸੀ। ਉਸ ਨੇ ਮੈਨੂੰ ਚਿੱਠੀ ਲਿਖੀ। ਮੈਂ ਦੁੱਲਾ ਭੱਟੀ ਦੀਆਂ ਆਊਟ ਲਾਈਨਾਂ ਲਿਖ ਕੇ ਭੇਜ ਦਿੱਤੀਆਂ, ਉਹ ਪੱਕੀ ਤਾਂ ਹੋ ਗਈ, ਪਰ...!

ਯੂਨੀਵਰਸਿਟੀ ਪੜ੍ਹਦਿਆਂ ਹੀ ਇਕ ਪੁਲਸ ਅਫਸਰ ਦੀ ਸਾਲੀ ਨਾਲ ਸ਼ਿਮਲਾ ਟੂਰ 'ਤੇ ਜਾਣ ਦਾ ਮੌਕਾ ਮਿਲਿਆ, ਪਰ ਵਿਚਾਰਾਂ ਦੇ ਟਕਰਾਅ ਹੋਣ ਕਰਕੇ ਇਹ ਮੁਲਾਕਾਤਾਂ ਕੌਫ਼ੀ ਹਾਊਸ ਤੱਕ ਹੀ ਹੋ ਨਿੱਬੜੀਆਂ ਸਨ।

ਅੱਪਰ ਡਵੀਜ਼ਨ ਕਲਰਕ ਦੀ ਨੌਕਰੀ ਹਿਮਾਚਲ 'ਚ ਬਸੀ ਪਾਵਰ ਹਾਊਸ ਵਿੱਚ ਬੜੇ ਸੰਘਰਸ਼ਾਂ ਬਾਅਦ ਮਿਲੀ ਸੀ। ਗੁਰਦਾਸਪੁਰ ਪੜ੍ਹਦਿਆਂ ਨਕਸਲੀ ਲਹਿਰ ਨਾਲ ਜੁੜੇ ਹੋਣ ਕਰਕੇ ਸੀ.ਆਈ.ਡੀ ਵੀ ਪੈੜਾਂ ਦੱਬੀ ਫਿਰਦੀ ਸੀ। ਨਕਸਲੀਆਂ ਨਾਲ ਪੁਲਸ ਦੀ ਲੁਕਨਮੀਟੀ ਕਰਕੇ ਪੰਜਾਬ ਵਿੱਚ ਨੌਜਵਾਨੀ ਦਾ ਘਾਣ ਹੋ ਰਿਹਾ ਸੀ। ਉਥੇ ਇਕ ਸੋਹਣੀ-ਸੁਨੱਖੀ ਦਫਤਰ ਵਿੱਚ ਲੱਗੀ ਪਹਾੜਨ ਮੇਰੇ ਵੱਲ ਉਲਾਰ ਹੋ ਗਈ।

ਉਨ੍ਹਾਂ ਵੇਲਿਆਂ ਵਿੱਚ ਯੂਗੋਸਲਾਵੀਆ ਜਾਣ ਵਾਸਤੇ ਭਾਰਤੀਆਂ ਨੂੰ ਵੀਜ਼ੇ ਦੀ ਲੋੜ ਨਹੀਂ ਸੀ। ਅੱਜ ਵੀ ਕਈ ਮੁਲਕ ਹਨ, ਜਿੱਥੇ ਵੀਜ਼ੇ ਬਿਨਾਂ ਜਾ ਸਕਦੇ ਹਾਂ। ਕੁਝ ਮਿੱਤਰਾਂ ਦੀ ਸਲਾਹ ਕਰਕੇ ਪੁਲਸ ਦੀ ਨਜ਼ਰ ਤੋਂ ਬਚਣ ਲਈ ਵਿਦੇਸ਼ ਜਾਣ ਨੂੰ ਪਹਿਲ ਦਿੱਤੀ। ਸੰਨ 1979 ਵਿੱਚ ਈਸਟ ਬਰਲਿਨ ਸ਼ਹਿਰ ਤੋਂ ਵੈੱਸਟ ਬਰਲਿਨ ਜਾਂਦਿਆਂ ਫੜੇ ਗਏ। ਉਦੋਂ ਜਰਮਨ ਵਿੱਚ ਵੀ ਵੀਜ਼ੇ ਦੀ ਲੋੜ ਨਹੀਂ ਸੀ। ਚਾਰ ਦਿਨ ਜੇਲ੍ਹ ਵਿੱਚ ਰੱਖ ਕੇ ਪੰਜਵੇਂ ਦਿਨ ਤਕਰੀਬਨ 35 ਮੁੰਡਿਆਂ ਨੂੰ ਡਿਪੋਰਟ ਕਰ ਦਿੱਤਾ। ਦਿੱਲੀ ਏਅਰਪੋਰਟ ਇਮੀਗ੍ਰੇਸ਼ਨ ਦਫਤਰ ਵਿੱਚ ਪਾਸਪੋਰਟਾਂ ਲਈ ਬਹਿਸ ਦੌਰਾਨ ਉਦੋਂ ਕਾਲਜ ਦੀ ਲੀਡਰੀ ਤੇ ਅੰਗਰੇਜ਼ੀ ਕੰਮ ਆਈ।

ਇਸ ਤੋਂ ਮਗਰੋਂ ਧਾਰੀਵਾਲ ਤੋਂ ਮੈਡੀਕਲ ਲੈ ਕੇ ਫਿਰ ਨੌਕਰੀ 'ਤੇ ਹਾਜ਼ਰ ਹੋ ਗਿਆ। ਪਹਾੜਨ ਫਿਰ ਮਗਰ ਪੈ ਗਈ, ਪਰ ਮੇਰਾ ਧਿਆਨ ਵਿਦੇਸ਼ ਵੱਲ ਜ਼ਿਆਦਾ ਸੀ। ਛੇ ਮਹੀਨੇ ਬਾਅਦ ਮੈਂ ਫਿਰ ਪੋਲੈਂਡ ਉਡਾਰੀ ਮਾਰ ਗਿਆ। ਉਥੇ ਵੀ ਐਂਟਰੀ ਹੀ ਸੀ। ਓਥੋਂ ਇੰਟਰਨੈਸ਼ਨਲ ਟਰੇਨ ਯੂਰਪ ਦੇ ਮੁਲਕਾਂ ਵਿੱਚ ਮਾਸਕੋ ਤੋਂ ਹਾਲੈਂਡ ਤੱਕ ਚੱਲਦੀ ਸੀ। ਕੁਝ ਸਮਾਂ ਜਰਮਨ ਵਿੱਚ ਕੰਮ ਕੀਤਾ। ਜੁਲਾਈ 1981 ਨੂੰ ਕੈਨੇਡਾ ਐਲਬਰਟਾ ਸਟੇਟ ਵਿੱਚ ਵੀ ਐਂਟਰੀ ਸੀ। ਉਥੇ ਫਿਰ ਫੜਿਆ ਗਿਆ। ਛੁੱਟਣ ਵਾਸਤੇ ਜ਼ਮਾਨਤੀ ਦੀ ਲੋੜ ਸੀ। ਮੈਨੂੰ ਕੋਈ ਜ਼ਮਾਨਤੀ ਨਾ ਮਿਲਣ ਕਰਕੇ ਉਥੇ ਮੈਨੂੰ ਜਰਮਨ 'ਚ ਕਮਾਏ 2000 ਕੈਨੇਡੀਅਨ ਡਾਲਰ ਭਰ ਕੇ ਕੁਝ ਸ਼ਰਤਾਂ ਨਾਲ ਜ਼ਮਾਨਤ ਮਿਲੀ। ਜਿਵੇਂ ਨਾ ਕੰਮ, ਨਾ ਡਰਾਇਵਿੰਗ ਲਸੰਸ, ਨਾ ਪੜ੍ਹਾਈ, ਪਰ ਮੈਂ ਸਾਰੇ ਕੰਮ ਉਲਟ ਕੀਤੇ। ਨਤੀਜੇ ਵਜੋਂ ਛੇ ਮਹੀਨੇ ਬਾਅਦ ਰਾਇਲ ਕੈਨੇਡੀਅਨ ਮਾਊਂਟੇਡ ਪੁਲਸ ਨੇ ਮੈਨੂੰ ਫੜ ਲਿਆ ਤੇ ਜੇਲ੍ਹ ਭੇਜ ਦਿੱਤਾ। ਜਦੋਂ ਇਮੀਗ੍ਰੇਸ਼ਨ ਜੱਜ ਅੱਗੇ ਪੇਸ਼ ਕੀਤਾ ਗਿਆ ਤਾਂ ਜੱਜ ਨੇ ਕਿਹਾ, 'ਤੂੰ ਜ਼ਮਾਨਤ ਵੀ ਗਵਾ ਬੈਠਾ ਏਂ, ਅਸੀਂ ਤੈਨੂੰ ਡਿਪੋਰਟ ਕਰਾਂਗੇ।'

ਮੈਂ ਜੱਜ ਨੂੰ ਬੇਨਤੀ ਕੀਤੀ, 'ਮੈਨੂੰ ਰਾਜਸੀ ਤੌਰ 'ਤੇ ਭਾਰਤ ਵਿੱਚ ਖਤਰਾ ਹੈ ਇਸ ਲਈ ਮੈਨੂੰ ਰਾਜਨੀਤਕ ਪਨਾਹ ਦਿੱਤੀ ਜਾਵੇ।'

ਜੱਜ ਦਾ ਜੁਆਬ ਸੀ, 'ਤੂੰ ਜ਼ਮਾਨਤ ਦੀਆਂ ਸ਼ਰਤਾਂ ਤੋੜਨ ਕਰਕੇ ਵਿਸ਼ਵਾਸਯੋਗ ਨਹੀਂ ਰਿਹਾ।'

ਬੇਸ਼ੱਕ ਮੈਂ ਕਮਿਊਨਿਸਟ ਸੋਚ ਕਰਕੇ ਚਮਤਕਾਰਾਂ ਵਿੱਚ ਵਿਸ਼ਵਾਸ ਨਹੀਂ ਕਰਦਾ, ਪਰ ਕੁਝ ਦਿਨ ਬਾਅਦ ਮੇਰੇ ਨਾਲ ਇੱਕ ਚਮਤਕਾਰ ਹੀ ਹੋ ਗਿਆ। ਸੱਤਵੇਂ ਦਿਨ ਰਾਇਲ ਕੈਨੇਡੀਅਨ ਮਾਊਂਟੇਡ ਪੁਲਸ ਦਾ ਇਕ ਅਫਸਰ ਮੇਰੇ ਕੋਲ ਆਇਆ ਤੇ ਮੈਨੂੰ ਬਾਹਰ ਲੈ ਆਇਆ ਤੇ ਮੈਨੂੰ ਗੱਡੀ ਵਿੱਚ ਬਿਠਾਅ ਲਿਆ। ਗੱਡੀ ਵਿੱਚ ਇਕ ਟਰੇਂਡ ਕੁੱਤਾ ਵੀ ਸੀ।

ਮੈਂ ਉਸ ਨੂੰ ਪੁੱਛਿਆ, 'ਹੁਣ ਕਿੱਥੇ ਲੈ ਕੇ ਚੱਲੋਗੇ?'

ਉਸ ਦਾ ਜੁਆਬ ਸੀ, 'ਜਿੱਥੇ ਤੂੰ ਰਹਿੰਦਾ ਏਂ।'

ਅਸੀਂ ਬਹੁਤ ਖੁੱਲ੍ਹੀਆਂ ਗੱਲਾਂ ਕਰਦੇ ਆਏ, ਕਿਉਂਕਿ ਬਚਪਨ ਵਿੱਚ ਦੋ ਵਾਰ ਮੌਤ ਤੋਂ ਬਚਣ ਕਰਕੇ ਮੈਂ ਮੌਤ ਦੇ ਡਰ ਨੂੰ ਟਿੱਚ ਸਮਝਦਾ ਸਾਂ। ਨਹੀਂ ਤਾਂ ਭਾਰਤ ਵਿੱਚ ਇੰਜ ਮੁਜਰਮ ਨੂੰ ਲਿਜਾਣ ਦਾ ਮਤਲਬ ਐਨਕਾਊਂਟਰ ਹੀ ਹੁੰਦਾ ਸੀ।

ਮੈਂ ਬੇਸਮੈਂਟ ਵਿੱਚ ਰਹਿੰਦਾ ਸਾਂ। ਕਮਰੇ ਦੀ ਚਾਬੀ ਮੇਰੇ ਕੋਲ ਨਹੀਂ ਸੀ। ਉਹ ਮੇਰੇ ਕੰਮ ਵਾਲੇ ਥਾਂ ਹੀ ਰਹਿ ਗਈ ਸੀ। ਬੇਸਮੈਂਟ ਦੀਆਂ ਖਿੜਕੀਆਂ ਬਾਹਰ ਨੂੰ ਖੁੱਲ੍ਹਦੀਆਂ ਸਨ। ਉਸ ਅਫਸਰ ਨੇ ਇਕ ਖਿੜਕੀ ਖੋਲ੍ਹ ਕੇ ਮੈਨੂੰ ਕਿਹਾ, 'ਅੰਦਰ ਛਾਲ ਮਾਰ।'

ਮੇਰੇ ਮਗਰ ਉਸ ਨੇ ਵੀ ਛਾਲ ਮਾਰ ਦਿੱਤੀ। ਕਮਰੇ ਵਿੱਚ ਮੇਰੇ ਸਾਮਾਨ ਦੀ ਤਲਾਸ਼ੀ ਲਈ ਗਈ। ਉਸ ਨੂੰ ਕੁਝ ਵੀ ਇਤਰਾਜ਼ਯੋਗ ਨਾ ਮਿਲਿਆ। ਵਾਪਸੀ 'ਤੇ ਘੁਲਣ-ਮਿਲਣ ਕਰਕੇ ਮੈਨੂੰ ਹੱਥਕੜੀ ਨਹੀਂ ਲਾਈ। ਜੇਲ੍ਹ ਆ ਕੇ ਉਸ ਨੇ ਮੈਨੂੰ ਕਾਊਂਟਰ ਵਾਲੀ ਕੁੜੀ ਦੇ ਸਾਹਮਣੇ ਪੇਸ਼ ਕੀਤਾ। 'ਆਰ ਯੂ ਮਿਸਟਰ ਸਿੰਘ! ਯੂ ਆਰ ਬੇਲਡ ਆਊਟ।'

'ਯੈੱਸ, ਮੈਨੂੰ ਉਹਦੇ ਬੋਲਾਂ 'ਤੇ ਯਕੀਨ ਨਹੀਂ ਆਇਆ, ਪਰ ਨਾਲ ਹੀ ਮੈਂ ਹੈਰਾਨੀ ਵੀ ਪ੍ਰਗਟ ਨਾ ਕੀਤੀ। ਉਸ ਨੇ ਮੈਨੂੰ ਜੇਲ੍ਹ ਵਾਲੇ ਕੱਪੜੇ ਲਾਹ ਕੇ ਆਪਣੇ ਪਾਉਣ ਨੂੰ ਕਿਹਾ। ਮੈਂ ਝੱਟ ਕੱਪੜੇ ਬਦਲ ਕੇ ਥੈਂਕਯੂ ਕਰਕੇ ਓਥੋਂ ਨਿਕਲ ਤੁਰਿਆ। ਚਮਤਕਾਰ ਇਹ ਕਿ ਮੈਨੂੰ ਦੁਬਾਰਾ ਕਿਸੇ ਨੇ ਡੱਕਿਆ ਨਹੀਂ। ਟੈਕਸੀ ਲੈ ਕੇ ਮੈਂ ਕੰਮ ਵਾਲੀ ਥਾਂ 'ਤੇ ਆ ਕੇ ਫੋਨ ਤੋਂ ਆਪਣੇ ਵਕੀਲ ਨੂੰ ਫੋਨ ਲਾਇਆ। ਜੇਲ੍ਹ 'ਚੋਂ ਨਿਕਲਿਆਂ ਪੌਣਾ ਘੰਟਾ ਹੋ ਗਿਆ ਸੀ। ਵਕੀਲ ਨੇ ਮੈਨੂੰ ਆਪਣੇ ਕੋਲ ਆਉਣ ਤੋਂ ਰੋਕ ਦਿੱਤਾ, ਕਿਉਂਕਿ ਕੈਨੇਡੀਅਨ ਪੁਲਸ ਮੈਨੂੰ ਦੁਬਾਰਾ ਫੜਨ ਲਈ ਉੱਥੇ ਪਹੁੰਚ ਚੁੱਕੀ ਸੀ। ਕੈਨੇਡੀਅਨ ਇਮੀਗ੍ਰੇਸ਼ਨ ਵਾਲੇ ਮੈਨੂੰ ਗਲਤੀ ਨਾਲ ਛੱਡ ਚੁੱਕੇ ਸਨ। 2005 ਵਿੱਚ ਵੀ ਕੰਪਿਊਟਰ ਬੋਲ ਰਿਹਾ ਸੀ ਕਿ ਇਹ ਇਸ਼ਤਿਹਾਰੀ ਮੁਜਰਮ ਹੈ।'

**? ਵਿਦੇਸ਼ ਵਿੱਚ ਪੱਕੇ ਹੋਣ ਦਾ ਸਬੱਬ ਕਿਵੇਂ ਬਣਿਆ।**

-ਗੱਲ ਲੰਮੀ ਨਾ ਕਰਾਂ, ਵਰਤਮਾਨ ਵਿੱਚ ਜੰਗਲਾਂ ਰਸਤੇ ਪੈਦਲ ਜਾਣ ਵਾਲਿਆਂ ਵਾਂਗ ਮੈਂ ਵੀ ਅਮਰੀਕਾ ਪਹੁੰਚ ਗਿਆ।ਰਸਤੇ ਵਿੱਚ ਮੈਨੂੰ ਮੇਰੇ ਬਾਬੇ ਦਾ ਕਿਹਾ ਯਾਦ ਆਇਆ, 'ਅਨਜਾਣ ਇਲਾਕੇ ਵਿੱਚ ਵਿਚਰਦਿਆਂ ਹੱਥ ਵਿੱਚ ਆਪਣੀ ਰੱਖਿਆ ਲਈ ਹੱਥ ਵਿੱਚ ਹਥਿਆਰ ਹੋਣਾ ਜ਼ਰੂਰੀ ਹੈ ਤੇ ਸਭ ਤੋਂ ਜ਼ਰੂਰੀ ਆਤਮ ਵਿਸ਼ਵਾਸ।' ਅਮਰੀਕਾ ਵਿੱਚ ਕੰਮ ਜਿਹੜਾ ਵੀ ਮਿਲਦਾ, ਮੈਂ ਕਰ ਲੈਂਦਾ। ਪੱਕੇ ਹੋਣ ਲਈ ਮੈਂ ਖੇਤੀ ਕੰਟਰੈਕਟ ਲਈ ਫਾਰਮ ਭਰ ਦਿੱਤਾ, ਪਰ ਉਸ ਮਾਲਕ ਦੀ ਮਾਲਕੀ ਘੱਟ ਹੋਣ ਕਰਕੇ ਗੱਲ ਨਹੀਂ ਬਣੀ। ਫਿਰ ਕਿਸੇ ਜ਼ਰੀਏ ਪੱਕੇ ਹੋਣ ਲਈ ਸ਼ਰਤਾਂ ਅਧੀਨ ਵਿਆਹ ਦਾ ਜੁਗਾੜ ਕੀਤਾ।

ਬਚਪਨ ਵਿੱਚ ਇਕ ਬਜ਼ੁਰਗ ਬਾਬੇ ਕੋਲੋਂ ਸੁਣੀਆਂ ਸਿਆਣੀਆਂ ਗੱਲਾਂ ਨੂੰ ਮੈਂ ਕਦੀ ਨਹੀਂ ਭੁੱਲਿਆ। ਉਹ ਪਹਿਲੀ ਆਲਮੀ ਜੰਗ 'ਚੋਂ ਵਾਪਸ ਮੁੜਿਆ ਸੀ। ਉਹ ਆਖਦਾ ਹੁੰਦਾ ਸੀ, 'ਬੰਦੇ ਕੋਲ ਬੇਸ਼ੱਕ ਧੇਲਾ ਨਾ ਹੋਵੇ, ਪਰ ਹਿੰਮਤ ਅਤੇ ਦਲੇਰੀ ਉਸ ਨੂੰ ਹਮੇਸ਼ਾ ਅਮੀਰ ਬਣਾਈ ਰੱਖਦੀ ਹੈ।' ਸੋ ਮੈਂ ਸੌਦੇ ਦੇ ਵਿਆਹ ਨਾਲ ਪੱਕਾ ਹੋ ਗਿਆ। ਜਲਦੀ ਹੀ ਯੂ.ਐੱਸ.ਏ ਡਾਕ ਵਿਭਾਗ ਵਿੱਚ ਅਸਾਮੀਆਂ ਨਿਕਲੀਆਂ। ਮੈਂ ਫਾਰਮ ਭਰ ਦਿੱਤਾ, ਟੈਸਟ ਪਾਸ ਕਰ ਲਿਆ ਤੇ ਸਰਕਾਰੀ ਮੁਲਾਜ਼ਮ ਬਣ ਗਿਆ। ਵੀਰ ਨਿਰਮਲ ਨੇ ਅਖਬਾਰਾਂ ਵਿੱਚ ਅਮਰੀਕਾ ਪੱਕੇ ਮੁੰਡੇ ਨਾਲ ਵਿਆਹ ਦੇ ਚਾਹਵਾਨ ਸੰਪਰਕ ਕਰਨ, ਇਸ਼ਤਿਹਾਰ ਦੇ ਦਿੱਤਾ। ਵਿਆਹ ਲਈ ਭਾਰਤ ਆਉਣ ਤੋਂ ਪਹਿਲਾਂ ਕੋਈ ਪੈਂਤੀ ਕੁੜੀਆਂ ਦੀਆਂ ਫੋਟੋਆਂ ਸਮੇਤ ਪਤੇ ਚਿੱਠੀਆਂ ਆਈਆਂ ਹੋਈਆਂ ਸਨ। ਵੀਰ ਨੇ ਤਾਂ ਇਕ ਤਰ੍ਹਾਂ ਫੋਟੋਆਂ ਦੀ ਐਲਬਮ ਹੀ ਬਣਾ ਰੱਖੀ ਸੀ। ਫੋਟੋਆਂ ਵੇਖਦਿਆਂ ਜਦੋਂ ਬਲਬੀਰ ਦੀ ਫੋਟੋ ਵੇਖੀ ਤਾਂ ਮੈਂ ਹੋਰ ਅੱਗੇ ਵੇਖਣ ਤੋਂ ਮਨ੍ਹਾ ਕਰ ਦਿੱਤਾ। ਵੀਰ ਨੇ ਬਲਬੀਰ ਦੇ ਪਰਵਾਰ ਨਾਲ ਸੰਪਰਕ ਕਰਕੇ ਵਿਚੋਲੇ ਦੀ ਭੂਮਿਕਾ ਨਿਭਾਅ ਕੇ ਮੇਰੇ ਸੁਫਨਿਆਂ ਦੀ ਹੀਰ ਨਾਲ ਜਨਮਾਂ ਦਾ ਨਾਤਾ ਜੋੜ ਦਿੱਤਾ।



**? ਜੇ ਤੁਹਾਡੀ ਰਚਨਾਕਾਰੀ ਦੀ ਗੱਲ ਕੀਤੀ ਜਾਵੇ ਤਾਂ ਤੁਸੀਂ ਜ਼ਿਆਦਾ ਵਾਰਤਕ ਖੋਜ ਭਰਪੂਰ ਲਿਖੀ ਹੈ। ਤੁਸੀਂ ਲਿਖਣਾ ਕਦੋਂ ਸ਼ੁਰੂ ਕੀਤਾ ਤੇ ਹੁਣ ਤੱਕ ਦੀਆਂ ਪੁਸਤਕਾਂ ਅਤੇ ਅੱਗੇ ਨਵਾਂ ਕੀ ਲਿਖ ਰਹੇ ਹੋ, ਬਾਰੇ ਪਾਠਕਾਂ ਨਾਲ ਸਾਂਝਾ ਕਰੋ।**

-ਲਿਖਣਾ ਮੈਂ ਕਾਲਜ ਪੜ੍ਹਦੇ ਸਮੇਂ ਹੀ ਸ਼ੁਰੂ ਕਰ ਦਿੱਤਾ ਸੀ। ਲੇਕਿਨ ਅਖ਼ਬਾਰਾਂ ਤੇ ਮੈਗਜ਼ੀਨਾਂ ਵਿੱਚ ਛਪਣਾ ਅਮਰੀਕਾ ਆ ਕੇ ਸ਼ੁਰੂ ਹੋਇਆ ਸੀ। ਵੀਹ ਕੁ ਸਾਲ ਤੋਂ ਜ਼ਿਆਦਾ ਸਰਗਰਮ ਹੋਇਆ ਹਾਂ। ਮੈਂ ਖੁਦ ਬਾਗੀ ਤਬੀਅਤ ਦਾ ਮਾਲਕ ਹਾਂ। ਸਭ ਤੋਂ ਪਹਿਲਾਂ ਮੈਂ (2010) ਵਿੱਚ 'ਦੁੱਲਾ ਭੱਟੀ' ਪੁਸਤਕ ਲਿਖੀ। (2011) ਵਿੱਚ ਹੀ 'ਬੁਲੰਦ ਹਵੇਲੀ', (2013) ਵਿੱਚ 'ਪੰਜਾਬ ਟੂ ਪੰਜਾਬ' ਲਿਖੀ, ਜੋ ਅੰਗਰੇਜ਼ੀ ਤੇ ਉਰਦੂ ਵਿੱਚ ਛਪੀ ਸੀ। (2014) ਵਿੱਚ 'ਜੱਗਾ ਡਾਕੂ', ਮੈਕਸੀਕੋ, ਅਰਜਨਟੀਨਾ, ਬੋਲੀਵੀਆ ਆਦਿ ਮੁਲਕਾਂ ਵਿੱਚ ਘੁੰਮ ਕੇ ਲੰਮੀ ਖੋਜ ਮਗਰੋਂ (2017) ਵਿੱਚ 'ਚੀ ਗੁਵੇਰਾ', (2019) ਵਿੱਚ 'ਮਾਟੀ ਰੁਦਨ ਕਰੇਂਦੀ' ਪੁਸਤਕ ਆਈ। 'ਲੋਹ ਪੁਰਸ਼ ਮਰਜੀਵੜਾ ਕਾਮਰੇਡ ਤੇਜਾ ਸਿੰਘ ਸੁਤੰਤਰ' (2020) ਅਤੇ ਅਣਖੀਲਾ ਧਰਤੀ ਪੁੱਤਰ ਦੁੱਲਾ ਭੱਟੀ (2022) ਵਿੱਚ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ, ਰਾਵੀ ਦਾ ਰਾਠ : 'ਰਾਏ ਅਹਿਮਦ ਖਾਂ ਖਰਲ' ਗੁਰਮੁਖੀ ਅਤੇ ਸ਼ਾਹਮੁਖੀ ਵਿੱਚ (2023) ਵਿੱਚ ਪ੍ਰਕਾਸ਼ਿਤ ਹੋਈਆਂ। ਦਸੰਬਰ (2024) ਵਿੱਚ ਜੀਵਨੀ ਮੂਲਕ ਨਾਵਲ 'ਕਰਮਾ' ਛਪਿਆ ਹੈ। ਭਵਿੱਖ ਵਿੱਚ 'ਰਾਵੀ ਦੇ ਆਰ-ਪਾਰ' ਵਾਰਤਕ ਪੁਸਤਕ ਲਿਖ ਰਿਹਾ ਹਾਂ।'

**? ਤੁਹਾਡੀਆਂ ਖੋਜ ਭਰਪੂਰ ਲਿਖਤਾਂ ਨੂੰ ਸੈਲੂਟ ਕਰਨਾ ਬਣਦਾ ਹੈ, ਪਰ ਤੁਸੀਂ ਬਾਗੀ ਅਤੇ ਜੰਗਜੂ ਸੂਰਮਿਆਂ ਨੂੰ ਹੀ ਕਿਉਂ ਚੁਣਿਆ।**

-ਤੁਸੀਂ ਕਿਹਾ ਕਿ ਜੰਗਜੂ ਸੂਰਮਿਆਂ ਨੂੰ ਹੀ ਕਿਉਂ ਚੁਣਿਆ। ਮੈਂ ਕਹਾਂਗਾ ਕਿ ਵਾਰਾਂ ਸੂਰਮਿਆਂ ਦੀਆਂ ਹੀ ਗਾਈਆਂ ਤੇ ਲਿਖੀਆਂ ਜਾਂਦੀਆਂ ਨੇ, ਨਿਗੱਲਿਆਂ ਦੀ ਤਾਂ ਕੋਈ ਅਣਖੀ ਜੰਞੇ ਵੀ ਨਹੀਂ ਜਾਂਦਾ! ਆਪਣੇ ਦਿਲ ਦੀ ਗੱਲ ਕਹਿਣੀ ਚਾਹਾਂਗਾ ਕਿ ਖੋਜ ਦੇ ਬਾਵਜੂਦ ਮੈਂ ਪੁਸਤਕ ਦਾ ਨਾਂਅ 'ਜੱਗਾ ਡਾਕੂ' ਲਿਖ ਕੇ ਸੂਰਮੇ ਨਾਲ ਨਿਆਂ ਨਹੀਂ ਕੀਤਾ। ਹੋਰ ਖੋਜ ਕਰਕੇ 'ਜੱਗਾ ਸੂਰਮਾ' ਪੁਸਤਕ ਲਿਖ ਕੇ ਮੈਂ ਆਪਣੀ ਗਲਤੀ ਸੁਧਾਰ ਰਿਹਾ ਹਾਂ।'

**? ਕਰਮਾ ਪੁਸਤਕ ਪੜ੍ਹਦਿਆਂ ਇੰਜ ਲੱਗਦਾ ਹੈ, ਜਿਵੇਂ ਪਾਤਰ ਕਰਮਾ ਨਹੀਂ ਧਰਮਾ ਹੈ। ਕੀ ਕਹਿਣਾ ਚਾਹੋਗੇ।**

-ਤੁਸੀਂ ਬਿਲਕੁਲ ਸਹੀ ਕਿਹਾ ਹੈ। ਜੇ ਮੈਂ ਧਰਮੇ ਦੀ ਗੱਲ ਕਰਦਾ ਤਾਂ ਉਹ ਸਿਰਫ਼ ਮੇਰੀ ਜੀਵਨੀ ਦੀ ਗੱਲ ਹੋਣੀ ਸੀ। ਕਰਮੇ ਰਾਹੀਂ ਮੈਂ ਹਰੇਕ ਸੰਘਰਸ਼ੀ ਮਨੁੱਖ ਦੀ ਗਾਥਾ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਉੱਚ ਵਿੱਦਿਆ ਪ੍ਰਾਪਤ ਅਨੇਕਾਂ ਨੌਜਵਾਨਾਂ ਦੀ ਬੇਕਦਰੀ, ਹੋਰ ਕਈ ਰੋਟੀ-ਰੋਜ਼ੀ ਦੀ ਭਾਲ ਵਿੱਚ ਏਅਰਪੋਰਟਾਂ ਤੋਂ ਉੱਡ ਕੇ ਜੰਗਲਾਂ ਵਿੱਚ ਦੁੱਖ-ਮੁਸੀਬਤਾਂ ਸਹਿੰਦੇ ਕਈ ਸਫਲ ਤੇ ਕਈ ਅਸਫਲ ਹੋ ਕੇ ਡਿਪੋਰਟ ਹੋਣ ਵਾਲਿਆਂ ਦੀ ਗੱਲ ਕੀਤੀ ਹੈ। ਇਸ ਲਈ ਕਰਮੇ ਵਿੱਚ ਬਹੁਤ ਸਾਰਿਆਂ ਨੂੰ ਆਪਣੀ ਹੀ ਤਸਵੀਰ ਨਜ਼ਰ ਪਏਗੀ।'

**? ਪਾਠਕ ਤੁਹਾਡੇ ਖੁਦ ਦੇ ਪਰਵਾਰ ਬਾਰੇ ਵੀ ਜਾਣਨਾ ਚਾਹੁਣਗੇ।**

-1988 ਵਿੱਚ ਬਲਬੀਰ ਕੌਰ ਨਾਲ ਵਿਆਹ ਤੋਂ ਛੇ ਮਹੀਨੇ ਬਾਅਦ ਹੀ ਮੈਂ ਉਸ ਨੂੰ ਅਮਰੀਕਾ ਸਮੇਤ ਛੋਟੇ ਭਰਾ ਪਲਵਿੰਦਰ ਸਿੰਘ ਬੁਲਾ ਲਿਆ। ਬਲਬੀਰ ਨੇ ਨਰਸਿੰਗ ਕੀਤੀ ਹੋਈ ਸੀ ਤੇ ਸਰਵਿਸ ਵੀ ਕਰ ਰਹੀ ਸੀ। ਉਸ ਦੇ ਆਧਾਰ 'ਤੇ ਉਸ ਨੇ ਅਮਰੀਕਾ ਵਿੱਚ ਬੋਰਡ ਦਾ ਨਰਸਿੰਗ ਦਾ ਟੈਸਟ ਦਿੱਤਾ, ਜੋ ਉਸ ਨੇ ਪਹਿਲੀ ਵਾਰ ਹੀ ਪਾਸ ਕਰ ਲਿਆ ਤੇ ਹਸਪਤਾਲ ਵਿੱਚ ਜਾਬ ਮਿਲ ਗਈ। ਸਾਡੇ ਘਰ ਇਕ ਬੇਟੀ ਨੇ ਜਨਮ ਲਿਆ, ਜਿਸ ਦਾ ਨਾਂਅ ਹਨੀਤ ਕੌਰ ਹੈ। ਛੋਟਾ ਭਰਾ ਕੁਲਬੀਰ ਸਾਂਢੂ ਵੀ ਹੈ, ਉਸ ਦਾ ਬੇਟਾ ਹਰਸ਼ਦੀਪ ਸਿੰਘ ਅਸੀਂ ਗੋਦ ਲੈ ਲਿਆ। ਆਪਣਾ ਗੈਸ ਸਟੇਸ਼ਨ ਹੈ, ਨਾਲ ਹੀ ਸਟੋਰ ਅਟੈਚ ਹੈ। ਇਕ ਗੱਡੀਆਂ ਦੀ ਆਟੋ ਸ਼ਾਪ ਹੈ, ਇਕ ਚੀਨੀ ਰੈਸਟੋਰੈਂਟ ਹੈ। ਫੈਡਰਲ ਸਰਕਾਰ ਦੀ ਨੌਕਰੀ 31 ਸਾਲ ਕਰਨ ਤੋਂ ਬਾਅਦ ਸੇਵਾ ਮੁਕਤ ਜੀਵਨ ਵਧੀਆ ਗੁਜ਼ਰ ਰਿਹਾ ਹੈ। ਮਿੱਟੀ ਦਾ ਮੋਹ ਹਰ ਸਾਲ ਖਿੱਚ ਲਿਆਉਂਦਾ ਹੈ।

**? ਕਮਿਊਨਿਸਟ ਵਿਚਾਰਧਾਰਾ ਬਾਰੇ ਵੀ ਕੁਝ ਕਹਿਣਾ ਚਾਹੋਗੇ।**

-ਕਦੀ ਸਮਾਂ ਸੀ ਪਹਿਲੀ ਸੰਸਾਰ ਜੰਗ ਤੋਂ ਕੁਝ ਸਾਲ ਪਹਿਲਾਂ ਹੀ ਅਮਰੀਕਾ ਦੀ ਧਰਤੀ 'ਤੇ ਗਦਰ ਪਾਰਟੀ ਦੀਆਂ ਜੜ੍ਹਾਂ ਲੱਗ ਚੁੱਕੀਆਂ ਸਨ। ਬੱਬਰ ਮੂਵਮੈਂਟ ਜਨਮ ਲੈਂਦੀ ਹੈ। ਕਮਿਊਨਿਸਟ ਪਾਰਟੀ ਬਣਦੀ ਹੈ। 1962 ਵੇਲੇ ਵਿਚਾਰਾਂ ਦੇ ਟਕਰਾਅ ਨੇ ਪਾਰਟੀ ਦੋਫਾੜ ਕੀਤੀ, ਹੁਣ ਕਈ ਗਰੁੱਪ ਬਣੇ ਹੋਏ ਹਨ। ਕੀ ਏਹ ਸ਼ੁਰੂ ਕੀਤਾ ਟੀਚਾ ਹਾਸਲ ਕਰ ਸਕਣਗੇ? ਕੀ ਜਾਂ ਬਦਲ-ਬਦਲ ਰਾਜ ਕਰਦੀਆਂ ਪਾਰਟੀਆਂ ਦੇ ਹਿੱਤ ਹੀ ਪੂਰਦੇ ਰਹਿਣਗੇ!

ਇਸ ਦਾ ਸਭ ਤੋਂ ਵੱਡਾ ਕਾਰਨ ਪੁਰਾਣੇ ਰੂਸ ਦੇ ਸੋਵੀਅਤ ਯੂਨੀਅਨ ਦੀ ਟੁੱਟ-ਭੱਜ, ਬਹੁਤੇ ਭਾਰਤੀ ਕਮਿਊਨਿਸਟ ਆਗੂ ਲੈਨਿਨ, ਮਾਓ ਜੇ ਤੁੰਗ ਅਤੇ ਮਾਰਕਸ ਦਿਆਂ ਸਿਧਾਂਤਾਂ ਨੂੰ ਭਾਰਤੀ ਵਾਤਾਵਰਣ ਅਤੇ ਸੱਭਿਆਚਾਰ ਅਨੁਕੂਲ ਨਾ ਕਰ ਸਕੇ। ਓਥੇ ਅੱਜ ਲੀਡਰਾਂ ਵਿੱਚ ਆਪਾ ਉਭਾਰ ਹਉਮੈ ਭਾਰੂ ਹੋਣ ਕਰਕੇ ਸਮਰਪਣ ਭਾਵਨਾ ਖਤਮ ਹੋ ਚੁੱਕੀ ਹੈ। ਸਿਰਫ਼ ਤੇ ਸਿਰਫ਼ ਹਰੇਕ ਬੰਦਾ ਨਿੱਜ ਨਾਲ ਜੁੜ ਗਿਆ ਹੈ। ਧਰਮ ਦੇ ਮਾਮਲੇ ਵਿੱਚ ਨਾਸਤਿਕ ਦਾ ਬਿੱਲਾ ਲਾਉਣ ਨਾਲ ਨੁਕਸਾਨ ਹੋਇਆ ਹੈ। ਇਸ ਮੁਤੱਲਕ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਭਾਰਤ ਵਿੱਚ ਵੀ ਇਵੇਂ ਹੀ ਹੈ।

**? ਕਰਮਾ ਨਾਵਲ ਅਨੁਸਾਰ ਤੁਸੀਂ ਪਾਕਿਸਤਾਨ ਨੌਂ ਵਾਰ ਜਾ ਚੁੱਕੇ ਹੋ। ਅਮਰੀਕਾ ਮੁੜਦਿਆਂ ਇਮੀਗ੍ਰੇਸ਼ਨ ਵਾਲਿਆਂ ਪਾਸਪੋਰਟ ਉੱਪਰ ਪਾਕਿਸਤਾਨ ਦੀਆਂ ਮੋਹਰਾਂ ਵੇਖ ਕੇ ਕੋਈ ਪੁੱਛਗਿੱਛ ਕੀਤੀ ਹੋਵੇ ਜਾਂ ਤਿਰਛੀ ਨਜ਼ਰ ਵੇਖਿਆ ਹੋਵੇ।**

-ਹਾਂ ਹੋਈ ਸੀ, ਪਰ ਮੈਂ ਹਮੇਸ਼ਾ ਬੈਗ ਵਿੱਚ ਆਪਣੀਆਂ ਪੁਸਤਕਾਂ ਰੱਖਦਾ ਹਾਂ। ਅੱਗੇ ਕਰਦਿਆਂ ਆਖ ਦਿੰਦਾ ਹਾਂ-ਪੜ੍ਹ ਸਕਦੇ ਹੋ ਤਾਂ ਪੜ੍ਹ ਲਓ, ਮੈਂ ਕਿਸੇ ਗਲਤ ਮਕਸਦ ਵਾਸਤੇ ਕਿਤੇ ਵੀ ਨਹੀਂ ਜਾਂਦਾ।'

**? ਅੱਜ-ਕੱਲ੍ਹ ਅਮਰੀਕਾ ਆਏ ਦਿਨ ਹੀ ਜਹਾਜ਼ਾਂ ਰਾਹੀਂ ਬਹੁਤ ਸਾਰੇ ਲੋਕਾਂ ਨੂੰ ਡਿਪੋਰਟ ਕਰ ਰਿਹਾ ਹੈ। ਕੀ ਕਹੋਗੇ।**

-ਹਿਜਰਤ ਕੋਈ ਨਵੀਂ ਗੱਲ ਨਹੀਂ। ਡਿਪੋਰਟੇਸ਼ਨ ਪਹਿਲਾਂ ਵੀ ਹੁੰਦੀ ਰਹੀ ਹੈ। ਕਿਸੇ ਮੁਲਕ ਵਿੱਚ ਵੀ ਜਾਣਾ ਹੈ ਪੜ੍ਹਾਈ ਵਾਸਤੇ ਜਾਂ ਕੰਮ ਵਾਸਤੇ, ਜੰਗਲਾਂ ਵਿੱਚ ਧੱਕੇ ਖਾਣ ਨਾਲੋਂ ਸਹੀ ਤਰੀਕੇ ਨਾਲ ਜਾਓ, ਜੰਮ-ਜੰਮ ਕਮਾਈਆਂ ਕਰੋ ਪਰ ਗਲਤ ਏਜੰਟਾਂ ਦੇ ਧੱਕੇ ਚੜ੍ਹ ਕੇ ਮਾਪਿਆਂ ਦੀ ਕਮਾਈ ਅਤੇ ਜਾਇਦਾਦਾਂ ਨਾ ਰੋਲੋ।

*ਸੰਪਰਕ : 94656-56214*

## ਬਾਲ ਕੋਨਾ

### ਭਾਰਤ 'ਚ ਐਤਵਾਰ ਦੀ ਛੁੱਟੀ ਕਿਸ ਵਿਅਕਤੀ ਕਰਕੇ ਮਿਲੀ?

ਸਾਥੀਓ, ਜਿਸ ਵਿਅਕਤੀ ਕਰਕੇ ਸਾਨੂੰ ਐਤਵਾਰ ਦੀ ਛੁੱਟੀ ਮਿਲੀ, ਉਨ੍ਹਾਂ ਦਾ ਨਾਂਅ ਨਰਾਇਣ ਮੇਘਾ ਜੀ ਲੋਖੰਡੇ ਸੀ। ਉਹ ਜੋਤੀਰਾਵ ਫੁੱਲੇਜੀ ਅੰਦੋਲਨ ਦੇ ਨਾਲ ਜੁੜੇ ਹੋਏ ਵਰਕਰ ਵੀ ਸੀ। ਅੰਗਰੇਜ਼ਾਂ ਦੇ ਸਮੇਂ ਸੱਤ ਦਿਨ ਮਜ਼ਦੂਰਾਂ ਨੂੰ ਕੰਮ ਕਰਨਾ ਪੈਂਦਾ ਸੀ। ਜੇਕਰ ਕੋਈ ਕੰਮ ਦੇ ਦੌਰਾਨ ਇੱਕ ਘੰਟਾ ਅਰਾਮ ਕਰਦਾ ਤਾਂ ਉਸ ਨੂੰ ਦੋ ਹੋਰ ਘੰਟੇ ਵੱਧ ਕੰਮ ਕਰਨਾ ਪੈਂਦਾ ਸੀ, ਮਤਲਬ ਕਿ ਦੁੱਗਣਾ ਕੰਮ। ਨਰਾਇਣ ਮੇਘਾ ਜੀ ਲੋਖੰਡੇ ਦਾ ਮੰਨਣਾ ਸੀ ਕਿ ਅਸੀਂ ਸੱਤ ਦਿਨ ਆਪਣੇ ਪਰਵਾਰ ਲਈ ਕੰਮ ਕਰਦੇ ਹਾਂ, ਪਰ ਜਿਹੜੇ ਸਮਾਜ ਦੇ ਲੋਕਾਂ ਕਰਕੇ ਸਾਨੂੰ ਨੌਕਰੀ ਮਿਲੀ ਹੈ, ਉਸ ਸਮਾਜ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਇੱਕ ਦਿਨ ਦੀ ਛੁੱਟੀ ਮਿਲਣੀ ਚਾਹੀਦੀ ਹੈ। ਉਹਨਾ ਮਜ਼ਦੂਰਾਂ ਨੂੰ ਇਕੱਠੇ ਕਰਨਾ ਸ਼ੁਰੂ ਕੀਤਾ। ਇੱਕ ਸੰਗਠਨ ਬਣਾਉਣ ਤੋਂ ਬਾਅਦ ਉਹਨਾ ਨੇ 1881 ਵਿਚ ਅੰਗਰੇਜ਼ਾਂ ਦੇ ਸਾਹਮਣੇ ਇੱਕ ਪ੍ਰਸਤਾਵ ਰੱਖਿਆ, ਪਰ ਅੰਗਰੇਜ਼ਾਂ ਨੇ ਇਹ ਪ੍ਰਸਤਾਵ ਨਾ ਮੰਨਿਆ। ਐਤਵਾਰ ਦੀ ਛੁੱਟੀ ਲਈ ਉਹਨਾਂ ਨੂੰ 1881 ਤੋਂ ਬਹੁਤ ਵੱਡਾ ਅੰਦੋਲਨ ਕਰਨਾ ਪਿਆ। ਪਹਿਲਾਂ ਤੋਂ ਬਣਾਏ ਮਜ਼ਦੂਰਾਂ ਦੇ ਸੰਗਠਨ ਵਿੱਚ ਮਜ਼ਦੂਰਾਂ ਦਾ ਵਧਣਾ ਸ਼ੁਰੂ ਹੋ ਗਿਆ। ਨਰਾਇਣ ਮੇਘਾ ਜੀ ਲੋਖੰਡੇ ਨੇ ਮਜ਼ਦੂਰਾਂ ਦੀਆਂ ਬਹੁਤ ਸਾਰੀਆਂ ਪ੍ਰਭਾਵਸ਼ਾਲੀ ਰੈਲੀਆਂ ਸ਼ੁਰੂ ਕੀਤੀਆਂ। ਹਜ਼ਾਰਾਂ ਦੀ ਤਦਾਦ ਵਿੱਚ ਮਜ਼ਦੂਰ ਉਹਨਾ ਨਾਲ ਜੁੜ ਗਏ। ਕੱਪੜਾ ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰ ਹੜਤਾਲਾਂ ਵਿਚ ਹਿੱਸਾ ਲੈਣ ਲੱਗੇ, ਦਿਨੋ-ਦਿਨ ਵਧਦੇ ਕਾਫਲੇ ਨੇ ਸਾਰੇ ਭਾਰਤ ਵਿੱਚ ਬਹੁਤ ਵੱਡੇ ਅੰਦੋਲਨ ਦਾ ਰੂਪ ਲੈ ਲਿਆ। ਫੈਕਟਰੀਆਂ ਦੇ ਮਾਲਕਾਂ ਵਿਚ ਵੀ ਮਜ਼ਦੂਰਾਂ ਦੀਆਂ ਹੜਤਾਲਾਂ ਕਰਕੇ ਬੇਚੈਨੀ ਪਾਈ ਜਾ ਰਹੀ ਸੀ। ਲੱਗਭੱਗ 8 ਸਾਲ ਇਹ ਅੰਦੋਲਨ ਚੱਲਿਆ।

ਆਖਰ ਅੰਗਰੇਜ਼ ਸਰਕਾਰ ਨੂੰ ਇਸ ਅੰਦੋਲਨ ਅੱਗੇ ਝੁਕਣਾ ਪਿਆ। ਸਾਲ 1890 ਵਿਚ ਐਤਵਾਰ ਦੀ ਛੁੱਟੀ ਦਾ ਐਲਾਨ ਅੰਗਰੇਜ਼ ਸਰਕਾਰ ਨੂੰ ਕਰਨਾ ਪਿਆ। ਮਜ਼ਦੂਰਾਂ ਦੀਆਂ ਹੋਰ ਮੰਗਾਂ ਕੰਮ ਕਰਦੇ ਹੋਏ ਭੋਜਨ ਕਰਨ ਦਾ ਸਮਾਂ, ਕੰਮ ਕਰਨ ਦੇ ਘੰਟੇ ਨਿਸ਼ਚਿਤ ਕਰਨਾ, ਮਜ਼ਦੂਰ ਦੀ ਮੌਤ ਤੋਂ ਬਾਅਦ ਉਸ ਦੇ ਪਰਵਾਰ ਨੂੰ ਨੌਕਰੀ ਤੇ ਪੈਨਸ਼ਨ ਆਦਿ ਮੰਗਾਂ ਦਾ ਹੱਲ ਵੀ ਨਰਾਇਣ ਮੇਘਾ ਜੀ ਲੋਖੰਡੇ ਦੁਆਰਾ ਕਰਵਾਇਆ ਗਿਆ।

**ਐਤਵਾਰ ਦੀ ਛੁੱਟੀ ਦਾ ਮਕਸਦ**

ਨਰਾਇਣ ਮੇਘਾ ਜੀ ਲੋਖੰਡੇ ਦਾ ਮਕਸਦ ਸੀ ਕਿ ਇਸ ਦਿਨ ਅਸੀਂ ਆਪਣੇ ਸਮਾਜ ਦੇ ਲੋਕਾਂ ਲਈ ਕੰਮ ਕਰੀਏ। ਸਮਾਜ ਵਿੱਚ ਫੈਲੀਆਂ ਬੁਰਾਈਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਈਏ। ਆਪਣੇ ਖੋਹੇ ਜਾ ਹੱਕਾਂ ਉੱਤੇ ਆਵਾਜ਼ ਬੁਲੰਦ ਕਰੀਏ। ਇਨਕਲਾਬੀ ਸੰਘਰਸ਼ਾਂ ਦੇ ਰਾਹ 'ਤੇ ਚੱਲ ਕੇ ਸਮਾਜ ਤੇ ਸੰਗਠਨਾਂ ਨੂੰ ਜਿੱਤ ਦਿਵਾਈਏ। ਜੇਕਰ ਸਾਨੂੰ ਹੁਣ ਤੱਕ ਐਤਵਾਰ ਦੀ ਛੁੱਟੀ ਦਾ ਨਹੀਂ ਸੀ ਪਤਾ ਤਾਂ ਆਓ ਅੱਜ ਤੋਂ ਹੀ ਅਸੀਂ ਆਪਣੀ ਇਸ ਛੁੱਟੀ ਨੂੰ ਸਮਾਜਿਕ ਕੰਮਾਂ ਤੇ ਇਨਕਲਾਬੀ ਲੋਕਾਂ ਨੂੰ ਸਮਰਪਿਤ ਕਰੀਏ।

—ਹਰਪ੍ਰੀਤ ਸਿੰਘ ਉਪਲ



ਮਨਜੋਤ ਸਿੰਘ, ਤੀਜੀ, ਸਰਕਾਰੀ ਪ੍ਰਾਇਮਰੀ ਸਕੂਲ ਹੋਡਲਾ ਕਲਾਂ, ਮਾਨਸਾ



ਏਕਨੂਰ ਕੌਰ, ਦੂਜੀ, ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਲੁਧਿਆਣਾ